ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 53 | 11 to 17 January, 2023 | Ph.: (510) 240-5949 | Email: asrtimes@gmail.com



## ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ
## ਚਾਲ਼ੀ ਮੁਕਤਿਆਂ ਦੀ ਲਾਸਾਨੀ ਸ਼ਹਾਦਤ ਨੂੰ
## ਕੋਟਿਨ ਕੋਟ ਪ੍ਰਣਾਮ।

# ਬੰਦੀ ਸਿੰਘਾਂ ਦੀ ਰਿਹਾਈ ਲਈ ਚੰਡੀਗੜ੍ਹ 'ਚ ਲੱਗਿਆ ਪੱਕਾ ਮੋਰਚਾ

## ਕਿਹਾ- ਇਹ ਮੋਰਚਾ ਉਦੋਂ ਤਕ ਜਾਰੀ ਰਹੇਗਾ ਜਦੋਂ ਤੱਕ ਕੋਟਕਪੂਰਾ ਵਿਖੇ ਸ਼ਾਂਤਮਈ ਸੰਗਤ 'ਤੇ ਹਮਲਾ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ

ਚੰਡੀਗੜ੍ਹ/ਏ.ਟੀ.ਨਿਊਜ਼ :– ਬੰਦੀ ਸਿੰਘਾਂ ਦੀ ਰਿਹਾਈ ਸਮੇਤ 3 ਹੋਰ ਪੰਥਕ ਮੁੱਦਿਆ ਨੂੰ ਲੈ ਕੇ ਚੰਡੀਗੜ੍ਹ ਮੋਹਾਲੀ ਬਾਰਡਰ 'ਤੇ ਕੌਮੀ ਇਨਸਾਫ ਮੋਰਚੇ ਵੱਲੋਂ ਬਰਫੀਲੀ ਠੰਡ ਵਿਚ ਪੱਕਾ ਧਰਨਾ ਲਾਇਆ ਗਿਆ ਹੈ। ਮੋਰਚੇ ਵਿੱਚ ਸ਼ਾਮਲ ਲੋਕਾਂ ਨੇ ਸੜਕ 'ਤੇ ਹੀ ਰਾਤ ਗੁਜ਼ਾਰੀ ਅਤੇ ਵੱਡੀ ਗਿਣਤੀ ਨੌਜਵਾਨ, ਬੀਬੀਆਂ, ਬਜ਼ੁਰਗ ਹਰ ਵਰਗ ਦੀਆਂ ਸੰਗਤਾਂ ਮੋਰਚੇ ਵਿੱਚ ਸ਼ਾਮਲ ਹੋਈਆਂ। ਠੰਢ ਦੇ ਬਾਵਜੂਦ ਮੋਰਚੇ ਦੇ ਵਿੱਚ ਸ਼ਾਮਲ ਲੋਕਾਂ ਦਾ ਹੌਂਸਲਾ ਬੁਲੰਦ ਸੀ ਅਤੇ ਉਨ੍ਹਾਂ ਨੇ ਸਾਫ ਐਲਾਨ ਕਰ ਦਿੱਤਾ ਹੈ ਕੀ ਉਹ ਕਿਸੇ ਵੀ ਸੂਰਤ ਵਿੱਚ ਪਿੱਛੇ ਨਹੀਂ ਹੱਟਣ ਵਾਲੇ ਹਨ। ਇਨਸਾਫ ਮੋਰਚਾ ਕੁੱਲ 4 ਮੰਗਾਂ ਨੂੰ ਲੈ ਕੇ ਧਰਨੇ 'ਤੇ ਬੈਠਾ ਹੈ।

ਏ.ਐਸ. ਚਾਹਲ (ਐਡਵੋਕੇਟ), ਬਾਪੂ ਗੁਰਚਰਨ ਸਿੰਘ, ਦਿਲਸ਼ੇਰ ਸਿੰਘ ਜੰਡਿਆਲਾ (ਐਡਵੋਕੇਟ), ਗੁਰਨਾਮ ਸਿੰਘ ਸਿੱਧੂ (ਯੂਨਾਈਟਿਡ ਅਕਾਲੀ ਦਲ) ਅਤੇ ਰਸ਼ਪਾਲ ਸਿੰਘ (ਯੂਨਾਈਟਿਡ ਅਕਾਲੀ ਦਲ) ਨੇ ਕਿਹਾ ਕਿ ਮੁੱਖ ਤੌਰ 'ਤੇ ਭਾਰਤ ਸਰਕਾਰ ਨੂੰ ਇਕ ਐਕਟ ਪਾਸ ਕਰਨਾ ਚਾਹੀਦਾ ਹੈ ਜਿਸ ਵਿਚ ਕਿਸੇ ਵੀ ਫ਼ਿਰਕੇ ਦੇ ਕਿਸੇ ਵੀ ਧਾਰਮਿਕ ਗ੍ਰੰਥ ਦੀ ਬੇਅਦਬੀ ਕਰਨ ਵਾਲੇ ਕੰਮਾਂ ਨੂੰ ਫ਼ਾਸਟ ਟਰੈਕ ਅਦਾਲਤਾਂ ਰਾਹੀਂ ਮੁਕੱਦਮਾ ਚਲਾ ਕੇ ਉਮਰ ਕੈਦ ਦੀ ਸਜ਼ਾ ਦਿਤੀ ਜਾਵੇ ਅਤੇ ਇਸ ਨੂੰ ਸਮਾਂਬੱਧ ਕੀਤਾ ਜਾਵੇ। ਦੂਜਾ ਕਿਸੇ ਵੀ ਭਾਰਤੀ ਜੇਲ ਵਿਚ ਬੰਦ ਸਾਰੇ ਕੈਦੀਆਂ ਨੂੰ ਉਨ੍ਹਾਂ ਦੀ ਕਾਨੂੰਨੀ ਜੇਲ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਇਸ ਤਰ੍ਹਾਂ ਸਬੰਧਤ ਰਾਜਾਂ ਦੁਆਰਾ ਰਿਹਾਈ ਨਿਰਧਾਰਤ ਕੀਤੀ ਜਾਏ। ਇਹ ਮਾਮਲਾ ਸਬੰਧਤ ਰਾਜ ਜਾਂ ਭਾਰਤ ਸਰਕਾਰ ਦੇ ਅਖ਼ਤਿਆਰ 'ਤੇ ਨਹੀਂ ਛਡਿਆ ਜਾਣਾ ਚਾਹੀਦਾ ਕਿ ਉਹ ਵਿਸ਼ੇਸ਼ ਭਾਈਚਾਰਿਆਂ ਨਾਲ ਸਬੰਧਤ ਕੈਦੀਆਂ ਦੀ ਥੋੜ੍ਹੇ ਸਮੇਂ ਬਾਅਦ ਰਿਹਾਈ ਅਤੇ ਦੂਜੇ ਭਾਈਚਾਰਿਆਂ ਦੇ ਵਿਅਕਤੀਆਂ ਨੂੰ ਅਣਮਿੱਥੇ ਸਮੇਂ ਲਈ ਰੱਖਣ ਦੇ ਸਬੰਧ ਵਿਚ ਵਿਤਕਰੇ ਨਾਲ ਕੰਮ ਕਰੇ ਜਿਵੇਂ ਕੀਤਾ ਜਾ ਰਿਹਾ ਹੈ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਇੱਕ ਦੂਜੇ ਦੇ ਪਾਲੇ ਵਿੱਚ ਗੇਂਦ ਸੁੱਟ ਕੇ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀਆਂ ਹਨ। ਤਾਜ਼ਾ ਮਾਮਲਾ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦਾ ਹੈ। ਅਦਾਲਤ ਨੇ ਜਥੇਦਾਰ ਹਵਾਰਾ ਨੂੰ ਦਿੱਲੀ ਤੋਂ ਚੰਡੀਗੜ੍ਹ ਸ਼ਿਫਟ ਕਰਨ ਦੇ ਨਿਰਦੇਸ਼ ਦਿੱਤੇ ਸਨ ਪਰ ਹੁਣ ਤੱਕ ਇਸ 'ਤੇ ਵੀ ਪ੍ਰਸ਼ਾਸਨ ਫੈਸਲਾ ਨਹੀਂ ਲੈ ਸਕਿਆ ਹੈ। ਇਸ ਤੋਂ ਇਲਾਵਾ ਬਲਵੰਤ ਸਿੰਘ ਰਾਜੋਆਣਾ 27 ਸਾਲ ਤੋਂ ਜੇਲ੍ਹ ਵਿੱਚ ਹਨ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਮੁਆਫੀ ਦਾ ਮਾਮਲਾ ਲੰਮੇ ਵਕਤ ਤੋਂ ਸੁਪਰੀਮ ਕੋਰਟ ਵਿੱਚ ਹੈ। ਦਵਿੰਦਰ ਪਾਲ ਸਿੰਘ ਭੁੱਲਰ ਨੂੰ 28 ਸਾਲ ਜੇਲ੍ਹ ਵਿੱਚ ਹੋ ਗਏ ਹਨ, ਸੁਪਰੀਮ ਕੋਰਟ ਨੇ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿੱਚ ਤਬਦੀਲ ਕਰ ਦਿੱਤੀ ਸੀ ਪਰ ਰਿਹਾਈ ਦੀ ਫਾਈਲ 'ਤੇ ਲੰਮੇ ਸਮੇਂ ਤੋਂ ਦਿੱਲੀ ਸਰਕਾਰ ਕੋਈ ਫੈਸਲਾ ਨਹੀਂ ਲੈ ਪਾ ਰਹੀ ਹੈ। 32 ਸਾਲ ਤੋਂ ਗੁਰਦੀਪ ਸਿੰਘ ਖਹਿਰਾ, 27 ਸਾਲ ਤੋਂ ਲਖਵਿੰਦਰ ਸਿੰਘ ਲੱਖਾ, 27 ਸਾਲ ਤੋਂ (ਬਾਕੀ ਸਫ਼ਾ 29 'ਤੇ)

## ਸਿੱਖ ਜਵਾਨੀ ਦਾ ਵੱਡਾ ਹਿੱਸਾ ਵੱਡੇ ਸੰਘਰਸ਼ ਲਈ ਜੂਝਣ ਨੂੰ ਤਿਆਰ





## ਸ਼ਿਵ ਸੈਨਾ ਵਲੋਂ ਬੁਚੜ ਪੁਲਸੀਆਂ ਨੂੰ ਰਿਹਾਅ ਕਰਨ ਦੀ ਮੰਗ

ਸ਼ਿਵ ਸੈਨਾ ਨੇ ਸੈਕਟਰ 42 ਦੇ ਚੌਕ ਤੋਂ ਪੰਜਾਬ ਦੇ ਗਵਰਨਰ ਹਾਊਸ ਵੱਲ ਨੰਗੇ ਪੈਰ ਮਾਰਚ ਕੱਢਿਆ। ਸ਼ਿਵ ਸੈਨਾ ਪੰਜਾਬ ਦੇ ਆਗੂ ਸੰਜੀਵ ਘਨੌਲੀ ਅਤੇ ਰਾਜੀਵ ਟੰਡਨ ਨੇ ਪੰਜਾਬ ਸੰਤਾਪ ਦੌਰਾਨ ਝੂਠੇ ਪੁਲਿਸ ਮੁਕਾਬਲੇ ਬਣਾਉਣ ਵਾਲੇ ਤੇ ਨਿਆਂ ਦੀਆਂ ਧੱਜੀਆਂ ਉਡਾਉਣ ਵਾਲੇ ਪੁਲਸੀਆਂ ਨੂੰ ਰਿਹਾਅ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਬੰਦੀ ਸਿੰਘਾਂ ਨੂੰ ਛੱਡਣ ਤੋਂ ਪਹਿਲਾਂ ਖਾੜਕੂਵਾਦ ਦੇ ਸਮੇਂ ਆਪਣਾ ਫ਼ਰਜ਼ ਨਿਭਾਉਣ ਵਾਲੇ ਉਨ੍ਹਾਂ ਪੁਲਿਸ ਮੁਲਾਜ਼ਮਾਂ ਨੂੰ ਰਿਹਾਅ ਕੀਤਾ ਜਾਵੇ, ਜਿਨ੍ਹਾਂ ਨੂੰ ਗ਼ਲਤ ਮਾਮਲਿਆਂ ਵਿਚ ਫਸਾ ਕੇ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ 18 ਤੋਂ ਵੱਧ ਪੁਲਿਸ ਮੁਲਾਜ਼ਮ ਜੇਲ੍ਹਾਂ ਵਿਚ ਕੈਦ ਹਨ। ਇਸ ਤੋਂ ਇਲਾਵਾ 80 ਤੋਂ ਵੱਧ ਪੁਲਿਸ ਅਫ਼ਸਰਾਂ ਅਤੇ ਮੁਲਾਜ਼ਮ ਨੂੰ ਝੂਠੇ ਕੇਸਾਂ ਦਾ ਲੰਬੇ ਸਮੇਂ ਤੋਂ ਤਰੀਕਾਂ ਭੁਗਤਣੀਆਂ ਪੈ ਰਹੀਆਂ ਹਨ।

# ਸਿੱਖ ਮਹਿਲਾ ਨੇ ਬੱਚਿਆਂ ਲਈ ਡਿਜ਼ਾਈਨ ਕੀਤੇ ਸਪੈਸ਼ਲ ਹੈਲਮੇਟ

ਟੋਰਾਂਟੋ/ਏ.ਟੀ.ਨਿਊਜ਼ :– ਵਿਦੇਸ਼ਾਂ ਵਿਚ ਸਿੱਖਾਂ ਦੇ ਹੈਲਮੇਟ ਪਹਿਨਣ ਸਬੰਧੀ ਕਈ ਵਾਰ ਮਸਲੇ ਉੱਠਦੇ ਰਹੇ ਹਨ ਪਰ ਹੈਲਮੇਟ ਦੀ ਬਣਤਰ ਸਹੀ ਨਾ ਹੋਣ ਕਾਰਨ ਜੂੜਾ ਸਜਾਉਣ ਵਾਲੇ ਬੱਚਿਆਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਸਭ ਦੇ ਦਰਮਿਆਨ ਕੈਨੇਡਾ ਦੇ ਓਟਾਰਿਓ ਸੂਬੇ ਦੀ ਇਕ ਸਿੱਖ ਔਰਤ ਨੇ ਜੂੜਾ ਸਜਾਉਣ ਵਾਲੇ ਬੱਚਿਆਂ ਲਈ ਇਕ ਖ਼ਾਸ ਤਰ੍ਹਾਂ ਦਾ ਹੈਲਮੇਟ ਤਿਆਰ ਕੀਤਾ ਹੈ। ਇਸ ਹੈਲਮੇਟ ਨੂੰ ਪਹਿਨ ਕੇ ਬੱਚੇ ਸਾਈਕਲਿੰਗ ਕਰ ਸਕਣਗੇ। ਓਟਾਰਿਓ ਦੀ ਟੀਨਾ ਸਿੰਘ (ਬਾਕੀ ਸਫ਼ਾ 29 'ਤੇ)



## ਸਿੱਖ ਫੌਜੀਆਂ ਲਈ ਭਾਰਤ ਵਿੱਚ ਵੀ ਬਣ ਚੁਕੇ ਨੇ ਹੈਲਮੇਟ

ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤ ਵਿੱਚ ਪਿਛਲੇ ਸਾਲ 2022 ਵਿੱਚ ਕਾਨਪੁਰ ਆਧਾਰਿਤ ਐਮਕੇਯੂ ਕੰਪਨੀ ਨੇ ਸਿੱਖ ਫੌਜੀਆਂ ਦੇ ਸਿਰਾਂ 'ਤੇ ਪਾਉਣ ਲਈ ਹੈੱਡਗੇਅਰ ਬਣਾਉਣ ਦਾ ਦਾਅਵਾ ਕੀਤਾ ਸੀ। ਬੀਤੀ 5 ਜਨਵਰੀ ਨੂੰ ਭਾਰਤੀ ਫੌਜ ਲਈ ਕੇਂਦਰ ਸਰਕਾਰ ਨੇ ਸਿੱਖ ਫੌਜੀਆਂ ਲਈ 12,730 ਹੈਲਮੇਟ ਦਾ ਆਰਡਰ ਵੀ ਦਿੱਤਾ ਹੈ। ਉਨ੍ਹਾਂ ਦੀ ਵੈਬਸਾਈਟ ਮੁਤਾਬਕ, ਕੰਪਨੀ ਨੇ ਸਮਾਰਟ ਡਿਜ਼ਾਈਨ ਅਤੇ ਤਕਨੀਕਾਂ ਦੀ ਵਰਤੋਂ ਕਰਕੇ ਵਿਕਸਿਤ ਕੀਤਾ ਗਿਆ, Kavro SCH 111 T ਇੱਕ ਵਿਸ਼ੇਸ਼ ਬੈਲਿਸਟਿਕ ਹੈਲਮੇਟ ਹੈ ਜੋ ਸਿੱਖ ਸੈਨਿਕਾਂ ਵੱਲੋਂ ਡਿਊਟੀ ਵੇਲੇ ਪਹਿਨਣ ਲਈ ਤਿਆਰ ਕੀਤਾ ਗਿਆ ਹੈ। ਸਿੱਖ ਫੌਜੀਆਂ ਲਈ ਤਿਆਰ ਕੀਤੇ ਇਸ ਵਿਸ਼ੇਸ਼ ਹੈਲਮੇਟ ਦੀ ਖ਼ਾਸੀਅਤ ਇਹ ਹੈ ਕਿ ਹਰ ਤਰ੍ਹਾਂ ਦੇ ਜੰਗਜੂ ਮਾਹੌਲ ਵਿੱਚ ਸੁਰੱਖਿਆ ਪ੍ਰਦਾਨ ਕਰਦਾ ਹੈ। ਇਸ ਨੂੰ ਸਿਰ ਦੇ ਆਕਾਰ ਦੇ ਮੁਤਾਬਕ ਡਿਜ਼ਾਈਨ ਕੀਤਾ ਗਿਆ ਹੈ। ਇਸ ਦਾ ਭਾਰ ਅਤੇ ਇਸ ਵਿੱਚ (ਬਾਕੀ ਸਫ਼ਾ 29 'ਤੇ)

# ਯੂਬਾ ਸਟਰ ਕਾਊਂਟੀ ਤੋਂ ਕਰਮਦੀਪ ਸਿੰਘ ਬੈਂਸ ਸੁਪਰਵਾਈਜ਼ਰ ਬੋਰਡ ਦਾ ਚੇਅਰਮੈਨ ਬਣੇ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਸਟਰ ਕਾਉਂਟੀ ਡਿਸਟ੍ਰਿਕਟ 4 'ਚ ਕਰਮਦੀਪ ਸਿੰਘ ਬੈਂਸ ਨੂੰ ਸੁਪਰਵਾਈਜ਼ਰ ਬੋਰਡ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਹ ਪਹਿਲੇ ਸਿੱਖ ਹਨ ਜਿਨ੍ਹਾਂ ਨੂੰ ਇਸ ਅਹੁਦੇ ਲਈ ਚੁਣਿਆ ਗਿਆ ਹੈ। ਕਰਮਦੀਪ ਸਿੰਘ ਬੈਂਸ , ਸਵਰਗੀ ਭਾਈ ਦੀਦਾਰ ਸਿੰਘ ਬੈਂਸ ਦੇ ਸਪੁੱਤਰ ਜਿਨ੍ਹਾਂ ਨੂੰ ਕੌਮ ਪੰਥਕ ਸੇਵਾ ਕਰਕੇ ਜਾਣਦੀ ਹੈ। ਉਹ ਯੂਬਾ ਸਿਟੀ ਗੁਰਦੁਆਰਾ ਸਾਹਿਬ ਅਤੇ ਗੁਰਗੱਦੀ ਦਿਵਸ ਦੇ ਨਗਰ ਕੀਰਤਨ ਦੇ ਮੋਢੀਆਂ ਵਜੋਂ ਵੀ ਜਾਣੇ ਜਾਂਦੇ ਸਨ। ਕਰਮ ਸਿੰਘ ਬੈਂਸ ਨੇ ਪਹਿਲਾਂ ਸਟਰ ਕਾਉਂਟੀ ਬੋਰਡ ਆਫ਼ ਐਜੂਕੇਸ਼ਨ ਲਈ ਇੱਕ ਟਰੱਸਟੀ ਵਜੋਂ ਸੇਵਾ ਸ਼ੁਰੂ ਕੀਤੀ ਸੀ। ਵਰਤਮਾਨ ਸਮੇਂ ਵਿੱਚ 13ਵੀਂ ਜ਼ਿਲ੍ਹਾ ਐਗਰੀਕਲਚਰਲ ਐਸੋਸੀਏਸ਼ਨ ਲਈ ਗਵਰਨਰ ਦੁਆਰਾ ਨਿਯੁਕਤ ਡਾਇਰੈਕਟਰ ਵਜੋਂ ਕੰਮ ਕਰ ਰਹੇ ਹਨ। ਕਰਮਦੀਪ ਸਿੰਘ ਬੈਂਸ ਨੂੰ ਜ਼ਿਲ੍ਹਾ 4 ਅਤੇ ਸਟਰ ਕਾਉਂਟੀ ਦੇ ਨਿਵਾਸੀਆਂ ਦੀ ਸੇਵਾ ਕਰਨ 'ਤੇ ਮਾਣ ਹੈ ਅਤੇ ਆਪਣੇ ਹਲਕੇ ਦੀ ਆਵਾਜ਼ ਨੂੰ ਬੁਲੰਦ ਕਰਨ ਅਤੇ ਸਮੱਸਿਆਵਾਂ ਦੇ ਹੱਲ ਕਰਨ ਵਿੱਚ ਦ੍ਰਿੜ ਵਿਸ਼ਵਾਸ ਰੱਖਦਾ ਹੈ।

ਇਕ ਸਾਬਤ ਸੂਰਤ ਸਿੱਖ ਹੋਣ ਦੇ ਬਾਵਜੂਦ ਵੀ ਕਰਮਦੀਪ ਸਿੰਘ ਬੈਂਸ ਇਹ ਚੋਣ ਭਾਰੀ ਬਹੁਮਤ ਨਾਲ ਜਿੱਤੇ ਸਨ, ਜਿਸ ਦੀ ਇਲਾਕੇ ਵਿਚ ਕਾਫੀ ਚਰਚਾ ਸੀ। ਉਨ੍ਹਾਂ ਨੂੰ ਬੋਰਡ ਦਾ ਚੇਅਰਮੈਨ ਨਿਯੁਕਤ ਕਰਨ ਮੌਕੇ ਭਾਰੀ ਗਿਣਤੀ ਵਿਚ ਦੂਰੋਂ-ਨੇੜਿਓਂ ਜਿਥੇ ਲੋਕਾਂ ਨੇ ਸ਼ਿਰਕਤ ਕੀਤੀ ਉਥੇ ਹੁਣੇ ਜਿਹੇ ਚੁਣੀ ਗਈ ਅਸੈਂਬਲੀ ਮੈਂਬਰ ਜਸਮੀਤ ਕੌਰ ਬੈਂਸ, ਐਲਕ ਗਰੋਵ ਮੇਅਰ ਬੌਬੀ ਸਿੰਘ ਐਲਨ, ਯੂਬਾ ਸਿਟੀ ਦੇ ਸਾਬਕਾ ਮੇਅਰ ਕਸ਼ਮੀਰ ਗਿੱਲ, ਗੁਰਜਤਿੰਦਰ ਸਿੰਘ ਰੰਧਾਵਾ ਕਮਿਸ਼ਨਰ, ਪੁਲਿਸ ਚੀਫ, ਫਾਇਰ ਫਾਈਟਰ ਚੀਫ ਤੋਂ ਇਲਾਵਾ ਹੋਰ ਵੀ ਮਹਿਕਮਿਆਂ ਦੇ ਅਧਿਕਾਰੀ ਵੀ ਪਹੁੰਚੇ ਹੋਏ ਸਨ। ਇਸ ਮੌਕੇ ਕਰਮ ਸਿੰਘ ਬੈਂਸ ਨੇ ਸਮੂਹ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ 'ਤੇ ਵੱਡੀ ਜ਼ਿੰਮੇਵਾਰੀ ਆਣ ਪਈ ਹੈ, ਉਹ ਇਸ ਨੂੰ ਨਿਭਾਉਣ ਲਈ ਵਚਨਬੱਧ ਰਹਿਣਗੇ। ਇਸ ਮੌਕੇ ਬੈਂਸ ਪਰਿਵਾਰ ਦੇ ਪਰਿਵਾਰਕ ਮੈਂਬਰ ਵੀ ਹਾਜ਼ਰ ਸਨ।

# ਗੈਵਿਨ ਨਿਊਸਮ ਨੇ ਕੈਲੀਫੋਰਨੀਆ ਦੇ ਗਵਰਨਰ ਦੇ ਦੂਜੇ ਕਾਰਜਕਾਲ ਦੀ ਸਹੁੰ ਚੁੱਕੀ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਕੈਲੀਫੋਰਨੀਆ ਦੇ ਗਵਰਨਰ ਦੀ ਚੋਣ ਜਿੱਤਣ ਤੋਂ ਬਾਅਦ ਗੈਵਿਨ ਨਿਊਸਮ ਨੇ ਆਪਣੇ ਅਹੁਦੇ ਦੀ ਸਹੁੰ ਦੂਜੀ ਵਾਰ ਚੁੱਕੀ। ਸਹੁੰ ਚੁੱਕਣ ਤੋਂ ਪਹਿਲਾਂ ਇੰਟਰਫੇਥ ਸਰਵਿਸ ਵੱਲੋਂ ਇਕ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਵੱਖ-ਵੱਖ ਧਰਮਾਂ ਦੇ ਲੋਕਾਂ ਨੇ ਗੈਵਿਨ ਨਿਊਸਮ ਦੇ ਕਾਰਜਕਾਲ ਅਤੇ ਚੰਗੇ ਭਵਿੱਖ ਲਈ ਆਪੋ-ਆਪਣੇ ਢੰਗ ਨਾਲ ਅਰਦਾਸ ਕੀਤੀ, ਜਿਨ੍ਹਾਂ ਵਿਚ ਹਿੰਦੂ, ਸਿੱਖ, ਮੁਸਲਿਮ, ਕ੍ਰਿਸ਼ਚੀਅਨ, ਬੋਧੀ, ਨੇਟਿਵ ਇੰਡੀਅਨ ਆਦਿ ਤੋਂ ਇਲਾਵਾ ਹੋਰ ਵੀ ਕੁੱਝ ਧਰਮ ਸ਼ਾਮਲ ਸਨ। ਸਿੱਖ ਧਰਮ ਵੱਲੋਂ ਇੰਟਰਫੇਥ ਕੌਂਸਲ ਆਫ ਗ੍ਰੇਟਰ ਸੈਕਰਾਮੈਂਟੋ ਦੇ ਡਾਇਰੈਕਟਰ ਗੁਰਜਤਿੰਦਰ ਸਿੰਘ ਰੰਧਾਵਾ ਨੇ ਪ੍ਰਤੀਨਿਧਤਾ ਕੀਤੀ। ਇਸ ਦੌਰਾਨ ਗਵਰਨਰ ਗੈਵਿਨ ਨਿਊਸਮ ਨੇ ਕਿਹਾ ਕਿ ਕੈਲੀਫੋਰਨੀਆ ਵੱਖ-ਵੱਖ ਧਰਮਾਂ ਦਾ ਇਕ ਸਮੂਹ ਹੈ ਅਤੇ ਮੈਂ ਹਰ ਧਰਮ ਦੀ ਕਦਰ ਕਰਦਾ ਹਾਂ। ਉਨ੍ਹਾਂ ਇਸ ਭਰਵੇਂ ਸੰਮੇਲਨ ਦੌਰਾਨ ਆਏ ਵੱਖ-ਵੱਖ ਧਾਰਮਿਕ ਆਗੂਆਂ ਦਾ ਧੰਨਵਾਦ ਕੀਤਾ। ਇਸ ਉਪਰੰਤ ਸਮੂਹ ਧਰਮਾਂ ਦੇ ਆਗੂਆਂ ਵੱਲੋਂ ਕੈਲੀਫੋਰਨੀਆ ਦੀ ਰਾਜਧਾਨੀ ਤੱਕ ਪੈਦਲ ਮਾਰਚ ਕੀਤਾ ਗਿਆ, ਜਿਸ ਦੀ ਰਸਤੇ ਵਿਚ ਖੜ੍ਹੇ ਲੋਕਾਂ ਨੇ ਸ਼ਲਾਘਾ ਕੀਤੀ। ਕੈਲੀਫੋਰਨੀਆ ਦੀ ਰਾਜਧਾਨੀ ਦੇ ਬਾਹਰ ਲੱਗੀ ਇੱਕ ਵੱਡੀ ਸਟੇਜ 'ਤੇ ਗੈਵਿਨ ਨਿਊਸਮ ਦੀ ਸਹੁੰ ਚੁੱਕ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਬਹੁਤ ਸਾਰੇ ਅਮਰੀਕੀ ਆਗੂ ਹਾਜ਼ਰ ਸਨ। ਗੈਵਿਨ ਨਿਊਸਮ ਆਪਣੇ ਪਰਿਵਾਰ ਸਮੇਤ ਸਟੇਜ ਤੇ ਪਹੁੰਚੇ, ਜਿੱਥੇ ਉਨ੍ਹਾਂ ਦਾ ਭਾਰੀ ਗਿਣਤੀ ਵਿਚ ਆਏ ਲੋਕਾਂ ਨੇ ਭਰਵਾਂ ਸਵਾਗਤ ਕੀਤਾ।

ਉਨ੍ਹਾਂ ਨੂੰ ਸਰਕਾਰੀ ਭੇਤ ਗੁਪਤ ਰੱਖਣ ਅਤੇ ਇਮਾਨਦਾਰੀ ਨਾਲ ਕੰਮ ਕਰਨ ਦੀ ਸਹੁੰ ਚੁਕਾਈ ਗਈ। ਇਸ ਦੌਰਾਨ ਉਨ੍ਹਾਂ ਦੀ ਧਰਮ ਪਤਨੀ ਜੈਨੀਫਰ ਨਿਊਸਮ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਗੈਵਿਨ ਨਿਊਸਮ ਨੇ ਇਕ ਲੰਮੀ ਤਕਰੀਰ ਕੀਤੀ, ਜਿਸ ਦੌਰਾਨ ਪਹਿਲਾਂ ਉਸ ਨੇ ਕੈਲੀਫੋਰਨੀਆ ਦੇ ਵੋਟਰਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਉਨ੍ਹਾਂ ਨੂੰ ਦੂਜੀ ਵਾਰ ਇਹ ਅਹੁਦਾ ਸੰਭਾਲਣ ਦਾ ਮੌਕਾ ਦਿੱਤਾ। ਉਨ੍ਹਾਂ ਕਿਹਾ ਕਿ ਕੈਲੀਫੋਰਨੀਆ ਵਿਚ ਹਰ ਧਰਮ, ਹਰ ਮਜ਼੍ਹਬ ਦੇ ਲੋਕ ਰਹਿੰਦੇ ਹਨ, ਜਿਸ ਦੇ ਲਈ ਸਾਨੂੰ ਫ਼ਖ਼ਰ ਹੈ। ਇਥੇ ਹਰ ਕਿਸੇ ਨੂੰ ਆਪਣੀ ਗੱਲ ਖੁੱਲ੍ਹ ਕੇ ਕਹਿਣ ਦਾ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਮੈਂ ਤਨੋਂ, ਮਨੋ ਕੈਲੀਫੋਰਨੀਆ ਦੀ ਸੇਵਾ ਕਰਾਂਗਾ। ਉਨ੍ਹਾਂ ਕਿਹਾ ਕਿ ਉਹ ਆਪਣੇ ਇਸ ਕਾਰਜਕਾਲ ਦੌਰਾਨ ਜਨਤਾ ਦੀ ਸਿਹਤ ਸੰਭਾਲ, ਵਿਦਿਆ, ਕਿਫਾਇਤੀ ਰਿਹਾਇਸ਼, ਚੰਗੀ ਤਨਖਾਹ ਆਦਿ ਵਰਗੇ ਕੰਮਾਂ ਨੂੰ ਤਰਜੀਹ ਦੇਣਗੇ।

# ਉੱਤਰੀ ਕੈਰੋਲੀਨਾ ਦੇ ਇਕ ਘਰ ਵਿਚ 3 ਬੱਚਿਆਂ ਸਮੇਤ 5 ਜਣੇ ਮ੍ਰਿਤਕ ਮਿਲੇ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਉੱਤਰੀ ਕੈਰੋਲੀਨਾ ਦੇ ਇਕ ਘਰ ਵਿਚ 3 ਬੱਚਿਆਂ ਸਮੇਤ 5 ਜਣੇ ਮ੍ਰਿਤਕ ਮਿਲੇ ਹਨ। ਪੁਲਿਸ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਸਵੇਰੇ 7 ਵਜੇ ਦੇ ਕਰੀਬ ਹਾਈ ਪੋਆਇੰਟ ਖੇਤਰ ਵਿਚੋਂ ਆਏ ਫੋਨ 'ਤੇ ਦੋ ਵਿਅਕਤੀਆਂ ਨੇ ਮਦਦ ਦੀ ਗੁਹਾਰ ਲਾਈ ਸੀ। ਜਦੋਂ ਉਹ ਘਰ ਵਿਚ ਦਾਖਲ ਹੋਏ ਤਾਂ 5 ਜਣੇ ਜਿਨਾਂ ਵਿਚ 3 ਨਾਬਾਲਗ ਤੇ 2 ਬਾਲਗ ਸ਼ਾਮਿਲ ਸਨ, ਮ੍ਰਿਤਕ ਹਾਲਤ ਵਿਚ ਮਿਲੇ। ਪੁਲਿਸ ਨੇ ਮ੍ਰਿਤਕਾਂ ਦੇ ਨਾ ਤਾਂ ਅਜੇ ਨਾਂ ਹੀ ਜਾਰੀ ਕੀਤੇ ਹਨ ਤੇ ਨਾ ਹੀ ਕੋਈ ਹੋਰ ਜਾਣਕਾਰੀ ਦਿੱਤੀ ਹੈ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਇਹ ਹੱਤਿਆਵਾਂ ਉਪਰੰਤ ਆਤਮ ਹੱਤਿਆ ਦਾ ਮਾਮਲਾ ਹੈ। ਪੁਲਿਸ ਅਨੁਸਾਰ ਮਾਮਲਾ ਅਜੇ ਜਾਂਚ ਅਧੀਨ ਹੈ। ਇਥੇ ਜਿਕਰਯੋਗ ਹੈ ਕਿ ਪਿਛਲੇ ਹਫਤੇ ਬੁੱਧਵਾਰ ਉਟਾਹ ਦੇ ਈਨੋਕ ਸ਼ਹਿਰ ਦੇ ਇਕ ਘਰ ਵਿਚ ਪਰਿਵਾਰ ਦੇ 8 ਜੀਅ ਮ੍ਰਿਤਕ ਮਿਲੇ ਸਨ। ਪੁਲਿਸ ਨੇ ਉਸ ਨੂੰ ਵੀ ਹੱਤਿਆਵਾਂ ਬਨਾਮ ਆਤਮਹੱਤਿਆ ਦਾ ਮਾਮਲਾ ਦੱਸਿਆ ਸੀ ਤੇ ਕਿਹਾ ਸੀ ਕਿ 42 ਸਾਲਾ ਮਾਈਕਲ ਹੇਟ ਨੇ ਆਪਣੀ ਪਤਨੀ, ਸੱਸ ਤੇ 5 ਬੱਚਿਆਂ ਦੀਆਂ ਹੱਤਿਆਵਾਂ ਕਰਨ ਉਪਰੰਤ ਖੁਦ ਨੂੰ ਗੋਲੀ ਮਾਰ ਕੇ ਆਪਣੀ ਜੀਵਨ ਲੀਲਾ ਖਤਮ ਕੀਤੀ ਹੈ।

# ਅਮਰੀਕਾ ਦੀਆਂ ਜੇਲ੍ਹਾਂ ਇਕ ਉਦਯੋਗ ਬਣੀਆਂ

- ਗੈਰ-ਕਾਨੂੰਨੀ ਤਰੀਕੇ ਨਾਲ ਪਹੁੰਚੇ 20 ਹਜ਼ਾਰ ਭਾਰਤੀ ਅਮਰੀਕਾ ਦੀਆਂ ਜੇਲ੍ਹਾਂ ਵਿਚ ਕੈਦ, ਦਿੱਤੇ ਜਾਂਦੇ ਨੇ ਤਸੀਹੇ
- ਜੇਲ੍ਹਾਂ ਵਾਲੇ ਕਰਦੇ ਨੇ ਮੋਟੀ ਕਮਾਈ, ਪਰ ਕੈਦੀਆਂ ਨੂੰ ਨਾ ਦੇ ਬਰਾਬਰ ਕੀਤਾ ਜਾਂਦਾ ਏ ਭੁਗਤਾਨ
- ਇਕ ਸਾਲ ਵਿਚ ਗੈਰ-ਦਸਤਾਵੇਜ਼ਾਂ ਕਾਰਨ ਭਾਰਤੀਆਂ ਦੀ ਗ੍ਰਿਫ਼ਤਾਰੀ ਦੁੱਗਣੀ, ਪੱਗਾਂ ਅਤੇ ਕੜੇ ਪਹਿਨਣ ਦੀ ਵੀ ਇਜਾਜ਼ਤ ਨਹੀਂ



ਵਾਸ਼ਿੰਗਟਨ/ਏ.ਟੀ.ਨਿਊਜ਼ :- ਅਮਰੀਕਾ ਦੀਆਂ ਜੇਲ੍ਹਾਂ ਵਿੱਚ 20 ਹਜ਼ਾਰ ਤੋਂ ਵੱਧ ਭਾਰਤੀ ਗ਼ੈਰ-ਕਾਨੂੰਨੀ ਢੰਗ ਨਾਲ ਬੰਦ ਹਨ। ਇਨ੍ਹਾਂ ਜੇਲ੍ਹਾਂ ਵਿੱਚ ਬਿਨਾਂ ਦਸਤਾਵੇਜ਼ੀ ਕੈਦੀਆਂ ਤੋਂ ਜ਼ਬਰਦਸਤੀ ਮਜ਼ਦੂਰੀ ਕਰਵਾਈ ਜਾਂਦੀ ਹੈ। ਇਸ ਦੇ ਜ਼ਰੀਏ ਜੇਲ੍ਹਾਂ ਵਾਲੇ ਮੋਟੀ ਕਮਾਈ ਕਰਦੇ ਹਨ, ਪਰ ਕੈਦੀਆਂ ਨੂੰ ਨਾ ਦੇ ਬਰਾਬਰ ਭੁਗਤਾਨ ਕੀਤਾ ਜਾਂਦਾ ਹੈ। ਕੰਮ ਕਰਨ ਤੋਂ ਇਨਕਾਰ ਕਰਨ ਵਾਲੇ ਕੈਦੀਆਂ ਨੂੰ ਹਨੇਰੇ ਵਾਲੀਆਂ ਕੋਠੜੀਆਂ ਵਿੱਚ ਬੰਦ ਕਰ ਦਿੱਤਾ ਜਾਂਦਾ ਹੈ। ਮਨੁੱਖੀ ਅਧਿਕਾਰਾਂ ਦੀ ਜਾਂਚ ਤੋਂ ਖੁਲਾਸਾ ਹੋਇਆ ਹੈ ਕਿ ਅਮਰੀਕਾ ਦੀਆਂ ਜੇਲ੍ਹਾਂ ਇਕ ਉਦਯੋਗ ਬਣ ਚੁੱਕੀਆਂ ਹਨ। ਹਰ ਸਾਲ ਕੈਦੀਆਂ ਤੋਂ ਕੰਮ ਕਰਾ ਕੇ 11 ਅਰਬ ਡਾਲਰ ਯਾਨੀ 91 ਹਜ਼ਾਰ ਕਰੋੜ ਰੁਪਏ ਕਮਾਏ ਜਾਂਦੇ ਹਨ। ਹਾਲਾਂਕਿ ਕੈਦੀਆਂ ਨੂੰ ਸਿਰਫ ਇੱਕ ਘੰਟੇ ਦੇ ਕੰਮ ਲਈ ਤਨਖਾਹ ਮਿਲਦੀ ਹੈ। ਉਨ੍ਹਾਂ ਦੀ ਸਾਲਾਨਾ ਘੱਟੋ-ਘੱਟ ਉਜਰਤ 450 ਡਾਲਰ ਰੱਖੀ ਗਈ ਹੈ।

ਜਾਂਚਕਰਤਾ ਜੈਨੀਫਰ ਨੇ ਇਕ ਸਮਾਚਾਰ ਏਜੰਸੀ ਨੂੰ ਦੱਸਿਆ ਕਿ ਜੇਲ੍ਹ ਵਿੱਚ ਗੈਰ-ਕਾਨੂੰਨੀ ਕੈਦੀਆਂ ਦੀ ਹਾਲਤ ਤਰਸਯੋਗ ਹੈ। ਜੇਲ੍ਹਾਂ ਦਾ ਦਾਅਵਾ ਹੈ ਕਿ ਉਨ੍ਹਾਂ ਕੋਲ ਇੰਨੇ ਫੰਡ ਨਹੀਂ ਹਨ ਕਿ ਉਹ ਇਨ੍ਹਾਂ ਕੈਦੀਆਂ ਨੂੰ ਉਚਿਤ ਤਨਖਾਹਾਂ ਦੇ ਸਕਣ। ਪਰ ਸਾਡੀ ਜਾਂਚ ਤੋਂ ਪਤਾ ਲੱਗਾ ਹੈ ਕਿ ਜੇਲ੍ਹਾਂ ਕੈਦੀਆਂ ਨੂੰ ਮਜ਼ਦੂਰ ਬਣਾ ਕੇ ਅਰਬਾਂ ਡਾਲਰ ਕਮਾ ਲੈਂਦੀਆਂ ਹਨ। ਇਸ ਦੇ ਬਾਵਜੂਦ ਕੈਦੀਆਂ ਦਾ ਸ਼ੋਸ਼ਣ ਹੁੰਦਾ ਹੈ। ਕਈ ਵਾਰ ਕੈਦੀਆਂ ਕੋਲ ਜੇਲ੍ਹ ਵਿੱਚ ਸਾਬਣ ਖਰੀਦਣ ਜਾਂ ਪਰਿਵਾਰ ਵਾਲਿਆਂ ਨੂੰ ਫ਼ੋਨ ਕਰਨ ਲਈ ਵੀ ਪੈਸੇ ਵੀ ਨਹੀਂ ਹੁੰਦੇ।

ਦਰਅਸਲ ਪ੍ਰਾਈਵੇਟ ਕੰਪਨੀਆਂ ਅਮਰੀਕਾ ਵਿੱਚ ਜੇਲ੍ਹਾਂ ਚਲਾਉਂਦੀਆਂ ਹਨ। ਇਨ੍ਹਾਂ ਜੇਲ੍ਹਾਂ ਵਿੱਚ ਜਿੰਨੇ ਜ਼ਿਆਦਾ ਕੈਦੀ ਹੋਣਗੇ, ਕੰਪਨੀਆਂ ਨੂੰ ਸਰਕਾਰ ਤੋਂ ਓਨਾ ਹੀ ਫ਼ਾਇਦਾ ਹੋਵੇਗਾ। ਜੇਲ੍ਹਾਂ ਦਾ 80% ਕੰਮ ਇਨ੍ਹਾਂ ਵਿੱਚ ਰਹਿ ਰਹੇ ਕੈਦੀਆਂ ਤੋਂ ਕਰਵਾਇਆ ਜਾਂਦਾ ਹੈ। ਇਸ ਤੋਂ ਇਲਾਵਾ ਬਾਹਰਲੀਆਂ ਕੰਪਨੀਆਂ ਜੇਲ੍ਹਾਂ ਨੂੰ ਮੇਜ਼-ਕੁਰਸੀਆਂ ਅਤੇ ਹੋਰ ਸਮਾਨ ਬਣਾਉਣ ਦਾ ਠੇਕਾ ਵੀ ਦਿੰਦੀਆਂ ਹਨ। ਇਹ ਵੀ ਜੇਲ੍ਹ ਦੇ ਕੈਦੀਆਂ ਤੋਂ ਬਣਵਾਈਆਂ ਜਾਂਦੀਆਂ। ਜਿਹੜੇ ਕੈਦੀ ਕੰਮ ਕਰਨ ਤੋਂ ਇਨਕਾਰ ਕਰਦੇ ਹਨ, ਫਿਰ ਉਨ੍ਹਾਂ ਨੂੰ ਇਕੱਲੇ ਕੋਠੜੀ ਵਿੱਚ ਬੰਦ ਕਰ ਦਿੱਤਾ ਜਾਂਦਾ ਹੈ। ਕਈ ਵਾਰ ਤਾਂ ਉਹਨਾਂ ਨੂੰ ਪਰਿਵਾਰ ਵਾਲਿਆਂ ਨੂੰ ਵੀ ਮਿਲਣ ਨਹੀਂ ਦਿੱਤਾ ਜਾਂਦਾ।

ਮੈਕਸੀਕੋ ਰਾਹੀਂ ਅਮਰੀਕਾ ਦੀ ਸਰਹੱਦ ਵਿੱਚ ਦਾਖ਼ਲ ਹੋਏ ਭਾਰਤੀ ਮੂਲ ਦੇ ਇੱਕ ਪੰਜਾਬੀ ਨੇ ਦੱਸਿਆ ਕਿ ਮੈਂ ਇੱਕ ਸਾਲ ਕੈਲੀਫੋਰਨੀਆ ਜੇਲ੍ਹ ਵਿੱਚ ਕੈਦ ਰਿਹਾ। ਇਹ ਮੇਰੇ ਲਈ ਇੱਕ ਡਰਾਉਣੇ ਸੁਪਨੇ ਵਰਗਾ ਹੈ। ਸਾਨੂੰ ਉਥੇ ਪੱਗਾਂ ਅਤੇ ਕੜੇ ਪਹਿਨਣ ਦੀ ਵੀ ਇਜਾਜ਼ਤ ਨਹੀਂ ਸੀ। ਸ਼ਾਕਾਹਾਰੀ ਭੋਜਨ ਖਾਣ ਵਾਲੇ ਵੀ ਮਾਸ ਖਾਣ ਲਈ ਮਜਬੂਰ ਹਨ। ਇਕ ਹੋਰ ਜਾਣਕਾਰੀ ਦੇ ਅਨੁਸਾਰ ਸਰਹੱਦ ਪਾਰ ਤੋਂ ਘੁਸਪੈਠ ਦੇ ਜ਼ਿਆਦਾਤਰ ਮਾਮਲਿਆਂ ਵਿੱਚ ਕੈਦੀਆਂ ਨੂੰ ਇੱਕ ਸਾਲ ਦੇ ਅੰਦਰ-ਅੰਦਰ ਜ਼ਮਾਨਤ ਮਿਲ ਜਾਂਦੀ ਹੈ ਪਰ ਕਈ ਕੈਦੀਆਂ ਕੋਲ ਵਕੀਲ ਹਾਇਰ ਕਰਨ ਲਈ ਵੀ ਪੈਸੇ ਨਹੀਂ ਹੁੰਦੇ, ਜਿਸ ਕਰਕੇ ਉਹ ਜੇਲ੍ਹ ਵਿੱਚ ਹੀ ਰਹਿਣ ਲਈ ਮਜਬੂਰ ਹਨ। 2022 ਵਿੱਚ ਅਮਰੀਕਾ ਵਿੱਚ ਗ੍ਰਿਫ਼ਤਾਰ ਕੀਤੇ ਗਏ 60,000 ਭਾਰਤੀਆਂ ਵਿੱਚੋਂ 40,000 ਨੂੰ ਜ਼ਮਾਨਤ ਮਿਲ ਗਈ ਸੀ, ਪਰ 20,000 ਅਜੇ ਵੀ ਜੇਲ੍ਹਾਂ ਵਿੱਚ ਬੰਦ ਹਨ।

# ਮਨਪ੍ਰੀਤ ਮੋਨਿਕਾ ਸਿੰਘ ਅਮਰੀਕਾ ਦੀ ਪਹਿਲੀ ਮਹਿਲਾ ਸਿੱਖ ਜੱਜ ਬਣੀ






ਸੈਕਰਾਮੈਂਟੋ/ਏ.ਟੀ.ਨਿਊਜ਼ :- ਮਨਪ੍ਰੀਤ ਮੋਨਿਕਾ ਸਿੰਘ ਨੇ ਲੰਘੇ ਸ਼ੁੱਕਰਵਾਰ ਨੂੰ ਟੈਕਸਾਸ ਵਿੱਚ ਲਾਅ ਨੰਬਰ 4 ਵਿਖੇ ਹੈਰਿਸ ਕਾਊਂਟੀ ਸਿਵਲ ਕੋਰਟ ਦੇ ਜੱਜ ਵਜੋਂ ਸਹੁੰ ਚੁੱਕੀ। ਜਿਸ ਤੋਂ ਬਾਅਦ ਉਹ ਅਮਰੀਕਾ ਦੀ ਪਹਿਲੀ ਮਹਿਲਾ ਸਿੱਖ ਜੱਜ ਬਣੀ। ਸਹੁੰ ਚੁੱਕ ਸਮਾਗਮ ਮੌਕੇ ’ਤੇ ਹਿਊਸਟਨ ਦੇ ਮੇਅਰ ਸਿਲਵੇਸਟਰ ਟਰਨਰ ਨੇ ਇਸ ਪਲ ਨੂੰ ਇਤਿਹਾਸਕ ਫ਼ੈਸਲੇ ਤੇ ਸਿੱਖ ਭਾਈਚਾਰੇ ਲਈ ਇੱਕ ਮਾਣ ਵਾਲਾ ਦਿਨ ਕਿਹਾ। ਭਾਰਤੀ-ਅਮਰੀਕੀ ਜੱਜ ਰਵੀ ਸੰਦਿਲ ਜੋ ਰਾਜ ਦੇ ਪਹਿਲੇ ਦੱਖਣੀ ਏਸ਼ੀਆਈ ਜੱਜ ਹਨ ਉਨ੍ਹਾਂ ਨੇ ਇਸ ਸਮਾਰੋਹ ਦੀ ਪ੍ਰਧਾਨਗੀ ਕੀਤੀ।

ਮਨਪ੍ਰੀਤ ਮੋਨਿਕਾ ਸਿੰਘ ਦਾ ਜਨਮ ਅਤੇ ਪਾਲਣ ਪੋਸ਼ਣ ਹਿਊਸਟਨ ਵਿੱਚ ਹੋਇਆ ਸੀ ਅਤੇ ਹੁਣ ਉਹ ਆਪਣੇ ਪਤੀ ਅਤੇ ਦੋ ਬੱਚਿਆਂ ਨਾਲ ਬੇਲੇਅਰ ਵਿੱਚ ਰਹਿੰਦੀ ਹੈ। ਮਨਪ੍ਰੀਤ ਮੋਨਿਕਾ ਸਿੰਘ ਦੇ ਪਿਤਾ ਪੰਜਾਬ ਤੋਂ 1970 ਦੇ ਦਹਾਕੇ ਦੇ ਸ਼ੁਰੂ ਵਿੱਚ ਅਮਰੀਕਾ ਆ ਗਏ ਸਨ। 20 ਸਾਲਾਂ ਤੋਂ ਉਹ ਸਥਾਨਕ ਵਕੀਲ ਦੇ ਨਾਲ ਨਾਲ ਰਾਜ ਅਤੇ ਰਾਸ਼ਟਰੀ ਪੱਧਰ ’ਤੇ ਕਈ ਨਾਗਰਿਕ ਅਧਿਕਾਰ ਸੰਗਠਨਾਂ ਵਿੱਚ ਸ਼ਾਮਲ ਰਹੀ ਹੈ। ਦੱਸਣਯੋਗ ਹੈ ਕਿ ਅਮਰੀਕਾ ਵਿੱਚ ਅੰਦਾਜ਼ਨ 500,000 ਸਿੱਖ ਹਨ, ਜਿਨ੍ਹਾਂ ਵਿੱਚੋਂ 20,000 ਸਿੱਖ ਹਿਊਸਟਨ ਖੇਤਰ ਵਿੱਚ ਰਹਿੰਦੇ ਹਨ। ਇੱਕ ਇੰਸਟਾਗ੍ਰਾਮ ਪੋਸਟ ਵਿੱਚ, ਮਨਪ੍ਰੀਤ ਨੇ ਕਿਹਾ, ‘ਮਾਮਾ ਅਸੀਂ ਇਸਨੂੰ ਬਣਾਇਆ ਹੈ, ਸਿੱਖ ਸਿਵਲ ਕੋਰਟ ਦੇ ਜੱਜ ਵਜੋਂ ਹੈਰਿਸ ਕਾਊਂਟੀ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਨਾ ਇੱਕ ‘ਸੱਚਾ ਸਨਮਾਨ’ ਹੈ। ਇਸ ਨੂੰ ਇੱਕ ਇਤਿਹਾਸਕ ਪਲ ਬਣਾਉਣ ਲਈ ਸਾਰਿਆਂ ਦਾ ਧੰਨਵਾਦ, ਇੱਕ ਅਜਿਹਾ ਦਿਨ ਜੋ ਕੋਈ ਅਸਾਧਾਰਨ ਘਟਨਾ ਨਹੀਂ ਹੋਵੇਗਾ - ਕਿਉਂਕਿ ਇੱਕ ਨਿਆਂਪਾਲਿਕਾ ਹੋਵੇਗੀ ਜਿਸ ਵਿੱਚ ਅਣਗਿਣਤ ਸਿੱਖ ਲੋਕ ਅਤੇ ਹੋਰ ਘੱਟਗਿਣਤੀਆਂ ਸ਼ਾਮਲ ਹੋਣਗੀਆਂ। ਮੈਂ ਆਪਣੇ 2 ਦਹਾਕਿਆਂ ਦੇ ਤਜਰਬੇ ਨੂੰ ਚੰਗੀ ਤਰ੍ਹਾਂ ਵਰਤਣ ਲਈ ਤਿਆਰ ਹਾਂ।

## ਬੀਬੀ ਜਗੀਰ ਤੇ ਜਗਮੀਤ ਬਰਾੜ ਦਾ ਸੰਯੁਕਤ ਅਕਾਲੀ ਦਲ ’ਚ ਸ਼ਾਮਲ ਹੋਣਾ ਤੈਅ



ਅੰਮ੍ਰਿਤਸਰ/ਏ.ਟੀ.ਨਿਊਜ਼ :- ਸ਼੍ਰੋਮਣੀ ਅਕਾਲੀ ਦਲ ਦੀ ਬਰਖ਼ਾਸਤ ਅਕਾਲੀ ਆਗੂ ਅਤੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਦੇ ਸੋਮਵਾਰ ਨੂੰ ਸੰਗਰੂਰ ਵਿੱਚ ਸੰਯੁਕਤ ਅਕਾਲੀ ਦਲ ਦੇ ਮੁਖੀ ਸੁਖਦੇਵ ਸਿੰਘ ਢੀਂਡਸਾ ਨਾਲ ਮੁਲਾਕਾਤ ਤੋਂ ਬਾਅਦ ਪਾਰਟੀ ਵਿੱਚ ਸ਼ਾਮਲ ਹੋਣ ਦੀਆਂ ਅਟਕਲਾਂ ਤੇਜ਼ ਹੋ ਗਈਆਂ ਹਨ। ਇਸ ਸਬੰਧੀ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਉਨ ਾਂ ਸੁਖਦੇਵ ਸਿੰਘ ਢੀਂਡਸਾ ਨਾਲ ਮੀਟਿੰਗ ਕਰਕੇ ਸੰਯੁਕਤ ਅਕਾਲੀ ਦਲ ਨੂੰ ਮਜ਼ਬੂਤ ਕਰਨ ਅਤੇ ਪਾਰਟੀ ਦੀ ਭਵਿੱਖੀ ਰੂਪ-ਰੇਖਾ ਬਾਰੇ ਵਿਚਾਰ ਵਟਾਂਦਰਾ ਕੀਤਾ।

ਇਹ ਪੁੱਛੇ ਜਾਣ ’ਤੇ ਕਿ ਕੀ ਉਹ ਸੰਯੁਕਤ ਅਕਾਲੀ ਦਲ ਵਿਚ ਸ਼ਾਮਲ ਹੋ ਰਹੇ ਹਨ, ਬੀਬੀ ਜਗੀਰ ਕੌਰ ਨੇ ਕਿਹਾ ਕਿ ਉਹ ਇਸ ਬਾਰੇ ਭਲਕੇ (ਮੰਗਲਵਾਰ) ਨੂੰ ਖੁਲਾਸਾ ਕਰਨਗੇ। ਬੀਬੀ ਜਗੀਰ ਕੌਰ ਦੇ ਨਾਲ-ਨਾਲ ਜਗਮੀਤ ਸਿੰਘ ਬਰਾੜ ਦਾ ਵੀ ਸੰਯੁਕਤ ਅਕਾਲੀ ਦਲ ਵਿੱਚ ਸ਼ਾਮਲ ਹੋਣਾ ਲਗਭਗ ਤੈਅ ਮੰਨਿਆ ਜਾ ਰਿਹਾ ਹੈ। ਸੁਖਦੇਵ ਸਿੰਘ ਢੀਂਡਸਾ ਨਾਲ ਸੋਮਵਾਰ ਨੂੰ ਹੋਈ ਮੀਟਿੰਗ ਦੌਰਾਨ ਦੋਵੇਂ ਆਗੂ ਮੌਜੂਦ ਸਨ। ਢੀਂਡਸਾ ਦੀ ਅਗਵਾਈ ਹੇਠ ਬੁਲਾਈ ਗਈ ਪੰਥਕ ਆਗੂਆਂ ਦੀ ਇਸ ਮੀਟਿੰਗ ਵਿੱਚ ਬੀਬੀ ਜਗੀਰ ਕੌਰ ਅਤੇ ਜਗਮੀਤ ਸਿੰਘ ਬਰਾੜ ਤੋਂ ਇਲਾਵਾ ਰਤਨ ਸਿੰਘ ਅਜਨਾਲਾ, ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ, ਜਗਦੀਸ਼ ਸਿੰਘ ਗਰਚਾ, ਜਸਟਿਸ (ਸੇਵਾ ਮੁਕਤ) ਨਿਰਮਲ ਸਿੰਘ, ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਆਦਿ ਹਾਜ਼ਰ ਸਨ। ਢੀਂਡਸਾ ਦੀ ਅਗਵਾਈ ਵਿੱਚ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਔਲਖ, ਸਾਬਕਾ ਮੈਂਬਰ ਪੀਪੀਐਸਸੀ ਸੁਖਵੰਤ ਸਿੰਘ ਸਰਾ ਅਤੇ ਯੂਨਾਈਟਿਡ ਅਕਾਲੀ ਦਲ ਦੇ ਜਨਰਲ ਸਕੱਤਰ ਮਨਜੀਤ ਸਿੰਘ ਦਸੂਹਾ ਵੀ ਹਾਜ਼ਰ ਸਨ।

# ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਕੇ ਰਾਹੁਲ ਗਾਂਧੀ ਨੇ ਪੰਜਾਬ ’ਚੋਂ ‘ਭਾਰਤ ਜੋੜੋ ਯਾਤਰਾ’ ਦੀ ਕੀਤੀ ਸ਼ੁਰੂਆਤ

**ਪੰਜਾਬ ’ਚ ਰਾਹੁਲ ਦੀ ‘ਭਾਰਤ ਜੋੜੋ ਯਾਤਰਾ’ ਦੇ ਵਿਰੋਧ ਨੂੰ ਵੇਖਦਿਆਂ ਸਖ਼ਤ ਸੁਰੱਖਿਆ ਪ੍ਰਬੰਧ**

**ਸਿੱਖਾਂ ਦੀ ਨਜ਼ਰ ਵਿਚ ਭਾਜਪਾ ਵੀ ਕਾਂਗਰਸ ਤੋਂ ਘੱਟ ਨਹੀਂ ਤੇ ਦੋਵੇਂ ਪਾਰਟੀਆਂ ਦਾ ਖਾਸਾ ਹਿੰਦੂਤਵੀ : ਦਲ ਖ਼ਾਲਸਾ**

ਅੰਮ੍ਰਿਤਸਰ/ਏ.ਟੀ.ਨਿਊਜ਼ :- ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ‘ਭਾਰਤ ਜੋੜੋ ਯਾਤਰਾ’ ਦੀ ਪੰਜਾਬ ਵਿਚ ਸ਼ੁਰੂਆਤ ਤੋਂ ਪਹਿਲਾਂ ਬੀਤੇ ਦਿਨੀਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਮਤਸਤਕ ਹੋਏ। ਇਥੇ ਪੁੱਜਣ ਮੌਕੇ ਸ੍ਰੀ ਗਾਂਧੀ ਨੇ ਕੇਸਰੀ ਰੰਗ ਦੀ ਸੁੰਦਰ ਦਸਤਾਰ ਸਜਾਈ ਹੋਈ ਸੀ। ਇਸ ਤੋਂ ਪਹਿਲਾਂ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ ਵਿਖੇ ਪੁੱਜਣ ’ਤੇ ਪ੍ਰਤਾਪ ਸਿੰਘ ਬਾਜਵਾ, ਅਮਰਿੰਦਰ ਸਿੰਘ ਰਾਜਾ ਵੜਿੰਗ, ਗੁਰਜੀਤ ਸਿੰਘ ਔਜਲਾ ਸਮੇਤ ਕਾਂਗਰਸੀ ਆਗੂਆਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਬਾਅਦ ਦੁਪਹਿਰ ਸ੍ਰੀ ਹਰਿਮੰਦਰ ਸਾਹਿਬ ਪੁੱਜੇ ਰਾਹੁਲ ਗਾਂਧੀ ਨੇ ਸ਼ਰਧਾ ਸਹਿਤ ਪੂਰੀ ਪਰਿਕਰਮਾ ਕੀਤੀ। ਉਹ ਕੜਾਹ ਪ੍ਰਸ਼ਾਦਿ ਦੀ ਦੇਗ ਕਰਵਾ ਕੇ ਦਰਸ਼ਨੀ ਡਿਉੜੀ ਤੋਂ ਵਿਚਕਾਰਲੀ ਛੋਟੀ ਲਾਈਨ ਰਾਹੀਂ ਕਾਂਗਰਸੀ ਆਗੂਆਂ ਸਮੇਤ ਆਮ ਸ਼ਰਧਾਲੂਆਂ ਵਾਂਗ ਦਰਸ਼ਨ ਕਰਨ ਪੁੱਜੇ ਅਤੇ ਸ਼ਰਧਾ ਤੇ ਸਤਿਕਾਰ ਸਹਿਤ ਗੁਰੂ ਦਰ ’ਤੇ ਮੱਥਾ ਟੇਕ ਕੇ ਕੁਝ ਸਮਾਂ ਰਾਗੀ ਸਿੰਘਾਂ ਦੇ ਪਿੱਛੇ ਸੰਗਤਾਂ ਵਿਚ ਬੈਠ ਕੇ ਇਲਾਹੀ ਬਾਣੀ ਦਾ ਕੀਰਤਨ ਵੀ ਸਰਵਨ ਕੀਤਾ। ਇਸ ਉਪਰੰਤ ਸ੍ਰੀ ਗਾਂਧੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਹੇਠਾਂ ਵੀ ਹੱਥ ਜੋੜ ਕੇ ਅਤੇ ਸਿਰ ਨਿਵਾ ਕੇ ਮੱਥਾ ਟੇਕਿਆ। ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਜਾਣ ਸਮੇਂ ਉਨ੍ਹਾਂ ਹੱਥ ਜੋੜ ਕੇ ਸ਼ਰਧਾਲੂਆਂ ਦਾ ਪਿਆਰ ਕਬੂਲਿਆ।



ਪੁਲਿਸ ਕਰਮੀਆਂ ਵਲੋਂ ਧੱਕਾ-ਮੁੱਕੀ

ਪੰਜਾਬ ਵਿਚ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਦੇ ਵਿਰੋਧ ਨੂੰ ਵੇਖਦੇ ਹੋਏ ਪੰਜਾਬ ਪੁਲਿਸ ਵਲੋਂ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ। ਇਸ ਸੰਬੰਧੀ ਚੰਡੀਗੜ੍ਹ ਬੈਠੇ ਉਚ ਅਧਿਕਾਰੀਆਂ ਵਲੋਂ ਸਾਰੇ ਪੁਲਿਸ ਅਧਿਕਾਰੀਆਂ ਨੂੰ ਵਧੇਰੇ ਚੌਕਸੀ ਵਰਤਣ ਦੇ ਹੁਕਮ ਦਿੱਤੇ ਗਏ ਹਨ। ਰਾਹੁਲ ਦੀ ਯਾਤਰਾ ਭੀੜ ਵਾਲੇ ਇਲਾਕਿਆਂ ਵਿਚੋਂ ਲੰਘਣੀ ਹੈ, ਜਿਸ ਕਾਰਨ ਰਾਹੁਲ ਦੀ ਸੁਰੱਖਿਆ ਪੁਲਿਸ ਲਈ ਚੁਣੌਤੀ ਬਣੀ ਹੋਈ ਹੈ। ਸੂਤਰਾਂ ਅਨੁਸਾਰ ਕੇਂਦਰੀ ਏਜੰਸੀਆਂ ਵਲੋਂ ਵੀ ਰਾਹੁਲ ਦੀ ਪੰਜਾਬ ਫੇਰੀ ਦੌਰਾਨ ਸੁਰੱਖਿਆ ਪ੍ਰਬੰਧ ਸਖ਼ਤ ਕੀਤੇ ਗਏ ਹਨ। ਰਾਹੁਲ ਗਾਂਧੀ ਨੂੰ ਤਿੰਨ ਪੱਧਰੀ ਸੁਰੱਖਿਆ ਦੇਣ ਬਾਰੇ ਕਿਹਾ ਜਾ ਰਿਹਾ ਹੈ, ਜਿਸ ਵਿਚ ਪਹਿਲਾਂ ਰਾਹੁਲ ਗਾਂਧੀ ਦੀ ਜੈਡ ਪਲੱਸ ਸੁਰੱਖਿਆ, ਉਸ ਤੋਂ ਬਾਅਦ ਕੇਂਦਰੀ ਸੁਰੱਖਿਆ ਬਲਾਂ ਵਲੋਂ ਦਿੱਤੀ ਜਾ ਰਹੀ ਸੁਰੱਖਿਆ ਤੇ ਉਸ ਤੋਂ ਬਾਅਦ ਪੰਜਾਬ ਪੁਲਿਸ ਵਲੋਂ ਦਿੱਤੀ ਜਾ ਰਹੀ ਸੁਰੱਖਿਆ ਸ਼ਾਮਿਲ ਹੈ।

**ਦਲ ਖਾਲਸਾ ਵਲੋਂ ਤੇ ਸੋਸ਼ਲ ਮੀਡੀਆ ਉਪਰ ਪ੍ਰਤੀਕਰਮ**

ਸਿੱਖ ਜਥੇਬੰਦੀ ਦਲ ਖ਼ਾਲਸਾ ਨੇ ਕਾਂਗਰਸੀ ਆਗੂ ਰਾਹੁਲ ਗਾਂਧੀ ਦੀ ਅਗਵਾਈ ਹੇਠ ‘ਭਾਰਤ ਜੋੜੋ ਯਾਤਰਾ’ ਦੇ ਪੰਜਾਬ ਵਿਚ ਦਾਖਲ ਹੋਣ ’ਤੇ ਸਖ਼ਤ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਇਸ ਯਾਤਰਾ ਦਾ ਸਿਰਲੇਖ ਕਾਂਗਰਸ ਦੇ ਫੁੱਟ-ਪਾਊ ਅਤੇ ਵਿਨਾਸ਼ਕਾਰੀ ਏਜੰਡੇ ਦੇ ਬਿਲਕੁਲ ਉਲਟ ਹੈ। ਪੰਜਾਬ ਅੰਦਰ ਯਾਤਰਾ ਆਰੰਭ ਕਰਨ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਪੁੱਜੇ ਰਾਹੁਲ ਗਾਂਧੀ ਬਾਰੇ ਦਲ ਖ਼ਾਲਸਾ ਦੇ ਸੀਨੀਅਰ ਆਗੂਆਂ ਕੰਵਰਪਾਲ ਸਿੰਘ ਅਤੇ ਪਰਮਜੀਤ ਸਿੰਘ ਨੇ ਕਿਹਾ ਕਿ ਮੂਲ ਰੂਪ ਵਿਚ ਇਹ ਕਾਂਗਰਸ ਹੀ ਹੈ ਜਿਸ ਨੇ ਦੇਸ਼ ਵਿਚ ਫੁੱਟ-ਪਾਊ, ਨਫ਼ਰਤ ਅਤੇ ਨਸਲਕੁਸ਼ੀ ਦੀ ਰਾਜਨੀਤੀ ਦੇ ਬੀਜ ਬੀਜੇ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਹੀ ਧਾਰਮਿਕ ਅਤੇ ਨਸਲੀ ਘੱਟਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਲਈ ਬਹੁਗਿਣਤੀ ਨੂੰ ਘੱਟਗਿਣਤੀਆਂ ਵਿਰੁੱਧ ਖੜ੍ਹਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜ਼ੁਲਮ ਢਾਹੁਣ ਅਤੇ ਪੰਜਾਬ ਦੇ ਹੱਕ ਲੁੱਟਣ ਲਈ ਸਿੱਖਾਂ ਦੀ ਨਜ਼ਰ ਵਿਚ ਭਾਜਪਾ ਵੀ ਕਾਂਗਰਸ ਤੋਂ ਘੱਟ ਨਹੀਂ ਤੇ ਮੁੱਖ ਧਾਰਾ ਦੀਆਂ ਦੋਵੇਂ ਪਾਰਟੀਆਂ ਦਾ ਖਾਸਾ ਹਿੰਦੂਤਵੀ ਹੈ। ਸੋਸ਼ਲ ਮੀਡੀਆ ਉਪਰ ਪੰਥਕ ਹਲਕਿਆਂ ਵਲੋਂ ਰਾਹੁਲ ਦੀ ਯਾਤਰਾ ਬਾਰੇ ਦਿਲਚਸਪ ਤੇ ਤਿਖੇ ਪ੍ਰਤੀਕਰਮ ਕੀਤੇ ਜਾ ਰਹੇ ਹਨ। ਗੁਰਭੇਜ ਅਨੰਦਪੁਰੀ ਨੇ ਕਿਹਾ ਕਿ ਦਾਦੀ ਤੂੰ ਕੀ ਖੱਟਿਆ ਇਸ ਤਖਤ ਨਾਲ ਮੱਥਾ ਲਾ ਕੇ ਸੋਚ ਤਾਂ ਇਹੋ ਰਿਹਾ ਹੋਣਾ ਕਿ ਸਾਡੇ ਪਰਿਵਾਰ ਨੇ ਕੀ ਨਹੀਂ ਕੀਤਾ, ਖਾਲਸਾ ਪੰਥ ਤੇ ਸ੍ਰੀ ਦਰਬਾਰ ਸਾਹਿਬ ਤੇ ਅਕਾਲ ਤਖਤ ਸਾਹਿਬ ਅੱਜ ਵੀ ਉਸੇ ਸ਼ਾਨੋ ਸ਼ੌਕਤ ਨਾਲ ਖੜ੍ਹਾ ਜਿਸ ਨੂੰ ਖਤਮ ਕਰਨ ਲਈ ਉਸ ਦੀ ਦਾਦੀ ਇੰਦਰਾ ਨੇ ਭਾਰਤ ਦੀ ਪੂਰੀ ਤਾਕਤ ਲਾ ਦਿੱਤੀ ਸੀ। ਕੇਸਰੀ ਦਸਤਾਰਾਂ ਨੂੰ ਖ਼ਤਮ ਕਰਨ ਲਈ ਅੱਜ ਉਨ੍ਹਾਂ ਦੀ ਔਲਾਦ ਕੇਸਰੀ ਦਸਤਾਰ ਬੰਨ੍ਹ ਕੇ ਆਈ ਹੈ। ਇਹ ਵਾਹਿਗੁਰੂ ਦੀ ਰਚੀ ਖੇਡ ਹੈ।

ਪੰਥਕ ਪੱਤਰਕਾਰ ਬਘੇਲ ਸਿੰਘ ਧਾਲੀਵਾਲ ਨੇ ਕਿਹਾ ਕਿ ਕਿੰਨਾ ਚੰਗਾ ਹੁੰਦਾ ਜੇਕਰ ਰਾਹੁਲ ਗਾਂਧੀ ਦਰਬਾਰ ਸਾਹਿਬ ਨਤਮਸਤਕ ਹੋਣ ਤੋਂ ਬਾਅਦ ਉੱਥੋਂ ਹੀ ਆਪਣੀ ਦਾਦੀ ਅਤੇ ਆਪਣੇ ਬਾਪ ਵੱਲੋਂ ਕੀਤੇ ਨਾ ਭੁੱਲਣਯੋਗ ਪਾਪਾਂ ਦੀ ਮੁਆਫੀ ਮੰਗਦਾ।

(ਬਾਕੀ ਸਫ਼ਾ 29 ’ਤੇ)

# ਛੱਤੀਸਗੜ੍ਹ ਵਿਧਾਨ ਸਭਾ ਵਿਚ ਭਾਜਪਾ ਵਲੋਂ ਸਿੱਖ ਵਿਧਾਇਕ ਖ਼ਿਲਾਫ਼ ਕੀਤੀ ਨਸਲੀ ਟਿੱਪਣੀ, ਜਥੇਦਾਰ ਅਕਾਲ ਤਖ਼ਤ ਵਲੋਂ ਨਿੰਦਾ

**ਕੌਮਾਂਤਰੀ ਸਿੱਖ ਵਿੱਦਿਅਕ ਬੋਰਡ ਦੀ ਸਥਾਪਨਾ ਲਈ ਜਥੇਦਾਰ ਵਲੋਂ ਸਿੱਖ ਬੁੱਧੀਜੀਵੀਆਂ ਤੇ ਸਿੱਖ ਸੰਸਥਾਵਾਂ ਤੋਂ ਮੰਗੇ ਸੁਝਾਓ**

ਤਲਵੰਡੀ ਸਾਬੋ/ਏ.ਟੀ.ਨਿਊਜ਼ :- ਛੱਤੀਸਗੜ੍ਹ ਰਾਜ ਦੀ ਵਿਧਾਨ ਸਭਾ ਵਿਚ ਭਾਜਪਾ ਵਿਧਾਇਕ ਅਜੈ ਚੰਦਰਾਕਰ ਵਲੋਂ ਸਿੱਖ ਵਿਧਾਇਕ ਕੁਲਦੀਪ ਸਿੰਘ ਜੁਨੇਜਾ ਖ਼ਿਲਾਫ਼ ਸਿੱਖਾਂ ਦਾ ਮਜ਼ਾਕ ਉਡਾਉਣ ਵਾਲੀ ਵਰਤੀ ਨਸਲੀ ਕਿਸਮ ਦੀ ਟਿੱਪਣੀ ਖ਼ਿਲਾਫ਼ ਜਿੱਥੇ ਛੱਤੀਸਗੜ੍ਹ ਦੀਆਂ ਸਿੱਖ ਸੰਗਤਾਂ ਵਿਚ ਰੋਸ ਪਾਇਆ ਜਾ ਰਿਹੈ, ਉੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਉਕਤ ਘਟਨਾ ਦੀ ਨਿੰਦਾ ਕੀਤੀ।



ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਲੋਕਤੰਤਰ ਵਿਚ ਵਿਧਾਨ ਸਭਾ, ਲੋਕ ਸਭਾ ਜਾਂ ਰਾਜ ਸਭਾ ਦਾ ਸਦਨ ਪਵਿੱਤਰ ਮੰਨਿਆ ਜਾਂਦਾ ਹੈ ਅਤੇ ਅਜਿਹੇ ਹੀ ਛੱਤੀਸਗੜ੍ਹ ਦੇ ਸਦਨ ਵਿਚ ਘੱਟਗਿਣਤੀ ਸਿੱਖ ਭਾਈਚਾਰੇ ਨਾਲ ਸਬੰਧਿਤ ਇਕ ਵਿਧਾਇਕ ਨੂੰ ਮੁਖ਼ਾਤਬ ਹੁੰਦਿਆਂ ਭਾਜਪਾ ਦੇ ਇਕ ਵਿਧਾਇਕ ਵਲੋਂ ਸਿੱਖਾਂ ਖ਼ਿਲਾਫ਼ ਵਰਤੀ ਟਿੱਪਣੀ ਅਤਿ ਸ਼ਰਮਨਾਕ ਘਟਨਾ ਕਹੀ ਜਾ ਸਕਦੀ ਹੈ ਤੇ ਉਕਤ ਵਿਧਾਇਕ ਖ਼ਿਲਾਫ਼ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਮਾਮਲਾ ਦਰਜ ਹੋਣਾ ਚਾਹੀਦਾ ਹੈ।

ਸਿੱਖ ਕੌਮ ਅੰਦਰ ਵਿਦਿਆ ਪ੍ਰਾਪਤੀ ਦੇ ਰੁਝਾਨ ਨੂੰ ਹੋਰ ਉਤਸ਼ਾਹਿਤ ਕਰਨ, ਨਵੀਂ ਸਿੱਖ ਪੀੜ੍ਹੀ ਨੂੰ ਵਿੱਦਿਅਕ ਪ੍ਰਾਪਤੀਆਂ ਲਈ ਜਾਗਰੂਕ ਅਤੇ ਹੋਰ ਉਦਮਸ਼ੀਲ ਕਰਨ ਲਈ ਅਤੇ ਸਿੱਖ ਵਿੱਦਿਅਕ ਅਦਾਰਿਆਂ ਵਿਚ ਇਕੋ ਜਿਹਾ ਸਿਲੇਬਸ ਲਾਗੂ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਇਕ ਸਾਂਝਾ ਪੰਥਕ ਪਲੇਟਫਾਰਮ ਤਿਆਰ ਕਰਨ ਹਿਤ ਅਤੇ ‘ਕੌਮਾਂਤਰੀ ਸਿੱਖ ਵਿੱਦਿਅਕ ਬੋਰਡ’ ਦੇ ਗਠਨ ਲਈ ਸਿੱਖ ਜਥੇਬੰਦੀਆਂ ਦੇ ਪ੍ਰਬੰਧਕਾਂ ਅਤੇ ਸਿੱਖ ਬੁੱਧੀਜੀਵੀਆਂ ਨੂੰ ਆਪਣੇ ਸੁਝਾਅ ਭੇਜਣ ਲਈ ਕਿਹਾ ਗਿਆ ਹੈ। ਅਕਾਲ ਤਖ਼ਤ ਸਾਹਿਬ ਦੇ ਆਨਰੇਰੀ ਸਕੱਤਰ ਗੁਰਮੀਤ ਸਿੰਘ ਵਲੋਂ ਇਸ ਸੰਬੰਧੀ

(ਬਾਕੀ ਸਫ਼ਾ 29 ’ਤੇ)

# ਰਸਾਇਣਕ ਖਾਦ ਦੀ ਵਰਤੋਂ ’ਚ ਪੰਜਾਬ ਪਹਿਲੇ ਅਤੇ ਹਰਿਆਣਾ ਦੂਜੇ ਨੰਬਰ ’ਤੇ

ਚੰਡੀਗੜ੍ਹ/ਏ.ਟੀ.ਨਿਊਜ਼ ਪੰਜਾਬ ਦੇ ਕਿਸਾਨ ਫ਼ਸਲ ਦਾ ਵੱਧ ਝਾੜ ਅਤੇ ਮੁਨਾਫ਼ਾ ਕਮਾਉਣ ਲਈ ਖਾਦਾਂ ਦੀ ਅੰਨ੍ਹੇਵਾਹ ਵਰਤੋਂ ਕਰ ਰਹੇ ਹਨ। ਭਾਵ ਖਾਦਾਂ ਦੇ ਇਸਤੇਮਾਲ ’ਚ ਰਿਕਾਰਡ ਕਾਇਮ ਕੀਤਾ ਹੈ, ਇਹ ਕੇਂਦਰੀ ਖੇਤੀ ਮੰਤਰਾਲੇ ਦੀ ਰਿਪੋਰਟ ’ਚ ਖ਼ੁਲਾਸਾ ਹੋਇਆ ਹੈ।



ਰਿਪੋਰਟ ਮੁਤਾਬਕ ਫ਼ਸਲਾਂ ਦੇ ਵੱਧ ਝਾੜ ਨੂੰ ਬਰਕਰਾਰ ਰੱਖਣ ਲਈ ਪੰਜਾਬ ਵਿੱਚ ਪਿਛਲੇ 5 ਸਾਲਾਂ ਤੋਂ ਰਸਾਇਣਕ ਖਾਦਾਂ ਦੀ ਵਰਤੋਂ ਔਸਤਨ 240 ਕਿਲੋ ਪ੍ਰਤੀ ਹੈਕਟੇਅਰ ਹੋ ਰਹੀ ਹੈ। ਜੋ ਕਿ ਦੇਸ਼ ਦੇ ਬਾਕੀ ਸੂਬਿਆਂ ’ਚ ਹੋਣ ਵਾਲੀ ‘ਰਸਾਇਣਕ ਖਾਦਾਂ’ ਦੀ ਪ੍ਰਤੀ ਹੈਕਟੇਅਰ ਖ਼ਪਤ ਪੰਜਾਬ ’ਚ ਸਭ ਤੋਂ ਵੱਧ ਹੈ।ਸਾਲ 2021-22 ਲਈ ਪੌਸ਼ਟਿਕ ਤੱਤਾਂ (ਨਾਈਟ੍ਰੋਜਨ, ਫਾਸਫੇਟ ਅਤੇ ਪੋਟਾਸ਼) ਦੁਆਰਾ ਖਾਦ ਦੀ ਖਪਤ 253.94 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਰਹੀ, ਪੰਜਾਬ ਤੋਂ ਬਾਅਦ ਹਰਿਆਣਾ ਦੂਜੇ ਨੰਬਰ ’ਤੇ ਹੈ। ਤੇਲੰਗਾਨਾ 206 ਕਿਲੋਗ੍ਰਾਮ ਨਾਲ ਤੀਜੇ ਸਥਾਨ ’ਤੇ ਰਿਹਾ। ਇਸੇ ਤਰ੍ਹਾਂ 199.67 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਦੀ ਖਪਤ ਨਾਲ ਆਂਧਰਾ ਪ੍ਰਦੇਸ਼ ਚੌਥੇ ਅਤੇ ਉੱਤਰ ਪ੍ਰਦੇਸ਼ ਪੰਜਵੇਂ ਸਥਾਨ ’ਤੇ ਰਿਹਾ ਹੈ।

ਖੇਤੀ ਮਾਹਿਰਾਂ ਅਨੁਸਾਰ ਸਿਰਫ਼ 30 ਫ਼ੀਸਦ ਰਸਾਇਣਿਕ ਖਾਦਾਂ ਹੀ ਫ਼ਸਲਾਂ ਲਈ ਲਾਹੇਵੰਦ ਹਨ, ਜਦਕਿ ਲੋੜ ਤੋਂ ਵੱਧ ਖਾਦਾਂ ਦਾ ਉਪਯੋਗ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਤੇਜ਼ੀ ਨਾਲ ਨਸ਼ਟ ਕਰ ਰਿਹਾ ਹੈ। ਹਰੀ ਕ੍ਰਾਂਤੀ ਦੇ ਸ਼ੁਰੂਆਤੀ ਸਾਲਾਂ ’ਚ 1 ਕਿਲੋ ਰਸਾਇਣਿਕ ਖਾਦ ਤੋਂ 50 ਕਿਲੋ ਝਾੜ ਮਿਲਦਾ ਸੀ ਜੋ ਹੁਣ ਘਟ ਕੇ 8 ਕਿਲੋ ਰਹਿ ਗਿਆ ਹੈ।

ਰਸਾਇਣਿਕ ਖਾਦਾਂ ਦੀ ਅੰਨ੍ਹੇਵਾਹ ਵਰਤੋ ਜਿੱਥੇ ਜ਼ਮੀਨ ਦੀ ਉਪਜਾਊ ਤਾਕਤ ਨੂੰ ਘਟਾ ਰਹੀ ਹੈ, ਉੱਥੇ ਸਿੰਚਾਈ ਲਈ ਪਾਣੀ ਦੀ ਵੀ ਕਿੱਲਤ ਹੋ ਰਹੀ ਹੈ।

ਹਾਲਾਂਕਿ ਮਾਹਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਰਸਾਇਣਿਕ ਖਾਦਾਂ ਦੀ ਜ਼ਿਆਦਾ ਵਰਤੋਂ ਜਾਰੀ ਰਹੀ ਤਾਂ ਇਸ ਦੇ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ। ਉਨ੍ਹਾਂ ਸਲਾਹ ਦਿੱਤੀ ਹੈ ਕਿ ਸਰਕਾਰ ਨੂੰ ਕਿਸਾਨਾਂ ਨੂੰ ਰਸਾਇਣਿਕ ਖਾਦਾਂ ਦੀ ਵਰਤੋਂ ਕਰਨ ਤੋਂ ਰੋਕਿਆ ਜਾਵੇ। ਖੇਤੀ ਮਾਹਿਰ ਦਵਿੰਦਰ ਸ਼ਰਮਾ ਨੇ ਕਿਹਾ ਕਿ ਰਸਾਇਣਿਕ ਖਾਦਾਂ ਦੀ ਜ਼ਿਆਦਾ ਵਰਤੋਂ ਨੇ ਜ਼ਮੀਨ ’ਚ ਜੈਵਿਕ ਤੱਤ ਲਗਭਗ ‘ਜ਼ੀਰੋ’ ਤੱਕ ਪਹੁੰਚਾ ਦਿੱਤੇ ਹਨ। ਉਨ੍ਹਾਂ ਦੱਸਿਆ ਕਿ ਪੌਦੇ ਰਸਾਇਣਿਕ ਖਾਦ ਦਾ ਸਿਰਫ਼ 30 ਫ਼ੀਸਦੀ ਹੀ ਖਾ ਸਕਦੇ ਹਨ ਅਤੇ ਬਾਕੀ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਘਟਾ ਰਹੇ ਹਨ।

ਜੈਵਿਕ ਖਾਦਾਂ ਦੀ ਵਰਤੋਂ ਕਿਸਾਨਾਂ ਦੁਆਰਾ ਬਹੁਤ ਘੱਟ ਕੀਤੀ ਜਾਂਦੀ ਹੈ ਹਾਲਾਂਕਿ ਜੈਵਿਕ ਖਾਦਾਂ (Bio-Fertilizers) ਵੱਲ ਉਤਸ਼ਾਹਿਤ ਕਰਨ ਲਈ ਕਿਸਾਨਾਂ ਨੂੰ 3 ਸਾਲਾਂ ਲਈ 50 ਹਜ਼ਾਰ ਰੁਪਏ ਪ੍ਰਤੀ ਹੈਕਟੇਅਰ ਦੀ ਵਿੱਤੀ ਸਹਾਇਤਾ ਵੀ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ 31,000 ਰੁਪਏ ਸਿੱਧਾ ਡੀਬੀਟੀ (DBT) ਦੇ ਮਾਧਿਅਮ ਰਾਹੀਂ ਕਿਸਾਨਾਂ ਦੇ ਖਾਤਿਆਂ ’ਚ ਪਾਏ ਜਾਂਦੇ ਹਨ, ਪਰ ਫੇਰ ਵੀ ਕਿਸਾਨ ਫ਼ਸਲ ਦਾ ਵੱਧ ਝਾੜ ਅਤੇ ਮੁਨਾਫ਼ੇ ਲਈ ਜੈਵਿਕ ਖਾਦਾਂ ਦੀ ਥਾਂ ਰਸਾਇਣਿਕ ਖਾਦਾਂ ਨੂੰ ਤਰਜੀਹ ਦਿੰਦੇ ਹਨ।

# ਸਰਕਾਰ ਦੀ ਚਾਰਾਜੋਈ ਨਾ ਕਰਨ ਕਾਰਨ ਬਟਾਲਾ ਦੇ ਉਦਯੋਗ ਉਜੜਨ ਲੱਗੇ, ਸਨਅੱਤਕਾਰਾਂ ਵਿੱਚ ਮਾਯੂਸੀ

ਬਟਾਲਾ/ਏ.ਟੀ.ਨਿਊਜ਼ :- ਮੁੱਖ ਮੰਤਰੀ ਭਗਵੰਤ ਮਾਨ ਭਾਵੇਂ ਹੋਰਨਾਂ ਸੂਬਿਆਂ ਦੇ ਸਨਅੱਤਕਾਰਾਂ ਨੂੰ ਪੰਜਾਬ ਵਿੱਚ ਸਨਅੱਤੀ ਨਿਵੇਸ਼ ਦਾ ਸੱਦਾ ਦੇ ਰਹੇ ਹਨ, ਪਰ ਬਟਾਲਾ ਦੇ ਉਦਯੋਗ ਨੂੰ ਪੈਰਾਂ-ਸਿਰ ਕਰਨ ਲਈ ਸੂਬਾ ਸਰਕਾਰ ਵੱਲੋਂ ਕੋਈ ਚਾਰਾਜੋਈ ਨਹੀਂ ਕੀਤੀ ਜਾ ਰਹੀ, ਜਿਸ ਕਰਕੇ ਇਲਾਕੇ ਦੇ ਸਨਅੱਤਕਾਰਾਂ ਵਿੱਚ ਮਾਯੂਸੀ ਵੇਖਣ ਨੂੰ ਮਿਲ ਰਹੀ ਹੈ।

ਕਿਸੇ ਵੇਲੇ ਸਨਅੱਤੀ ਖੇਤਰ ਵਿੱਚ ਬਟਾਲਾ ਦੀ ਪੂਰੀ ਚੜ੍ਹਾਈ ਹੁੰਦੀ ਸੀ, ਪਰ ਬੀਤੇ ਦੋ-ਢਾਈ ਦਹਾਕਿਆਂ ਤੋਂ ਇੱਥੋਂ ਦੇ ਉਦਯੋਗ ਨੂੰ ਭਾਰੀ ਸੱਟ ਵੱਜੀ ਹੈ। ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਨੇ ਵੀ ਬਟਾਲਾ ’ਚ ਸਨਅੱਤ ਨੂੰ ਮੁੜ ਲੀਹ ’ਤੇ ਲਿਆਉਣ ਲਈ ਕੋਈ ਹੰਭਲਾ ਨਹੀਂ ਸੀ ਮਾਰਿਆ, ਪਰ ਮੌਜੂਦਾ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਜਦੋਂ ਬਟਾਲਾ ਆਏ ਤਾਂ ਸਥਾਨਕ ਸਨਅੱਤਕਾਰਾਂ ਨਾਲ ਕਈ ਵਾਅਦੇ ਤਾਂ ਕੀਤੇ, ਪਰ ਹਾਲੇ ਤੱਕ ਇਨ੍ਹਾਂ ਵਾਅਦਿਆਂ ਨੂੰ ਅਮਲ ਵਿੱਚ ਲਿਆਉਣ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ।

ਬੀਤੇ ਦੋ ਦਹਾਕਿਆਂ ਦੌਰਾਨ ਬਟਾਲਾ ਦੇ ਉਦਯੋਗ ਖੇਤਰ ਵਿੱਚ ਆਈ ਗਿਰਾਵਟ ਦੇ ਅੰਕੜੇ ਹੈਰਾਨੀਜਨਕ ਹਨ। ਇਸ ਸਮੇਂ ਦੌਰਾਨ ਬਟਾਲਾ ਉਦਯੋਗ ਇੰਡਸਟਰੀਜ਼ ਦੇ 2 ਹਜ਼ਾਰ ਵਿੱਚੋਂ 1470 ਯੂਨਿਟ ਬੰਦ ਹੋ ਚੁੱਕੇ ਹਨ। ਇਸ ਤੋਂ ਬਿਨਾਂ ਖੇਤੀ ਸੰਦ ਬਣਾਉਣ ਦੇ 550 ਯੂਨਿਟਾਂ ਵਿਚੋਂ 422 ਅਤੇ ਖਰਾਦ ਡਰਿੱਲ ਮਸ਼ੀਨਾਂ ਬਣਾਉਣ ਦੇ 2 ਹਜ਼ਾਰ ਵਿਚੋਂ ਲਗਭਗ 1800 ਯੂਨਿਟ ਬੰਦ ਹੋ ਗਏ ਹਨ। ਇਨ੍ਹਾਂ ਅੰਕੜਿਆਂ ਨਾਲ ਸਾਫ਼ ਜ਼ਾਹਰ ਹੋ ਜਾਂਦਾ ਹੈ ਕਿ ਪਿਛਲੇ ਸਮੇਂ ਦੌਰਾਨ ਬਟਾਲਾ ਵਿਚੋਂ ਕਿੰਨੇ ਤੇਜ਼ੀ ਨਾਲ ਸਨਅੱਤਕਾਰਾਂ ਅਤੇ ਕਿਰਤੀ ਵਰਗ ਦਾ ਸਫ਼ਾਇਆ ਹੋਇਆ ਹੈ। ਇਨ੍ਹਾਂ ਸਨਅੱਤਾਂ ਨਾਲ ਸਿੱਧੇ ਤੇ ਅਸਿੱਧੇ ਢੰਗ ਨਾਲ ਜੁੜੇ ਵੱਡੀ ਗਿਣਤੀ ਲੋਕਾਂ ਦਾ ਰੁਜ਼ਗਾਰ ਖੁਸ ਗਿਆ ਹੈ।

ਦੂਜੇ ਪਾਸੇ ਕੇਂਦਰ ਸਰਕਾਰ ਵੱਲੋਂ ਪਹਾੜੀ ਰਾਜਾਂ ਨੂੰ ਸਨਅੱਤਾਂ ਲਗਾਉਣ ਲਈ ਭਾਰੀ ਛੋਟਾਂ ਦਿੱਤੀਆਂ ਗਈਆਂ ਹਨ, ਜਿਸ ਨਾਲ ਪੰਜਾਬ ਦੀ ਸਨਅੱਤ ਨੂੰ ਭਾਰੀ ਸੱਟ ਵੱਜੀ ਹੈ, ਜਦਕਿ ਸੂਬੇ ’ਤੇ ਕਾਬਜ਼ ਰਹੀਆਂ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਕਾਰਨ ਇਥੋਂ ਲਗਾਤਾਰ ਸਨਅਤ ਖ਼ਤਮ ਹੁੰਦੀ ਗਈ ਹੈ। ਬਟਾਲਾ ਉਦਯੋਗ ਹੌਲੀ-ਹੌਲੀ ਦਮ ਤੋੜ ਰਿਹਾ ਹੈ।ਸਾਬਕਾ ਪ੍ਰਧਾਨ ਪੰਜਾਬ ਵੇਜ਼ਿੰਗ ਮਸ਼ੀਨਜ਼ ਮੈਨੂਫੈਕਚਰਿੰਗ ਐਸੋਸੀਏਸ਼ਨ ਵੀ.ਐੱਮ ਗੋਇਲ ਨੇ ਦੱਸਿਆ ਕਿ ਹਿਮਾਚਲ, ਹਰਿਆਣਾ ਤੇ ਜੰਮੂ ਸਣੇ ਹੋਰ ਕਈ ਸੂਬਿਆਂ ਵਾਂਗ ਇੱਥੋਂ ਦੇ ਸਨਅਤਕਾਰਾਂ ਨੂੰ ਵੀ ਸਬਸਿਡੀ ਤੇ ਹੋਰ ਸਹੂਲਤਾਂ ਮਿਲਦੀਆਂ ਤਾਂ ਸਥਾਨਕ ਸਨਅੱਤ ਦੀ ਇੰਨੀ ਮਾੜੀ ਦਸ਼ਾ ਨਾ ਹੋਈ ਹੁੰਦੀ। ਇਸ ਘਾਟ ਕਾਰਨ ਹੀ ਬਟਾਲਾ ਦੀਆਂ ਪ੍ਰਸਿੱਧ ਫਾਊਂਡਰੀਆਂ-ਅਭੀ, ਬੀਕੋ, ਐਟਲਸ, ਮੌਰਗਿੱਲ, ਕੁਮਾਰ ਇੰਜੀਨੀਅਰ, ਰਾਇਲ, ਮਯੂਰ ਰਾਅ ਤੇ ਹੋਰ ਕਈ ਫੈਕਟਰੀਆਂ ਬੰਦ ਹੋ ਗਈਆਂ ਹਨ ਤੇ ਇਨ੍ਹਾਂ ਸਨਅਤਾਂ ਦੀ ਭਲਾਈ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ-ਦਿ ਫੈਕਟਰੀਜ਼ ਐਸੋਸੀਏਸ਼ਨ, ਫਾਊਂਡਰੀਜ਼ ਐਸੋਸੀਏਸ਼ਨ, ਇੰਡਸਟਰੀਜ਼ ਐਸੋਸੀਏਸ਼ਨ ਰਾਅ ਮਟਰੀਅਲ ਆਦਿ ਵੀ ਖਤਮ ਹੋ ਗਈਆਂ ਹਨ। ਇਸ ਸਬੰਧੀ ਬਟਾਲਾ ਤੋਂ ‘ਆਪ’ ਵਿਧਾਇਕ ਸ਼ੈਰੀ ਕਲਸੀ ਨਾਲ ਗੱਲ ਕਰਨ ਦਾ ਯਤਨ ਕੀਤਾ ਗਿਆ, ਪਰ ਉਨ੍ਹਾਂ ਫੋਨ ਨਹੀਂ ਚੁੱਕਿਆ। ਮਜ਼ਦੂਰ ਆਗੂ ਸਮਸ਼ੇਰ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਹੈ ਕਿ ਸੂਬੇ ਵਿਚ ਮੌਜੂਦ ਸਨਅੱਤਕਾਰਾਂ ਨੂੰ ਪੈਰਾਂ ਸਿਰ ਕਰਨ ਲਈ ਵੀ ਸਾਰਥਿਕ ਨੀਤੀ ਲਿਆਂਦੀ ਜਾਵੇ।

# ਆਪ ਸਰਕਾਰ ਭਗਤ ਸਿੰਘ ਦੀ ਫੋਟੋ ਲਾ ਕੇ ਕਰਾਈਮ ਨੂੰ ਕਰ ਰਹੀ ਏ ਉਤਸ਼ਾਹਿਤ

ਪਟਿਆਲਾ/ਏ.ਟੀ.ਨਿਊਜ਼ :- ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਸ਼ਹੀਦੇ ਆਜ਼ਮ ਭਗਤ ਸਿੰਘ ’ਤੇ ਟਿੱਪਣੀ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਦਫ਼ਤਰਾਂ ਵਿਚ ਭਗਤ ਸਿੰਘ ਦੀਆਂ ਫੋਟੋਆਂ ਲਾ ਕੇ ਜੁਰਮ ਨੂੰ ਉਤਸ਼ਾਹਿਤ ਕਰ ਰਹੀ ਹੈ। ਸਰਕਟ ਹਾਊਸ ਪਟਿਆਲਾ ਵਿਖੇ ਆਪਣੇ ਸੰਬੋਧਨ ਦੌਰਾਨ ਉਨ੍ਹਾਂ ਕਿਹਾ ਕਿ ਭਗਤ ਸਿੰਘ ਨੇ ਅੰਗਰੇਜ਼ ਅਫ਼ਸਰ ਅਤੇ ਸਿੱਖ ਚੰਨਣ ਸਿੰਘ ਦਾ ਜਿੱਥੇ ਕਤਲ ਕੀਤਾ ਸੀ, ਉੱਥੇ ਵਿਦੇਸ਼ੀ ਅਸੈਂਬਲੀ ’ਤੇ ਬੰਬ ਸੁੱਟਿਆ ਸੀ, ਜੋ ਕਿ ਅਪਰਾਧ ਹੈ। ਇਸ ਲਈ ਸ਼ਹੀਦ ਭਗਤ ਸਿੰਘ ਦੀਆਂ ਫੋਟੋਆਂ, ਪੁਲਿਸ ਅਫ਼ਸਰਾਂ ਜਾਂ ਕਰਮਚਾਰੀਆਂ ਨੂੰ ਕਾਨੂੰਨ ਹੱਥਾਂ ਵਿਚ ਲੈਣ ਲਈ ਪ੍ਰੇਰਿਤ ਕਰਦੀਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਸਿੱਖਾਂ ਨੂੰ ਹਮੇਸ਼ਾ



ਵਾਂਗ ਦਬਾਉਣ ਦੀ ਨੀਤੀ ’ਤੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ, ਹਿਮਾਚਲ ਪ੍ਰਦੇਸ, ਰਾਜਸਥਾਨ ਅਤੇ ਕਸ਼ਮੀਰ ਵਰਗੇ ਰਾਜਾਂ ਵਿਚ ਜਿੱਥੇ ਸਿੱਖ ਵਸਦੇ ਹਨ ਉੱਥੇ ਕੋਈ ਵੀ ਸਿੱਖ ਮੰਤਰੀ ਨਹੀਂ ਬਣਾਇਆ ਜਾਂਦਾ। ਉਨ੍ਹਾਂ ਕਿਹਾ ਕਿ ਬੰਦੀ ਸਿੱਖਾਂ ਦੀ ਸਜ਼ਾ ਭੁਗਤਣ ਤੋਂ ਬਾਅਦ ਵੀ ਰਿਹਾਈ ਨਾ ਕਰ ਕੇ ਸਰਕਾਰ ਦੋਗਲੇਪਣ ਦਾ ਸਬੂਤ ਦੇ ਰਹੀ ਹੈ।

# ਪਿੰਡ ਡਗਰੂ ‘ਵਿਚ ਨਸ਼ਿਆਂ ਉਪਰ ਪਾਬੰਦੀ

## ਨਸ਼ਾ ਵੇਚਣ ਤੇ ਕਰਨ ਵਾਲਿਆਂ ਉਪਰ ਦਸ ਹਜ਼ਾਰ ਰੁਪਏ ਜੁਰਮਾਨਾ ਲਾਉਣ ਬਾਰੇ ਮਤਾ ਪਾਸ

ਮੋਗਾ/ਏ.ਟੀ.ਨਿਊਜ਼ :- ਬੀਤੇ ਦਿਨੀਂ ਮੋਗਾ ਅੰਦਰ ਪੈਂਦੇ ਪਿੰਡ ਡਗਰੂ ਦੇ ਸਰਪੰਚ ਸੁਖਜਿੰਦਰ ਸਿੰਘ ਤੇ ਸਤਨਾਮ ਸਿੰਘ ਸੱਤਾ ਦੀ ਅਗਵਾਈ ਵਿਚ ਪਿੰਡ ਪੰਚਾਇਤ ਨੇ ਆਪਣੇ ਪੱਧਰ ’ਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਪਿੰਡ ਦੇ ਕਲੱਬਾਂ ਅਤੇ ਨਗਰ ਵਾਸੀਆਂ ਦਾ ਇਕੱਠ ਕਰ ਕੇ ਪਿੰਡ ਵਿਚ ਨਸ਼ਾ ਵੇਚਣ ਤੇ ਨਸ਼ਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦਾ ਮਤਾ ਪਾਸ ਕੀਤਾ ਹੈ।

ਇਸ ਮੌਕੇ ਪਿੰਡ ਦੇ ਸਰਪੰਚ ਸੁਖਜਿੰਦਰ ਸਿੰਘ ਤੇ ਪੰਚ ਸਤਪਾਲ ਸਿੰਘ ਸੱਤਾ ਨੇ ਕਿਹਾ ਕਿ ਪਿੰਡ ਵਾਸੀਆਂ ਵਲੋਂ ਸਾਂਝੇ ਤੌਰ ’ਤੇ ਲਿਖਤੀ ਮਤਾ ਪਾਸ ਕੀਤਾ ਗਿਆ ਕਿ ਪਿੰਡ ਵਿਚ ਨਾ ਤਾਂ ਕੋਈ ਨਸ਼ਾ ਵੇਚੇਗਾ ਅਤੇ ਨਾ ਹੀ ਨਸ਼ਾ ਕਰੇਗਾ। ਨਸ਼ਾ ਕਰਨ ਅਤੇ ਵੇਚਣ ਵਾਲੇ ਦੋਵੇਂ ਹੀ ਜੁਰਮ ਦੇ ਅਪਰਾਧੀ ਹਨ। ਉਨ੍ਹਾਂ ਕਿਹਾ ਕਿ ਇਹੀ ਨਹੀਂ ਇਸ ਤੋਂ ਇਲਾਵਾ ਪਿੰਡ ਵਿਚ ਜੇਕਰ ਬਾਹਰ ਤੋਂ ਕੋਈ ਨਸ਼ਾ ਵੇਚਣ ਆਉਂਦਾ ਹੈ, ਉਸ ’ਤੇ ਅਤੇ ਉਸ



ਦਾ ਸਾਥ ਦੇਣ ਵਾਲੇ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਵੱਲੋਂ ਕਮਾਲ ਪੱਤੀ ਦੇ ਗੁਰਦੁਆਰਾ ਸਾਹਿਬ ਵਿਚ ਅਨਾਊਂਸਮੈਂਟ ਕਰਵਾਈ ਗਈ ਕਿ ਇਸ ਫੈਸਲੇ ਦੀ ਉਲੰਘਣਾ ਕਰਨ ਵਾਲੇ ਦੁਕਾਨਦਾਰਾਂ ਨੂੰ ਦਸ ਹਜ਼ਾਰ ਰੁਪਏ ਜੁਰਮਾਨਾ ਤੇ ਇਕ ਮਹੀਨਾ ਉਸ ਦੀ ਦੁਕਾਨ ਨਹੀਂ ਖੋਲਣ ਦਿੱਤੀ ਜਾਵੇਗੀ।

ਇਸ ਮੌਕੇ ਸਰਪੰਚ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਵਿਚ ਕੋਈ ਵੀ ਸ਼ਰਾਬ ਦਾ ਠੇਕਾ ਵੀ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਪਿੰਡ ਦੀ ਸੱਥ ਬੱਸ ਸਟੈਂਡ, ਸਕੂਲ ਅਤੇ ਸਾਂਝੀਆਂ ਜਗ੍ਹਾ ’ਤੇ ਬੀੜੀ ਸਿਗਰਟ ਸ਼ਰਾਬ ਅਤੇ ਚਿੱਟੇ ਪੀਣ ਵਾਲੇ ਅਤੇ ਸਮੈਕ ਵੇਚਣ ਵਾਲੇ, ਪਿੰਡ ਦੇ ਲੋਕਲ ਡਾਕਟਰਾਂ ਕੋਲੋਂ ਕੋਈ ਵੀ ਨਸ਼ੇ ਦੀ ਗੋਲੀ ਤੇ ਇਹ ਕੋਈ ਹੋਰ ਨਸ਼ੀਲੇ ਪਦਾਰਥ ਵੇਚਣ ’ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਪਿੰਡ ਵਾਸੀਆਂ ਅਤੇ ਦੁਕਾਨਦਾਰ ਨੂੰ ਬੇਨਤੀ ਕੀਤੀ ਕਿ ਇਸ ਫੈਸਲੇ ’ਤੇ ਚੰਗੀ ਤਰ੍ਹਾਂ ਅਮਲ ਕੀਤਾ ਜਾਵੇ।

ਇਸ ਮੌਕੇ ਸਰਪੰਚ ਸੁਖਜਿੰਦਰ ਸਿੰਘ ਨੇ ਕਿਹਾ ਕਿ ਜੇਕਰ ਕੋਈ ਵਿਅਕਤੀ ਨਸ਼ਾ ਕਰਨ ਦਾ ਆਦੀ ਹੈ ਤਾਂ ਉਹ ਪਿੰਡ ਪੱਧਰ ’ਤੇ ਪੰਚਾਇਤ ਨਾਲ ਸੰਪਰਕ ਕਰ ਸਕਦਾ ਹੈ ਤੇ ਉਸ ਨੂੰ ਨਸ਼ਾ ਛਡਾਊ ਕੇਂਦਰ ਵਿਚ ਭੇਜ ਕੇ ਉਸ ਦੇ ਨਸ਼ਾ ਦੀ ਲੱਤ ਨੂੰ ਛੁਡਾਇਆ ਜਾ ਸਕਦਾ ਹੈ।

(ਬਾਕੀ ਸਫ਼ਾ 29 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Sarbjeet Kaur Sarb Online Interview Host: Balraj Pannu

Proof Editor: Prabhjot Kaur Designer: Anil Kumar Content Composer: Amritpal Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਸੱਚ, ਮਿੱਥ ਤੇ ਇਤਿਹਾਸਕ ਸੰਦਰਭ 'ਚ 'ਨਿਊ ਵਰਲਡ ਆਰਡਰ'

## ਮਿੱਥ ਦਾ ਭਰਮ ਅਤੇ ਸੱਚ ਦਾ ਗਿਆਨ

ਸਰਬਜੀਤ ਕੌਰ ਸਰਬ

ਭਾਗ-2






ਮਨੁੱਖ ਦੀ ਸਮਝ ਵਿਚੋਂ ਹੀ ਮਿੱਥ ਤੇ ਸੱਚ ਦਾ ਜਨਮ ਹੁੰਦਾ ਹੈ। ਮਿੱਥ ਦਾ ਭਰਮ ਅਤੇ ਸੱਚ ਦਾ ਗਿਆਨ ਦੋਨਾਂ ਵਿਚ ਅੱਜ ਦੇ ਸਮੇਂ ਬਹੁਤ ਬਾਰੀਕ ਅੰਤਰ ਹੈ। ਮਿੱਥ ਨੂੰ ਸਮਝਣਾ ਜਿਆਦਾ ਜਰੂਰੀ ਹੈ ਕਿਉਂਕਿ ਇਸ ਨੂੰ ਧਰਮ ਵਿਗਿਆਨ ਸੰਸਕ੍ਰਿਤੀ ਅਧਿਆਤਮਿਕਤਾ ਦੇ ਨਾਮ ਤੇ ਹੀ ਜਿਆਦਾ ਪੇਸ਼ ਕੀਤਾ ਜਾਂਦਾ। ਖਾਸ ਕਰ ਕੇ ਭਾਰਤ ਵਿਚ ਇਹ ਮਿੱਥ ਨੂੰ ਮੌਕੇ ਦੇ ਹਾਲਾਤਾਂ ਨਾਲ ਬਹੁਤ ਹੀ ਵਿਗਿਆਨਕ ਅਧਿਆਤਮਕ ਢੰਗ ਨਾਲ ਦਰਸਾ ਕੇ ਪਰੋਸਿਆ ਜਾਂਦਾ ਰਿਹਾ ਹੈ ਜਿਸ ਨਾਲ ਬਹੁਤ ਭਰਮ ਭੁਲੇਖੇ ਪੈਦਾ ਹੋਏ ਹਨ।

ਗੌਰਤਲਬ ਹੈ ਕਿ ਮਿੱਥ ਦਾ ਵੀ ਇਤਿਹਾਸ ਹੁੰਦਾ ਹੈ ਜੋ ਅਤੀਤ ਵਿਚ ਦੇਖਣ 'ਤੇ ਪਤਾ ਲਗਦਾ ਹੈ ਕਿ ਕਿੱਦਾਂ ਮਿੱਥ ਨੂੰ ਸੱਚ ਬਣਾ ਸਮੇਂ ਨਾਲ ਰਲਾਵਟ ਮਿਲਾਵਟ ਅਨਕੂਲ ਪੇਸ਼ ਕਰ ਲੋਕਾਂ ਨੂੰ ਗੁੰਮਰਾਹ ਕੀਤਾ ਜਾਂਦਾ ਤਾਂ ਕਿ ਉਹ ਸਹੀ ਸਿਧਾਂਤ ਨੀਤੀ ਨਾਲ ਜੁੜ ਕੇ ਕੋਈ ਸਹੀ ਫ਼ੈਸਲਾ ਨਾਲ ਰਾਹ ਅਖਤਿਆਰ ਨਾ ਕਰ ਸਕਣ ਤੇ ਨਾ ਹੀ ਉਨ੍ਹਾਂ ਵਿਚ ਕੋਈ ਆਪਣੀ ਸਮਝ ਸ਼ਕਤੀ ਉਜਾਗਰ ਹੋਵੇ।

ਮਿੱਥ ਨੂੰ ਪਰਖਣ ਦਾ ਵਧੀਆ ਢੰਗ ਹੈ ਕਿ ਇਤਿਹਾਸ ਦੀ ਪ੍ਰਾਪਤੀ ਅਤੇ ਦੇਣ 'ਚ ਰਲਾਵਟ ਤੇ ਬਨਾਵਟ ਨਾ ਹੋਵੇ, ਜਦ ਵੀ ਕਦੇ ਮਾਨਵਤਾ ਵਿਚ ਇੱਕ ਸਹੀ ਸਿਧਾਂਤ ਨੂੰ ਲਾਗੂ ਕਰ ਧਰਮ ਯੁੱਧ ਦਾ ਸਮਾਂ ਆਉਂਦਾਂ ਤਾਂ ਇਹ ਮਿੱਥ ਦਾ ਪ੍ਰਚਾਰ ਵੀ ਜ਼ੋਰਾਂ ਸ਼ੋਰਾਂ ਨਾਲ ਉਨ੍ਹਾਂ ਹਾਲਤਾਂ ਨਾਲ ਹੀ ਜੋੜ ਕੇ ਕੀਤਾ ਜਾਂਦਾ ਜਿਸ ਦਾ ਅੰਤਰ ਬਿਬੇਕ ਬੁੱਧੀ ਤੋਂ ਬਿਨਾਂ ਨਹੀ ਕੀਤਾ ਜਾ ਸਕਦਾ। ਸੋ ਸਾਵਧਾਨ ਖ਼ੋਜ ਜੰਗ ਸੱਚ ਦੀ ਹੈ ਮਿੱਥ ਦੀ ਨਹੀਂ ਹੈ, ਸੱਚ ਦੇ ਅਟੱਲ ਸਿਧਾਂਤ ਦੀ ਦੇਣ ਪ੍ਰਾਪਤੀ ਦਾ ਸਦੀਵੀਂ ਵਜੂਦ ਹੁੰਦਾ ਜਿਸ ਤੋਂ ਸੇਧ ਲਈ ਜਾਂਦੀ ਹੈ। ਪਰ ਮਿੱਥ ਦੀ ਕੋਈ ਦੇਣ ਪ੍ਰਾਪਤੀ ਸੇਧ ਇਤਿਹਾਸ ਨਹੀਂ ਹੁੰਦਾ ਉਸ ਸਮੇਂ ਦੇ ਹਿਸਾਬ ਨਾਲ ਹਰ ਕਿਸੇ ਦੇ ਵਿਚਾਰ ਨਾਲ ਰਲ ਸਹਿਮਤ ਹੋ ਕੇ ਉਸ ਮੁਤਾਬਿਕ ਹੀ ਢਲ਼ ਜਾਂਦਾ ਹੈ ਜੋ ਬਹੁਤ ਖਤਰਨਾਕ ਵਰਤਾਰਾ ਹੈ। ਨਿਊ ਵਰਲਡ ਆਰਡਰ ਵੀ ਇਸ ਮਿੱਥ ਤੇ ਇਤਿਹਾਸ ਦੀ ਅਜਿਹੀ ਕਸਵੱਟੀ 'ਤੇ ਹੈ ਜੋ ਧਰਮ ਤੇ ਇਨਸਾਨ ਦੀ ਹੋਂਦ ਨੂੰ ਖਤਮ ਕਰ ਕੇ ਸ਼ੈਤਾਨ ਦੀ ਤਾਕਤ ਦਾ ਆਗਾਜ ਕਰਨਾ ਚਾਹੁੰਦਾ ਹੈ। ਜਿਵੇਂ ਪਿੱਛੇ ਗੱਲ ਕਰ ਚੁੱਕੇ ਹਾਂ ਕਿ ਇਸ ਦੀ ਸ਼ੁਰੂਆਤ ਦੇ ਇਤਿਹਾਸ ਵਿਚ ਸ਼ੀਤ ਯੁੱਧ ਦਾ ਜ਼ਿਕਰ ਕੀਤਾ ਗਿਆ ਤੇ ਉਸ ਤੋਂ ਬਾਅਦ ©®➟ ਦੇ ਇਸ ਸਾਜ਼ਿਸ਼ ਸਿਧਾਂਤ ਦਾ ਸੱਚ ਕਿਵੇਂ ਲੋਕਾਂ ਤੱਕ ਪੁੱਜਦਾ ਕੀਤਾ ਉਸ ਦਾ ਸੰਖੇਪ ਵੇਰਵਾ ਇਸ ਅੰਕ ਵਿਚ ਦਿੱਤਾ ਗਿਆ ਹੈ ਜਿਸ ਨੂੰ ਆਸਾਨ ਸ਼ਬਦਾਂ ਰਾਹੀਂ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ।

**ਸ਼ੀਤ ਯੁੱਧ ਤੋਂ ਬਾਅਦ**

ਅਮਰੀਕੀ ਟੈਲੀਵੈਂਜਲਿਸਟ ਪੈਟ ਰੌਬਰਟਸਨ ਨੇ ਆਪਣੀ 1991 ਦੀ ਸਭ ਤੋਂ ਵੱਧ ਵਿਕਣ ਵਾਲੀ ਕਿਤਾਬ ਦ ਨਿਊ ਵਰਲਡ ਆਰਡਰ ਦੇ ਨਾਲ ਹੀ ਅਮਰੀਕੀ ਇਤਿਹਾਸ ਬਾਰੇ ਸਾਜ਼ਿਸ਼ ਸਿਧਾਂਤਾਂ ਦਾ ਪਰਦਾਫਾਸ਼ ਕਰਕੇ ਸਭ ਤੋਂ ਪ੍ਰਮੁੱਖ ਈਸਾਈ ਪ੍ਰਚਾਰਕ ਬਣ ਗਿਆ। ਉਸ ਨੇ ਇਸ ਕਿਤਾਬ ਵਿਚ ਇੱਕ ਅਜਿਹੇ ਦ੍ਰਿਸ਼ ਦਾ ਵਰਣਨ ਕੀਤਾ, ਜਿੱਥੇ ਵਾਲ ਸਟਰੀਟ, ਫੈਡਰਲ ਰਿਜ਼ਰਵ ਸਿਸਟਮ, ਵਿਦੇਸ਼ੀ ਸਬੰਧਾਂ ਬਾਰੇ ਕੌਂਸਲ, ਬਿਲਡਰਬਰਗ ਸਮੂਹ ਅਤੇ ਟ੍ਰਾਈਲੇਟਰਲ ਕਮਿਸ਼ਨ ਪਰਦੇ ਦੇ ਪਿੱਛੇ ਤੋਂ ਘਟਨਾਵਾਂ ਦੇ ਪ੍ਰਵਾਹ ਨੂੰ ਨਿਯੰਤਰਿਤ ਕਰਦੇ ਸਨ। ਇਹ ਦ੍ਰਿਸ਼ ਲਗਾਤਾਰ ਲੋਕਾਂ ਨੂੰ ਵਿਸ਼ਵ ਸਰਕਾਰ ਦੇ ਲੁਕਵੇਂ ਦੁਸ਼ਮਣ ਦੇ ਰੂਪ ਵਿਚ ਪ੍ਰਗਟ ਕਰਦੇ ਸਨ। 'ਸੰਖੇਪ ਰੂਪ ਵਿਚ ਇਹ ਕਿਤਾਬ ਨਿਊ ਵਰਲਡ ਆਰਡਰ ਇੱਕ ਨਿਊਯਾਰਕ ਟਾਈਮਜ਼ ਦੀ ਸਭ ਤੋਂ ਵੱਧ ਵਿਕਣ ਵਾਲੀ ਕਿਤਾਬ ਹੈ, ਜੋ ਵਰਡ ਪਬਲਿਸ਼ਿੰਗ ਦੁਆਰਾ 1991 ਵਿੱਚ ਪ੍ਰਕਾਸ਼ਿਤ ਕੀਤੀ ਗਈ ਸੀ। ਕਿਤਾਬ ਵਿੱਚ, ਰੌਬਰਟਸਨ ਅਮਰੀਕੀ ਨੀਤੀ ਨੂੰ ਨਿਯੰਤਰਿਤ ਕਰਨ ਵਾਲੀ ਵਿਸ਼ਾਲ ਸ਼ਕਤੀ ਨੂੰ ਪਰਦੇ ਦੇ ਪਿੱਛੇ ਸਥਾਪਿਤ ਕਰਨ ਦਾ ਪਰਦਾਫਾਸ਼ ਕਰਨ ਦਾ ਇਰਾਦਾ ਰੱਖਦਾ ਹੈ, ਜਿਸਦਾ 'ਮੁੱਖ ਟੀਚਾ ਇੱਕ ਵਿਸ਼ਵ ਸਰਕਾਰ ਦੀ ਸਥਾਪਨਾ ਹੈ, ਜਿੱਥੇ ਪੈਸੇ ਦਾ ਨਿਯੰਤਰਣ ਇੱਕ ਜਾਂ ਇੱਕ ਤੋਂ ਵੱਧ ਨਿੱਜੀ ਮਾਲਕੀ ਵਾਲੇ ਲੋਕਾਂ ਦੇ ਹੱਥਾਂ ਵਿੱਚ ਹੁੰਦਾ




ਹੈ।' ਇਸ ਸਾਜ਼ਿਸ਼ ਵਿੱਚ ਇਲੂਮਿਨੇਟੀ, ਨਿਊ ਏਜ ਅੰਦੋਲਨ, ਫ੍ਰੀਮੇਸਨ, ਵਿਦੇਸ਼ੀ ਸਬੰਧਾਂ ਬਾਰੇ ਕੌਂਸਲ, ਅਤੇ ਟ੍ਰਾਈਲੇਟਰਲ ਕਮਿਸ਼ਨ ਵਰਗੇ ਮੁੱਖ ਰੂਪ ਦੇ ਤੱਤ ਸ਼ਾਮਲ ਹਨ। ਰੌਬਰਟਸਨ ਅੱਗੇ ਦਾਅਵਾ ਕਰਦਾ ਹੈ ਕਿ ਇਸ ਇਕ-ਸੰਸਾਰ ਸਾਜ਼ਿਸ਼ ਦੇ ਉਭਾਰ ਨੂੰ ਸ਼ੈਤਾਨ ਦੁਆਰਾ ਪ੍ਰੀ-ਮਿਲਨੀਅਰ ਈਸਾਈ ਈਸਕਾਟੋਲੋਜੀ ਦੀਆਂ ਭਵਿੱਖਬਾਣੀਆਂ ਨੂੰ ਪੂਰਾ ਕਰਨ ਲਈ ਸੇਧ ਦਿੱਤੀ ਜਾ ਰਹੀ ਹੈ, ਇਸ ਨੂੰ ਇਸ ਸੰਕੇਤ ਵਜੋਂ ਵੇਖਦੇ ਹੋਏ ਕਿ ਅੰਤ ਦਾ ਸਮਾਂ ਨੇੜੇ ਹੈ।

ਇਸ ਦੇ ਪ੍ਰਭਾਵ ਨਾਲ ਇਹ ਦੇਖਿਆ ਗਿਆ ਕਿ, 1990 ਦੇ ਦਹਾਕੇ ਦੌਰਾਨ, ਲਿੰਡਾ ਥਾਮਸਨ, ਮਾਰਕ ਕੋਅਰਨਕੇ ਅਤੇ ਰੌਬਰਟ ਕੇ. ਸਪੀਅਰ ਵਰਗੇ ਸਾਜ਼ਿਸ਼ ਸਿਧਾਂਤਕਾਰਾਂ ਦੁਆਰਾ ਵਰਤੀ ਗਈ ਗਲੋਬਲ ਭਾਸ਼ਾ ਨੇ ਖਾੜਕੂਵਾਦ ਅਤੇ ਅਮਰੀਕੀ ਮਿਲਿਸ਼ੀਆ ਅੰਦੋਲਨ ਦੇ ਉਭਾਰ ਦਾ ਕਾਰਨ ਬਣਾਇਆ। ਮਿਲਸ਼ੀਆ ਅੰਦੋਲਨ, ਸਰਕਾਰ ਵਿਰੋਧੀ ਵਿਚਾਰਧਾਰਾ ਰੈਲੀਆਂ ਅਤੇ ਮੀਟਿੰਗਾਂ ਵਿੱਚ ਭਾਸ਼ਣਾਂ, ਬੰਦੂਕ ਪ੍ਰਦਰਸ਼ਨਾਂ, ਸ਼ਾਰਟਵੇਵ ਅਤੇ ਸੈਟੇਲਾਈਟ ਰੇਡੀਓ, ਫੈਕਸ ਨੈਟਵਰਕ ਅਤੇ ਕੰਪਿਊਟਰ ਬੁਲੇਟਿਨ ਬੋਰਡਾਂ ਵਿੱਚ ਵੇਚੀਆਂ ਗਈਆਂ ਕਿਤਾਬਾਂ ਅਤੇ ਵੀਡੀਓ ਟੇਪਾਂ ਰਾਹੀਂ ਫੈਲ ਗਿਆ ਸੀ। ਇਹ ਵੀ ਦਲੀਲ ਦਿੱਤੀ ਗਈ ਹੈ ਕਿ ਇਹ ਰਾਤੋ-ਰਾਤ FM ਰੇਡੀਓ ਸ਼ੋਅ ਅਤੇ ਇੰਟਰਨੈਟ 'ਤੇ ਪ੍ਰਚਾਰ ਸੰਬੰਧੀ ਵਾਇਰਲ ਸਮੱਗਰੀ ਸੀ ਜਿਸ ਨੇ ਨਿਊ ਵਰਲਡ ਆਰਡਰ ਦੇ ਸਮਝੇ ਹੋਏ ਖਤਰੇ ਲਈ ਵਧੇਰੇ ਕੱਟੜਪੰਥੀ ਪ੍ਰਤੀਕਿਰਿਆਵਾਂ ਲਈ ਸਭ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਯੋਗਦਾਨ ਪਾਇਆ।

ਇਸ ਨਾਲ ਨਿਊ ਵਰਲਡ ਆਰਡਰ ਦੀ ਆੜ ਵਿਚ ਰਚੀ ਸਾਜ਼ਿਸ਼ ਨੂੰ ਸਾਹਮਣੇ ਰੱਖਿਆ ਗਿਆ, ਜਿਸ ਨਾਲ ਪਿਛਾਖੜੀ ਤੌਰ 'ਤੇ ਕਈ ਕੈਨੇਡੀ ਕਾਤਲ ਵਿਗਿਆਨੀਆਂ, ਯੂਫਲੋਜਿਸਟਸ, ਗੁੰਮ ਹੋਏ ਭੂਮੀ ਸਿਧਾਂਤਕਾਰਾਂ ਅਤੇ 'ਸ਼ੈਤਾਨੀ ਪੈਨਿਕ' ਦੇ ਆਲੇ ਦੁਆਲੇ ਦੇ ਡਰਾਂ ਤੋਂ ਪ੍ਰੇਰਿਤ - ਜਾਦੂਗਰਾਂ ਦੇ ਪਿਛੇ ਗੈਰ-ਰਾਜਨੀਤਕ ਸਾਹਿਤ ਵਿੱਚ ਆਪਣਾ ਰਸਤਾ ਲੱਭ ਲਿਆ। 1990 ਦੇ ਦਹਾਕੇ ਦੇ ਅੱਧ ਤੋਂ ਬਾਅਦ, ਉਨ੍ਹਾਂ ਉਪ-ਸਭਿਆਚਾਰਾਂ ਦੀ ਅਮੋਲਕ ਅਪੀਲ ਨੇ ਨਿਊ ਵਰਲਡ ਆਰਡਰ ਦੀ ਸਾਜ਼ਿਸ਼ ਨੂੰ ਬੁਰੇ ਗਿਆਨ ਦੀ ਖੋਜ ਕਰਨ ਵਾਲਿਆਂ ਦੇ ਇੱਕ ਵੱਡੇ ਸਰੋਤੇ ਤੱਕ ਪਹੁੰਚਾਇਆ।

1990 ਦੇ ਦਹਾਕੇ ਦੇ ਅੱਧ ਤੋਂ ਲੈ ਕੇ 2000 ਦੇ ਦਹਾਕੇ ਦੇ ਅਰੰਭ ਤੱਕ, ਹਾਲੀਵੁੱਡ ਸਾਜ਼ਿਸ਼-ਥ੍ਰਿਲਰ ਟੈਲੀਵਿਜ਼ਨ ਸ਼ੋਅ ਅਤੇ ਫਿਲਮਾਂ ਨੇ ਵੀ ਨਿਊ ਵਰਲਡ ਆਰਡਰ ਸਾਜ਼ਿਸ਼ਵਾਦ ਨਾਲ ਸਬੰਧਤ ਵੱਖ-ਵੱਖ ਕਿਨਾਰਿਆਂ, ਗੁਪਤ ਸਿਧਾਂਤਾਂ ਨਾਲ ਆਮ ਦਰਸ਼ਕਾਂ ਨੂੰ ਜਾਣੂ ਕਰਵਾਉਣ ਵਿੱਚ ਭੂਮਿਕਾ ਨਿਭਾਈ । FEMA 'ਇਕਾਗਰਤਾ ਕੈਂਪ', ਆਦਿ ਦੇ ਸਿਧਾਂਤ ਜੋ ਦਹਾਕਿਆਂ ਤੋਂ ਪਹਿਲਾਂ ਵੱਡੇ ਪੱਧਰ 'ਤੇ ਸੱਜੇ-ਪੱਖੀ ਉਪ-ਸਭਿਆਚਾਰਾਂ ਤੱਕ ਸੀਮਤ ਸਨ ਉਨ੍ਹਾਂ ਨੇ ਵੀ ਲੋਕਾਂ ਨੂੰ ਸੂਝਵਾਨ ਬਣਾਉਣ ਵਿਚ ਆਪਣੀ ਭੂਮੀਕਾ ਅਦਾ ਕੀਤੀ।

1993-2002 ਦੀ ਟੈਲੀਵਿਜ਼ਨ ਲੜੀ ਦ ਐਕਸ-ਫਾਈਲਜ਼, 1997 ਦੀ ਫਿਲਮ ਕੰਸਪੀਰੇਸੀ ਥਿਊਰੀ ਅਤੇ 1998 ਦੀ ਫਿਲਮ ਦ ਐਕਸ-ਫਾਈਲਜ਼: ਫਾਈਟ ਦ ਫਿਊਚਰ ਨੂੰ ਅਕਸਰ ਜ਼ਿਕਰਯੋਗ ਨੂੰ ਉਦਾਹਰਣਾਂ ਵਜੋਂ ਦਰਸਾਇਆ ਜਾਂਦਾ ਹੈ।

21ਵੀਂ ਸਦੀ ਦੀ ਸ਼ੁਰੂਆਤ ਤੋਂ ਬਾਅਦ, ਅਤੇ ਖਾਸ ਤੌਰ 'ਤੇ 2000 ਦੇ ਵਿੱਤੀ ਸੰਕਟ ਦੌਰਾਨ, ਬਹੁਤ ਸਾਰੇ ਸਿਆਸਤਦਾਨਾਂ ਅਤੇ ਪੰਡਤਾਂ, ਜਿਵੇਂ ਕਿ ਗੋਰਡਨ ਬ੍ਰਾਊਨ ਅਤੇ ਹੈਨਰੀ ਕਿਸਿੰਗਰ, ਨੇ ਆਪਣੀ ਵਕਾਲਤ ਵਿੱਚ 'ਨਿਊ ਵਰਲਡ ਆਰਡਰ' ਸ਼ਬਦ ਵਰਤਿਆ। ਗਲੋਬਲ ਵਿੱਤੀ ਪ੍ਰਣਾਲੀ ਦੇ ਵਿਆਪਕ ਸੁਧਾਰ ਦੇ ਨਾਲ ਚੀਨ ਅਤੇ ਭਾਰਤ ਵਰਗੇ ਉਭਰ ਰਹੇ ਬਾਜ਼ਾਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ 'ਨਿਊ ਬ੍ਰੈਟਨ ਵੁੱਡਜ਼' ਲਈ ਉਨ੍ਹਾਂ ਦੀਆਂ ਮੰਗਾਂ ਰੱਖੀਆਂ। ਇਨ੍ਹਾਂ ਜਨਤਕ ਘੋਸ਼ਣਾਵਾਂ ਨੇ ਨਿਊ ਵਰਲਡ ਆਰਡਰ ਦੀ ਸਾਜ਼ਿਸ਼ ਨੂੰ ਮੁੜ ਸੁਰਜੀਤ ਕੀਤਾ, ਜਿਸਦਾ ਸਿੱਟਾ ਟਾਕ-ਸ਼ੋਅ ਹੋਸਟ ਸੀਨ ਹੈਨੀਟੀ ਨੇ ਆਪਣੇ ਫੌਕਸ ਨਿਊਜ਼ ਪ੍ਰੋਗਰਾਮ ਹੈਨੀਟੀ 'ਤੇ ਕਿਹਾ ਕਿ 'ਸਾਜ਼ਿਸ਼ ਦੇ ਸਿਧਾਂਤਕਾਰ ਸਹੀ ਸਨ' ਪਰ ਪ੍ਰਗਤੀਸ਼ੀਲ ਮੀਡੀਆ-ਵਾਚਡੌਗ ਸਮੂਹਾਂ ਨੇ ਆਮ ਤੌਰ 'ਤੇ ਫੌਕਸ ਨਿਊਜ਼ ਦੀ ਵਾਰ-ਵਾਰ ਆਲੋਚਨਾ ਕੀਤੀ ਹੈ ਅਤੇ ਖਾਸ ਤੌਰ 'ਤੇ ਇਸ ਦੇ ਹੁਣ ਬੰਦ ਹੋ ਚੁੱਕੇ ਰਾਏ ਸ਼ੋਅ ਗਲੇਨ ਬੇਕ ਦੀ, ਨਾ ਸਿਰਫ ਨਿਊ ਵਰਲਡ ਆਰਡਰ ਦੀ ਸਾਜ਼ਿਸ਼ ਦੇ ਸਿਧਾਂਤ ਨੂੰ ਮੁੱਖ ਧਾਰਾ ਦੇ ਦਰਸ਼ਕਾਂ ਤੱਕ ਪ੍ਰਸਾਰਿਤ ਕਰਨ ਲਈ, ਸਗੋਂ ਸੰਭਵ ਤੌਰ 'ਤੇ ਅਖੌਤੀ 'ਇਕੱਲੇ ਬਘਿਆੜ', ਕੱਟੜਪੰਥ ਦੇ ਖਿਲਾਫ ਅੰਦੋਲਨ ਕਰਨ ਲਈ, ਖਾਸ ਤੌਰ 'ਤੇ ਕੱਟੜਪੰਥੀ ਸੱਜੇ ਪਾਸੇ ਤੋਂ ਬਣਦੀ ਭੂਮੀਕਾ ਵੀ ਨਿਭਾਈ।

2009 ਵਿੱਚ, ਅਮਰੀਕੀ ਫਿਲਮ ਨਿਰਦੇਸ਼ਕ ਲੂਕ ਮੇਅਰ ਅਤੇ ਐਂਡਰਿਊ ਨੀਲ ਨੇ ਨਿਊ ਵਰਲਡ ਆਰਡਰ ਰਿਲੀਜ਼ ਕੀਤਾ, ਇੱਕ ਆਲੋਚਨਾਤਮਕ ਤੌਰ 'ਤੇ ਪ੍ਰਸ਼ੰਸਾਯੋਗ ਦਸਤਾਵੇਜ਼ੀ ਫਿਲਮ ਜੋ ਸਾਜ਼ਿਸ਼ ਦੇ ਸਿਧਾਂਤਕਾਰਾਂ ਦੀ ਦੁਨੀਆ ਦੀ ਪੜਚੋਲ




ਕਰਦੀ ਹੈ - ਜਿਵੇਂ ਕਿ ਅਮਰੀਕੀ ਰੇਡੀਓ ਹੋਸਟ ਐਲੇਕਸ ਜੋਨਸ ਜੋ ਇੱਕ ਉਭਰ ਰਹੇ ਨਿਊ ਵਰਲਡ ਆਰਡਰ ਦੇ ਰੂਪ ਵਿੱਚ ਦੁਨੀਆ ਨੂੰ ਇਕ ਪਿੰਜਰੇ 'ਚ ਬੰਦ ਕਰਨ ਦੇ ਖਿਆਲ ਨੂੰ ਸਮਝਦੇ ਹੋਏ ਉਸ ਦਾ ਜ਼ੋਰਦਾਰ ਵਿਰੋਧ ਕਰਦੇ ਹਨ। ਸਾਜ਼ਿਸ਼ ਦੇ ਇਸ ਸਿਧਾਂਤਾਂ ਦੇ ਵਧ ਰਹੇ ਪ੍ਰਸਾਰ ਅਤੇ ਪ੍ਰਸਿੱਧੀ ਨੇ ਸੱਜੇ-ਪੱਖੀ ਅੰਦੋਲਨਕਾਰੀਆਂ ਅਤੇ ਹਿਪ ਹੌਪ ਸੰਗੀਤ ਦੇ ਖੱਬੇ-ਪੱਖੀ ਰੈਪਰਾਂ (ਜਿਵੇਂ ਕਿ ਕੇਆਰਐਸ-ਵਨ, ਪਬਲਿਕ ਐਨੀਮੀ ਅਤੇ ਅਮਰ ਤਕਨੀਕ ਦੇ ਪ੍ਰੋਫੈਸਰ ਗ੍ਰਿਫ਼) ਵਿਚਕਾਰ ਇੱਕ ਗੱਠਜੋੜ ਵੀ ਬਣਾਇਆ ਹੈ ਜੋ ਇਹ ਦਰਸਾਉਂਦਾ ਹੈ ਕਿ ਸਾਜ਼ਿਸ਼ਵਾਦ ਇੱਕ ਸਿਆਸੀ ਪ੍ਰਣਾਲੀ ਦਾ ਵਿਰੋਧ ਕਰਨ ਦੇ ਯਤਨਾਂ ਵਿੱਚ ਅਸੰਭਵ ਸਿਆਸੀ ਸਹਿਯੋਗੀ ਕਿਵੇਂ ਬਣਾ ਸਕਦਾ ਹੈ।

ਚਲਦਾ ..

# ਬ੍ਰਿਟੇਨ ਵਿੱਚ ਮਹਿੰਗਾਈ 2022 ਵਿੱਚ ਰਿਕਾਰਡ ਪੱਧਰ ਤੱਕ ਪਹੁੰਚੀ

## ਭਾਰਤੀ ਵਿਦਿਆਰਥੀਆਂ ਨੂੰ ਸ਼ਹਿਰਾਂ ਵਿੱਚ ਰਿਹਾਇਸ਼ ਲੱਭਣਾ ਅਤੇ ਗੁਜ਼ਾਰਾ ਕਰਨਾ ਹੋਇਆ ਮੁਸ਼ਕਲ

ਨਵੀਂ ਦਿੱਲੀ/ਏ.ਟੀ.ਨਿਊਜ਼ :- ਬ੍ਰਿਟੇਨ ਨੇ ਭਾਵੇਂ ਇਸ ਸਾਲ ਭਾਰਤੀਆਂ ਨੂੰ ਸਭ ਤੋਂ ਵੱਧ ਵਿਦਿਆਰਥੀ ਵੀਜ਼ੇ ਜਾਰੀ ਕੀਤੇ ਹੋਣ, ਪਰ ਵਧਦੀ ਮਹਿੰਗਾਈ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਉਨ੍ਹਾਂ ਸ਼ਹਿਰਾਂ ਵਿੱਚ ਰਿਹਾਇਸ਼ ਲੱਭਣਾ ਅਤੇ ਗੁਜ਼ਾਰਾ ਕਰਨਾ ਮੁਸ਼ਕਲ ਕਰ ਦਿੱਤਾ ਹੈ ਜਿੱਥੇ ਉਨ੍ਹਾਂ ਦੇ ਕਾਲਜ ਸਥਿਤ ਹਨ। ਵਿਦਿਆਰਥੀਆਂ ਅਤੇ ਉਦਯੋਗ ਦੇ ਮਾਹਿਰਾਂ ਅਨੁਸਾਰ ਵਿਦੇਸ਼ਾਂ ਵਿੱਚ ਪੜ੍ਹਾਈ ਕਰਨਾ ਉਹਨਾਂ ਵਿਦਿਆਰਥੀਆਂ ਲਈ ਮੁਸ਼ਕਲ ਹੋ ਗਿਆ ਹੈ ਜੋ ਹੁਣੇ-ਹੁਣੇ ਯੂ.ਕੇ. ਪਹੁੰਚੇ ਹਨ। ਪੂਰੀ ਤਰ੍ਹਾਂ ਅਣਜਾਣ ਦੇਸ਼ ਵਿਚ ਆਪਣੇ ਸਿਰ ’ਤੇ ਛੱਤ ਨਾ ਮਿਲਣਾ ਇਨ੍ਹਾਂ ਵਿਦਿਆਰਥੀਆਂ ਲਈ ਕਿਸੇ ਡਰਾਉਣੇ ਸੁਪਨੇ ਤੋਂ ਘੱਟ ਨਹੀਂ ਹੈ। ਉਨ੍ਹਾਂ ਦੀਆਂ ਮੁਸ਼ਕਲਾਂ ਕਿਫਾਇਤੀ ਰਿਹਾਇਸ਼ ਲੱਭਣ ਤੱਕ ਹੀ ਸੀਮਤ ਨਹੀਂ ਹਨ, ਸਗੋਂ ਲਗਾਤਾਰ ਵਧ ਰਹੀ ਖੁਰਾਕੀ ਮਹਿੰਗਾਈ ਵੀ ਉਨ੍ਹਾਂ ਨੂੰ ਚੁਣੌਤੀ ਦਿੰਦੀ ਹੈ, ਜਿਸ ਨਾਲ ਉਨ੍ਹਾਂ ਦੇ ਰੋਜ਼ਾਨਾ ਖਰਚੇ ਵਧਦੇ ਹਨ।



ਬ੍ਰਿਟੇਨ ਵਿੱਚ ਮਹਿੰਗਾਈ 2022 ਵਿੱਚ ਰਿਕਾਰਡ ਪੱਧਰ ਤੱਕ ਪਹੁੰਚ ਗਈ। ਮਕਾਨ ਮਾਲਕ ਦੇ ਕਿਰਾਏ ਸਮੇਤ ਖਪਤਕਾਰ ਕੀਮਤ ਸੂਚਕ ਅੰਕ (ਸੀਪੀਆਈਐਚ) ਸਤੰਬਰ 2022 ਤੱਕ 12 ਮਹੀਨਿਆਂ ਵਿੱਚ 8.8 ਪ੍ਰਤੀਸ਼ਤ ਵੱਧ ਗਿਆ। ਦਫਤਰ ਫਾਰ ਨੈਸ਼ਨਲ ਸਟੈਟਿਸਟਿਕਸ ਦੁਆਰਾ ਨਵੰਬਰ ਦੇ ਅੰਕੜਿਆਂ ਅਨੁਸਾਰ ਮਹਿੰਗਾਈ ਦਰ 9.3 ਪ੍ਰਤੀਸ਼ਤ ਤੱਕ ਪਹੁੰਚ ਗਈ ਹੈ। ਬ੍ਰਿਟਿਸ਼ ਹਾਈ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਭਾਰਤ ਨੇ ਯੂ.ਕੇ. ਵਿੱਚ ਸਪਾਂਸਰਡ ਸਟੱਡੀ ਵੀਜ਼ਾ ਜਾਰੀ ਕਰਨ ਵਾਲੇ ਸਭ ਤੋਂ ਵੱਡੇ ਦੇਸ਼ ਵਜੋਂ ਚੀਨ ਨੂੰ ਪਛਾੜ ਦਿੱਤਾ ਹੈ। ਸਤੰਬਰ 2022 ਨੂੰ ਖ਼ਤਮ ਹੋਏ ਸਾਲ ਲਈ ਭਾਰਤੀਆਂ ਨੂੰ ਸਭ ਤੋਂ ਵੱਧ 1.27 ਲੱਖ ਵਿਦਿਆਰਥੀ ਵੀਜ਼ੇ ਮਿਲੇ ਹਨ। ਲੰਡਨ ਦੀ ਗੋਲਡਸਮਿਥ ਯੂਨੀਵਰਸਿਟੀ ‘ਚ ਪ੍ਰਸ਼ਾਸਨ ਅਤੇ ਸੱਭਿਆਚਾਰਕ ਨੀਤੀ ਦਾ ਅਧਿਐਨ ਕਰਨ ਲਈ ਤਿੰਨ ਮਹੀਨੇ ਪਹਿਲਾਂ ਬ੍ਰਿਟੇਨ ਗਈ ਚਯਨਿਕਾ ਦੂਬੇ ਨੇ ਦੱਸਿਆ ਕਿ ਪਿਛਲੇ ਸਾਲ 1 ਅਕਤੂਬਰ ਤੋਂ 21 ਅਕਤੂਬਰ ਦਰਮਿਆਨ ਉਸ ਨੂੰ ਮਕਾਨ ਲੱਭਣ ਲਈ ‘ਏਅਰਬੀਐਨਬੀ’ ’ਤੇ ਕਰੀਬ ਇਕ ਲੱਖ ਰੁਪਏ ਖਰਚਣੇ ਪਏ ਸਨ। ਇੱਥੇ ਦੱਸ ਦਈਏ ਕਿ ਏਅਰਬਨਬਸ ਇੱਕ ਘਰ ਰੈਂਟਲ ਕੰਪਨੀ ਹੈ।

ਹੋਰ ਭਾਰਤੀਆਂ ਨੇ ਦੱਸੇ ਅਨੁਭਵ

ਬਰਮਿੰਘਮ ਦੀ ਐਸਟਨ ਯੂਨੀਵਰਸਿਟੀ ਵਿੱਚ ਐਮਐਸਸੀ ਕਰ ਰਿਹਾ ਨਮਨ ਮੱਕੜ ਮਹਿੰਗਾਈ ਨਾਲ ਜੂਝਣ ਦੇ ਨਾਲ ਆਸ਼ਾਵਾਦੀ ਰਹਿਣ ਦੀ ਕੋਸ਼ਿਸ਼ ਕਰ ਰਿਹਾ ਹੈ। ਨੌਰਥੈਂਪਟਨ ਯੂਨੀਵਰਸਿਟੀ ਤੋਂ ਪ੍ਰੋਜੈਕਟ ਮੈਨੇਜਮੈਂਟ ਵਿੱਚ ਐਮਐਸਸੀ ਕਰ ਰਹੀ ਜੈਨ ਨੇ ਕਿਹਾ, ਕਿ ਸੱਤ ਸਾਲ ਪਹਿਲਾਂ ਜੋ ਮੈਂ ਦੋ ਹਫ਼ਤਿਆਂ ਲਈ ਭੋਜਨ ’ਤੇ ਖਰਚ ਕੀਤਾ ਸੀ ਉਹ ਸ਼ਾਇਦ ਮੇਰੇ ਲਈ ਚਾਰ ਦਿਨਾਂ ਤੋਂ ਵੱਧ ਨਹੀਂ ਚੱਲ ਪਾਵੇਗਾ। ਜੈਨ ਯੂਨੀਵਰਸਿਟੀ ਆਫ ਨੌਰਥਹੈਮਪਟਨ ਤੋਂ ਪ੍ਰਾਜੈਕਟ ਮੈਨੇਜਮੈਂਟ ਵਿਚ ਐੱਮ.ਏ.ਐੱਸ.ਸੀ. ਕਰ ਰਹੀ ਹੈ। ਕੈਰੀਅਰ ਲਾਂਚਰ ਇੰਸਟੀਚਿਊਟ ਦੇ ਅਨੁਭਵ ਸੇਠ ਹਾਲਾਂਕਿ ਮਹਿਸੂਸ ਕਰਦੇ ਹਨ ਕਿ ਵਿਦੇਸ਼ ਵਿੱਚ ਪ੍ਰਸਿੱਧ ਅਧਿਐਨ ਵਿਕਲਪ ਨੂੰ ਵੱਡੇ ਪੱਧਰ ’ਤੇ ਬਦਲਣ ਦੀ ਸੰਭਾਵਨਾ ਨਹੀਂ ਹੈ।

ਉਨ੍ਹਾਂ ਨੇ ਕਿਹਾ ਕਿ ‘ਉੱਚ ਸਿੱਖਿਆ ਲਈ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਦੇ ਮਾਮਲੇ ਵਿੱਚ ਅਮਰੀਕਾ, ਯੂ.ਕੇ., ਕੈਨੇਡਾ ਅਤੇ ਆਸਟ੍ਰੇਲੀਆ ਚੋਟੀ ਦੇ ਦੇਸ਼ ਬਣੇ ਹੋਏ ਹਨ। ਕੈਨੇਡਾ ਲਈ ਵਿਦਿਆਰਥੀਆਂ ਦੀਆਂ ਅਰਜ਼ੀਆਂ ਦੀ ਉੱਚ ਅਸਵੀਕਾਰ ਦਰ ਅਤੇ ਯੂ.ਕੇ. ਲਈ ਅਰਜ਼ੀਆਂ ਦੀ ਸੌਖ ਦੇ ਨਤੀਜੇ ਵਜੋਂ ਤਰਜੀਹੀ ਅਧਿਐਨ ਸਥਾਨਾਂ ਵਿੱਚ ਤਬਦੀਲੀ ਆਈ ਹੈ, ਯੂ.ਕੇ. ਤਰਜੀਹੀ ਮੰਜ਼ਿਲ ਵਜੋਂ ਉੱਭਰਿਆ ਹੈ। ਜਦੋਂ ਕਿ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.), ਇਟਲੀ, ਜਰਮਨੀ, ਤੁਰਕੀ ਅਤੇ ਮਲੇਸ਼ੀਆ ਵੀ ਤੇਜ਼ੀ ਨਾਲ ਪ੍ਰਸਿੱਧ ਸਥਾਨ ਬਣਦੇ ਜਾ ਰਹੇ ਹਨ, ਪਰ ਇੱਕ ਪੂਰੀ ਤਰ੍ਹਾਂ ਨਾਲ ਤਬਦੀਲੀ ਦੀ ਸੰਭਾਵਨਾ ਨਹੀਂ ਹੈ। ਵਿਦਿਆਰਥੀਆਂ ਨੂੰ ਰਿਹਾਇਸ਼ ਲੱਭਣ ਵਿੱਚ ਮਦਦ ਕਰਨ ਲਈ ਇੱਕ ਪਲੇਟਫਾਰਮ ਯੂਨੀਕੋ ਦੇ ਸੰਸਥਾਪਕ ਅਮਿਤ ਸਿੰਘ ਨੇ ਦਾਅਵਾ ਕੀਤਾ ਕਿ ਯੂ.ਕੇ. ਪਿਛਲੇ 8-10 ਸਾਲਾਂ ਤੋਂ ਰਿਹਾਇਸ਼ੀ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ।

# ਅਮਰੀਕਾ ਵਿਚ ਪਲੰਬਰ-ਕਾਰਪੇਂਟਰ ਸਾਲਾਨਾ 60 ਲੱਖ ਰੁਪਏ ਤੱਕ ਕਮਾ ਰਹੇ ਨੇ

## ਨੌਜਵਾਨ ਚਾਹੁੰਦੇ ਨੇ ਗ੍ਰੈਜੂਏਸ਼ਨ ਤੋਂ ਬਾਅਦ ਵੀ ਵ੍ਹਾਈਟ ਕਾਲਰ ਨੌਕਰੀ

ਵਾਸ਼ਿੰਗਟਨ/ਏ.ਟੀ.ਨਿਊਜ਼ :- ਅਮਰੀਕਾ ਵਿੱਚ ਅੱਜ ਕੱਲ੍ਹ ਪਲੰਬਰ, ਤਰਖਾਣ, ਇਲੈਕਟ੍ਰੀਸ਼ੀਅਨ ਵਰਗੀਆਂ ਹੁਨਰਮੰਦ ਨੌਕਰੀਆਂ ਲਈ ਉਮੀਦਵਾਰ ਨਹੀਂ ਮਿਲ ਰਹੇ। ਇੰਨਾ ਹੀ ਨਹੀਂ, ਜੋ ਲੋਕ ਪਹਿਲਾਂ ਤੋਂ ਹੀ ਇਹ ਕੰਮ ਰਵਾਇਤੀ ਤੌਰ ’ਤੇ ਕਰ ਰਹੇ ਹਨ, ਉਨ੍ਹਾਂ ਦੇ ਬੱਚੇ ਹੁਣ ਗ੍ਰੈਜੂਏਸ਼ਨ ਤੋਂ ਬਾਅਦ ਵਾਈਟ ਕਾਲਰ ਨੌਕਰੀਆਂ ਕਰਨਾ ਚਾਹੁੰਦੇ ਹਨ। ਇਸ ਲਈ ਅਜਿਹੀਆਂ ਅਸਾਮੀਆਂ ਖਾਲੀ ਰਹਿੰਦੀਆਂ ਹਨ।

ਇਹ ਸਥਿਤੀ ਉਦੋਂ ਹੈ ਜਦੋਂ 2021 ਵਿੱਚ ਇਨ੍ਹਾਂ ਅਸਾਮੀਆਂ ਲਈ 40 ਤੋਂ 60 ਲੱਖ ਰੁਪਏ ਸਾਲਾਨਾ ਤਨਖਾਹ ਦੀ ਪੇਸ਼ਕਸ਼ ਜਾ ਚੁੱਕੀ ਹੈ। ਆਨਲਾਈਨ ਭਰਤੀ ਪਲੇਟਫਾਰਮ ਹੈਂਡਸ਼ੇਕ ਦੇ ਅੰਕੜਿਆਂ ਦੇ ਅਨੁਸਾਰ, 2020 ਦੇ ਮੁਕਾਬਲੇ 2022 ਵਿੱਚ ਪਲੰਬਿੰਗ, ਬਿਲਡਿੰਗ ਅਤੇ ਇਲੈਕਟ੍ਰੀਕਲ ਕੰਮ ਵਰਗੀਆਂ ਤਕਨੀਕੀ ਨੌਕਰੀਆਂ ਦੀ ਮੰਗ ਕਰਨ ਵਾਲੇ ਨੌਜਵਾਨਾਂ ਦੀ ਅਰਜ਼ੀ ਦਰ ਵਿੱਚ 49% ਦੀ ਗਿਰਾਵਟ ਆਈ ਹੈ।

ਆਟੋਮੋਟਿਵ ਟੈਕਨੀਸ਼ੀਅਨ, ਡਿਵਾਈਸ ਇੰਸਟੌਲਰ ਅਤੇ ਸਾਹ ਲੈਣ ਵਾਲੇ ਥੈਰੇਪਿਸਟ ਵਰਗੇ ਅਹੁਦਿਆਂ ਲਈ 2020 ਵਿੱਚ ਔਸਤਨ 10 ਅਰਜ਼ੀਆਂ ਪ੍ਰਾਪਤ ਹੋਈਆਂ, ਜੋ ਕਿ 2022 ਵਿੱਚ ਸਿਰਫ ਪੰਜ ਰਹਿ ਗਈਆਂ ਹਨ। ਕੰਪਨੀ ਦੀ ਮੁੱਖ ਸਿੱਖਿਆ ਰਣਨੀਤੀ ਅਧਿਕਾਰੀ, ਕ੍ਰਿਸਟੀਨ ਕਰੂਜ਼ਵਰਗਾਰਾ ਦੇ ਅਨੁਸਾਰ, ਹਰੇਕ ਨੌਕਰੀ ਲਈ ਸਿਰਫ 19 ਅਰਜ਼ੀਆਂ ਆਈਆਂ। ਜਿੱਥੇ ਨਵੀਆਂ ਤਕਨੀਕੀ ਅਸਾਮੀਆਂ ਦਿਨੋ-ਦਿਨ ਵੱਧ ਰਹੀਆਂ ਹਨ, ਉਥੇ ਅਪਲਾਈ ਕਰਨ ਦੇ ਚਾਹਵਾਨ ਵਿਦਿਆਰਥੀਆਂ ਦੀ ਗਿਣਤੀ ਨਹੀਂ ਵਧ ਰਹੀ ਹੈ।

ਯੂਐਸ ਚੈਂਬਰ ਆਫ਼ ਕਾਮਰਸ ਨੇ ਚੇਤਾਵਨੀ ਦਿੱਤੀ ਹੈ ਕਿ 2023 ਵਿੱਚ ਆਟੋ ਟੈਕਨੀਸ਼ੀਅਨ ਵਰਗੇ ਕਿੱਤਿਆਂ ਵਿੱਚ ਹੁਨਰਮੰਦ ਕਾਮਿਆਂ ਦੀ ਭਾਰੀ ਘਾਟ ਹੈ, ਕਿਉਂਕਿ ਕਾਰੀਗਰ ਬੁੱਢੇ ਹੋ ਰਹੇ ਹਨ। ਕਰੂਜ਼ਵਰਗਾਰਾ ਨੇ ਕਿਹਾ ਕਿ ਲੰਬੇ ਸਮੇਂ ਤੋਂ ਅਸੀਂ ਆਪਣੇ ਬੱਚਿਆਂ ਨੂੰ ਹੁਨਰ ਸਿਖਾਉਣ ਦੀ ਬਜਾਏ ਕਾਲਜ ਜਾਣ ਲਈ ਪ੍ਰੇਰਿਤ ਕੀਤਾ। ਜਿਹੜੇ ਲੋਕ ਕਾਲਜ ਤੋਂ ਗ੍ਰੈਜੂਏਟ ਹੁੰਦੇ ਹਨ, ਉਹ ਵ੍ਹਾਈਟ ਕਾਲਰ ਨੌਕਰੀਆਂ ਨੂੰ ਜਿਆਦਾ ਤਰਜੀਹ ਦਿੰਦੇ ਹਨ।

ਖੁੱਲ੍ਹੇ ਅਹੁਦਿਆਂ ਨੂੰ ਭਰਨ ਦੀ ਫੌਰੀ ਲੋੜ ਹੈ, ਕਿਉਂਕਿ ਅਮਰੀਕੀ ਸਰਕਾਰ ਦੇਸ਼ ਦੀਆਂ ਸੜਕਾਂ ਅਤੇ ਆਵਾਜਾਈ ਪ੍ਰਣਾਲੀਆਂ ਨੂੰ ਅਪਗ੍ਰੇਡ ਕਰਨ ਲਈ ਪ੍ਰੋਜੈਕਟਾਂ ਵਿੱਚ ਅਰਬਾਂ ਖਰਚ ਕਰ ਰਹੀ ਹੈ।

# ਕ੍ਰਿਪਟੋ ਕਰੰਸੀ ਦੇ ਕਾਰਨ ਭਾਰਤੀ ਰਿਜ਼ਰਵ ਬੈਂਕ ਫਿਰ ਤੋਂ ਮੁਸੀਬਤ ਵਿੱਚ ਫਸੇਗਾ

## ਅਗਲਾ ਆਰਥਿਕ ਸੰਕਟ ਕ੍ਰਿਪਟੋ ਕਰੰਸੀ ਕਾਰਨ ਪੈਦਾ ਹੋਵੇਗਾ : ਗਵਰਨਰ ਸ਼ਕਤੀਕਾਂਤ

ਨਵੀਂ ਦਿੱਲੀ/ਏ.ਟੀ.ਨਿਊਜ਼ :- ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਫਿਰ ਚੇਤਾਵਨੀ ਦਿੱਤੀ ਹੈ ਕਿ ਅਗਲਾ ਆਰਥਿਕ ਸੰਕਟ ਕ੍ਰਿਪਟੋ ਕਰੰਸੀ ਕਾਰਨ ਪੈਦਾ ਹੋਵੇਗਾ। ਸ਼ਕਤੀਕਾਂਤ ਦਾਸ ਹਮੇਸ਼ਾ ਹੀ ਕ੍ਰਿਪਟੋ ਕਰੰਸੀ ਦਾ ਸਖਤ ਵਿਰੋਧੀ ਰਿਹਾ ਹੈ। ਕਈ ਮੌਕਿਆਂ ’ਤੇ ਉਸਨੇ ਸੰਕੇਤ ਦਿੱਤਾ ਹੈ ਕਿ ਡਿਜੀਟਲ ਮੁਦਰਾ ਭਾਰਤ ਦੀ ਵਿੱਤੀ ਸਥਿਰਤਾ ਲਈ ਖ਼ਤਰਾ ਪੈਦਾ ਕਰ ਸਕਦੀ ਹੈ। ਇਹੀ ਕਾਰਨ ਹੈ ਕਿ ਭਾਰਤ ਵਿੱਚ ਕੇਂਦਰੀ ਬੈਂਕ ਨੇ ਕ੍ਰਿਪਟੋ ਸੈਕਟਰ ਲਈ ਅਨੁਕੂਲ ਮਾਹੌਲ ਨਹੀਂ ਬਣਾਇਆ ਹੈ। ਕ੍ਰਿਪਟੋ ਨੂੰ ਲੈ ਕੇ ਸਖਤ ਰਵੱਈਏ ਕਾਰਨ ਇਹ ਕਰੰਸੀ ਭਾਰਤ ਵਿਚ ਤੇਜ਼ੀ ਨਾਲ ਵਿਸਤਾਰ ਨਹੀਂ ਕਰ ਸਕੀ। ਉਸਦਾ ਕਹਿਣਾ ਹੈ ਕਿ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਵਿੱਚ, ਲੋਕਾਂ ਨੂੰ ਕ੍ਰਿਪਟੋ ਵਿੱਚ ਵਿਸ਼ਵਾਸ ਨਹੀਂ ਹੈ ਅਤੇ ਇਸ ਵਿੱਚ ਨਿਵੇਸ਼ ਕਰਨ ਵਾਲੇ ਲੋਕਾਂ ਦੀ ਗਿਣਤੀ ਵੀ ਘੱਟ ਹੈ। ਸ਼ਕਤੀਕਾਂਤ ਦਾਸ ਦਾ ਮੰਨਣਾ ਹੈ ਕਿ ਕ੍ਰਿਪਟੋ ਕਰੰਸੀ ਦਾ ਕੋਈ ਅੰਦਰੂਨੀ ਮੁੱਲ ਨਹੀਂ ਹੈ ਅਤੇ ਇਹ ਭਾਰਤ ਦੀ ਵਿੱਤੀ ਸਥਿਰਤਾ ਲਈ ਇੱਕ ਵੱਡਾ ਖਤਰਾ ਹੈ। ਵਿਸ਼ਵ ਪੱਧਰ ਦੇ ਅਰਥ- ਸ਼ਾਸ਼ਤਰੀਆਂ ਦਾ ਮੰਨਣਾ ਹੈ ਕਿ ਅਸਲ ਵਿੱਚ, ਮਾਰਕੀਟ ਕਿਸੇ ਵੀ ਵਸਤੂ ਜਾਂ ਮੁਦਰਾ ਦੇ ਮੁੱਲ ਨੂੰ ਨਿਰਧਾਰਤ ਕਰਨ ਦਾ ਕੰਮ ਕਰਦੀ ਹੈ ਅਤੇ ਇੱਕ ਹੱਥ ਤੋਂ ਦੂਜੇ ਹੱਥ ਵਿੱਚ ਲੰਘਦੇ ਸਮੇਂ ਮੁੱਲ ਦੀ ਸਪੱਸ਼ਟਤਾ ਹੋਣੀ ਜ਼ਰੂਰੀ ਹੈ। ਸਵਾਲ ਇਹ ਹੈ ਕਿ ਕ੍ਰਿਪਟੋ ਦਾ ਮੁੱਲ ਕੀ ਹੈ ਅਤੇ ਇਹ ਕਿਵੇਂ ਨਿਰਧਾਰਤ ਹੋਵੇਗਾ ? ਲੋਕ ਕ੍ਰਿਪਟੋ ਖਰੀਦਣ ਲਈ ਪੈਸਾ ਖਰਚ ਕਰਦੇ ਹਨ ਅਤੇ ਪਿਛਲੇ ਸਾਲ ਕ੍ਰਿਪਟੋ ਦੀ ਕੀਮਤ (ਬਾਕੀ ਸਫ਼ਾ 29 ’ਤੇ)



# ਪੰਜਾਬ ਦੀਆਂ ਸਰਕਾਰੀ ਨੌਕਰੀਆਂ ’ਤੇ ਹਰਿਆਣਾ ਦੇ ਯੂਥ ਦਾ ਬੋਲਬਾਲਾ

- ➢ ਸਹਾਇਕ ਲਾਈਨਮੈਨਾਂ ਦੀ ਭਰਤੀ ਵਿਚ ਹੋਰ ਸੂਬਿਆਂ ਦੇ ਨੌਜਵਾਨਾਂ ਨੇ ਪੰਜਾਬੀਆਂ ਨੂੰ ਪਛਾੜਦਿਆਂ ਨਿਯੁਕਤੀ ਲਈ ਰਾਹ ਕੀਤਾ ਪੱਧਰਾ
- ➢ ਮੱਧ ਪ੍ਰਦੇਸ਼ ਅਤੇ ਹਰਿਆਣਾ ਸਰਕਾਰ ਆਪਣੇ ਮੂਲ ਬਾਸ਼ਿੰਦਿਆਂ ਨੂੰ ਨੌਕਰੀ ਦੇਣ ਦੇ ਮਾਮਲੇ ਵਿਚ ਠੋਸ ਨੀਤੀ ਬਣਾ ਚੁੱਕੀ ਏ ਪਰ ਪੰਜਾਬ ਸਰਕਾਰ ਬੁਤ ਬਣੀ
- ➢ ਪੰਜਾਬ ਵਿਚ ਨੌਕਰੀਆਂ ਦੇਣ ਲਈ ਬੋਨਾਫਾਈਡ/ਡੋਮੀਸਾਈਲ ਸਰਟੀਫਿਕੇਟ ਦੀ ਸ਼ਰਤ ਰੱਖੀ ਜਾਵੇ : ਖਾਲਸਾ

ਜਲੰਧਰ/ਏ.ਟੀ.ਨਿਊਜ਼ :- ਪੰਜਾਬ ਦੀਆਂ ਸਰਕਾਰੀ ਨੌਕਰੀਆਂ ’ਤੇ ਬਾਹਰੀ ਸੂਬਿਆਂ ਖਾਸ ਕਰ ਕੇ ਹਰਿਆਣਾ ਦੇ ਨੌਜਵਾਨਾਂ ਦਾ ਬੋਲਬਾਲਾ ਹੋ ਗਿਆ ਹੈ। ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਵਲੋਂ ਸਹਾਇਕ ਲਾਇਨਮੈਨਾਂ ਦੀ ਕੀਤੀ ਜਾ ਰਹੀ ਭਰਤੀ ਵਿਚ ਹੋਰਨਾਂ ਸੂਬਿਆਂ ਦੇ ਸੈਂਕੜੇ ਨੌਜਵਾਨਾਂ ਨੇ ਮੈਰਿਟ ਸੂਚੀ ਵਿਚ ਪੰਜਾਬੀਆਂ ਨੂੰ ਪਛਾੜਦਿਆਂ ਨਿਯੁਕਤੀ ਲਈ ਰਾਹ ਪੱਧਰਾ ਕਰ ਲਿਆ ਹੈ। ਇਨ੍ਹਾਂ ਕਾਰਨਾਂ ਦੇ ਚੱਲਦਿਆਂ ਮਾਨ ਸਰਕਾਰ ਦੇ ਉਸ ਦਾਅਵੇ ਦੀ ਵੀ ਫੂਕ ਨਿਕਲ ਗਈ ਹੈ ਕਿ ਪੰਜਾਬ ਵਿਚ ਪੰਜਾਬੀ ਨੌਜਵਾਨਾਂ ਰੁਜ਼ਗਾਰ ਦੇ ਕੇ ਰੰਗਲਾ ਪੰਜਾਬ ਬਣਾਇਆ ਜਾਵੇਗਾ। ਦੂਜੇ ਪਾਸੇ ਪੰਜਾਬ ਦੇ 55 ਲੱਖ ਪਰਿਵਾਰਾਂ ਦੇ 30 ਲੱਖ ਨੌਜਵਾਨ ਬੇਰੁਜ਼ਗਾਰੀ ਦੇ ਆਲਮ ਵਿਚ ਹਨ। ਦੱਸਣਾ ਬਣਦਾ ਹੈ ਕਿ ਪਾਵਰਕਾਮ ਵਲੋਂ ਸਹਾਇਕ ਲਾਇਨਮੈਨਾਂ ਦੀਆਂ 2100 ਅਸਾਮੀਆਂ ਲਈ 2 ਨਵੰਬਰ 2022 ਨੂੰ ਆਨਲਾਈਨ ਪ੍ਰੀਖਿਆ ਲਈ ਗਈ ਸੀ, ਜਿਸ ਵਿਚ 3791 ਉਮੀਦਵਾਰਾਂ ਨੇ ਆਪਣੀ ਕਿਸਮਤ ਅਜ਼ਮਾਈ ਸੀ। ਪਾਵਰਕਾਮ ਵਲੋਂ ਐਲਾਨੇ ਗਈ ਨਤੀਜੇ ਵਿਚ 3762 ਉਮੀਦਵਾਰ ਪ੍ਰੀਖਿਆ ਨੂੰ ਪਾਸ ਕਰਨ ਵਿਚ ਸਫ਼ਲ ਹੋ ਗਏ ਸਨ। ਪਾਵਰਕਾਮ ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਉਕਤ ਅਸਾਮੀਆਂ ਦੀ ਮੈਰਿਟ ਸੂਚੀ ਵਿਚ ਹਰਿਆਣਾ ਰਾਜ ਦੇ 535 ਉਮੀਦਵਾਰਾਂ ਨੇ ਮੈਰਿਟ ਸੂਚੀ ਵਿਚ ਥਾਂ ਮੱਲ ਲਿਆ ਹੈ। ਇਸੇ ਤਰ੍ਹਾਂ ਰਾਜਸਥਾਨ ਦੇ 94 ਉਮੀਦਵਾਰਾਂ ਨੇ ਪੰਜਾਬੀਆਂ ਨੂੰ ਪਛਾੜਦਿਆਂ ਝੰਡੇ ਗੱਡੇ ਹਨ। ਮੈਰਿਟ ਸੂਚੀ ਵਿਚ ਚੰਡੀਗੜ੍ਹ, ਦਿੱਲੀ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਉਤਰਾਖੰਡ ਦੇ ਉਮੀਦਵਾਰਾਂ ਨੇ ਵੀ ਦਸਤਕ ਦਿੱਤੀ ਹੈ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਸ ਤੋਂ ਪਹਿਲਾਂ ਵੀ ਪਾਵਰਕਾਮ ਵਲੋਂ ਸੀ. ਆਰ. ਏ. 293, 294/19 ਰਾਹੀਂ ਜੂਨੀਅਰ ਇੰਜੀਨੀਅਰ ਇਲੈਕਟ੍ਰੀਕਲ ਦੀਆਂ 500 ਅਸਾਮੀਆਂ ਦੀ ਜੇਕਰ ਮੈਰਿਟ ਸੂਚੀ ’ਤੇ ਵੀ 100 ਦੇ ਕਰੀਬ ਯੂ. ਪੀ., ਬਿਹਾਰ, ਹਰਿਆਣਾ, ਚੰਡੀਗੜ੍ਹ ਅਤੇ ਰਾਜਸਥਾਨ ਦੇ ਨੌਜਵਾਨਾਂ ਨੇ ਪੰਜਾਬੀਆਂ ਨੂੰ ਪਛਾੜਿਆ ਸੀ ਅਤੇ ਸਹਾਇਕ ਸਬ-ਸਟੇਸ਼ਨ ਅਟੈਂਡੈਟ ਦੀਆਂ 290 ਅਸਾਮੀਆਂ ਵਿਚ ਵੀ ਬਾਹਰੀ ਉਮੀਦਵਾਰ ਕਬਜ਼ਾ ਜਮਾ ਗਏ ਸਨ। ਇਹ ਵੀ ਕਿ ਪੁਲਿਸ, ਸਿੰਚਾਈ, ਖੇਤੀਬਾੜੀ ਅਤੇ ਹੋਰਨਾਂ ਵਿਭਾਗਾਂ ਵਿਚ ਵੀ ਬਾਹਰੀ ਰਾਜਾਂ ਦੇ ਉਮੀਦਵਾਰ ਵੱਡੀ ਪੱਧਰ ’ਤੇ ਨਿਯੁਕਤ ਹੋ ਚੁੱਕੇ ਹਨ ਅਤੇ ਇਸ ਮਾਮਲੇ ਵਿਚ ਤਤਕਾਲੀ ਅਤੇ ਮੌਜੂਦਾ ਸਰਕਾਰ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਕਰਨ ਵਿਚ ਅਸਫ਼ਲ ਰਹੀ ਹੈ। ਹਾਲਾਂਕਿ ਮੱਧ ਪ੍ਰਦੇਸ਼ ਅਤੇ ਹਰਿਆਣਾ ਸਰਕਾਰ ਆਪਣੇ ਮੂਲ ਬਾਸ਼ਿੰਦਿਆਂ ਨੂੰ ਨੌਕਰੀ ਦੇਣ ਦੇ ਮਾਮਲੇ ਵਿਚ ਠੋਸ ਨੀਤੀ ਬਣਾ ਚੁੱਕੀ ਹੈ ਪਰ ਪੰਜਾਬ ਸਰਕਾਰ ਨੇ (ਬਾਕੀ ਸਫ਼ਾ 29 ’ਤੇ)



# ਸਤਲੁਜ ਯਮੁਨਾ ਲਿੰਕ ਨਹਿਰ ’ਤੇ ਪੰਜਾਬ-ਹਰਿਆਣਾ ਦੀ ਮੀਟਿੰਗ ਰਹੀ ਬੇਸਿੱਟਾ

## ਮੁੱਖ ਮੰਤਰੀ ਐਸ.ਵਾਈ.ਐਲ. ਦੀ ਥਾਂ ਸਤਲੁਜ ਯਮੁਨਾ ਬਣਾਓ ਦੀ ਚਰਚਾ ਛੇੜਕੇ ਰਿਪੇਰੀਅਨ ਕਾਨੂੰਨ ਦੇ ਆਧਾਰ ਉੱਤੇ ਨਹੀਂ ਲੈ ਸਕੇ ਪੰਜਾਬ ਹੱਕੀ ਸਟੈਂਡ



ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਕੇਂਦਰੀ ਜਲ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨਾਲ ਸਤਲੁਜ-ਯਮੁਨਾ ਲਿੰਕ ਨਹਿਰ ਸੰਬੰਧੀ ਵਿਵਾਦ ਨੂੰ ਸੁਲਝਾਉਣ ਲਈ ਹੋਈ ਮੀਟਿੰਗ ਦਾ ਇਕ ਵਾਰ ਫਿਰ ਕੋਈ ਸਿੱਟਾ ਨਹੀਂ ਨਿਕਲਿਆ। ਸਰਬਉੱਚ ਅਦਾਲਤ ਨੇ ਪਿਛਲੇ ਲੰਮੇ ਸਮੇਂ ਦੀ ਕਵਾਇਦ ਤੋਂ ਬਾਅਦ ਇਹ ਨਹਿਰ ਪੁੱਟਣ ਸੰਬੰਧੀ ਹਦਾਇਤ ਕਰ ਦਿੱਤੀ ਸੀ ਅਤੇ ਇਥੋਂ ਤੱਕ ਵੀ ਕਿਹਾ ਸੀ ਕਿ ਜੇ ਦੋਵੇਂ ਰਾਜ ਇਸ ਲਈ ਰਾਜ਼ੀ ਨਹੀਂ ਹੁੰਦੇ ਤਾਂ ਵੀ ਇਸ ਨਹਿਰ ਨੂੰ ਪੁੱਟਿਆ ਜਾਣਾ ਚਾਹੀਦਾ ਹੈ। ਲੰਮਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਇਹ ਮਸਲਾ ਬੇਹੱਦ ਉਲਝਿਆ ਨਜ਼ਰ ਆ ਰਿਹਾ ਹੈ। ਬੀਤੇ ਦਿਨੀਂ ਸਤਲੁਜ ਯਮੁਨਾ ਲਿੰਕ ਨਹਿਰ ਦੇ ਮੁੱਦੇ ਉਤੇ ਭਾਰਤ ਸਰਕਾਰ ਅੱਗੇ ਪੰਜਾਬ ਦਾ ਪੱਖ ਪੇਸ਼ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਪੰਜਾਬ ਕੋਲ ਹਰਿਆਣਾ ਨੂੰ ਦੇਣ ਲਈ ਇਕ ਬੂੰਦ ਵੀ ਵਾਧੂ ਪਾਣੀ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ, ‘ਧਰਤੀ ਹੇਠਲੇ ਪਾਣੀ ਦਾ ਪੱਧਰ ਘਟਣ ਕਰਕੇ ਸਾਡੇ 150 ਬਲਾਕਾਂ ਵਿੱਚੋਂ 78 ਫੀਸਦੀ ਬਲਾਕ ਗੰਭੀਰ ਖ਼ਤਰੇ ਦੇ ਪੱਧਰ ਉਤੇ (ਡਾਰਕ ਜ਼ੋਨ) ਪਹੁੰਚ ਚੁੱਕੇ ਹਨ’ ਜਿਸ ਕਰਕੇ ਪੰਜਾਬ ਕਿਸੇ ਹੋਰ ਸੂਬੇ ਨੂੰ ਪਾਣੀ ਨਹੀਂ ਦੇ ਸਕਦਾ। ਪੰਜਾਬ ਸਰਕਾਰ ਨੇ ਦਲੀਲ ਦਿੱਤੀ ਕਿ ਸਾਂਝੇ ਪੰਜਾਬ ਨੂੰ ਆਧਾਰ ਬਣਾ ਕੇ ਹਰਿਆਣਾ ਖ਼ੁਦ ਨੂੰ ਰਾਵੀ-ਬਿਆਸ ਦੇ ਪਾਣੀਆਂ ਦਾ ਰਿਪੇਰੀਅਨ ਸਮਝਦਾ ਹੈ ਤਾਂ ਇਸੇ ਆਧਾਰ ’ਤੇ ਪੰਜਾਬ ਵੀ ਯਮੁਨਾ ਦੇ ਪਾਣੀਆਂ ਦਾ ਰਿਪੇਰੀਅਨ ਬਣਦਾ ਹੈ। ਭਾਰਤ ਸਰਕਾਰ ਦੇ ਸਿੰਜਾਈ ਕਮਿਸ਼ਨ ਦੀ 1972 ਦੀ ਰਿਪੋਰਟ ਅਨੁਸਾਰ ਪੰਜਾਬ ਰਾਜ ਯਮੁਨਾ ਦਰਿਆ ਦਾ ਰਿਪੇਰੀਅਨ ਹੈ। ਪੰਜਾਬ ਸਰਕਾਰ ਨੇ ਪੱਖ ਰੱਖਿਆ ਕਿ ਸ਼ਾਰਦਾ-ਯਮੁਨਾ ਲਿੰਕ ਪ੍ਰਾਜੈਕਟ ਵਿੱਚ ਪੰਜਾਬ ਨੂੰ ਲਾਭਪਾਤਰੀ ਰਾਜ ਵਜੋਂ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਰਾਵੀ-ਬਿਆਸ ਦੇ ਪਾਣੀਆਂ ਦੀ ਮੌਜੂਦਾ ਉਪਲਬਧਤਾ ਮੁੜ ਵਾਚਣੀ ਚਾਹੀਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਇਸ ਨਹਿਰ ਲਈ ਇਹ ਪੰਜਾਬ ਵਿਰੋਧੀ ਸਮਝੌਤਾ ਕੀਤਾ ਗਿਆ ਸੀ ਤਾਂ ਉਸ ਵੇਲੇ ਸੂਬੇ ਨੂੰ 18.56 ਮਿਲੀਅਨ ਏਕੜ ਫੁੱਟ (ਐੱਮਏਐੱਫ) ਪਾਣੀ ਮਿਲ ਰਿਹਾ ਸੀ ਜੋ ਹੁਣ ਘਟ ਕੇ 12.63 ਐੱਮਏਐੱਫ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਤਾਂ ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਹੈ ਹੀ ਨਹੀਂ। ਭਗਵੰਤ ਮਾਨ ਨੇ ਕਿਹਾ ਕਿ ਇਸ ਵੇਲੇ ਹਰਿਆਣਾ ਨੂੰ ਸਤਲੁਜ, ਯਮੁਨਾ ਤੇ ਹੋਰ ਨਦੀ-ਨਾਲੇ ਤੋਂ 14.10 ਐੱਮਏਐੱਫ ਪਾਣੀ ਮਿਲ ਰਿਹਾ ਹੈ ਜਦਕਿ ਪੰਜਾਬ ਨੂੰ ਸਿਰਫ 12.63 ਐੱਮਏਐੱਫ ਪਾਣੀ ਮਿਲ ਰਿਹਾ ਹੈ।

ਇਸ ਪ੍ਰਾਜੈਕਟ ਦੇ ਨਾਮ ਅਤੇ ਪ੍ਰਸਤਾਵ ਨੂੰ ਬਦਲਣ ਦੀ ਵਕਾਲਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਨੂੰ ਸਤਲੁਜ ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਦੀ ਬਜਾਏ ਹੁਣ ਯਮੁਨਾ ਸਤਲੁਜ ਲਿੰਕ (ਵਾਈਐੱਸਐੱਲ) ਨਹਿਰ ਮੰਨ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਤਲੁਜ ਦਰਿਆ ਵਿਚ ਤਾਂ ਪਹਿਲਾਂ ਹੀ ਪਾਣੀ ਮੁੱਕਿਆ ਹੋਇਆ ਹੈ ਜਿਸ ਕਰਕੇ ਇਸ ਤੋਂ ਇਕ ਤੁਪਕਾ ਵੀ ਦੇਣ ਦਾ ਸਵਾਲ ਪੈਦਾ ਨਹੀਂ ਹੁੰਦਾ।

ਮੁੱਖ ਮੰਤਰੀ ਨੇ ਇਸ ਗੱਲ ’ਤੇ ਦੁਖ ਜਤਾਇਆ ਕਿ ਵਿਸ਼ਵ ਪੱਧਰ ’ਤੇ ਸਾਰੇ ਜਲ ਸਮਝੌਤਿਆਂ ਵਿਚ ਜਲਵਾਯੂ ਤਬਦੀਲੀ ਦੇ ਮੱਦੇਨਜ਼ਰ 25 ਸਾਲਾਂ ਬਾਅਦ ਗੀਵਿਊ ਕਰਨ ਦੀ ਧਾਰਾ ਦਾ ਜ਼ਿਕਰ ਹੈ ਪਰ ਕੇਵਲ ਸਤਲੁਜ ਯਮੁਨਾ ਲਿੰਕ ਨਹਿਰ ਅਜਿਹਾ ਸਮੱਸਿਆ ਭਰਪੂਰ ਵਰਤਾਰਾ ਹੈ ਜਿਸ ਵਿਚ ਅਜਿਹੀ ਧਾਰਾ ਦਾ ਜ਼ਿਕਰ ਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨਾਲ ਇਹ ਵੱਡੀ ਬੇਇਨਸਾਫੀ ਹੋਈ ਹੈ ਅਤੇ ਇਸਦੀ ਜ਼ਿੰਮੇਵਾਰ ਉਸ ਸਮੇਂ ਦੀ ਕੇਂਦਰ ਸਰਕਾਰ ਤੇ ਪੰਜਾਬ ਦੀ ਲੀਡਰਸ਼ਿਪ ਹੈ।

ਕਾਂਗਰਸੀ ਤੇ ਅਕਾਲੀਆਂ ਉਤੇ ਤਿੱਖਾ ਹਮਲਾ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਦੋਵੇਂ ਪਾਰਟੀਆਂ ਪੰਜਾਬ ਖ਼ਿਲਾਫ਼ ਹੋਏ ਇਸ ਜੁਰਮ ਵਿਚ ਭਾਈਵਾਲ ਹਨ। ਭਗਵੰਤ ਮਾਨ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਤੇ ਅਕਾਲੀ ਆਗੂ ਪਰਕਾਸ਼ ਸਿੰਘ ਬਾਦਲ ਨੇ ਆਪਣੇ ਮਿੱਤਰ ਤੇ ਹਰਿਆਣਾ ਦੇ ਆਗੂ ਦੇਵੀ ਲਾਲ ਨੂੰ ਖ਼ੁਸ਼ ਕਰਨ ਲਈ ਨਹਿਰ ਦੇ ਸਰਵੇ ਲਈ ਇਜਾਜ਼ਤ ਦਿੱਤੀ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਇਸੇ ਤਰ੍ਹਾਂ ਪਟਿਆਲਾ ਦੇ ਸ਼ਾਹੀ ਘਰਾਣੇ ਦੇ ਫਰਜ਼ੰਦ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਜੋ ਕਿ ਉਸ ਵੇਲੇ ਮੈਂਬਰ ਪਾਰਲੀਮੈਂਟ ਸਨ, ਨੇ ਤਤਕਾਲੀ ਪ੍ਰਧਾਨ ਮੰਤਰੀ ਦਾ ਇਸ ਘਾਤਕ ਕਦਮ ਦੀ ਸ਼ੁਰੂਆਤ ਕਰਨ ਲਈ ਭਰਵਾਂ ਸਵਾਗਤ ਕੀਤਾ ਸੀ। ਉਨ੍ਹਾਂ ਕਿਹਾ ਕਿ ਸਰਵੇ ਤੋਂ ਹੁਣ ਤੱਕ ਇਨ੍ਹਾਂ ਆਗੂਆਂ ਦਾ ਹਰ ਕਦਮ ਪੰਜਾਬ ਤੇ ਇਥੋਂ ਦੇ ਲੋਕਾਂ ਖਿਲਾਫ ਧੋਖੇ ਨੂੰ ਉਜਾਗਰ ਕਰਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਹ ਦੁਖਦਾਇਕ ਹੈ ਕਿ ਜਿਨ੍ਹਾਂ ਲੋਕਾਂ ਨੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਸੀ ਅੱਜ ਉਹ ਉਨ੍ਹਾਂ ਨੂੰ ਹੀ ਅਣਚਾਹੀਆਂ ਸਲਾਹਾਂ ਦੇ ਰਹੇ ਹਨ।

### ਭਗਵੰਤ ਮਾਨ ਦਾ ਰਿਪੇਰੀਅਨ ਵਿਰੋਧੀ ਸਟੈਂਡ

ਮੁੱਖ ਮੰਤਰੀ ਭਗਵੰਤ ਮਾਨ ਦਾ ਪੰਜਾਬ ਦੇ ਹੱਕ ਵਿਚ ਇਹ ਸਟੈਂਡ ਉਚਿੱਤ ਸੀ ਕਿ ਸਾਡੇ ਕੋਲ ਪਾਣੀ ਹੈ ਹੀ ਨਹੀਂ ਤਾਂ ਐਸ. ਵਾਈ. ਐਲ. ਨਹਿਰ ਦੀ ਉਸਾਰੀ ਦਾ ਕੋਈ ਮਤਲਬ ਨਹੀਂ। ਪਰ ਪੰਜਾਬ ਦੇ ਮੁੱਖ ਮੰਤਰੀ ਨੇ ਇਕ ਨਵੀਂ ਮੰਗ ਕਰ ਦਿੱਤੀ ਕਿ ਐਸ. ਵਾਈ. ਐਲ. ਨਹੀਂ ਸਗੋਂ ਵਾਈ. ਐਸ. ਐਲ. ਨਹਿਰ ਬਣਾ ਕੇ ਯਮੁਨਾ ਨਦੀ ਦਾ ਪਾਣੀ ਪੰਜਾਬ ਨੂੰ ਦਿੱਤਾ ਜਾਵੇ। ਜੇ ਇਸ ਗੱਲ ਦੀ ਗੰਭੀਰਤਾ ਵੱਲ ਜਾਈਏ ਤਾਂ ਇਹ ਪੰਜਾਬ ਦੇ ‘ਪੈਰੀਂ ਆਪ ਕੁਹਾੜੀ ਮਾਰਨ’ ਵਰਗੀ ਗੱਲ ਹੈ, ਕਿਉਂਕਿ ਇਸ ਤਰ੍ਹਾਂ ਅਸਿੱਧੇ ਤੌਰ ’ਤੇ ਮੁਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਦੀ ਦੇਸ਼ ਦੇ ਦਰਿਆਵਾਂ ਨੂੰ ਆਪਸ ਵਿਚ ਜੋੜਨ ਦੀ ਗੱਲ ਨੂੰ ਅਸੂਲੀ ਤੌਰ ’ਤੇ ਪ੍ਰਵਾਨਗੀ ਦੇ ਰਿਹਾ ਹੈ ਜੋ ਕੇਂਦਰੀ ਨੀਤੀ ਹੈ। ਫਿਰ ਪਾਣੀ ਰਾਜਾਂ ਦਾ ਅਧਿਕਾਰ ਨਹੀਂ ਰਹੇਗਾ ਸਗੋਂ ਕੇਂਦਰ ਦਾ ਅਧਿਕਾਰ ਬਣ ਜਾਵੇਗਾ। ਇਹ ਮੰਗ ਪੰਜਾਬ ਦੇ ਵਿਰੋਧ ਵਿਚ ਜਾਂਦੀ ਗੈਰ ਸੰਵਿਧਾਨਕ ਗੱਲ ਹੈ। ਰਾਇਪੇਰੀਅਨ ਕਾਨੂੰਨ ਅਤੇ ਦੇਸ਼ ਦੇ ਸੰਵਿਧਾਨ ਮੁਤਾਬਿਕ ਦਰਿਆਵਾਂ ਦੇ ਪਾਣੀ ਸਿਰਫ਼ ਤੇ ਸਿਰਫ਼ ਰਾਜਾਂ ਦੇ ਅਧਿਕਾਰ ਖੇਤਰ ਵਿਚ ਹਨ। ਇਥੋਂ ਤੱਕ ਕਿ ਜੇਕਰ ਕੋਈ ਦਰਿਆ ਸਿਰਫ਼ ਇਕ ਰਾਜ ਵਿਚੋਂ ਹੀ ਲੰਘਦਾ ਹੈ ਤਾਂ ਉਸ ਦੇ ਪਾਣੀਆਂ ਬਾਰੇ ਕੇਂਦਰ ਸਰਕਾਰ ਤਾਂ ਕੀ ਦੇਸ਼ ਦੀ ਪਾਰਲੀਮੈਂਟ ਤੇ ਸੁਪਰੀਮ ਕੋਰਟ ਵੀ ਕੋਈ ਫ਼ੈਸਲਾ ਨਹੀਂ ਦੇ ਸਕਦੀ। ਇਹੀ ਕਾਰਨ ਹੈ ਕਿ ਸੁਪਰੀਮ ਕੋਰਟ ਦੇ ਸੁਯੋਗ ਜੱਜ ਕੋਈ ਫ਼ੈਸਲਾ ਦੇਣ ਦੀ ਬਜਾਏ ਐਸ. ਵਾਈ. ਐਲ. ਨਹਿਰ ਦੇ ਮਾਮਲੇ ਵਿਚ ਪੰਜਾਬ ਤੇ ਹਰਿਆਣਾ ਵਿਚ ਸਮਝੌਤਾ ਕਰਵਾਉਣ ’ਤੇ ਹੀ ਜ਼ੋਰ ਦੇ ਰਹੇ ਹਨ।

ਪੰਜਾਬ ਦਾ ਅਸਲ ਸਟੈਂਡ ਸਿਰਫ਼ ਤੇ ਸਿਰਫ਼ ਇਹ ਹੀ ਹੋਣਾ ਚਾਹੀਦਾ ਹੈ ਕਿ ਰਾਇਪੇਰੀਅਨ ਕਾਨੂੰਨ ਦੇ ਮੁਤਾਬਿਕ ਪੰਜਾਬ ਦੇ ਤਿੰਨ ਦਰਿਆਵਾਂ ਦੇ ਪਾਣੀ ਦਾ ਮਾਲਕ ਸਿਰਫ਼ ਤੇ ਸਿਰਫ਼ ਪੰਜਾਬ ਹੈ। ਚਾਹੇ ਉਹ ਰਾਜਸਥਾਨ ਹੋਵੇ, ਚਾਹੇ ਹਰਿਆਣਾ ਜਾਂ ਫਿਰ ਦਿੱਲੀ, ਜੇਕਰ ਕਿਸੇ ਨੇ ਪੰਜਾਬ ਦੇ ਦਰਿਆਵਾਂ ਦਾ ਪਾਣੀ ਲੈਣਾ ਹੈ ਤਾਂ ਉਹ ਜਿਵੇਂ ਆਜ਼ਾਦੀ ਤੋਂ ਪਹਿਲਾਂ ਬੀਕਾਨੇਰ ਪੈਸੇ (ਰਾਇਲਟੀ) ਦੇ ਕੇ ਲੈਂਦਾ ਸੀ ਜਾਂ ਜਿਵੇਂ ਦਿੱਲੀ ਹੁਣ ਹਿਮਾਚਲ ਤੋਂ ਪੈਸੇ ਅਤੇ ਜ਼ਮੀਨਾਂ ਦੇ ਕੇ ਲੈ ਰਹੀ ਹੈ, ਉਸੇ ਤਰ੍ਹਾਂ ਹੀ ਕੀਮਤ ਦੇ ਕੇ ਲਵੇ। ਉਹ ਵੀ ਪੰਜਾਬ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਤੋਂ (ਬਾਕੀ ਸਫ਼ਾ 30 ’ਤੇ)

### ਪੰਜਾਬ ਰੇਗਿਸਤਾਨ ਬਣਨ ਵੱਲ

ਪੰਜਾਬ ਦਰਿਆਈ ਪਾਣੀ ਨਾਲ ਕਿੰਨੀ ਪੂਰਤੀ ਕਰ ਸਕਦਾ ਹੈ, ਬਰਸਾਤੀ ਪਾਣੀ ਦੀ ਸੰਭਾਲ ਤੇ ਵਿਉਂਤਬੰਦੀ ਨਾਲ ਕਿੰਨਾ ਤੇ ਕਿੰਨੇ ਹੋਰ ਪਾਣੀ ਦੀ ਲੋੜ ਹੈ, ਬਾਰੇ ਸਰਵੇ ਤੇ ਖੋਜ ਪੱਤਰ ਕਿੱਥੇ ਹੈ ? ਪੰਜਾਬ ਦੇ ਕਈ ਖਿੱਤੇ ਪਹਿਲਾਂ ਹੀ ‘ਡਾਰਕ ਜ਼ੋਨ’ ਬਣ ਚੁੱਕੇ ਹਨ ਜੋ ਬੇਹੱਦ ਚਿੰਤਾ ਅਤੇ ਚਿੰਤਨ ਦਾ ਮੁੱਦਾ ਹੈ। ਇਹ ਵੀ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਜੇ ਧਰਤੀ ਹੇਠਲਾ ਪਾਣੀ ਇਸੇ ਰਫ਼ਤਾਰ ਨਾਲ ਡੂੰਘਾ ਹੁੰਦਾ ਗਿਆ ਤਾਂ ਫਿਰ ਉਹ ਦਿਨ ਦੂਰ ਨਹੀਂ ਜਦੋਂ ਪੰਜ ਪਾਣੀਆਂ ਵਾਲਾ ਦੇਸ਼ ਅਖਵਾਉਣ ਵਾਲਾ ਪੰਜਾਬ ਰੇਗਿਸਤਾਨ ਬਣ ਜਾਵੇਗਾ। ਤੀਸਰੀ ਵਿਸ਼ਵ ਜੰਗ ਪਾਣੀ ਲਈ ਹੋਵੇਗੀ, ਇਹ ਗੱਲ ਸਪਸ਼ਟ ਹੈ। ਪਰ ਪੰਜਾਬੀ ਤਾਂ ਇਹ ਜੰਗ ਬੜੇ ਸਾਲਾਂ ਤੋ ਲੜ ਰਹੇ ਹਨ, ਵਿਉਂਤਬੰਦੀ ਪ੍ਰਬੰਧ ਤੇ ਪਿਆਰ ਲਈ ਨਹੀਂ, ਕੇਵਲ ਰਾਜਸੀ ਮੰਤਵ ਲਈ। ਪ੍ਰਧਾਨ ਮੰਤਰੀ ਨੇ ਅਗਲੇ 25 ਸਾਲ 2047 ਈਸਵੀ ਤਕ ਇਸ ਵਿਸ਼ੇ ਲਈ ਰੱਖੇ ਹਨ। ਆਪਣਾ ਹੱਕ ਛੱਡਣਾ ਨਹੀਂ, ਇਕ ਵੀ ਬੂੰਦ ਬਰਬਾਦ ਨਹੀਂ ਕਰਨੀ ਤੇ ਕਿਸੇ ਨਾਲ ਲੜਨਾ ਵੀ ਨਹੀਂ, ਇਸ ਨੀਤੀ ਨਾਲ ਅੱਗੇ ਵਧੀਏ ਤਾਂ ਮੰਜ਼ਿਲ ਦੂਰ ਨਹੀਂ ਤੇ ਖ਼ੁਸ਼ਹਾਲੀ ਵੀ ਆਵੇਗੀ।

**ਇਕਬਾਲ ਸਿੰਘ ਲਾਲਪੁਰਾ**
**(ਚਅਰਮੈਨ, ਘੱਟ ਗਿਣਤੀ ਕਮਿਸ਼ਨ, ਭਾਰਤ ਸਰਕਾਰ)।**

## ਰਾਜਾਂ ਵਿਚਾਲੇ ਪਾਣੀ ਸਹਿਯੋਗ ਤੇ ਤਾਲਮੇਲ ਦਾ ਵਿਸ਼ਾ ਹੋਣਾ ਚਾਹੀਦੈ : ਮੋਦੀ



ਨਵੀਂ ਦਿੱਲੀ :- ਰਾਜਾਂ ਦੇ ਜਲ ਮੰਤਰੀਆਂ ਦੀ ਪਹਿਲੀ ਕੌਮੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਪਾਣੀ ਰਾਜਾਂ ਦਰਮਿਆਨ ਸਹਿਯੋਗ ਅਤੇ ਤਾਲਮੇਲ ਦਾ ਵਿਸ਼ਾ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਸ਼ਹਿਰੀਕਰਨ ਦੀ ਤੇਜ਼ ਰਫ਼ਤਾਰ ਨੂੰ ਦੇਖਦੇ ਹੋਏ ਇਸ ਲਈ ਪਹਿਲਾਂ ਤੋਂ ਹੀ ਚੰਗੀ ਤਰ੍ਹਾਂ ਯੋਜਨਾ ਬਣਾਉਣੀ ਚਾਹੀਦੀ ਹੈ। ਉਨ੍ਹਾਂ ਦੀ ਇਸ ਟਿੱਪਣੀ ਦੇ ਕਈ ਅਰਥ ਹਨ, ਕਿਉਂਕਿ ਕਈ ਰਾਜਾਂ ਵਿਚਾਲੇ ਪਾਣੀ ਦੀ ਵੰਡ ਨੂੰ ਲੈ ਕੇ ਕਈ ਦਹਾਕਿਆਂ ਤੋਂ ਵਿਵਾਦ ਚੱਲ ਰਿਹਾ ਹੈ।

## ਪੰਜਾਬ ਦੇ ਦੋ ਦਰਿਆਵਾਂ ਦੇ ਪਾਣੀ ’ਤੇ ਰਾਜਸਥਾਨ, ਦਿੱਲੀ ਤੇ ਹਰਿਆਣਾ ਨਾਲੋਂ ਪਾਕਿਸਤਾਨ ਦਾ ਹੱਕ ਵੱਧ ਬਣਦਾ : ਸਿਮਰਨਜੀਤ ਸਿੰਘ ਮਾਨ



ਅੰਮ੍ਰਿਤਸਰ :- ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਲੋਂ ਰਾਜਸਥਾਨ, ਦਿੱਲੀ ਅਤੇ ਹਰਿਆਣਾ ਨੂੰ ਜਾਣ ਵਾਲਾ ਪਾਣੀ ਰਿਪੇਰੀਅਨ ਕਾਨੂੰਨ ਅਨੁਸਾਰ ਗ਼ੈਰ-ਕਾਨੂੰਨੀ ਹੈ ਤੇ ਜੇਕਰ ਪੰਜਾਬ ਦੇ ਦੋ ਦਰਿਆਵਾਂ ਦੇ ਪਾਣੀ ’ਤੇ ਕਿਸੇ ਦਾ ਕੋਈ ਹੱਕ ਬਣਦਾ ਹੈ ਤਾਂ ਉਹ ਰਾਜਸਥਾਨ, ਦਿੱਲੀ ਅਤੇ ਹਰਿਆਣਾ ਨਾਲੋਂ ਪਾਕਿਸਤਾਨ ਦਾ ਵੱਧ ਬਣਦਾ ਹੈ। ਮਾਨ ਨੇ ਕਿਹਾ ਕਿ ਕੇਂਦਰ ਤੇ ਹਰਿਆਣਾ ਪੰਜਾਬ ਦਾ ਪਾਣੀ ਗ਼ੈਰ-ਕਾਨੂੰਨੀ ਢੰਗ ਨਾਲ ਖੋਹਣਾ ਚਾਹੁੰਦੇ ਹਨ ਅਤੇ ਜੇਕਰ ਅਜਿਹਾ ਕੀਤਾ ਗਿਆ ਤਾਂ ਇਸ ਮੁੱਦੇ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਉਠਾਇਆ ਜਾਵੇਗਾ।

## ਐੱਸਵਾਈਐੱਲ ਹੁਣ ਕੋਈ ਮੁੱਦਾ ਨਹੀਂ ਰਿਹਾ : ਸੁਖਬੀਰ ਬਾਦਲ



ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਸਤਲੁਜ ਯਮੁਨਾ ਲਿੰਕ ਨਹਿਰ ਨਾ ਕੋਈ ਮੁੱਦਾ ਹੈ ਅਤੇ ਨਾ ਹੀ ਇਸ ’ਤੇ ਮੀਟਿੰਗ ਕਰਨ ਦਾ ਕੋਈ ਲਾਭ ਹੈ। ਉਨ੍ਹਾਂ ਕਿਹਾ ਕਿ ਹੁਣ ਕੋਈ ਨਹਿਰ ਨਹੀਂ ਹੈ, ਨਾ ਪਾਣੀ ਹੈ ਅਤੇ ਨਾ ਹੀ ਜ਼ਮੀਨ। ਇਸ ਲਈ ਇਹ ਹੁਣ ਕੋਈ ਮੁੱਦਾ ਨਹੀਂ ਰਹਿ ਗਿਆ ਅਤੇ ਇਸ ਸਬੰਧੀ ਵਾਰ-ਵਾਰ ਮੀਟਿੰਗ ਕਰਨਾ ਗ਼ਲਤ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਇਸ ਬਾਰੇ ਲਿਖ ਕੇ ਦੇਣਾ ਚਾਹੀਦਾ ਹੈ ਕਿ ਜਿਹੜੀ ਚੀਜ਼ ਹੈ ਹੀ ਨਹੀਂ, ਉਸ ਬਾਰੇ ਗੱਲ ਕਰਨ ਦਾ ਕੀ ਲਾਭ।

## ਐਸ.ਵਾਈ.ਐਲ. ਦੀ ਉਸਾਰੀ ਲਈ ਕਾਂਗਰਸ ਤੇ ਅਕਾਲੀ ਦਲ ਜ਼ਿੰਮੇਵਾਰ : ‘ਆਪ’

ਚੰਡੀਗੜ੍ਹ : ‘ਆਪ’ ਨੇ ਐੱਸਵਾਈਐੱਲ ਦੀ ਉਸਾਰੀ ਲਈ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਪਾਰਟੀ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ, ਗੋਵਿੰਦਰ ਮਿੱਤਲ ਅਤੇ ਸੀਨੀਅਰ ਆਗੂ ਇਕਬਾਲ ਸਿੰਘ ਨੇ ਕਿਹਾ ਕਿ ਅਕਾਲੀ-ਭਾਜਪਾ ਤੇ ਕਾਂਗਰਸ ਪਾਰਟੀਆਂ ਦੀਆਂ ਸਰਕਾਰਾਂ ਨੇ ਕਦੇ ਵੀ ਸਤਲੁਜ ਯਮੁਨਾ ਲਿੰਕ ਨਹਿਰ ਦਾ ਮੁੱਦਾ ਹੱਲ ਕਰਨ ਦਾ ਇਰਾਦਾ ਹੀ ਨਹੀਂ ਬਣਾਇਆ।

ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪੰਜਾਬ ਵਾਸੀਆਂ ਨਾਲ ਧੋਖਾ ਕਰਦਿਆਂ ਸਿਰਫ਼ ਆਪਣੇ ਹਿਤਾਂ ਲਈ ਐੱਸਵਾਈਐੱਲ ਨਹਿਰ ਦੀ ਉਸਾਰੀ ਕਰਵਾਈ, ਪਰ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਨੇ ਬੀਤੇ ਦਿਨੀਂ ਕੇਂਦਰੀ ਮੰਤਰੀ ਨਾਲ ਹੋਈ ਮੀਟਿੰਗ ਦੌਰਾਨ ਜ਼ੋਰਦਾਰ ਢੰਗ ਨਾਲ ਇਨ੍ਹਾਂ ਪਾਣੀਆਂ ’ਤੇ ਪੰਜਾਬ ਦੇ ਹੱਕ ਦੀ ਵਕਾਲਤ ਕੀਤੀ ਹੈ। ਕੰਗ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ 1978 ਵਿੱਚ ਹਰਿਆਣਾ ਦੇ ਤੱਤਕਾਲੀ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਨੂੰ ਐੱਸਵਾਈਐੱਲ ਨਹਿਰ ਦਾ ਸਰਵੇਖਣ ਕਰਨ ਦਿੱਤਾ ਤੇ ਨਹਿਰ ਦੀ ਉਸਾਰੀ ਲਈ ਜ਼ਮੀਨ ਐਕੁਆਇਰ ਕਰਨ ਦਾ ਨੋਟੀਫਿਕੇਸ਼ਨ ਵੀ ਜਾਰੀ ਕੀਤਾ। ਇਸੇ ਤਰ੍ਹਾਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਨਿਰਦੇਸ਼ ’ਤੇ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐੱਸਵਾਈਐੱਲ ਦਾ ਨੀਂਹ ਪੱਥਰ ਰੱਖਿਆ ਸੀ। ਉਨ੍ਹਾਂ ਕਿਹਾ ਕਿ ਪੰਜਾਬ ਕੋਲ ਪਾਣੀ ਦੀ ਇੱਕ ਬੂੰਦ ਵੀ ਵਾਧੂ ਨਹੀਂ ਹੈ ਤੇ ਸੂਬਾ ਸਰਕਾਰ ਆਪਣੇ ਪਾਣੀਆਂ ਦੀ ਰਾਖੀ ਲਈ ਸਾਰੇ ਕਾਨੂੰਨੀ ਬਦਲ ਅਪਣਾਏਗੀ।

# 'ਆਪ' ਸਰਕਾਰ ਨਹੀਂ ਕਰ ਸਕੀ ਨਸ਼ਿਆਂ ਉਪਰ ਕੰਟਰੋਲ, ਲੋਕਾਂ ਨਾਲ ਕੀਤੇ ਸਰਕਾਰੀ ਵਾਅਦੇ ਧੂੜ 'ਚ ਗੁਆਚੇ

## ਪੰਜਾਬ ਪੁਲਿਸ ਦੇ ਅੰਕੜਿਆਂ ਅਨੁਸਾਰ ਬੀਤੇ ਸਾਲ 729.5 ਕਿੱਲੋ ਹੈਰੋਇਨ ਫੜੀ ਅਤੇ 16,798 ਨਸ਼ਾ ਤਸਕਰਾਂ ਨੂੰ ਕੀਤਾ ਗ੍ਰਿਫ਼ਤਾਰ

- ਪੁਲਿਸ ਨੇ ਹਾਲੇ ਤੱਕ ਨਹੀਂ ਕੀਤੀ ਕੋਈ ਵੱਡੀ ਕਾਰਵਾਈ
- ਮੁੱਖ ਮੰਤਰੀ ਵੱਲੋਂ ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ ਕਰਨ ਦੇ ਹੁਕਮ

**ਪ੍ਰਗਟ ਸਿੰਘ ਜੰਡਿਆਲਾ ਗੁਰੂ**



ਪੰਜਾਬ ਵਿਚ ਨਸ਼ਿਆਂ ਦੀ ਸਥਿਤੀ ਹੁਣ ਵੀ ਪੰਜਾਬੀਆਂ ਨੂੰ ਉਵੇਂ ਹੀ ਉਪਰਾਮ ਕਰਨ ਵਾਲੀ ਹੈ ਜਿਵੇਂ 2020 ਤੋਂ ਪਹਿਲਾਂ ਦੀ ਸੀ। 2022 ਵਿਚ ਆਪ ਸਰਕਾਰ ਨਸ਼ਿਆਂ ਉਪਰ ਕੰਟਰੋਲ ਨਹੀਂ ਕਰ ਸਕੀ।ਉਸ ਦੇ ਪੰਜਾਬੀਆਂ ਨਾਲ ਕੀਤੇ ਵਾਅਦੇ ਧੂੜ ਵਿਚ ਗੁਆਚ ਗਏ ਜਾਪਦੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਬੀਤੇ ਦਿਨੀਂ ਨਸ਼ਿਆਂ ਦੇ ਅਲਾਮਤ ਨੂੰ ਜੜ੍ਹੋਂ ਪੁੱਟਣ ਲਈ ਸੂਬਾ ਸਰਕਾਰ ਦੀ ਦ੍ਰਿੜ ਵਚਨਬੱਧਤਾ ਦੁਹਰਾਈ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਸੂਬਾ ਸਰਕਾਰ ਨੇ ਨਸ਼ਿਆਂ ਦੀ ਤਸਕਰੀ ਵਿਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਪਹਿਲਾਂ ਹੀ ਜੇਲ੍ਹ ਦੀਆਂ ਸਲਾਖਾਂ ਪਿੱਛੇ ਪਹੁੰਚਾ ਚੁਕੀ ਹੈ। ਉਨ੍ਹਾਂ ਕਿਹਾ ਸੀ ਕਿ ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ ਕੀਤੀ ਜਾਵੇਗੀ। ਜੇਕਰ ਕਾਨੂੰਨ ਵਿਚ ਲੋੜੀਂਦੀ ਸੋਧ ਕਰਨ ਦੀ ਲੋੜ ਹੋਈ ਤਾਂ ਤੁਰੰਤ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਜੇਕਰ ਕਿਸੇ ਪੁਲਿਸ ਅਧਿਕਾਰੀ ਦੇ ਅਧਿਕਾਰ ਖੇਤਰ ਵਿਚ ਨਸ਼ਾ ਦੀ ਵਿਕਰੀ ਦਾ ਮਾਮਲਾ ਸਾਹਮਣੇ ਆਇਆ ਤਾਂ ਇਸ ਕੁਤਾਹੀ ਲਈ ਉਹ ਅਧਿਕਾਰੀ ਹੀ ਜੁਆਬਦੇਹ ਹੋਵੇਗਾ। ਨਸ਼ਿਆਂ ਦੀ ਤਸਕਰੀ ਵਿਚ ਸ਼ਾਮਲ ਅਧਿਕਾਰੀਆਂ ਦੇ ਖਿਲਾਫ਼ ਵੀ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਆਖਿਆ ਸੀ ਕਿ ਪਿੰਡ ਵਾਸੀਆਂ ਵੱਲੋਂ ਆਪੋ-ਆਪਣੇ ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਲਈ ਸਰਬਸੰਮਤੀ ਨਾਲ ਮਤੇ ਪਾਸ ਕਰਨ ਨੂੰ ਯਕੀਨੀ ਬਣਾਇਆ ਜਾਵੇ।ਨਸ਼ੇ ਦੀ ਰੋਕਥਾਮ ਲਈ ਪੰਜਾਬ ਵਿਚ ਗਠਿਤ ਕੀਤੀ ਵਿਸ਼ੇਸ਼ ਟਾਸਕ ਫੋਰਸ (ਐਸਟੀਐਫ) ਅਨੁਸਾਰ ਸੂਬੇ ਵਿਚ ਮੁੱਖ ਤੌਰ 'ਤੇ ਭੁੱਕੀ, ਅਫ਼ੀਮ, ਹੈਰੋਇਨ, ਮੈਡੀਕਲ ਨਸ਼ਾ ਅਤੇ ਸਿੰਥੈਟਿਕ ਨਸ਼ੇ ਚਲਦੇ ਹਨ ਪਰ ਇਨ੍ਹਾਂ ਵਿਚੋਂ ਚਿੱਟਾ ਜ਼ਿਆਦਾ ਪ੍ਰਚਲਿਤ ਤੇ ਖ਼ਤਰਨਾਕ ਹੈ।

ਚਿੱਟਾ ਅਸਲ ਵਿਚ ਸਿੰਥੈਟਿਕ ਨਸ਼ਾ ਹੈ ਜੋ ਹੈਰੋਇਨ ਦਾ ਇੱਕ ਰੂਪ ਹੈ। ਇਸ ਦਾ ਰੰਗ ਸਫ਼ੈਦ ਹੋਣ ਕਾਰਨ ਸਥਾਨਕ ਭਾਸ਼ਾ ਵਿਚ ਇਸ ਨੂੰ ਚਿੱਟਾ ਆਖਿਆ ਜਾਂਦਾ ਹੈ। ਪਿਛਲੇ ਕੁਝ ਸਾਲਾਂ ਤੋਂ ਚਿੱਟਾ ਹੀ ਨਸ਼ੇੜੀਆਂ ਦੀ ਪਸੰਦ ਬਣਦਾ ਜਾ ਰਿਹਾ ਹੈ। ਐਸਟੀਐਫ ਦੇ ਅਫ਼ਸਰਾਂ ਦਾ ਕਹਿਣਾ ਹੈ ਕਿ ਹੈਰੋਇਨ ਇੱਕ ਮਹਿੰਗਾ ਨਸ਼ਾ ਹੈ ਅਤੇ ਇਸ ਦਾ ਸੇਵਨ ਕਰਨ ਵਾਲਾ ਇਸ ਤੋਂ ਬਿਨਾਂ ਰਹਿ ਨਹੀਂ ਸਕਦਾ। ਹੈਰੋਇਨ ਦਾ ਸੇਵਨ ਕਰਨ ਵਾਲਾ ਆਮ ਤੌਰ 'ਤੇ ਪ੍ਰਤੀ ਦਿਨ ਵਿੱਚ 0.5 ਗ੍ਰਾਮ ਤੋਂ ਦੋ ਗ੍ਰਾਮ ਦੀ ਖਪਤ ਕਰਦਾ ਹੈ। ਪ੍ਰਤੀ ਗ੍ਰਾਮ ਹੈਰੋਇਨ ਦੀ ਕੀਮਤ 5000 ਤੋਂ 7000 ਰੁਪਏ ਹੈ।ਪੰਜਾਬ ਪੁਲਿਸ ਦੇ ਆਪਣੇ ਅੰਕੜਿਆਂ ਅਨੁਸਾਰ ਉਨ੍ਹਾਂ ਨੇ ਬੀਤੇ ਸਾਲ 729.5 ਕਿੱਲੋ ਹੈਰੋਇਨ ਫੜੀ ਸੀ ਅਤੇ 16,798 ਮੁਲਜ਼ਮਾਂ ਨੂੰ ਨਸ਼ਿਆਂ ਦੀ ਤਸਕਰੀ ਕਰਨ ਜਾਂ ਨਸ਼ੇ ਸਪਲਾਈ ਕਰਨ ਦੇ ਕੇਸਾਂ ਵਿਚ ਗ੍ਰਿਫ਼ਤਾਰ ਕੀਤਾ ਸੀ। ਇਕ ਸਾਲ ਵਿਚ ਇੰਨੀ ਵੱਡੀ ਗਿਣਤੀ ਵਿਚ ਵਿਅਕਤੀਆਂ ਦੀ ਗ੍ਰਿਫ਼ਤਾਰੀ ਦੱਸਦੀ ਹੈ ਕਿ ਨਸ਼ਿਆਂ ਕਾਰਨ ਕਿਸ ਪੱਧਰ ਦਾ ਉਜਾੜਾ ਹੋ ਰਿਹਾ ਹੈ। ਯਾਦ ਰਹੇ ਕਿ ਪੰਜਾਬ ਵਿਧਾਨ ਸਭਾ ਚੋਣਾਂ 2022 ਦੌਰਾਨ ਨਸ਼ਾ ਇਕ ਵੱਡਾ ਮੁੱਦਾ ਰਿਹਾ ਸੀ, ਜਿਸ ਨੂੰ ਪਾਰਟੀਆਂ ਨੇ ਆਪਣੀ ਰੈਲੀਆਂ ਅਤੇ ਨੁੱਕੜ ਮੀਟਿੰਗਾਂ ਵਿਚ ਪੂਰੀ ਤਰ੍ਹਾਂ ਚੁੱਕੀ ਰੱਖਿਆ। ਨਸ਼ਾ ਜਿਉਂ ਦਾ ਤਿਉਂ ਹੀ ਵਿਕ ਰਿਹਾ ਅਤੇ ਵਰਤਿਆ ਜਾ ਰਿਹਾ ਹੈ। ਪੰਜਾਬ ਦੇ ਅਜਿਹੇ ਬਹੁਤ ਸਾਰੇ ਪਿੰਡ ਅਜਿਹੇ ਮਿਲ ਜਾਣਗੇ, ਜਿੱਥੇ ਨਸ਼ਾ ਹੁਣ ਵੀ ਸ਼ਰੇਆਮ ਵਿਕਦਾ ਹੈ। ਬੇਸ਼ੱਕ ਪੁਲਿਸ ਨੇ ਉਨ੍ਹਾਂ ਖੇਤਰਾਂ ਵਿਚ ਨਸ਼ਾ ਰੋਕਣ ਲਈ ਘਰ-ਘਰ ਜਾ ਕੇ ਤਲਾਸ਼ੀ ਮੁਹਿੰਮ ਵੀ ਚਲਾਈ ਪਰ ਪੁਲਸ ਆਪਣੇ ਹੀ ਮਹਿਕਮੇ ਦੀਆਂ ਕੁਝ ਕਾਲੀਆਂ ਭੇਡਾਂ ਤੇ ਰਾਜਨੀਤਕ ਦਬਾਅ ਕਾਰਣ ਮਾਰ ਖਾ ਰਹੀ ਹੈ। ਪੁਲਿਸ ਨੇ ਕਈ ਨਾਮੀ ਸਮੱਗਲਰਾਂ ਵੱਲੋਂ ਬਣਾਈ ਜਾਇਦਾਦ ਵੀ ਅਟੈਚ ਕੀਤੀ ਹੈ। ਉਨ੍ਹਾਂ ਪਿੰਡਾਂ ਵਿਚ ਹੁਣ ਨਸ਼ਾ ਸਮੱਗਲਰ ਕੁਝ ਤਾਂ ਪੁਲਸ ਵੱਲੋਂ ਫੜੇ ਜਾ ਚੁੱਕੇ ਹਨ ਅਤੇ ਕੁਝ ਫਰਾਰ ਹਨ । ਵੱਡੀ ਗੱਲ ਇਹ ਹੈ ਕਿ ਵਡਾ ਡਰੱਗ ਸਮਗਲਰ ਤੇ ਉਨ੍ਹਾਂ ਦੇ ਹਮਾਇਤੀ ਸਿਆਸਤਦਾਨ ਹਾਲੇ ਤਕ ਨਹੀਂ ਫੜੇ ਜਾ ਸਕੇ।ਹੁਣ ਤੱਕ ਜ਼ਿਲ੍ਹਿਆਂ ਦੇ ਵੱਖ-ਵੱਖ ਥਾਣਿਆਂ ਵਿਚ ਐਕਸਾਈਜ਼ ਅਤੇ ਐੱਨ. ਡੀ. ਪੀ. ਐੱਸ. ਐਕਟ ਦੇ ਵੱਡੀ ਗਿਣਤੀ ਵਿਚ ਮਾਮਲੇ ਦਰਜ ਕੀਤੇ ਜਾ ਚੁਕੇ ਹਨ। ਪੁਲਿਸ ਨੇ ਹਾਲੇ ਤਕ ਸਮੱਗਲਿੰਗ ਦੇ ਮੁੱਢ 'ਤੇ ਹੱਥ ਨਹੀਂ ਪਾਇਆ ਜਾ ਰਿਹਾ। ਪੰਜਾਬ ਵਿਚ ਨਸ਼ਿਆਂ ਨੂੰ ਲੈ ਕੇ ਹਮੇਸ਼ਾ ਹੀ ਰਾਜਨੀਤੀ ਹੁੰਦੀ ਆਈ ਹੈ ਅਤੇ ਇਸ ਦਾ ਠੋਸ ਹੱਲ ਅਜੇ ਤੱਕ ਨਹੀਂ ਨਿਕਲਿਆ।



ਐਨਸੀਆਰਬੀ 2021 ਰਿਪੋਰਟ ਅਨੁਸਾਰ ਪੰਜਾਬ ਵਿਚ 32.8 ਫ਼ੀਸਦ ਮਾਮਲੇ ਦਰਜ ਹੋਏ ਹਨ , ਹਿਮਾਚਲ ਪ੍ਰਦੇਸ਼ 20.8 ਫੀਸਦ ਨਾਲ ਦੂਜੇ ਅਤੇ ਅਰੁਣਾਚਲ 17.2 ਫੀਸਦ ਨਾਲ ਤੀਜੇ ਥਾਂ ਉੱਤੇ ਹੈ।

ਪੰਜਾਬ ਵਿਚ 40 ਲੱਖ ਲੋਕ ਨਸ਼ਿਆਂ ਦੀ ਲਪੇਟ ਵਿਚ ਹਨ, ਜਿਨ੍ਹਾਂ ਵਿਚ 19 ਫੀਸਦੀ ਬੱਚੇ ਹੈਰੋਇਨ ਦੀ ਦਲਦਲ ਵਿਚ ਫਸੇ ਹਨ, ਜਦਕਿ 13 ਫ਼ੀਸਦੀ ਇੰਜੈਕਸ਼ਨ ਆਦਿ ਦੀ ਵਰਤੋਂ ਕਰ ਰਹੇ ਹਨ।

ਖੁਫੀਆ ਏਜੰਸੀਆਂ ਅਨੁਸਾਰ ਸਰਦੀ ਦੀ ਰੁੱਤ ਵਿਚ ਜਦੋਂ ਸੰਘਣੀ ਧੁੰਦ ਪੈਣ ਲੱਗੀ ਹੈ, ਤਸਕਰਾਂ ਨੇ ਡਰੋਨਾਂ ਤੇ ਹੋਰ ਤਰੀਕਿਆਂ ਨਾਲ ਭਾਰਤ ਵਿਚ ਨਸ਼ੀਲੇ ਪਦਾਰਥ ਤੇ ਹਥਿਆਰ ਭੇਜਣ ਦੇ ਯਤਨ ਵਧਾ ਦਿੱਤੇ ਹਨ। ਬੀਐੱਸਐੱਫ ਦਾ ਕਹਿਣਾ ਹੈ ਕਿ ਉਸ ਨੇ ਪੰਜਾਬ ਵਿਚ ਭਾਰਤ-ਪਾਕਿਸਤਾਨ ਸਰਹੱਦ 'ਤੇ ਚੌਕਸੀ ਵਧਾਈ ਹੋਈ ਹੈ ਪਰ ਵਾਰ ਵਾਰ ਨਸ਼ੇ ਫੜੇ ਜਾਣ ਦੇ ਬਾਵਜੂਦ ਤਸਕਰੀ ਨੂੰ ਠੱਲ੍ਹ ਪੈਂਦੀ ਨਜ਼ਰ ਨਹੀਂ ਆ ਰਹੀ। ਭਾਰਤ ਵਿਚ ਜਿਨ੍ਹਾਂ ਨਸ਼ਿਆਂ ਦੀ ਤਸਕਰੀ ਕੀਤੀ ਜਾਂਦੀ ਹੈ; ਮੁੱਖ ਤੌਰ 'ਤੇ ਅਫ਼ਗਾਨਿਸਤਾਨ, ਪਾਕਿਸਤਾਨ,

(ਬਾਕੀ ਸਫ਼ਾ 31 'ਤੇ)

## ਕੇਂਦਰ ਨਸ਼ਿਆਂ ਦੇ ਮੁੱਦੇ 'ਤੇ ਪੰਜਾਬ ਦੀ ਵਿੱਤੀ ਮਦਦ ਕਰੇ ਤੇ ਲਿਆਵੇ ਨਵਾਂ ਕਾਨੂੰਨ : ਡਾ. ਅਮਰ ਸਿੰਘ

ਫ਼ਤਹਿਗੜ੍ਹ ਸਾਹਿਬ :- ਹਲਕਾ ਫ਼ਤਹਿਗੜ੍ਹ ਸਾਹਿਬ ਤੋਂ ਸੰਸਦ ਮੈਂਬਰ ਡਾ. ਅਮਰ ਸਿੰਘ ਨੇ ਨਸ਼ਿਆਂ 'ਤੇ ਚਰਚਾ ਦੌਰਾਨ ਲੋਕ ਸਭਾ ਵਿਚ ਦੱਸਿਆ ਕਿ ਕਿਸ ਤਰ੍ਹਾਂ ਪਾਕਿਸਤਾਨ ਨਾਲ ਸਰਹੱਦੀ ਸੂਬਾ ਹੋਣ ਕਾਰਨ ਪੰਜਾਬ ਸਰਹੱਦ ਪਾਰ ਨਸ਼ਿਆਂ ਦੀ ਮਾਰ ਝੱਲ ਰਿਹਾ ਹੈ। ਉਨ੍ਹਾਂ ਕੇਂਦਰੀ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੀ ਲੜਾਈ ਲੜਨ ਲਈ ਪੰਜਾਬ ਦੀ ਵਿੱਤੀ ਮਦਦ ਕੀਤੀ ਜਾਵੇ, ਕਿਉਂਕਿ ਇਹ ਕੌਮੀ ਸੁਰੱਖਿਆ ਦਾ ਮੁੱਦਾ ਹੈ ਅਤੇ ਨਸ਼ਿਆਂ ਨਾਲ ਲੜਨ ਲਈ ਲੋੜੀਂਦੇ ਧਨ ਅਤੇ ਜਨਸ਼ਕਤੀ ਦੀ ਲੋੜ ਕਿਸੇ ਵੀ ਸੂਬੇ ਦੀ ਪਹੁੰਚ ਤੋਂ ਬਾਹਰ ਹੈ। ਉਨ੍ਹਾਂ ਤਸਕਰਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਵਿਚ ਐੱਨ.ਡੀ.ਪੀ.ਐੱਸ ਐਕਟ ਦੀ ਅਸਫਲਤਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਐੱਨ.ਡੀ.ਪੀ.ਐੱਸ ਐਕਟ 1985 ਦਾ ਹੈ, ਜੋ ਉਪਭੋਗਤਾ ਅਤੇ ਡਰੱਗ ਸਪਲਾਇਰ ਵਿਚ ਫਰਕ ਨਹੀਂ ਕਰਦਾ, ਇਸ ਲਈ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਨਸ਼ਾ ਵੇਚਣ ਵਾਲਿਆਂ ਅਤੇ ਨਿਰਮਾਤਾਵਾਂ ਨੂੰ ਸਜ਼ਾ ਦੇਣ ਲਈ ਨਵਾਂ ਕਾਨੂੰਨ ਲਿਆਵੇ।

# ਜਲੰਧਰ ਦਾ ਪਿੰਡ ਰਾਣੀ ਭੱਟੀ ਨਸ਼ਾ ਮੁਕਤ ਹੋਣ ਨਾਲ ਬਣਿਆ ਰੋਲ ਮਾਡਲ

## ਪਿੰਡ 'ਚ ਨਹੀਂ ਕੋਈ ਜਾਤ ਪਾਤ ਦਾ ਭੇਦਭਾਵ



ਜਲੰਧਰ:- ਜਲੰਧਰ ਜ਼ਿਲ੍ਹੇ ਦੇ ਬਲਾਕ ਭੋਗਪੁਰ ਵਿਚ ਸਥਿਤ ਰਾਣੀ ਭੱਟੀ ਪਿੰਡ ਪੂਰੇ ਪੰਜਾਬ ਲਈ ਮਿਸਾਲ ਬਣਿਆ ਹੋਇਆ ਹੈ। ਇਸ ਦੀ ਆਬਾਦੀ ਕੁੱਲ 1200 ਦੇ ਕਰੀਬ ਹੈ ਤੇ ਇਸ ਪਿੰਡ ਵਿੱਚ 500 ਦੇ ਕਰੀਬ ਵੋਟਰ ਹਨ। ਇਸ ਪਿੰਡ ਦੀ ਕਰੀਬ 10 ਫ਼ੀਸਦ ਆਬਾਦੀ ਵਿਦੇਸ਼ ਵਿੱਚ ਜਾ ਕੇ ਸੈਟਲ ਹੋ ਗਈ ਹੈ। ਪਿੰਡ ਵਿੱਚ ਰਹਿਣ ਵਾਲਾ ਹਰ ਨੌਜਵਾਨ ਕੋਈ ਨਾ ਕੋਈ ਕੰਮ ਕਰਦਾ ਹੈ। ਇਕ ਪਾਸੇ ਜਿਥੇ ਲੋਕ ਕਾਸ਼ਤਕਾਰੀ ਦਾ ਕੰਮ ਕਰਦੇ ਹਨ ਉਸ ਦੇ ਨਾਲ ਹੀ ਪ੍ਰਾਈਵੇਟ ਨੌਕਰੀਆਂ ਵੀ ਕਰਦੇ ਹਨ। ਪਿੰਡ ਅੰਦਰ ਕੁਝ ਹੀ ਘਰ ਜ਼ਿਮੀਂਦਾਰਾਂ ਦੇ ਹਨ ਜੋ ਉਨ੍ਹਾਂ ਸਿਰਫ ਆਪਣੀ ਜ਼ਮੀਨ ਉਤੇ ਖੇਤੀ ਕਰਦੇ ਹਨ। ਜ਼ਿਮੀਂਦਾਰ ਆਪਣੇ ਖੇਤਾਂ ਵਿੱਚ ਕੰਮ ਕਰਨ ਲਈ ਬਾਹਰੋਂ ਨਹੀਂ ਸਗੋਂ ਪਿੰਡ ਦੇ ਅੰਦਰੋਂ ਹੀ ਨੌਜਵਾਨਾਂ ਨੂੰ ਰੁਜ਼ਗਾਰ ਦਿੰਦੇ ਹਨ। ਇਹੀ ਕਾਰਨ ਹੈ ਕਿ ਪਿੰਡ ਦਾ ਇੱਕਾ ਦੁੱਕਾ ਨੌਜਵਾਨ ਛੱਡ ਕੇ ਹਰ ਕਿਸੇ ਕੋਲ ਕੋਈ ਨਾ ਕੋਈ ਰੁਜ਼ਗਾਰ ਹੈ। ਕਿਸਾਨ ਦੱਸਦੇ ਹਨ ਕਿ ਉਨ੍ਹਾਂ ਦੇ ਖੇਤਾਂ ਵਿੱਚ ਉਨ੍ਹਾਂ ਦੇ ਹੀ ਪਿੰਡ ਦੇ ਹੀ ਨੌਜਵਾਨ ਕੰਮ ਕਰਦੇ ਹਨ।

ਜਲੰਧਰ ਦੇ ਇਸ ਪਿੰਡ ਦੀ ਕੁੱਲ ਆਬਾਦੀ ਕਰੀਬ 1200 ਹੈ ਅਤੇ ਇਸ ਵਿੱਚੋਂ 92 ਫ਼ੀਸਦੀ ਆਬਾਦੀ ਸਿਰਫ਼ ਐਸਸੀ ਭਾਈਚਾਰੇ ਦੀ ਹੈ। ਪਿੰਡ ਵਿੱਚ ਇੰਨੀ ਵੱਡੀ ਗਿਣਤੀ ਵਿੱਚ ਐਸਸੀ ਲੋਕਾਂ ਦੇ ਹੋਣ ਦੇ ਬਾਵਜੂਦ ਪਿੰਡ ਵਿੱਚ ਜਾਤ ਪਾਤ ਦਾ ਕੋਈ ਵੀ ਭੇਦਭਾਵ ਨਹੀਂ ਹੈ ਤੇ ਸਾਰਾ ਪਿੰਡ ਇੱਕ ਦੂਜੇ ਨਾਲ ਮਿਲ ਕੇ ਰਹਿੰਦਾ ਹੈ। ਇੱਥੇ ਤੱਕ ਕੇ ਪਿੰਡ ਵਿੱਚ ਹਰ ਧਾਰਮਿਕ ਪ੍ਰੋਗਰਾਮ ਜਾਂ ਫਿਰ ਕਿਸੇ ਦੇ ਘਰ ਕਿਸੇ ਸੁੱਖ ਦੁੱਖ ਦੇ ਸਾਰਾ ਪਿੰਡ ਇੱਕ ਦੂਜੇ ਨਾਲ ਖੜ੍ਹਾ ਹੁੰਦਾ ਹੈ। ਪਿੰਡ ਦੇ ਸਰਪੰਚ ਮੁਕੇਸ਼ ਚੰਦਰ ਮੁਤਾਬਕ ਉਨ੍ਹਾਂ ਦੇ ਪਿੰਡਾਂ ਵਿੱਚ ਕਿਸੇ ਵੀ ਤਰ੍ਹਾਂ ਦਾ ਕੋਈ ਜਾਤੀਵਾਦ ਜਾਂ ਭੇਦਭਾਵ ਨਹੀਂ ਹੈ।

ਪਿੰਡ ਦੇ ਸਰਪੰਚ ਮੁਕੇਸ਼ ਚੰਦਰ ਦੇ ਮੁਤਾਬਕ ਉਨ੍ਹਾਂ ਦੇ ਪਿੰਡ ਵਿੱਚ ਇਕ ਵੀ ਨੌਜਵਾਨ ਅਜਿਹਾ ਨਹੀਂ ਹੈ ਜੋ ਨਸ਼ਾ ਕਰਦਾ ਹੋਵੇ। ਜੇ ਕਿਸੇ ਬਾਰੇ ਉਨ੍ਹਾਂ ਨੂੰ ਪਤਾ ਲੱਗ ਜਾਵੇ ਤਾਂ ਉਸੇ ਵੇਲੇ ਪੂਰੀ ਪੰਚਾਇਤ ਇਸ ਨੂੰ ਸਮਝਾ ਬੁਝਾ ਕੇ ਨਸ਼ੇ ਦੀ ਲੱਤ ਦੂਰ ਕਰ ਦਿੰਦੇ ਹਨ। ਉਨ੍ਹਾਂ ਮੁਤਾਬਿਕ ਪਿੰਡ ਦੇ ਹਰ ਨੌਜਵਾਨ ਕੋਲ ਰੁਜ਼ਗਾਰ ਹੈ ਜਿਸ ਕਰਕੇ ਕੋਈ ਵੀ ਨੌਜਵਾਨ ਨਸ਼ੇ ਨਹੀਂ ਕਰਦਾ। ਜੇ ਬਾਹਰੋਂ ਵੀ ਕੋਈ ਨਸ਼ਾ ਕਰਕੇ ਪਿੰਡ ਵਿੱਚ ਆਵੇ ਉਸ ਨੂੰ ਪਹਿਲੇ ਸਮਝਾਇਆ ਜਾਂਦਾ ਹੈ। ਫਿਰ ਵੀ ਨਾਸਮਝੇ ਤਾਂ ਉਸ ਖਿਲਾਫ਼ ਐਕਸ਼ਨ ਵੀ ਲਿਆ ਜਾਂਦਾ ਹੈ।

ਇੱਥੇ ਤੱਕ ਕੇ ਪਿਛਲੇ ਚਾਰ ਸਾਲ ਤੋਂ ਇਸ ਪਿੰਡ ਦੇ ਕਿਸੇ ਵੀ ਵਿਅਕਤੀ ਜਾਂ ਨੌਜਵਾਨ ਉਤੇ ਕੋਈ ਵੀ ਮਾਮਲਾ ਦਰਜ ਨਹੀਂ ਹੋਇਆ। ਪਿੰਡ ਦੇ ਸਰਪੰਚ ਮੁਕੇਸ਼ ਚੰਦਰ ਦੇ ਮੁਤਾਬਕ ਪਿਛਲੇ ਚਾਰ ਸਾਲਾਂ ਦੌਰਾਨ ਪਿੰਡਾਂ ਵਿੱਚ ਇੱਕਾ ਦੁੱਕਾ ਲੋਕਾਂ ਦੀ ਲੜਾਈ ਹੋਈ ਹੈ ਜਿਸ ਨੂੰ ਪਿੰਡ ਵਿੱਚ ਹੀ ਬੈਠ ਕੇ ਹੱਲ ਕੀਤਾ ਗਿਆ ਹੈ।

ਇਕ ਪਾਸੇ ਜਿਥੇ ਪਿੰਡ ਦੇ ਬਜ਼ੁਰਗ ਤੇ ਹੋਰ ਵਿਅਕਤੀ ਆਪਣਾ ਵਿਹਲਾ ਸਮਾਂ ਬਿਤਾਉਣ ਲਈ ਪਿੰਡ ਦੇ ਲਾਗੇ ਬਣੀ ਸੱਥ ਵਿੱਚ ਇਕੱਠੇ ਹੋ ਕੇ ਆਪਸ ਵਿੱਚ ਗੱਲਬਾਤ ਕਰਦੇ ਅਤੇ ਕਈ ਮੁੱਦਿਆਂ ਉਤੇ ਆਪਣੀ ਰਾਏ ਦਿੰਦੇ ਹਨ। ਉਧਰ ਦੂਸਰੇ ਪਾਸੇ ਪਿੰਡ ਦੇ ਨੌਜਵਾਨ ਆਪਣੇ ਵਿਹਲੇ ਸਮੇਂ ਵਿੱਚ ਪਿੰਡ ਵਿੱਚ ਹੀ ਪੰਚਾਇਤ ਵੱਲੋਂ ਬਣਾਏ ਗਏ ਜਿਮ ਵਿਚ ਕਸਰਤ ਕਰਦੇ ਹਨ।

## ਸ਼੍ਰੋਮਣੀ ਕਮੇਟੀ ਵੱਲੋਂ ਲੋਕਾਂ ਨੂੰ ਨਸ਼ਿਆਂ ਵਿਰੁੱਧ ਇਕਜੁੱਟ ਹੋਣ ਦੀ ਅਪੀਲ

ਜੰਡਿਆਲਾ ਗੁਰੂ:- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਇਕਜੁੱਟ ਹੋਣ ਦੀ ਅਪੀਲ ਕੀਤੀ ਹੈ। ਨਸ਼ਾ ਤਸਕਰਾਂ ਦਾ ਵਿਰੋਧ ਕਰਨ ਲਈ ਪਿੰਡ ਪੱਧਰ 'ਤੇ ਗਰੁੱਪ ਬਣਾਉਣ ਲਈ ਕਿਹਾ ਹੈ।ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੌਮ ਦੇ ਨਾਮ ਸੰਦੇਸ਼ ਦਿੰਦੇ ਹੋਏ ਨਸ਼ਿਆਂ ਦੀ ਵਰਤੋਂ ਅਤੇ ਵਪਾਰ ਦੇ ਜਥੇਬੰਦ ਢਾਂਚੇ ਨੂੰ ਤਬਾਹ ਕਰਨ ਵਿੱਚ ਸਰਕਾਰਾਂ ਦੀ ਨਾਕਾਮੀ 'ਤੇ ਸਵਾਲ ਖੜ੍ਹੇ ਕੀਤੇ ਹਨ। ਇਸ ਨੂੰ ਖਤਮ ਕਰਨ ਲਈ ਪਿੰਡ-ਪਿੰਡ ਕਮੇਟੀਆਂ ਅਤੇ ਗਰੁੱਪ ਬਣਾਉਣ ਲਈ ਕਿਹਾ ਗਿਆ ਸੀ।

**ਦਰਪਣ ਝੂਠ ਨਹੀਂ ਬੋਲਦਾ**

# ਦਿੱਲੀ ਦੀ ਸਿੱਖ ਸਿਆਸਤ ਉੱਪਰ ਮਨਜਿੰਦਰ ਸਿੰਘ ਸਿਰਸਾ ਰਾਹੀਂ ਭਾਜਪਾ ਦਾ ਕਬਜ਼ਾ ਬਰਕਰਾਰ

## ਦਿੱਲੀ ਕਮੇਟੀ 'ਤੇ ਸਿਰਸਾ ਦਾ ਪ੍ਰਭਾਵ ਨਵੇਂ ਸਾਲ ਦੌਰਾਨ ਵੀ ਬਰਕਰਾਰ

ਕਈ ਸਾਲਾਂ ਤੋਂ ਦੋ ਪੰਥਕ ਧਿਰਾਂ ਦੇ ਵਿਚਕਾਰ ਟਿਕੀ ਰਹਿਣ ਵਾਲੀ ਦਿੱਲੀ ਦੀ ਸਿੱਖ ਸਿਆਸਤ ਬੀਤੇ ਸਾਲ 2022 ਵਿਚ ਮਨਜਿੰਦਰ ਸਿੰਘ ਸਿਰਸਾ ਰਾਹੀਂ ਭਾਜਪਾ ਦਾ ਕਬਜ਼ਾ ਹੋ ਚੁੱਕਾ ਹੈ। ਦਰਅਸਲ ਇਸ ਦੀ ਸ਼ੁਰੂਆਤ ਸਾਲ 2022 ਚੜ੍ਹਨ ਤੋਂ ਮਹਿਜ਼ ਕੁਝ ਦਿਨ ਪਹਿਲਾਂ ਹੀ ਹੋ ਗਈ ਸੀ, ਜਦੋਂ ਪੰਜਾਬੀ ਬਾਗ ਸੀਟ ਤੋਂ ਗੁਰਦੁਆਰਾ ਚੋਣ ਹਾਰਨ ਤੋਂ ਬਾਅਦ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦਸੰਬਰ 2021 ਵਿਚ ਦਿੱਲੀ ਕਮੇਟੀ ਤੇ ਬਾਦਲ ਅਕਾਲੀ ਦਲ ਨੂੰ ਅਲਵਿਦਾ ਆਖਦੇ ਹੋਏ ਅਚਾਨਕ ਭਾਜਪਾ ਵਿਚ ਸ਼ਾਮਿਲ ਹੋ ਗਏ ਸਨ। ਇਸ ਤੋਂ ਬਾਅਦ ਹੈਰਾਨੀਜਨਕ ਤਰੀਕੇ ਨਾਲ ਮਾਰਚ 2022 ਵਿਚ ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਸਮੇਤ ਬਾਕੀ ਬਾਦਲ ਦਲ ਦੇ ਸਾਰੇ ਜੇਤੂ ਮੈਂਬਰ ਵੀ (2 ਮੈਂਬਰਾਂ ਨੂੰ ਛੱਡ ਕੇ), ਅਕਾਲੀ ਦਲ ਬਾਦਲ ਤੋਂ ਅਲਹਿਦਾ ਹੋ ਗਏ। ਅਗਸਤ 2021 ਵਿਚ ਹੋਈਆਂ ਦਿੱਲੀ ਗੁਰਦੁਆਰਾ ਚੋਣਾਂ ਦੇ 4 ਮਹੀਨਿਆਂ ਬਾਅਦ 9 ਜਨਵਰੀ 2022 ਨੂੰ ਦਿੱਲੀ ਕਮੇਟੀ ਦੇ ਨਵੇਂ ਅਹੁਦੇਦਾਰਾਂ ਤੇ ਕਾਰਜਕਾਰਨੀ ਦੀ ਚੋਣ ਹੋਈ, ਜੋ ਕਾਫੀ ਵਿਵਾਦਾਂ ਵਿਚ ਰਹੀ ਅਤੇ ਇਨ੍ਹਾਂ ਚੋਣਾਂ ਵਿਚ ਇਕ ਵਾਰ ਫਿਰ ਤੋਂ ਦਿੱਲੀ ਕਮੇਟੀ ਦਾ ਪ੍ਰਬੰਧ ਬਾਦਲ ਦਲ ਦੇ ਹੱਥਾਂ ਵਿਚ ਆ ਗਿਆ ਤੇ ਹਰਮੀਤ ਸਿੰਘ ਕਾਲਕਾ ਪ੍ਰਧਾਨ ਤੇ ਜਗਦੀਪ ਸਿੰਘ ਕਾਹਲੋਂ ਜਨਰਲ ਸਕੱਤਰ ਚੁਣੇ ਗਏ। ਫਿਰ ਇਕ ਦਿਨ ਅਚਾਨਕ ਹਰਮੀਤ ਸਿੰਘ ਕਾਲਕਾ ਨੇ ਬਾਦਲ ਦਲ ਦਿੱਲੀ ਪ੍ਰਦੇਸ਼ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਕੇ ਹਲਚਲ ਮਚਾ ਦਿੱਤੀ। ਇਸ ਤੋਂ ਬਾਅਦ 17 ਮਾਰਚ 2022 ਨੂੰ ਕਾਲਕਾ ਦੀ ਅਗਵਾਈ ਵਿਚ ਬਾਦਲ ਦਲ ਦੀ ਟਿਕਟ ਤੋਂ ਦਿੱਲੀ ਕਮੇਟੀ ਦੇ ਚੁਣੇ ਗਏ ਤਕਰੀਬਨ ਸਾਰੇ ਹੀ ਮੈਂਬਰਾਂ ਨੇ ਬਾਦਲ ਦਲ ਨੂੰ ਅਲਵਿਦਾ ਆਖ ਕੇ ਦਿੱਲੀ ਵਿਚ ਨਵਾਂ ਦਲ ਬਣਾ ਲਿਆ। ਹਾਲਾਂਕਿ ਪੰਥਕ ਹਲਕਿਆਂ ਵਿਚ ਇਸ ਨਵੇਂ ਦਲ ਨੂੰ ਕਾਲਕਾ ਦੀ ਬਜਾਏ ਵਧੇਰੇ ਕਰਕੇ ਸਿਰਸਾ ਤੇ ਭਾਜਪਾ ਦੀ ਅਗਵਾਈ ਨਾਲ ਹੀ ਜੋੜ ਕੇ ਵੇਖਿਆ ਜਾ ਰਿਹਾ ਹੈ। ਇਸ ਨਵੇਂ ਦਲ ਦਾ ਨਾਂ 'ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ' ਰੱਖਿਆ ਗਿਆ। 17 ਮਾਰਚ 2022 ਨੂੰ ਨਵੇਂ ਦਲ ਦੇ ਗਠਨ ਦਾ ਐਲਾਨ ਹੈਰਾਨੀਜਨਕ ਤਰੀਕੇ



ਨਾਲ ਨਵੇਂ ਦਲ ਦੇ ਆਗੂਆਂ ਵਲੋਂ ਬਾਦਲ ਦਲ ਦਾ ਦਿੱਲੀ ਪ੍ਰਦੇਸ਼ ਦਾ ਦਫ਼ਤਰ ਵੀ ਸਾਂਭ ਲਿਆ ਗਿਆ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀਆਂ ਤਸਵੀਰਾਂ ਨੂੰ ਹਟਾ ਦਿੱਤਾ ਗਿਆ। ਹਾਲਾਂਕਿ ਤਕਰੀਬਨ 1 ਮਹੀਨੇ ਬਾਅਦ ਭਾਵ 18 ਅਪ੍ਰੈਲ 2022 ਨੂੰ ਜਥੇਦਾਰ ਅਵਤਾਰ ਸਿੰਘ ਹਿੱਤ (ਮਰਹੂਮ) ਦੀ ਅਗਵਾਈ ਵਿਚ ਬਾਦਲ ਦਲ ਦੇ ਸਮਰਥਕਾਂ ਨੇ ਦਿੱਲੀ ਪ੍ਰਦੇਸ਼ ਦਫ਼ਤਰ ਦੇ ਪ੍ਰਬੰਧ ਨੂੰ ਮੁੜ ਆਪਣੇ ਅਧਿਕਾਰ ਵਿਚ ਲੈਂਦੇ ਹੋਏ ਸੁਖਬੀਰ ਸਿੰਘ ਬਾਦਲ ਤੇ ਹੋਰਨਾਂ ਦੀਆਂ ਤਸਵੀਰਾਂ ਮੁੜ ਲਗਾ ਦਿੱਤੀਆਂ। ਇਥੇ ਜ਼ਿਕਰਯੋਗ ਹੈ ਕਿ 2013 ਤੋਂ ਲਗਾਤਾਰ 6 ਸਾਲ ਦਿੱਲੀ ਕਮੇਟੀ ਦੇ ਜਨਰਲ ਸਕੱਤਰ ਅਤੇ 2 ਸਾਲ ਪ੍ਰਧਾਨ ਦੀ ਜ਼ਿੰਮੇਵਾਰੀ ਸੰਭਾਲਣ ਵਾਲੇ ਮਨਜਿੰਦਰ ਸਿੰਘ ਸਿਰਸਾ 2021 ਦੀਆਂ ਗੁਰਦੁਆਰਾ ਚੋਣਾਂ ਵਿਚ ਹਰਵਿੰਦਰ ਸਿੰਘ ਸਰਨਾ ਕੋਲੋਂ ਹਾਰ ਗਏ ਸਨ। ਇਸ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਕਮੇਟੀ ਰਾਹੀਂ ਸਿਰਸਾ ਨੂੰ ਦਿੱਲੀ ਕਮੇਟੀ ਲਈ ਨਾਮਜ਼ਦ ਮੈਂਬਰ ਬਣਾਉਣ ਦਾ ਐਲਾਨ ਕਰ ਦਿੱਤਾ। ਪਰ ਹਰਵਿੰਦਰ ਸਿੰਘ ਸਰਨਾ ਨੇ ਨਾਮਜ਼ਦ ਮੈਂਬਰ ਵਜੋਂ ਸਿਰਸਾ ਦੀ ਕਾਬਲੀਅਤ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ। ਅਦਾਲਤ ਦੇ ਨਿਰਦੇਸ਼ਾਂ ਤਹਿਤ ਸਿਰਸਾ ਦਾ ਪੰਜਾਬੀ ਭਾਸ਼ਾ ਦਾ ਟੈਸਟ ਵੀ ਹੋਇਆ ਅਤੇ ਪੰਜਾਬੀ ਭਾਸ਼ਾ ਦੇ ਟੈਸਟ ਦੌਰਾਨ ਸਿਰਸਾ ਵਲੋਂ ਗੁਰਦੁਆਰਾ ਚੋਣ ਡਾਇਰੈਕਟਰ ਦੇ ਨਾਂ ਪੰਜਾਬੀ ਭਾਸ਼ਾ ਵਿਚ ਲਿਖੀ ਇਬਾਰਤ ਸੋਸ਼ਲ ਮੀਡੀਆ 'ਤੇ ਵੀ ਕਾਫੀ ਵਾਇਰਲ ਹੋਈ ਅਤੇ ਵਿਰੋਧੀਆਂ ਵਲੋਂ ਪੰਜਾਬੀ ਭਾਸ਼ਾ ਬਾਰੇ ਉਨ੍ਹਾਂ ਦੇ ਅਧੂਰੇ ਗਿਆਨ ਦੇ ਆਧਾਰ 'ਤੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ। ਆਖਰਕਾਰ ਜਦੋਂ ਸਿਰਸਾ ਦੇ ਦਿੱਲੀ ਕਮੇਟੀ ਮੈਂਬਰ ਬਣਨ ਦੇ ਰਾਹ ਤਕਰੀਬਨ ਬੰਦ ਹੋ ਗਏ ਤਾਂ ਉਨ੍ਹਾਂ ਨੇ ਸਿਆਸੀ ਹਲਕਿਆਂ ਨੂੰ ਹੈਰਾਨ ਕਰਦੇ ਹੋਏ ਭਾਜਪਾ 'ਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ। ਬੀਤੇ ਇਕ ਸਾਲ ਤੋਂ ਸਿਰਸਾ ਭਾਜਪਾ ਦੇ ਸਰਗਰਮ ਮੈਂਬਰ ਹਨ ਪਰ ਇਸ ਦੇ ਬਾਵਜੂਦ ਦਿੱਲੀ ਕਮੇਟੀ 'ਤੇ ਸਿਰਸਾ ਦਾ ਪ੍ਰਭਾਵ ਪਹਿਲਾਂ ਵਾਂਗ ਹੀ ਬਰਕਰਾਰ ਨਜ਼ਰ ਆਉਂਦਾ ਹੈ। ਅਕਤੂਬਰ 2022 ਵਿਚ ਸੁਖਬੀਰ ਸਿੰਘ ਬਾਦਲ ਤੇ ਪਰਮਜੀਤ ਸਿੰਘ ਸਰਨਾ ਨੇ ਇਕੱਠੇ ਹੋ ਕੇ ਦਿੱਲੀ ਵਿਚ ਪੰਥ ਵਾਸਤੇ ਰਲ ਕੇ ਕੰਮ ਕਰਨ ਦਾ ਅਹਿਦ ਲਿਆ ਅਤੇ ਇਸ ਮੌਕੇ ਸੁਖਬੀਰ ਸਿੰਘ ਬਾਦਲ ਵਲੋਂ ਪਾਰਟੀ ਦੀ ਦਿੱਲੀ, ਪ੍ਰਦੇਸ਼ ਦੀ ਜ਼ਿੰਮੇਵਾਰੀ ਉਸ ਪਰਮਜੀਤ ਸਿੰਘ ਸਰਨਾ ਨੂੰ ਸੌਂਪ ਦਿੱਤੀ ਗਈ, ਜਿਹੜੇ ਕਈ ਸਾਲਾਂ ਤੋਂ ਬਾਦਲ ਦਲ ਨੂੰ ਨਿਸ਼ਾਨਾ ਬਣਾਉਂਦੇ ਆ ਰਹੇ ਸਨ। ਪਰ ਹਾਲੇ ਤਕ ਸਰਨਾ ਭਰਾ ਦਿੱਲੀ ਵਿਚ ਬਾਦਲ ਦਲ ਦੀਆਂ ਜੜ੍ਹਾਂ ਨਹੀਂ ਲਗਾ ਸਕੇ।ਕਾਰਣ ਇਹੀ ਹੈ ਕਿ ਬਾਦਲ ਪਰਿਵਾਰ ਦਾ ਸਿਖ ਪੰਥ ਵਿਚੋਂ ਵਾਜੂਦ ਮਿਟ ਚੁੱਕਾ ਹੈ ਜਿਸ ਕਾਰਨ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਦਿੱਲੀ ਦੀ ਸੰਗਤ ਵਿਚ ਵਿਰੋਧ ਨਹੀਂ ਉਠਿਆ।

## ਸਰਕਾਰੀ ਮੁਲਾਜ਼ਮਾਂ ਦਾ ਪਿੰਡ ਗੁਲਾੜੀ, ਜਿਥੇ ਔਰਤਾਂ ਵੀ ਕਰਦੀਆਂ ਨੇ ਸਰਕਾਰੀ ਨੌਕਰੀ

➢ ਪਿੰਡ ਵਿੱਚ 250 ਦੇ ਕਰੀਬ ਸਰਕਾਰੀ ਮੁਲਾਜ਼ਮ, ਜਿਨ੍ਹਾਂ ਵਿਚੋਂ 115 ਅਧਿਆਪਕ 22 ਪੁਲਿਸ, 14 ਸਿਹਤ ਵਿਭਾਗ ਤੇ ਹੋਰ ਸਰਕਾਰੀ ਵਿਭਾਗਾਂ ਤੇ 70 ਫੌਜ ਵਿੱਚ ਭਰਤੀ



ਪੰਜਾਬ-ਹਰਿਆਣਾ ਦੀ ਸਰਹੱਦ ਉੱਤੇ ਵੱਸਿਆ ਗੁਲਾੜੀ ਸੰਗਰੂਰ ਜ਼ਿਲ੍ਹੇ ਦਾ ਆਖ਼ਰੀ ਪਿੰਡ ਹੈ ਤੇ ਉਹ ਸਰਕਾਰੀ ਨੌਕਰੀਆਂ ਕਰਕੇ ਜਾਣਿਆ ਜਾਂਦਾ ਹੈ।ਇਸ ਪਿੰਡ ਦੀ ਖਾਸੀਅਤ ਹੈ ਇੱਥੋਂ ਦੇ ਲੋਕਾਂ ਦਾ ਵੱਡੀ ਗਿਣਤੀ ਵਿੱਚ ਸਰਕਾਰੀ ਨੌਕਰੀ ਜ਼ਰੀਏ ਆਪਣੀ ਰੋਜ਼ੀ-ਰੋਟੀ ਕਮਾ ਰਹੀ ਹੈ। ਇਸ ਪਿੰਡ ਦੇ ਹਰ ਘਰ ਦਾ ਕੋਈ ਨਾ ਕੋਈ ਮੈਂਬਰ ਸਰਕਾਰੀ ਨੌਕਰੀ ਕਰ ਰਿਹਾ ਹੈ। ਪਿੰਡ ਗੁਲਾੜੀ , ਸੰਗਰੂਰ ਤੋਂ 67 ਕਿਲੋਮੀਟਰ ਦੂਰ ਜ਼ਿਲ੍ਹੇ ਦਾ ਆਖਰੀ ਪਿੰਡ ਹੈ ਅਤੇ ਪਿੰਡ ਦੀ ਕੁੱਲ ਬਾਲਗ ਵਸੋਂ 2507 ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਅਧਿਆਪਕ ਵਜੋਂ ਸੇਵਾਵਾਂ ਨਿਭਾ ਰਹੇ ਪਿੰਡ ਦੇ ਵਾਸੀ ਤਰਸੇਮ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਿੰਡ ਵਿੱਚ 250 ਦੇ ਕਰੀਬ ਸਰਕਾਰੀ ਮੁਲਾਜ਼ਮ ਹਨ ਜਿਨ੍ਹਾਂ ਵਿਚੋਂ 115 ਅਧਿਆਪਕ ਹਨ ਤੇ 70 ਫੌਜ ਵਿੱਚ ਭਰਤੀ ਹਨ।ਇਸ ਤੋਂ ਇਲਾਵਾ 22 ਪੁਲਿਸ, 14 ਸਿਹਤ ਵਿਭਾਗ ਤੇ ਹੋਰ ਸਰਕਾਰੀ ਵਿਭਾਗਾਂ ਵਿਚ ਨੌਕਰੀ ਕਰਦੇ ਹਨ।ਪਿੰਡ ਦੇ ਲੋਕਾਂ ਦੇ ਵੱਡੀ ਗਿਣਤੀ ਵਿਚ ਸਰਕਾਰੀ ਨੌਕਰੀਆਂ ਉੱਪਰ ਹੋਣ ਦੇ ਪਿੱਛੇ ਦਾ ਕਾਰਨ ਉਹ ਪਿੰਡ ਲੋਕਾਂ ਵੱਲੋਂ ਸਿੱਖਿਆ ਉਪਰ ਜ਼ੋਰ ਦੇਣ ਨੂੰ ਮੰਨਦੇ ਹਨ।

ਪਿੰਡ ਵਿੱਚ ਸਰਕਾਰੀ ਮੁਲਾਜਮਾਂ ਵੱਲੋਂ ਇੱਕ 'ਗ੍ਰਾਮ ਸੁਧਾਰ ਸੰਮਤੀ', ਨਾ ਦੀ ਗ਼ੈਰ-ਸਿਆਸੀ ਸੰਸਥਾ ਬਣਾਈ ਗਈ ਹੈ, ਜਿਸ ਵਿਚ ਪਿੰਡ ਦੇ ਹਰ ਰਿਟਾਇਰਡ ਤੇ ਦੂਰ-ਦੁਰਾਡੇ ਨੌਕਰੀ ਕਰਦੇ ਸਰਕਾਰੀ ਮੁਲਾਜ਼ਮ ਮੈਂਬਰ ਹਨ। ਨੌਜਵਾਨਾਂ ਨੂੰ ਉਤਸ਼ਾਹਿਤ ਕਰਨਾ

ਪਿੰਡ ਦੀ ਸੰਮਤੀ ਵੱਲੋਂ ਬੱਚਿਆਂ ਦੇ ਪੜ੍ਹਨ ਲਈ ਇੱਕ ਸਮਾਰਟ ਲਾਇਬ੍ਰੇਰੀ ਬਣਾਈ ਗਈ ਹੈ।ਇਸ ਸੰਮਤੀ ਦਾ ਅਹਿਮ ਕੰਮ ਹੈ ਨੌਜਵਾਨਾਂ ਲਈ ਸਰਕਾਰੀ ਭਰਤੀ ਲਈ ਹੋਣ ਵਾਲੇ ਇਮਤਿਹਾਨਾਂ ਦੀ ਤਿਆਰੀ ਕਰਵਾਉਣਾ। ਜਦੋਂ ਵੀ ਕਿਸੇ ਸਰਕਾਰੀ ਵਿਭਾਗ ਦੀ ਭਰਤੀ ਨਿਕਲਦੀ ਹੈ ਤਾਂ ਪੰਜਾਬ ਦੀਆਂ ਅਕੈਡਮੀਆਂ ਦੇ ਮਾਹਿਰ ਕੋਚ ਪਿੰਡ ਵਿੱਚ ਬੁਲਾਏ ਜਾਂਦੇ ਹਨ ਤਾਂ ਜੋ ਬੱਚਿਆਂ ਨੂੰ ਪਿੰਡ ਰਹਿ ਕੇ ਹੀ ਤਿਆਰੀ ਕਰਵਾ ਜਾ ਸਕੇ।

ਇਸ ਪਿੰਡ ਦੀ ਈਟੀਟੀ ਅਧਿਆਪਕਾ ਪ੍ਰਮੇਸਰੀ ਰਾਣੀ ਨੇ ਦੱਸਿਆ ਕਿ ਪਿੰਡ ਵਿੱਚ 25 ਦੇ ਕਰੀਬ ਔਰਤਾਂ ਸਰਕਾਰੀ ਨੌਕਰੀ ਕਰਦੀਆਂ ਹਨ।

ਈਟੀਟੀ ਅਧਿਆਪਕ ਨਰੇਸ਼ ਕੁਮਾਰ ਕਹਿੰਦੇ ਹਨ, ਮੈਂ 15 ਸਾਲ ਭੱਠਾ ਮਜ਼ਦੂਰੀ ਕੀਤੀ ਤੇ ਚਾਚੇ ਦੇ ਮੁੰਡੇ ਨੂੰ ਸਰਕਾਰੀ ਨੌਕਰੀ ਕਰਦਾ ਦੇਖ ਪੜ੍ਹਨਾ ਨਾ ਛੱਡਿਆ। ਉਹ 2016 ਵਿੱਚ ਈਟੀਟੀ, ਅਧਿਆਪਕ ਵਜੋਂ ਭਰਤੀ ਹੋ ਗਏ। ਨਰੇਸ਼ ਦਲਿਤ ਭਾਈਚਾਰੇ ਨਾਲ ਸਬੰਧਿਤ ਹੈ ਤੇ ਉਹ ਤਿੰਨ ਭਰਾ ਹਨ ਉਨ੍ਹਾਂ ਦਾ ਛੋਟਾ ਭਰਾ ਵੀ ਈਟੀਟੀ, ਟੈਟ ਪਾਸ ਕਰ ਚੁੱਕਾ ਹੈ। ਨਰੇਸ਼ ਦੱਸਦੇ ਹਨ, ਇਸ ਪਿੰਡ ਦੀ ਇੱਕ ਕੁੜੀ ਆਰਮੀ ਵਿੱਚ ਕਰਨਲ ਹੈ ਤੇ ਹੋਰ ਰੋਜ਼ਾਨਾ ਕਾਲਜ ਪੜ੍ਹਨ ਜਾਂਦੀਆਂ ਹਨ। ਪਰ ਜੋ ਵੀ ਹੈ ਉਹ ਪਿੰਡ ਦੇ ਸਿਰ 'ਤੇ ਹੈ। ਸਰਕਾਰ ਨੇ ਕੋਈ ਬਹੁਤੀਆਂ ਸਹੂਲਤਾਂ ਨਹੀਂ ਦਿੱਤੀਆਂ। ਪਿੰਡ ਵਾਲੇ ਦੱਸਦੇ ਹਨ ਕਿ ਉਥੇ ਹਾਲੇ ਤੱਕ ਦਿਨ ਵਿੱਚ ਇੱਕ ਹੀ ਬੱਸ ਆਉਂਦੀ ਹੈ ਤੇ ਆਵਾਜਾਈ ਲਈ ਸਹੂਲਤਾਂ ਦੀ ਘਾਟ ਹੈ।

# ਟਵਿਟਰ ਦੇ ਮਾਲਕ ਏਲੋਨ ਮਸਕ ਦੀ ਭਵਿੱਖ ਬਾਣੀ ਕਿ ਵਿਸ਼ਵ ਜੰਗ ਅਟੱਲ

## ਆਰਟੀਫਿਸ਼ੀਅਲ ਇੰਟੈਲੀਜੈਂਸ ਤੇ ਜੰਗਾਂ ਵਿਚ ਤਬਾਹ ਹੋ ਰਿਹਾ ਮਨੁੱਖ

ਟਵਿਟਰ ਦੇ ਮਾਲਕ ਏਲੋਨ ਮਸਕ ਨੇ ਆਪਣੇ ਇਕ ਟਵੀਟ ਵਿਚ ਇਕ-ਦੂਜੇ ਨੂੰ ਕਟਦੇ ਹੋਏ ਤਿੰਨ ਚੱਕਰ ਬਣਾ ਕੇ ਤਿੰਨਾਂ ਚੱਕਰਾਂ ਦੀ ਵਿਚਕਾਰਲੀ ਜਗ੍ਹਾ ਵਿਚ ਲਿਖਿਆ ਹੈ, 'ਤੁਸੀਂ ਇਥੇ ਹੋ।'

ਤਿੰਨਾਂ ਚੱਕਰਾਂ ਵਿਚ ਉਸ ਨੇ ਤਿੰਨ ਨਾਵਲਾਂ ਦੇ ਨਾਂ ਲਿਖੇ ਹਨ। ਉਤਲੇ ਦੋ ਜੁੜਵੇਂ ਚਕਰਾਂ ਵਿਚ ਜਾਰਜ ਓਰਵੈਲ ਦਾ ਨਾਵਲ '1984' ਤੇ ਐਲਡਸ ਹਕਸਲੇ ਦਾ ਨਾਵਲ 'ਬਰੇਵ ਨਿਊ ਵਰਲਡ' ਲਿਖਿਆ ਹੈ ਤੇ ਹੇਠਲੇ ਤੀਜੇ ਚਕਰ ਵਿਚ ਰੇਅ ਬਰੈਡਬਰੀ ਦਾ ਨਾਵਲ 'ਫਾਰਨਹੀਟ 451' ਲਿਖਿਆ ਹੈ। ਇਹ ਤਿੰਨੇ ਬੜੇ ਪ੍ਰਸਿਧ ਨਾਵਲ ਹਨ। ਤਿੰਨੇ ਨਾਵਲਾ ਨੂੰ ਜੇ ਇਕ-ਦੂਜੇ ਦੇ ਪ੍ਰਸੰਗ ਵਿਚ ਰੱਖ ਕੇ ਪੜ੍ਹਿਆ ਜਾਏ ਤਾਂ ਮੌਜੂਦਾ ਸੰਸਾਰ ਦੀ ਹਕੀਕਤ ਸਾਡੇ ਸਾਹਮਣੇ ਸਾਕਾਰ ਹੋ ਜਾਂਦੀ ਹੈ।

1949 ਵਿਚ ਛਪੇ ਨਾਵਲ '1984' ਵਿਚ ਓਰਵੈਲ ਨੇ ਤਾਨਾਸ਼ਾਹੀ ਰਾਜਤੰਤਰ ਦੇ ਵਿਰੁਧ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਸਿੱਖਾਂ ਨੇ ਜਿਵੇਂ 1984 ਹੰਢਾਇਆ ਹੈ ਅਤੇ ਜਿਵੇਂ ਹੁਣ ਕਸ਼ਮੀਰ ਤੇ ਦੇਸ ਭਰ ਦੇ ਮੁਸਲਮਾਨ ਹੰਢਾ ਰਹੇ ਹਨ, ਉਸ ਦੀ ਇਕ ਭਰਵੀਂ ਝਲਕ ਇਸ ਨਾਵਲ ਵਿਚ ਮਿਲਦੀ ਹੈ। ਮਨੁੱਖੀ ਕਦਰਾਂ-ਕੀਮਤਾਂ ਦੇ ਉਲਟ ਪੁਲਟ ਹੋ ਜਾਣ ਦਾ ਇਸ ਨਾਵਲ ਵਿਚ ਬਹੁਤ ਸੰਵੇਦਨਸ਼ੀਲਤਾ ਨਾਲ ਵਰਣਨ ਕੀਤਾ ਗਿਆ ਹੈ। ਬਿਲਕੁਲ ਹੁਣ ਵਾਂਗ ਹਰੇਕ ਵਿਰੋਧੀ ਤੇ ਨਵੇਂ ਵਿਚਾਰ ਨੂੰ ਕਿਸੇ ਵੀ ਢੰਗ ਨਾਲ ਦਬਾਅ ਦਿਤੇ ਜਾਣ ਦਾ ਇਸ ਨਾਵਲ ਵਿਚ ਵਿਸਥਾਰੀ ਜਿਕਰ ਹੈ।ਜਿਹੜੀ ਅੱਜ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਚਰਚਾ ਆਮ ਹੋ ਰਹੀ ਹੈ, ਇਸ ਦੀ 1932 ਵਿਚ ਕਲਪਨਾ ਕਰ ਕੇ ਹਕਸਲੇ ਨੇ ਆਪਣਾ ਨਾਵਲ 'ਬਰੇਵ ਨਿਊ ਵਰਲਡ' ਲਿਖਿਆ ਹੈ। ਹਕਸਲੇ ਦਾ ਨਵਾਂ ਨਰੋਆ ਸੰਸਾਰ 26ਵੀਂ ਸਦੀ ਦੇ ਵਿਸ਼ਵ ਦਾ ਖਾਕਾ ਪੇਸ਼ ਕਰਦਾ ਹੈ। ਜਦੋਂ ਬੱਚੇ ਮਾਂਵਾਂ ਦੀਆਂ ਕੁਖਾਂ ਵਿਚੋਂ ਨਹੀਂ ਬਲਕਿ ਲੈਬਾਰੇਟਰੀਆਂ ਵਿਚ ਜੰਮਦੇ ਹਨ ਤੇ ਜੰਮਦਿਆਂ ਹੀ ਉਨ੍ਹਾਂ ਦੀ ਅਲਫਾ, ਬੀਟਾ, ਗਾਮਾ, ਡੈਲਟਾ ਆਦਿ ਸ਼੍ਰੇਣੀ ਵੰਡ ਕਰ ਦਿੱਤੀ ਜਾਂਦੀ ਹੈ। ਜਿਥੇ ਪਿਆਰ, ਹਮਦਰਦੀ, ਵਫਾਦਾਰੀ ਦੀ ਕੋਈ ਹੋਂਦ ਨਹੀਂ। ਮਾਂ, ਬਾਪ, ਭੈਣ, ਭਰਾ ਦਾ ਕੋਈ ਰਿਸ਼ਤਾ ਨਹੀਂ। ਮਨੁੱਖੀ ਗੁਣਾਂ ਤੇ ਜਜਬਾਤ ਵਿਹੂਣੇ ਲੋਕ ਮਸ਼ੀਨਾਂ ਵਾਂਗ ਹਨ। ਉਹ ਕਲਪਨਾ ਵੀ ਨਹੀਂ ਕਰ



ਸਕਦੇ ਕਿ ਕਿਸੇ ਵੇਲੇ ਬੱਚੇ ਮਾਂਵਾਂ ਦਾ ਦੁੱਧ ਚੁੰਘਦੇ ਸਨ। ਜੇ ਉਹ ਹੱਸਣਾ ਚਾਹੁਣ ਤਾਂ ਹੱਸਣ ਦੀ ਤੇ ਜੇ ਰੋਣਾ ਚਾਹੁਣ ਤਾਂ ਰੋਣ ਦੀ ਗੋਲੀ ਖਾ ਸਕਦੇ ਹਨ। ਸ਼ੈਕਸਪੀਅਰ ਜਾਂ ਬਾਈਬਲ ਪੜ੍ਹਨ ਦੀ ਪੂਰਨ ਮਨਾਹੀ ਹੈ।

ਫਾਰਨਹੀਟ-451 ਤਾਪਮਾਨ ਉਤੇ ਕਿਤਾਬਾਂ ਸੜ ਕੇ ਸੁਆਹ ਹੋ ਜਾਂਦੀਆ ਹਨ। 1953 ਵਿਚ ਛਪੇ ਇਸ ਨਾਵਲੀ ਸੰਸਾਰ ਵਿਚ ਕਿਤਾਬਾਂ ਘਰ ਰੱਖਣਾ ਤੇ ਪੜ੍ਹਨਾ ਜੁਰਮ ਹੈ। ਰਾਜਤੰਤਰ ਦਾ ਮੰਨਣਾ ਹੈ ਕਿ ਸਥਾਪਿਤ ਅਮਨ, ਖੁਸ਼ਹਾਲੀ ਤੇ ਮਨੁੱਖੀ ਖੁਸ਼ੀ ਨੂੰ ਕਿਤਾਬਾਂ ਬਰਬਾਦ ਕਰਦੀਆ ਹਨ। ਕੰਨਾਂ ਵਿਚ 'ਈਅਰ ਫੋਨ ਠੋਸ ਕੇ ਆਪਣੇ ਘਰ ਵਾਲੇ ਤੇ ਕੁੱਤੇ ਤੋਂ ਬੇਖਬਰ ਸੈਰ ਕਰ ਰਹੀ ਇਕ ਔਰਤ ਵੱਲ ਵੇਖ ਕੇ 1974 ਵਿਚ ਹੀ ਉਸ ਨੇ ਕਹਿ ਦਿੱਤਾ ਸੀ ਕਿ ਇਹ ਨਾਵਲ ਕਲਪਨਾ ਨਹੀਂ ਬਲਕਿ ਹਕੀਕਤ ਹੈ। ਹੁਣ ਤੇ ਹਾਲਤ ਉਸ ਤੋਂ ਵੀ ਕਿਤੇ ਬਦਤਰ ਹੋ ਗਈ ਹੈ। ਨਾਵਲ ਦੇ ਅੰਤ ਵਿਚ ਸ਼ੁਰੂ ਹੋਈ ਐਟਮੀ ਜੰਗ ਕੁਝ ਹੀ ਪਲਾਂ ਵਿਚ ਖਤਮ ਹੋ ਜਾਂਦੀ ਹੈ ਤੇ ਪਿਛੇ ਬਰਬਾਦੀ ਦਾ ਆਲਮ ਛੱਡ ਜਾਂਦੀ ਹੈ। ਮੋਇਆਂ ਉਤੇ ਰੋਣ ਵਾਲਾ ਵੀ ਕੋਈ ਨਹੀਂ ਬਚਦਾ। ਪਹਾੜ ਦੀਆਂ ਕੁੰਦਰਾਂ ਵਿਚ ਬੈਠੇ ਕੁਝ ਲੋਕ ਨਵੇਂ ਸਿਰਿਓਂ ਜਿੰਦਗੀ ਦਾ ਆਰੰਭ ਕਰਨ ਲਈ ਸੋਚ ਰਹੇ ਹਨ।

ਏਲੋਨ ਮਸਕ ਪਿਛਲੇ ਸਾਲ ਦੁਨੀਆਂ ਭਰ ਦਾ ਸਭ ਤੋਂ ਅਮੀਰ ਆਦਮੀ ਹੋਣ ਕਰ ਕੇ ਚਰਚਾ ਵਿਚ ਰਿਹਾ ਹੈ। ਪਰ ਪਿਛਲੇ ਦਿਨੀਂ ਉਹ ਭਰਵੀਂ ਚਰਚਾ ਵਿਚ ਉਦੋਂ ਆਇਆ ਜਦੋਂ ਰੂਸ ਤੇ ਯੂਕਰੇਨ ਵਿਚਕਾਰ ਜੰਗ ਰੋਕਣ ਲਈ ਉਸ ਨੇ ਆਪਣੀ ਤਜਵੀਜ ਪੇਸ਼ ਕੀਤੀ ਕਿ ਯੂਕਰੇਨ ਕਰੀਮੀਆ ਉਤੇ ਰੂਸ ਦੀ ਮਾਲਕੀ ਮੰਨ ਲਵੇ ਅਤੇ ਬਾਕੀ ਚਾਰ ਸੂਬਿਆਂ ਦੀ ਯੂਨਾਈਟਡ ਨੇਸ਼ਨਜ ਦੀ ਅਗਵਾਈ ਹੇਠ ਦੁਬਾਰਾ ਰਾਏਸੁਮਾਰੀ ਕਰਵਾ ਲਈ ਜਾਵੇ। ਜਦੋਂ ਯੂਕਰੇਨ ਨੇ ਇਹ ਪੇਸ਼ਕਸ਼ ਠੁਕਰਾਅ ਦਿੱਤੀ ਤਾਂ ਏਲੋਨ ਮਸਕ ਦਾ ਕਹਿਣਾ ਸੀ ਕਿ ਹੁਣ ਪ੍ਰਮਾਣੂ ਜੰਗ ਅਟੱਲ ਹੈ।

# ਫਰਾਂਸ ਵਿਚ ਰੇਪ ਕਾਂਡ ਦੇ ਦੋਸ਼ੀ ਕਲਾਕਾਰਾਂ ਨੂੰ ਨਹੀਂ ਮਿਲੇਗਾ ਸੀਜ਼ਰ ਪੁਰਸਕਾਰ

## ਫਰਾਂਸ ਵਿਚ ਰੇਪ ਕਾਂਡ ਦੇ ਦੋਸ਼ੀ ਕਲਾਕਾਰਾਂ ਨੂੰ ਨਹੀਂ ਮਿਲੇਗਾ ਸੀਜ਼ਰ ਪੁਰਸਕਾਰ ਸੋਫੀਆ ਬੇਨੇਸਰ 'ਤੇ ਪਵੇਗਾ ਅਸਰ, ਜੋ ਬਲਾਤਕਾਰ ਦੇ ਦੋਸ਼ਾਂ ਦੀ ਜਾਂਚ ਦੇ ਘੇਰੇ 'ਚ





ਲੰਡਨ/ਏ.ਟੀ.ਨਿਊਜ਼ :- ਕਿਸੇ ਵੀ ਕਲਾਕਾਰ ਨੂੰ ਫਰਾਂਸ ਦੇ ਆਸਕਰ ਨਾਮਕ ਸਿਨੇਮਾ ਪੁਰਸਕਾਰ ਸੀਜ਼ਰ ਵਿੱਚ ਨਾਮਜ਼ਦਗੀ ਨਹੀਂ ਮਿਲੇਗੀ, ਜਿਸ 'ਤੇ ਜਿਨਸੀ ਸ਼ੋਸ਼ਣ ਦਾ ਦੋਸ਼ ਹੋਵੇਗਾ। ਇਹ ਨਿਯਮ 2023 ਸਮਾਰੋਹ ਲਈ ਬਣਾਇਆ ਗਿਆ ਹੈ। ਸੀਜ਼ਰ ਐਵਾਰਡਸ ਦੀ ਰਸਮ ਅਗਲੇ ਮਹੀਨੇ ਫਰਵਰੀ ਵਿਚ ਹੋਣੀ ਹੈ। ਇਸ ਦੇ ਆਯੋਜਕਾਂ ਨੇ ਕਿਹਾ ਹੈ ਕਿ ਇਹ ਫੈਸਲਾ ਜਿਨਸੀ ਸ਼ੋਸ਼ਣ ਦੇ ਸੰਭਾਵਿਤ ਪੀੜਤਾਂ ਨੂੰ ਧਿਆਨ ਵਿਚ ਰੱਖਕੇ ਲਿਆ ਗਿਆ ਹੈ। ਦਾ ਗਾਰਡੀਅਨ ਡਾਟ ਕਾਮ ਅਨੁਸਾਰ ਇਸ ਫੈਸਲੇ ਦਾ ਪਹਿਲਾ ਅਸਰ ਅਦਾਕਾਰ ਸੋਫੀਆ ਬੇਨੇਸਰ 'ਤੇ ਪਵੇਗਾ, ਜੋ ਬਲਾਤਕਾਰ ਦੇ ਦੋਸ਼ਾਂ ਦੀ ਜਾਂਚ ਦੇ ਘੇਰੇ ਵਿਚ ਹੈ। ਬੇਨਾਸਰ ਨੇ ਆਪਣੇ ਉਪਰ ਲਗੇ ਦੋਸ਼ਾਂ ਨੂੰ ਗਲਤ ਦੱਸਿਆ ਹੈ। ਇਹ ਖਦਸ਼ਾ ਸੀ ਕਿ ਜੇ ਬੇਨੇਸਰ ਸੀਜਰ ਸਮਾਰੋਹ ਵਿਚ ਸ਼ਾਮਲ ਹੁੰਦਾ ਹੈ ਤਾਂ ਉਸ ਦੇ ਖਿਲਾਫ ਲੋਕ ਉਸਦੇ ਵਿਰੁਧ ਪ੍ਰਦਰਸ਼ਨ ਕਰ ਸਕਦੇ ਹਨ।

ਇਹ ਫੈਸਲਾ 2020 ਦੀ ਘਟਨਾ ਤੋਂ ਬਾਅਦ ਲਿਆ ਗਿਆ ਹੈ। 2020 ਵਿੱਚ, ਰੋਮਨ ਪੋਲਾਂਸਕੀ ਨੂੰ ਸਰਵੋਤਮ ਨਿਰਦੇਸ਼ਕ ਦਾ ਪੁਰਸਕਾਰ ਮਿਲਿਆ, ਜਿਸ ਦਾ ਸਖ਼ਤ ਵਿਰੋਧ ਕੀਤਾ ਗਿਆ ਕਿਉਂਕਿ ਪੋਲਾਂਸਕੀ 'ਤੇ ਅਮਰੀਕਾ ਵਿੱਚ ਬਲਾਤਕਾਰ ਦੇ ਦੋਸ਼ ਲੱਗੇ ਹਨ ਅਤੇ ਮੁਕੱਦਮਾ ਚੱਲ ਰਿਹਾ ਹੈ।

ਸੀਜ਼ਰ ਅਵਾਰਡ ਸੀਜ਼ਰ ਅਕੈਡਮੀ ਦੁਆਰਾ ਆਯੋਜਿਤ ਕੀਤੇ ਜਾਂਦੇ ਹਨ। ਸੀਜ਼ਰ ਅਕੈਡਮੀ ਦੇ ਪ੍ਰਬੰਧਕਾਂ ਨੇ ਨਵੰਬਰ ਵਿਚ ਹੀ ਬੇਨੇਸਰ ਨੂੰ ਨਾਮਜ਼ਦਗੀ ਸੂਚੀ ਵਿਚੋਂ ਬਾਹਰ ਕਰ ਦਿੱਤਾ ਸੀ। ਉਦੋਂ ਹੀ ਜਦੋਂ ਅਕੈਡਮੀ ਨੇ ਕਿਹਾ ਕਿ ਉਹ ਨਿਯਮਾਂ ਨੂੰ ਬਦਲਣ 'ਤੇ ਵਿਚਾਰ ਕਰ ਰਹੀ ਹੈ ਤਾਂ ਜੋ ਜਿਣਸੀ ਸ਼ੋਸ਼ਣ ਦੇ ਦੋਸ਼ੀਆਂ ਨੂੰ ਪੁਰਸਕਾਰਾਂ ਤੋਂ ਅਯੋਗ ਠਹਿਰਾਇਆ ਜਾ ਸਕੇ। ਹੁਣ ਇਸ ਸਬੰਧ ਵਿਚ ਫੈਸਲਾ ਸੁਣਾਉਂਦੇ ਹੋਏ ਸੀਜ਼ਰ ਅਕੈਡਮੀ ਨੇ ਕਿਹਾ ਹੈ ਕਿ ਜਿਸ ਕਿਸੇ ਵੀ ਵਿਅਕਤੀ ਉਪਰ ਸੈਕਸ ਸ਼ੋਸ਼ਣ ਦੇ ਦੋਸ਼ ਹਨ ਤੇ ਜੇਲ ਦੀ ਸਜ਼ਾ ਹੋ ਸਕਦੀ ਹੈ, ਉਸਨੂੰ 25 ਫਰਵਰੀ ਨੂੰ ਹੋਣ ਵਾਲੇ ਸਮਾਰੋਹ ਵਿਚ ਸ਼ਾਮਲ ਹੋਣ ਦੀ ਮਨਾਹੀ ਹੈ।ਇਹ ਨਿਯਮ ਉਨ੍ਹਾਂ ਲੋਕਾਂ 'ਤੇ ਵੀ ਲਾਗੂ ਹੋਵੇਗਾ ਜੋ ਦੋਸ਼ੀ ਪਾਏ ਗਏ ਹਨ ਅਤੇ ਉਨ੍ਹਾਂ ਨੂੰ ਸਜ਼ਾ ਦਿੱਤੀ ਗਈ ਹੈ। ਅਕੈਡਮੀ ਹੁਣ ਇਸ ਗੱਲ 'ਤੇ ਵੋਟ ਕਰੇਗੀ ਕਿ ਨਿਯਮ ਨੂੰ ਸਥਾਈ ਬਣਾਉਣਾ ਹੈ ਜਾਂ ਨਹੀਂ।25 ਸਾਲਾ ਸੋਫੀਆਨੇ ਬੇਨੇਸਰ ਨੂੰ ਫਿਲਮ ਲੇਸ ਅਮੈਂਡੀਅਰਸ (ਫੋਰਏਵਰ ਯੰਗ) ਵਿੱਚ ਉਸਦੀ ਭੂਮਿਕਾ ਲਈ ਨਾਮਜ਼ਦ ਕੀਤਾ ਗਿਆ ਹੈ। ਪਰ ਇਹ ਨਾਮਜ਼ਦਗੀ ਪਹਿਲਾਂ ਹੋਈ ਸੀ ਅਤੇ ਪੁਲਿਸ ਜਾਂਚ ਬਾਅਦ ਵਿੱਚ ਸ਼ੁਰੂ ਹੋਈ। ਪੁਲਿਸ ਬੇਨਾਸਰ ਦੇ ਖਿਲਾਫ ਜਿਣਸੀ ਸ਼ੋਸ਼ਣ ਅਤੇ ਬਲਾਤਕਾਰ ਦੇ ਦੋਸ਼ਾਂ ਦੀ ਜਾਂਚ ਕਰ ਰਹੀ ਹੈ।

ਬੇਨੇਸਰ ਨੇ ਇਨ੍ਹਾਂ ਦੋਸ਼ਾਂ ਨੂੰ ਪੂਰੀ ਤਰ੍ਹਾਂ ਨਾਲ ਗਲਤ ਕਰਾਰ ਦਿੱਤਾ ਹੈ। ਫਿਲਮ ਦੀ ਨਿਰਦੇਸ਼ਕ ਵੈਲੇਰੀ ਬਰੂਨੀ-ਟੇਡੇਸ਼ੀ ਨੇ ਵੀ ਉਸ ਦਾ ਸਮਰਥਨ ਕੀਤਾ ਹੈ ਅਤੇ ਕਿਹਾ ਹੈ ਕਿ ਬੇਨਾਸਰ ਨੂੰ 'ਮੀਡੀਆ ਵਿਚ ਬਦਨਾਮ' ਕੀਤਾ ਜਾ ਰਿਹਾ ਹੈ।

ਬੇਨੇਸਰ ਫਰਾਂਸ ਦੇ ਸਾਬਕਾ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਦੀ ਪਤਨੀ ਅਤੇ ਗਾਇਕਾ ਕਾਰਲਾ ਬਰੂਨੀ ਦਾ ਭਰਾ ਹੈ। ਬਰੂਨੀ ਨੇ ਵੀ ਆਪਣੇ ਭਰਾ ਦੀ ਹਮਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਇਸ ਕੇਸ ਨੂੰ ਪੇਸ਼ ਕੀਤਾ ਜਾ ਰਿਹਾ ਹੈ, ਉਸ ਨਾਲ 'ਦੋਸ਼ੀ ਸਾਬਤ ਹੋਣ ਤੱਕ ਨਿਰਦੋਸ਼ ਮੰਨੋ' ਦੇ ਸਿਧਾਂਤ ਦਾ ਅਪਮਾਨ ਕੀਤਾ ਜਾ ਰਿਹਾ ਹੈ।

ਦੁਨੀਆ ਭਰ ਦੇ ਫ੍ਰੈਂਚ ਸਿਨੇਮਾ ਅਤੇ ਫਿਲਮ ਉਦਯੋਗਾਂ ਵਿੱਚ ਇਸ ਗੱਲ ਨੂੰ ਲੈ ਕੇ ਬਹਿਸ ਚੱਲ ਰਹੀ ਹੈ ਕਿ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਨੂੰ ਕਿੰਨੀ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ ? ਸੀਜ਼ਰ ਅਕੈਡਮੀ ਦੀ ਇਸੇ ਕਾਰਨ ਆਲੋਚਨਾ ਹੋ ਰਹੀ ਹੈ ਕਿ ਜਿਨਸੀ ਸ਼ੋਸ਼ਣ ਦੇ ਦੋਸ਼ਾਂ 'ਚ ਫਸੇ ਕਲਾਕਾਰਾਂ ਨੂੰ ਤਵਜੋਂ

(ਬਾਕੀ ਸਫ਼ਾ 30 'ਤੇ)

# ਇਨਸਾਨਾਂ ਨੂੰ ਸਿਗਨਲ ਭੇਜ ਰਹੇ ਏਲੀਅਨ

## 2023 ਵਿਚ ਧਰਤੀ 'ਤੇ ਕਦਮ ਰੱਖਣਗੇ ਅਜੀਬ ਜੀਵ, ਕਿੰਨੇ ਸੱਚੇ ਹਨ ਅਜੀਬੋ-ਗਰੀਬ ਦਾਅਵੇ



ਵਾਸ਼ਿੰਗਟਨ/ਏ.ਟੀ.ਨਿਊਜ਼ :- ਕਿਹਾ ਜਾ ਰਿਹਾ ਹੈ ਕਿ 2023 ਉਹ ਸਾਲ ਹੈ ਜਦੋਂ ਆਖਿਰਕਾਰ ਏਲੀਅਨ ਧਰਤੀ 'ਤੇ ਉਤਰਨਗੇ। ਲੰਡਨ, ਲਾਸ-ਵੇਗਾਸ ਅਤੇ ਬ੍ਰਾਜ਼ੀਲ ਵਿੱਚ ਵੱਖ-ਵੱਖ ਲੋਕਾਂ ਨੇ ਯੂਐਫਓ ਦੇਖੇ ਜਾਣ ਦਾ ਦਾਅਵਾ ਕੀਤਾ ਹੈ। ਹਾਲਾਂਕਿ ਇਨ੍ਹਾਂ ਦਾਅਵਿਆਂ ਵਿੱਚ ਕਿੰਨੀ ਸੱਚਾਈ ਹੈ, ਇਹ ਕਹਿਣਾ ਮੁਸ਼ਕਿਲ ਹੈ। ਅਜੇ ਤੱਕ ਦੁਨੀਆ ਵਿੱਚ ਏਲੀਅਨ ਨਾਲ ਸਬੰਧਿਤ ਕਿਸੇ ਵੀ ਦਾਅਵੇ ਦੀ ਪੁਸ਼ਟੀ ਨਹੀਂ ਹੋਈ ਹੈ। ਪਰ 'ਯੂਐਫਓ ਹੰਟਰ' ਮੈਟ ਵੇਲਜ਼ ਦਾ ਕਹਿਣਾ ਹੈ ਕਿ 'ਏਲੀਅਨ ਸਾਨੂੰ ਸੰਦੇਸ਼ ਭੇਜ ਰਹੇ ਹਨ'।

ਡੇਲੀ ਸਟਾਰ ਦੀ ਖਬਰ ਮੁਤਾਬਕ ਵੇਲਸ ਨੇ ਕਿਹਾ, ਮੇਰਾ ਮੰਨਣਾ ਹੈ ਕਿ ਅਸੀਂ ਆਪਣੀ ਸੋਚ ਤੋਂ ਪਹਿਲਾਂ ਏਲੀਅਨਜ਼ ਨੂੰ ਬਹੁਤ ਪਹਿਲਾਂ ਹੀ ਧਰਤੀ 'ਵੱਲ ਆਉਂਦੇ ਦੇਖ ਸਕਦੇ ਹਾਂ।' ਲਾਸ ਵੇਗਾਸ, ਪੈਰਿਸ, ਬ੍ਰਾਜ਼ੀਲ, ਚਿਲੀ ਅਤੇ ਜਾਪਾਨ ਦੇ ਆਈਫਲ ਟਾਵਰ ਦੇ ਅਸਮਾਨ ਵਿੱਚ ਕੁਝ 'ਅਸਾਧਾਰਨ ਵਰਤਾਰੇ' ਦੇਖੇ ਗਏ ਹਨ। ਮੈਟ ਇਸ ਬਾਰੇ ਕਹਿੰਦਾ ਹੈ, 'ਇਹ ਵਰਤਾਰੇ ਲਗਾਤਾਰ ਦੁਨੀਆ ਦੀਆਂ ਕੁਝ ਮਸ਼ਹੂਰ ਥਾਵਾਂ 'ਤੇ ਦੇਖੇ ਅਤੇ ਰਿਪੋਰਟ ਕੀਤੇ ਜਾ ਰਹੇ ਹਨ।

ਵੱਡੀ ਗਿਣਤੀ ਵਿੱਚ ਯੂਐਫਓ ਹੰਟਿੰਗ ਗਰੁੱਪ, ਜਿਨ੍ਹਾਂ ਦਾ ਇੱਕ-ਦੂਸਰੇ ਦਾ ਕੋਈ ਸਬੰਧ ਨਹੀਂ ਹੈ, ਉਹ ਇੱਕ ਵੀ ਗੱਲ ਦੀ ਰਿਪੋਰਟ ਕਰ ਰਹੇ ਹਨ। ਮੈਟ ਦੇ ਕੋਲ ਆਪਣੇ ਦਾਅਵਿਆਂ ਦੇ ਸਮਰਥਨ ਵਿੱਚ ਕੋਈ ਵੀ ਵਿਗਿਆਨਕ ਸਬੂਤ ਨਹੀਂ ਹੈ। ਪਰ ਉਹ ਇਕੱਲੇ ਨਹੀਂ ਹਨ ਜੋ ਇਸ ਤਰ੍ਹਾਂ ਦੇ ਦਾਅਵੇ ਕਰ ਰਹੇ ਹਨ। ਇਥੋਸ ਸਾਲੋਮੇ ਨੇ ਕਿਹਾ ਕਿ ਏਲੀਅਨਜ ਅਮਰੀਕਾ ਦੇ ਟਾਪ-ਸੀਕ੍ਰੇਟ ਏਰੀਆ 51 ਏਅਰ ਬੇਸ 'ਤੇ ਸਥਿਤ ਇੱਕ ਅੰਡਰਗ੍ਰਾਉਂਡ ਪੋਰਟਲ ਤੋਂ ਬਾਹਰ ਆ ਸਕਦੇ ਹਨ।36 ਸਾਲਾ ਐਥੋਸ ਸਲੋਮੇ ਨੂੰ 'ਅੱਜ ਦਾ ਨੋਸਟ੍ਰਾਡੇਮਸ' ਅਰਥਾਤ ਜੋਤਸ਼ੀ ਕਿਹਾ ਜਾਂਦਾ ਹੈ। ਸਲੋਮੇ ਦੀਆਂ ਕਈ ਭਵਿੱਖਬਾਣੀਆਂ ਵੀ ਸੱਚ ਸਾਬਤ

(ਬਾਕੀ ਸਫ਼ਾ 30 'ਤੇ)




# ਜ਼ਮੀਂਦੋਜ਼ ਹੋ ਰਿਹਾ
# ਜੋਸ਼ੀਮਠ



## ਲੋਕ ਆਪਣਾ ਘਰ ਤੇ ਕਾਰੋਬਾਰ ਛੱਡਣ ਲਈ ਹੋਏ ਮਜ਼ਬੂਰ

ਜੋਸ਼ੀਮਠ ਵਿੱਚ ਮੌਜੂਦਾ ਆਫ਼ਤ ਜਿੰਨੀ ਜ਼ਿਆਦਾ ਕੁਦਰਤੀ ਜਾਂ ਭੂ-ਵਿਗਿਆਨਕ ਮਾਪਾਂ ਕਾਰਨ ਹੈ, ਓਨੀ ਹੀ ਇਹ ਸਮੱਸਿਆ ਮਨੁੱਖ ਦੁਆਰਾ ਬਣਾਈ ਗਈ ਹੈ। ਇਹ ਸੱਚ ਹੈ ਕਿ ਛੇ ਹਜ਼ਾਰ ਫੁੱਟ ਦੀ ਉਚਾਈ 'ਤੇ ਸਥਿਤ ਜੋਸ਼ੀਮਠ ਕਿਸੇ ਸਥਾਈ ਜ਼ਮੀਨ 'ਤੇ ਆਧਾਰਿਤ ਨਹੀਂ ਹੈ, ਸਗੋਂ ਬਹੁਤ ਹੀ ਅਸਥਾਈ ਅਤੇ ਕਮਜ਼ੋਰ ਆਧਾਰ 'ਤੇ ਟਿਕਿਆ ਹੋਇਆ ਹੈ। ਇਹ ਕਮਜ਼ੋਰ ਅਧਾਰ ਹਜ਼ਾਰਾਂ ਸਾਲ ਪਹਿਲਾਂ ਇੱਥੇ ਗਲੇਸ਼ੀਅਰਾਂ ਦੁਆਰਾ ਛੱਡੇ ਗਏ ਮੋਰੇਨ (ਰੇਤ, ਮਲਬੇ, ਪੱਥਰਾਂ ਆਦਿ) ਕਾਰਨ ਹੈ, ਜਿਸ 'ਤੇ ਜੋਸ਼ੀਮਠ ਸਥਿਤ ਹੈ।



ਇਹ ਇਲਾਕਾ ਬਦਰੀਨਾਥ ਦਾ ਪ੍ਰਵੇਸ਼ ਦੁਆਰ ਹੈ, ਜਿੱਥੋਂ ਤੁਸੀਂ ਹੇਮਕੁੰਟ ਸਾਹਿਬ ਦੇ ਦਰਸ਼ਨ ਕਰ ਸਕਦੇ ਹੋ ਅਤੇ ਯੂਨੈਸਕੋ ਦੀ ਵਿਸ਼ਵ ਵਿਰਾਸਤ ਸੂਚੀ ਵਿੱਚ ਸ਼ਾਮਲ ਫੁੱਲਾਂ ਦੀ ਘਾਟੀ ਦਾ ਵੀ ਗੇਟਵੇ ਹੈ। ਇਸ ਦੇ ਨਾਲ ਹੀ ਕਈ ਲੋਕ ਸਰਦੀਆਂ ਵਿੱਚ ਸੈਰ-ਸਪਾਟੇ ਲਈ ਇੱਥੇ ਆਉਂਦੇ ਹਨ ਅਤੇ ਸੈਲਾਨੀ ਔਲੀ ਵਿੱਚ ਸਕੀਇੰਗ ਲਈ ਵੀ ਆਉਂਦੇ ਹਨ। ਇਹ ਇੱਕ ਮਸ਼ਹੂਰ ਸੈਰ ਸਪਾਟਾ ਸਥਾਨ ਹੈ। ਅਜਿਹੇ ਮਹੱਤਵਪੂਰਨ ਸਥਾਨਾਂ ਦਾ ਪ੍ਰਵੇਸ਼ ਪੁਆਇੰਟ ਹੋਣ ਕਰਕੇ ਜੋਸ਼ੀਮਠ ਰੁਜ਼ਗਾਰ ਦਾ ਵੱਡਾ ਕੇਂਦਰ ਬਣ ਗਿਆ ਅਤੇ ਲੋਕਾਂ ਨੇ ਇੱਥੇ ਹੋਟਲ ਅਤੇ ਹੋਰ ਇਮਾਰਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ।

ਇਸ ਤਰ੍ਹਾਂ ਜੋਸ਼ੀਮਠ ਹਲਚਲ ਵਾਲਾ ਇਲਾਕਾ ਬਣ ਗਿਆ। ਸਾਲ 1962 ਵਿੱਚ ਚੀਨ ਦੇ ਹਮਲੇ ਤੋਂ ਬਾਅਦ ਇੱਥੇ ਫੌਜ ਅਤੇ ਇੰਡੋ-ਤਿੱਬਤ ਬਾਰਡਰ ਪੁਲਿਸ ਦੀਆਂ ਗਤੀਵਿਧੀਆਂ ਵੀ ਵਧ ਗਈਆਂ ਸਨ। ਇਸ ਕਾਰਨ ਇੱਥੇ ਫੌਜੀ ਬੁਨਿਆਦੀ ਢਾਂਚਾ ਵੀ ਵਧਿਆ ਹੈ। ਕਿਉਂਕਿ ਇਹ ਸਰਹੱਦੀ ਸੁਰੱਖਿਆ ਦਾ ਮਾਮਲਾ ਹੈ, ਇਸ ਲਈ ਇਸ ਦੀ ਲੋੜ ਵੀ ਹੈ। ਪਰ ਇਸ ਤੋਂ ਵੀ ਵੱਧ ਵਿਆਪਕ ਤੋੜ-ਫੋੜ ਹੋਈ। ਅੱਜ ਸਰਕਾਰੀ ਅਧਿਕਾਰੀ ਇਹੀ ਤਰਕ ਦੇ ਰਹੇ ਹਨ ਕਿ ਜੋਸ਼ੀਮੱਠ ਵਿੱਚ ਸੰਕਟ ਹੈ, ਸੜਕਾਂ ਅਤੇ ਇਮਾਰਤਾਂ ਵਿੱਚ ਤਰੇੜਾਂ ਆ ਰਹੀਆਂ ਹਨ ਤੇ ਨਾਲ ਹੀ ਪੰਜ ਸੌ ਤੋਂ ਵੱਧ ਘਰਾਂ ਵਿੱਚ ਤਰੇੜਾਂ ਆ ਗਈਆਂ ਹਨ, ਇਸ ਦਾ ਕਾਰਨ ਇੱਥੇ ਸਿਵਲ ਉਸਾਰੀ ਹੈ।

ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਡਰੇਨਾਂ ਦਾ ਸਹੀ ਪ੍ਰਬੰਧ ਨਾ ਹੋਣਾ ਵੀ ਵੱਡਾ ਕਾਰਨ ਹੈ। ਪਰ ਕੀ ਇਹ ਸਾਰਾ ਸੱਚ ਹੈ ? ਨਹੀਂ, ਇਹ ਪੂਰੀ ਤਰ ਾਂ ਸੱਚ ਨਹੀਂ ਹੈ ਕਿਉਂਕਿ ਪਿਛਲੇ ਕੁਝ ਸਮੇਂ ਤੋਂ ਇੱਥੇ ਬਹੁਤ ਸਾਰਾ ਬਾਹਰੀ ਨਿਰਮਾਣ ਹੋਇਆ ਹੈ, ਜਿਸ ਵਿੱਚ ਕਈ ਕੰਪਨੀਆਂ ਦੇ ਹਿੱਤ ਛੁਪੇ ਹੋਏ ਸਨ। ਇਸ ਵਿੱਚ ਸੜਕਾਂ ਦੀ ਉਸਾਰੀ ਦਾ ਕੰਮ ਵੀ ਸ਼ਾਮਲ ਹੈ, ਜਿਸ ਵਿੱਚ ਅਵਿਗਿਆਨਿਕ ਢੰਗ ਨਾਲ ਟੁੱਟ-ਭੱਜ ਹੋਈ ਸੀ। ਸਰਕਾਰ ਵੱਲੋਂ ਜੋ ਕਿਹਾ ਜਾ ਰਿਹਾ ਹੈ ਕਿ ਜੋਸ਼ੀਮੱਠ ਵਿੱਚ ਇਹ ਸਥਿਤੀ ਲੋਕਾਂ ਵੱਲੋਂ ਕੀਤੇ ਗਏ ਨਿਰਮਾਣ ਕਾਰਜਾਂ ਕਾਰਨ ਆਈ ਹੈ, ਉਸ ਨੂੰ ਪੂਰੀ ਤਰ ਾਂ ਸਵੀਕਾਰ ਨਹੀਂ ਕੀਤਾ ਜਾ ਸਕਦਾ।

12 ਕਿੱਲੋਮੀਟਰ ਲੰਬੀ ਸੁਰੰਗ ਦਰਿਆ ਦਾ ਪਾਣੀ ਪਣਬਿਜਲੀ ਸਟੇਸ਼ਨ ਦੇ ਟਰਬਾਈਨ ਤੱਕ ਲੈ ਜਾਵੇਗੀ, ਜਿਸ ਦੇ ਕੁਝ ਹਿੱਸੇ ਲੋਕਾਂ ਦੇ ਦਾਅਵੇ ਅਨੁਸਾਰ ਜੋਸ਼ੀਮਠ ਦੀ ਜ਼ਮੀਨ ਦੇ ਅੰਦਰ ਹੋ ਰਹੇ ਹਨ।

ਇਨ੍ਹਾਂ ਲੋਕਾਂ ਦਾ ਦਾਅਵਾ ਹੈ ਕਿ ਸੁਰੰਗ ਤਿਆਰ ਕਰਨ ਲਈ ਜੋ 'ਬਲਾਸਟ' ਕੀਤਾ ਜਾ ਰਿਹਾ ਹੈ, ਉਸ ਦੇ ਕਾਰਨ ਧਰਤੀ ਦੇ ਅੰਦਰ ਮੌਜੂਦ ਕੋਈ ਕੁਦਰਤੀ ਜਲ ਸਰੋਤ ਫਟ ਗਿਆ ਹੈ, ਜਿਸ ਤੋਂ ਬਾਅਦ ਸ਼ਹਿਰ ਦੇ ਇੱਕ ਹਿੱਸੇ ਤੋਂ ਬੇਹੱਦ ਤੇਜ਼ ਚਿੱਕੜ ਵਾਲਾ ਪਾਣੀ ਪੂਰੀ ਤੇਜ਼ੀ ਨਾਲ ਵਹਿ ਰਿਹਾ ਹੈ ਅਤੇ ਸ਼ਹਿਰ ਤੇਜ਼ੀ ਨਾਲ ਗਰਕਣ ਲੱਗਿਆ ਹੈ।

ਹਾਲਾਂਕੀ ਪ੍ਰੋਜੈਕਟ ਉੱਤੇ ਕੰਮ ਕਰ ਰਹੀ ਕੰਪਨੀ ਨੈਸ਼ਨਲ ਥਰਮਲ ਪਾਵਰ ਕਾਰਪੋਰੇਸ਼ਨ (ਐਨਟੀਪੀਸੀ) ਨੇ ਅਜਿਹੇ ਕਿਸੇ ਵੀ ਖਦਸ਼ੇ ਤੋਂ ਇਨਕਾਰ ਕੀਤਾ ਹੈ।

ਇਹ ਯਕੀਨਨ ਸੱਚ ਹੈ ਕਿ ਲੋਕਾਂ ਨੇ ਇੱਥੇ ਰੁਜ਼ਗਾਰ ਦੇ ਮੌਕਿਆਂ ਨੂੰ ਦੇਖਦਿਆਂ ਹੋਟਲ ਅਤੇ ਹੋਰ ਇਮਾਰਤਾਂ ਬਣਾਈਆਂ, ਜਿਸ ਵਿੱਚ ਨਿਯਮਾਂ ਦੀ ਉਲੰਘਣਾ ਹੋ ਸਕਦੀ ਹੈ, ਪਰ ਇਹ ਵੀ ਜ਼ਿਕਰਯੋਗ ਹੈ ਕਿ ਇੱਥੇ ਵੱਡੇ ਨਿਰਮਾਣ ਕਾਰਜ ਵੀ ਹੋਏ, ਜਿਵੇਂ ਪਣ-ਬਿਜਲੀ ਪ੍ਰਾਜੈਕਟ ਲਗਾਇਆ ਗਿਆ, ਸੜਕਾਂ ਬਣਾਈਆਂ ਗਈਆਂ, ਅਤੇ ਨਿਯਮਾਂ ਦੀ ਉਲੰਘਣਾ ਕੀਤੀ ਗਈ। ਸਾਲ 1976 ਵਿੱਚ ਐਮਸੀ ਮਿਸ਼ਰਾ ਕਮੇਟੀ ਨੇ ਇੱਕ ਰਿਪੋਰਟ ਦਿੱਤੀ ਸੀ। ਐਮ ਸੀ ਮਿਸ਼ਰਾ ਗੜ੍ਹ ਵਾਲ ਦੇ ਕਮਿਸ਼ਨਰ ਹੁੰਦੇ ਸਨ। ਉਸ ਰਿਪੋਰਟ ਵਿੱਚ ਸਪੱਸ਼ਟ ਕਿਹਾ ਗਿਆ ਸੀ ਕਿ ਇੱਥੇ ਭਾਰੀ ਉਸਾਰੀ ਦਾ ਕੰਮ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਕਿਸੇ ਵੀ ਉਸਾਰੀ ਤੋਂ ਪਹਿਲਾਂ ਪ੍ਰਸਤਾਵਿਤ ਜਗ ਾ ਦੀ ਸਥਿਰਤਾ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ। ਇਸ ਵਿੱਚ ਰੁੱਖ ਲਗਾਉਣ ਦੇ ਸੁਝਾਅ ਵੀ ਦਿੱਤੇ ਗਏ। ਇੱਕ ਮਹੱਤਵਪੂਰਨ ਸੁਝਾਅ ਵਜੋਂ ਇਹ ਵੀ ਕਿਹਾ ਗਿਆ ਕਿ ਜੋਸ਼ੀਮੱਠ ਤੋਂ ਕੋਈ ਵੀ ਉਸਾਰੀ ਸਮੱਗਰੀ ਜਿਵੇਂ ਕਿ ਪੱਥਰ ਆਦਿ ਦੀ ਖੁਦਾਈ ਨਾ ਕੀਤੀ ਜਾਵੇ।

ਮਿਸ਼ਰਾ ਕਮੇਟੀ ਦੀ ਰਿਪੋਰਟ ਤੋਂ ਬਾਅਦ ਵੀ ਮਾਹਿਰਾਂ ਦੀਆਂ ਕਈ ਰਿਪੋਰਟਾਂ ਆਈਆਂ, ਜਿਨ ਾਂ ਵਿਚ ਅਜਿਹੀਆਂ ਚੇਤਾਵਨੀਆਂ ਅਤੇ ਸਿਫ਼ਾਰਸ਼ਾਂ ਸਨ। ਪਰ ਇਨ੍ਹਾਂ ਸਭ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਅਤੇ ਲੋਕਾਂ ਦੇ ਵਿਰੋਧ ਦੇ ਬਾਵਜੂਦ 1980 ਵਿੱਚ ਇੱਕ ਨਿੱਜੀ ਕੰਪਨੀ ਦਾ ਹਾਈਡਰੋ ਪਾਵਰ ਪ੍ਰੋਜੈਕਟ ਇੱਥੇ ਆ ਗਿਆ। ਇਸ ਤੋਂ ਬਾਅਦ 2006 ਵਿੱਚ ਐਨਟੀਪੀਸੀ ਦਾ ਇੱਕ ਪ੍ਰੋਜੈਕਟ ਵੀ ਇੱਥੇ ਆਇਆ ਸੀ, ਜਿਸ ਦਾ ਲੋਕਾਂ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ ਸੀ। ਇਹ ਰੋਸ ਅੱਜ ਵੀ ਦੇਖਣ ਨੂੰ ਮਿਲ ਰਿਹਾ ਹੈ।

ਇਨ੍ਹਾਂ ਪਣ-ਬਿਜਲੀ ਪ੍ਰਾਜੈਕਟਾਂ ਦੀ ਸਮੱਸਿਆ ਇਹ ਸੀ ਕਿ ਵੱਡੀ ਉਸਾਰੀ ਕਾਰਨ ਇਨ੍ਹਾਂ ਦੀ ਵੱਡੇ ਪੱਧਰ 'ਤੇ ਭੰਨਤੋੜ ਕੀਤੀ ਗਈ। ਕਈ ਧਮਾਕੇ ਵੀ ਕੀਤੇ ਗਏ। ਇਸ ਕਾਰਨ ਭੂਗੋਲਿਕ ਤੌਰ 'ਤੇ ਅਸਥਾਈ ਅਤੇ ਕਮਜ਼ੋਰ ਜੋਸ਼ੀਮਠ ਦੀ ਹਾਲਤ ਹੋਰ ਵਿਗੜ ਗਈ। ਜਿਨ ਾਂ ਦਰਿਆਵਾਂ 'ਤੇ ਇਹ ਪ੍ਰਾਜੈਕਟ ਬਣਾਏ ਗਏ ਹਨ, ਜਿਹੜੇ ਨਾਲ਼ੇ ਉਨ ਾਂ ਦਰਿਆਵਾਂ ਦੇ ਸਹਾਇਕ ਨਦੀਆਂ ਦੇ ਰੂਪ 'ਚ ਆਉਂਦੇ ਹਨ, ਉਨ ਾਂ ਦੇ ਸਿਸਟਮ ਨੂੰ ਵਿਗਿਆਨਕ ਨਜ਼ਰੀਏ ਨਾਲ ਨਹੀਂ ਦੇਖਿਆ ਗਿਆ। ਸੈਂਟਰ ਫਾਰ ਡਿਜ਼ਾਸਟਰ ਮਿਟੀਗੇਸ਼ਨ ਐਂਡ ਮੈਨੇਜਮੈਂਟ ਦੀ ਸਾਲ 2006 ਦੀ ਰਿਪੋਰਟ ਵਿੱਚ ਵੀ ਇਸ ਨੂੰ ਰੇਖਾਂਕਿਤ ਕੀਤਾ ਗਿਆ ਹੈ।



ਜਲਵਾਯੂ ਪਰਿਵਰਤਨ ਇੱਕ ਵੱਡੇ ਸੰਕਟ ਦੇ ਰੂਪ ਵਿੱਚ ਪੂਰੀ ਦੁਨੀਆ ਨੂੰ ਆਪਣੀ ਲਪੇਟ ਵਿੱਚ ਲੈ ਰਿਹਾ ਹੈ। ਜੋਸ਼ੀਮਠ ਵਿੱਚ ਅੱਜ ਇੱਕ ਪਾਸੇ ਜਿੱਥੇ ਲੋਕਾਂ ਦੇ ਘਰ ਛੱਡਣ ਦਾ ਖ਼ਤਰਾ ਬਣਿਆ ਹੋਇਆ ਹੈ, ਉੱਥੇ ਹੀ ਮੌਸਮ ਵਿੱਚ ਤਬਦੀਲੀ ਕਾਰਨ ਜੋਸ਼ੀਮੱਠ ਦੇ ਖਿਸਕਣ ਦੀ ਸੰਭਾਵਨਾ ਤੇਜ਼ੀ ਨਾਲ ਵੱਧ ਰਹੀ ਹੈ। ਜਲਵਾਯੂ ਪਰਿਵਰਤਨ ਕਾਰਨ ਹੜ , ਬਹੁਤ ਭਾਰੀ ਮੀਂਹ ਕਦੇ ਵੀ ਆ ਸਕਦਾ ਹੈ। ਇੱਥੇ ਇਹ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਜੋਸ਼ੀਮਠ ਇੱਕ ਬਹੁਤ ਹੀ ਸੰਵੇਦਨਸ਼ੀਲ ਭੂਚਾਲ ਖੇਤਰ ਵਿੱਚ ਸਥਿਤ ਹੈ।

ਇਹ ਇਲਾਕਾ ਭੁਚਾਲਾਂ ਦਾ ਸਭ ਤੋਂ ਵੱਧ ਖ਼ਤਰਾ ਹੈ। ਮਾਹਿਰ ਦੱਸਦੇ ਹਨ ਕਿ ਜੇਕਰ ਭੁਚਾਲ ਆਉਂਦਾ ਹੈ, ਭਾਰੀ ਮੀਂਹ ਪੈਂਦਾ ਹੈ, ਬੱਦਲ ਫਟ ਜਾਂਦੇ ਹਨ, ਤਾਂ ਕੀ ਜਿਨ ਾਂ ਘਰਾਂ ਵਿਚ ਤਰੇੜਾਂ ਆ ਜਾਂਦੀਆਂ ਹਨ, ਸੜਕਾਂ ਡੁੱਬ ਜਾਂਦੀਆਂ ਹਨ, ਕੀ ਉਨ ਾਂ ਦੇ ਤਬਾਹ ਹੋਣ ਦੀ ਜ਼ਿਆਦਾ ਸੰਭਾਵਨਾ ਨਹੀਂ ਹੈ ? ਫਿਲਹਾਲ ਸਰਕਾਰ ਨੇ ਇਸ ਨੂੰ ਆਫ਼ਤ ਪੱਖੀ ਇਲਾਕਾ ਐਲਾਨ ਦਿੱਤਾ ਹੈ ਅਤੇ ਇੱਥੋਂ ਲੋਕਾਂ ਨੂੰ ਕੱਢਣ ਦੀ ਗੱਲ ਚੱਲ ਰਹੀ ਹੈ। ਜੋਸ਼ੀਮਠ ਹੀ ਅਜਿਹੀ ਕਹਾਣੀ ਨਹੀਂ ਹੈ।

ਇਸੇ ਤਰ ਾਂ ਉੱਤਰਾਖੰਡ ਦੇ ਹਜ਼ਾਰਾਂ ਪਿੰਡ ਇਸ ਸੰਵੇਦਨਸ਼ੀਲ ਖੇਤਰ ਵਿੱਚ ਖ਼ਤਰੇ ਵਿੱਚ ਹਨ। ਉਹਨਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਇਹ ਪਿੰਡ ਚਮੋਲੀ, ਉੱਤਰਕਾਸ਼ੀ, ਰੁਦਰਪ੍ਰਯਾਗ, ਕਰਨਪ੍ਰਯਾਗ, ਪਿਥੌਰਾਗੜ ਅਤੇ ਬਾਗੇਸ਼ਵਰ ਵਰਗੇ ਜ਼ਿਲਿ ਆਂ ਵਿੱਚ ਹਨ। ਕੁਝ ਦੁਖੀ ਪਿੰਡ ਨੈਨੀਤਾਲ ਖੇਤਰ ਵਿੱਚ ਵੀ ਹਨ। ਇਨ੍ਹਾਂ ਹਜ਼ਾਰਾਂ ਪਿੰਡਾਂ ਵਿੱਚ ਲੋਕ ਨਹੀਂ ਰਹਿ ਸਕਦੇ ਅਤੇ ਸੈਂਕੜੇ ਹੋਰ ਪਿੰਡ ਅਜਿਹੇ ਹਨ ਜਿੱਥੋਂ ਲੋਕ ਰੁਜ਼ਗਾਰ ਲਈ ਦੂਜੇ ਰਾਜਾਂ ਵਿੱਚ ਚਲੇ ਗਏ ਹਨ।

ਜੋਸ਼ੀਮਠ ਦੀ ਆਬਾਦੀ 25 ਹਜ਼ਾਰ ਹੈ। ਸਰਕਾਰ ਇਨ੍ਹਾਂ ਨੂੰ (ਬਾਕੀ ਸਫ਼ਾ 31 'ਤੇ)

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇਡੀਅਨ ਪਾਸਪੋਰਟ
• ਇਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

11 ਜਨਵਰੀ ਤੋਂ 17 ਜਨਵਰੀ, 2023

## ਅਕਾਲ ਤਖ਼ਤ ਸਾਹਿਬ ਨੂੰ ਹਰ ਤਰ੍ਹਾਂ ਦੇ ਪ੍ਰਭਾਵ ਤੋਂ ਮੁਕਤ ਕਰਵਾਉਣ ਦੀ ਗੱਲ ਤੁਰਨ ਲੱਗੀ

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੂੰ ਹਰ ਤਰ੍ਹਾਂ ਦੇ ਬਿਪਰਵਾਦੀ ਅਤੇ ਪੱਛਮੀ ਤਰੀਕੇ ਦੇ ਪ੍ਰਭਾਵਾਂ ਤੋਂ ਮੁਕਤ ਕਰਵਾਉਣ ਦੀ ਗੱਲ ਹੁਣ ਪੰਥ ਦੀਆਂ ਜਥੇਬੰਦੀਆਂ ਅਤੇ ਨੌਜਵਾਨਾਂ ਵਿੱਚ ਤੁਰਨ ਲੱਗੀ ਹੈ, ਇਹ ਚੰਗੀ ਗੱਲ ਹੈ। ਹੁਣ ਤੱਕ ਸਿੱਖਾਂ ਦੇ ਵੱਡੇ ਹਿੱਸੇ ਦਾ ਸਾਰਾ ਜ਼ੋਰ ਸਿਰਫ ਬੰਦੇ ਬਦਲਣ ਤੱਕ ਹੀ ਸੀਮਤ ਸੀ, ਲੱਗਦਾ ਹੈ ਕਿ ਪੰਥ ਨੇ ਹੁਣ ਇਸ ਬਿਮਾਰੀ ਦੀ ਜੜ੍ਹ ਨੂੰ ਫੜ ਲਿਆ ਹੈ ਅਤੇ ਗੱਲ ਬੰਦੇ ਬਦਲਣ ਦੀ ਥਾਂ 'ਤੇ ਤਰੀਕਾ ਬਦਲਣ ਦੀ ਹੋਣ ਲੱਗੀ ਹੈ। ਇਸ ਸਬੰਧ ਵਿੱਚ ਪੰਥ ਦੀਆਂ ਜੁਝਾਰੂ ਸ਼ਖਸੀਅਤਾਂ ਵੱਲੋਂ ਪਿਛਲੇ ਦਿਨੀਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿੱਖ ਨੌਜਵਾਨਾਂ ਦੀ 2 ਦਿਨਾਂ ਵਿਚਾਰ ਗੋਸ਼ਟੀ ਰੱਖੀ ਗਈ ਜਿਸ ਵਿੱਚ ਸ੍ਰੀ ਅਕਾਲ ਤਖ਼ਤ ਸਹਿਬ ਦੇ ਪ੍ਰਬੰਧ ਨੂੰ ਹਰ ਤਰ੍ਹਾਂ ਦੇ ਗੈਰ ਪੰਥਕ ਵਿਚਾਰ ਅਤੇ ਇੰਡੀਅਨ ਵੋਟ ਰਾਜਨੀਤੀ ਦੀਆਂ ਪਾਰਟੀਆਂ ਦੇ ਪ੍ਰਭਾਵ ਤੋਂ ਮੁਕਤ ਕਰਵਾਉਣ ਦੀ ਗੱਲ ਵੱਡੇ ਰੂਪ ਵਿੱਚ ਨਿੱਖਰ ਕੇ ਸਾਹਮਣੇ ਆਈ।

ਅਸੀਂ ਜਾਣਦੇ ਹਾਂ ਕਿ ਹੁਣ ਦੇ ਸਮੇਂ ਵਿੱਚ ਤਖ਼ਤ ਸਾਹਿਬ ਦੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇੱਕ ਉਪ ਕਮੇਟੀ ਨਿਯੁਕਤ ਕੀਤੀ ਜਾਂਦੀ ਹੈ। ਇਹ ਉਪ ਕਮੇਟੀ ਤੈਅ ਕਰਦੀ ਹੈ ਕਿ ਤਖ਼ਤ ਸਾਹਿਬ ਦਾ ਜਥੇਦਾਰ ਕੌਣ ਹੋਵੇਗਾ। ਉਪ ਕਮੇਟੀ ਨੂੰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਪ੍ਰਬੰਧ ਹੇਠ ਰੱਖਦੀ ਹੈ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇੱਕ ਵੋਟਾਂ ਵਾਲੀ ਰਾਜਨੀਤਕ ਪਾਰਟੀ (ਸ਼੍ਰੋਮਣੀ ਅਕਾਲੀ ਦਲ) ਆਪਣੇ ਪ੍ਰਬੰਧ ਹੇਠ ਰੱਖਦੀ ਹੈ। ਸ਼੍ਰੋਮਣੀ ਅਕਾਲੀ ਦਲ 'ਤੇ ਹੁਣ ਇੱਕ ਪਰਿਵਾਰ ਦਾ ਕਬਜਾ ਹੈ। ਤਖ਼ਤ ਸਾਹਿਬ ਦਾ ਪ੍ਰਬੰਧ ਹੁਣ ਇਨ੍ਹਾਂ ਤੈਹਾਂ ਦੀ ਸਭ ਤੋਂ ਹੇਠਲੀ ਤੈਹ ਵਿੱਚ ਹੁੰਦਾ ਹੈ।

ਤਖ਼ਤ ਸਾਹਿਬ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਾਂ ਨੂੰ ਆਪਣੀ ਰਵਾਇਤ ਅਨੁਸਾਰ ਬਿਹਤਰ ਕਰਨ ਲਈ ਸਾਨੂੰ ਇਤਿਹਾਸ ਵਿੱਚੋਂ ਦੀ ਲਾਜਮੀ ਗੁਜਰਨਾ ਪਵੇਗਾ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖੀ ਅਤੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਆਪਣੇ ਹੱਥੀਂ ਚਿਣਾਈ ਕਰਕੇ ਸੰਪੂਰਨ ਕੀਤਾ। ਇਸ ਤਰ੍ਹਾਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ, ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਰਾਹੀਂ 'ਗੁਰੂ' ਅਤੇ 'ਸਿੱਖ' ਪ੍ਰੰਪਰਾਵਾਂ ਨੇ ਮਿਲ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ ਜਿਸ ਉੱਪਰ ਬਾਅਦ ਵਿੱਚ ਗੁਰੂ ਖ਼ਾਲਸਾ ਪੰਥ ਰੂਪੀ ਸੱਚ ਦਾ ਅਮਲ ਸਾਕਾਰ ਹੋਇਆ। ਪਹਿਲੇ ਮੁਖੀ ਭਾਈ ਗੁਰਦਾਸ ਜੀ ਰਹੇ। ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਲੈ ਕੇ ਲੰਮਾ ਅਰਸਾ ਗੁਰੂ ਸਾਹਿਬਾਨ ਆਨੰਦਪੁਰ ਸਾਹਿਬ ਰਹੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਗੁਰੂ ਬੰਸੀਆਂ ਕੋਲ ਰਿਹਾ। ਗੁਰੂ ਬੰਸੀ ਰੂਹਾਨੀ ਉਚਾਈ ਤੋਂ ਸੱਖਣੇ ਹੋਣ ਕਾਰਨ ਅਖ਼ਲਾਕ ਹੀਣ ਜੀਵਨ ਜਿਊਂਦੇ ਸਨ ਇਸ ਲਈ ਇਨ੍ਹਾਂ ਦੇ ਖ਼ਿਲਾਫ਼ ਸ਼ਿਕਾਇਤ ਲੈ ਕੇ ਸੰਗਤਾਂ ਗੁਰੂ ਗੋਬਿੰਦ ਸਿੰਘ ਜੀ ਪਾਸ ਪਹੁੰਚੀਆਂ। 1699 ਵਿਚ ਖਾਲਸਾ ਸਾਜਨਾ ਤੋਂ ਉਪਰੰਤ ਭਾਈ ਮਨੀ ਸਿੰਘ ਜੀ ਨੂੰ ਪੰਜ ਸਿੰਘ ਨਾਲ ਦੇ ਕੇ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧ ਲਈ ਭੇਜਿਆ ਗਿਆ ਇਸ ਤਰ੍ਹਾਂ ਭਾਈ ਮਨੀ ਸਿੰਘ ਜੀ ਪੰਚ ਪ੍ਰਧਾਨੀ ਪ੍ਰਥਾ ਨਾਲ ਅਕਾਲ ਤਖ਼ਤ ਸਾਹਿਬ ਦੇ ਮੁਖੀ ਥਾਪੇ ਗਏ ਜੋ ਸ਼ਹੀਦੀ ਤੱਕ ਅਕਾਲ ਤਖ਼ਤ ਸਾਹਿਬ ਦੇ ਮੁਖੀ ਰਹੇ। ਭਾਈ ਮਨੀ ਸਿੰਘ ਜੀ ਨੇ ਸਿੱਖਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਕੱਤਰ ਹੋ ਕੇ ਆਪਣਾ ਨੇਤਾ ਚੁਣਨ ਅਤੇ ਆਪਣੀ ਗੁਰੂ ਪਦਵੀ ਦੀ ਵਰਤੋਂ ਕਰਨ ਲਈ ਪ੍ਰੇਰਨਾ ਕੀਤੀ। 1734 ਵਿੱਚ ਭਾਈ ਮਨੀ ਸਿੰਘ ਜੀ ਦੇ ਸੱਦੇ ਉਪਰ ਸਰਬਤ ਖ਼ਾਲਸਾ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਿਹੜੇ ਵਿਚ ਇਕੱਤਰ ਹੋਇਆ ਅਤੇ ਗੁਰਮਤੇ ਰਾਹੀਂ ਸਮੂਹਿਕ ਰੂਪ ਵਿਚ ਕਪੂਰ ਸਿੰਘ ਫੈਜ਼ਲਪੁਰੀਏ ਨੂੰ ਆਪਣਾ ਆਗੂ ਚੁਣਿਆ। ਇਹ ਸਰਬੱਤ ਖਾਲਸਾ, ਗੁਰੂ ਖ਼ਾਲਸਾ ਪੰਥ ਵੱਲੋਂ ਆਪਣੀ ਗੁਰੂ ਅਜ਼ਮਤ ਦਾ ਪਹਿਲਾ ਅਤੇ ਪੂਰਨ ਪ੍ਰਗਟਾਵਾ ਸੀ। ਗੁਰਮਤਾ ਕਰਕੇ ਲਏ ਗਏ ਇਸ ਫ਼ੈਸਲੇ ਨੂੰ ਹਰੇਕ ਮਾਈ ਭਾਈ ਨੇ ਗੁਰੂ ਦਾ ਹੁਕਮ ਕਰਕੇ ਜਾਣਿਆਂ ਅਤੇ ਨਵਾਬ ਕਪੂਰ ਸਿੰਘ ਦੇ ਇਕ ਇਸ਼ਾਰੇ 'ਤੇ ਆਪਣੀਆਂ ਜਾਨਾਂ ਵਾਰਨ ਲਈ ਸਦਾ ਤਿਆਰ ਰਹੇ। 1746 ਅਤੇ 1747 ਦੇ ਦੋਵੇਂ ਸਰਬੱਤ ਖ਼ਾਲਸਾ ਸਮਾਗਮ ਨਵਾਬ ਕਪੂਰ ਸਿੰਘ ਜੀ ਦੇ ਸੱਦੇ ਉੱਪਰ ਕੀਤੇ ਗਏ। ਇਨ੍ਹਾਂ ਸਰਬੱਤ ਖਾਲਸਾ ਸਮਾਗਮਾਂ ਰਾਹੀਂ ਸਮੁੱਚੀ ਖ਼ਾਲਸਾ ਸ਼ਕਤੀ ਨੂੰ ਪੰਝੀ ਜਥਿਆਂ ਵਿੱਚ ਜਥੇਬੰਦ ਕੀਤਾ ਗਿਆ। ਇਨ੍ਹਾਂ ਜਥਿਆਂ ਵਿੱਚੋਂ ਹੀ ਇੱਕ ਜਥਾ ਜੋ ਖ਼ਾਲਸਾ ਸਾਜਨਾ ਦੇ ਸਮੇਂ ਤੋਂ ਨੀਲਾ ਬਾਣਾ ਧਾਰਨ ਕਰਕੇ ਰੱਖਦਾ ਆ ਰਿਹਾ ਸੀ ਅਤੇ ਜਿਸ ਜਥੇ ਦੇ ਸਿੰਘਾਂ ਨੂੰ ਨਿਹੰਗ ਸਿੰਘ ਜਾਂ ਅਕਾਲੀ ਕਿਹਾ ਜਾਂਦਾ ਸੀ ਉਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਸੌਂਪਿਆ ਗਿਆ। ਜਦੋਂ ਦੂਜੀ ਵਾਰ ਖ਼ਾਲਸਾ ਸ਼ਕਤੀ ਨੂੰ 65 ਜਥਿਆਂ ਦੇ ਰੂਪ ਵਿੱਚ ਜਥੇਬੰਦ ਕਰਕੇ ਇਸ ਨੂੰ ਦਲ ਖ਼ਾਲਸਾ ਦਾ ਨਾਮ ਦਿੱਤਾ ਗਿਆ ਤਾਂ ਦਲ ਖ਼ਾਲਸਾ ਦਾ ਵਹੀਰ ਤੁਰਨ ਸਮੇਂ ਨਿਸ਼ਾਨ ਸਾਹਿਬ ਸੰਭਾਲਣ ਦੀ ਸੇਵਾ ਇਨ੍ਹਾਂ ਅਕਾਲੀਆਂ ਨੇ ਲਈ ਜੋ ਸ਼ਹੀਦ ਤਾਂ ਹੋ ਜਾਂਦੇ ਸਨ ਪਰ ਨਿਸ਼ਾਨ ਸਾਹਿਬ ਹੇਠਾਂ ਨਹੀਂ ਡਿੱਗਣ ਦਿੰਦੇ ਸਨ। ਇਨ੍ਹਾਂ ਦੇ ਜਥੇ ਦਾ ਨਾਂ ਵੀ ਸ਼ਹੀਦੀ ਜਥਾ ਪੈ ਗਿਆ ਅਤੇ ਬਾਅਦ ਵਿੱਚ ਸ਼ਹੀਦਾਂਵਾਲੀ ਮਿਸਲ ਵਜੋਂ ਪ੍ਰਚੱਲਤ ਹੋਏ। ਖਾਲਸਾ ਰਾਜ (ਦਲ ਖ਼ਾਲਸਾ 1747 ਤੋਂ 1792 ਅਤੇ ਸਰਕਾਰ ਖਾਲਸਾ 1849 ਤੱਕ) ਵਕਤ ਅਕਾਲੀ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਪ੍ਰਬੰਧਕ ਰਹੇ। 1849 ਤੋਂ 1920 ਅਕਾਲ ਤਖ਼ਤ ਸਾਹਿਬ ਦਾ ਕੋਈ ਵੱਖਰਾ ਪ੍ਰਬੰਧ ਨਹੀਂ ਕੀਤਾ ਗਿਆ ਅਤੇ ਦਰਬਾਰ ਸਾਹਿਬ ਦੇ ਪ੍ਰਬੰਧ ਲਈ ਲਾਏ ਗਏ ਸਰਬਰਾਹ ਹੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਦੇਖਦੇ ਰਹੇ। 1920 ਵਿੱਚ ਉੱਠੀ ਅਕਾਲੀ ਲਹਿਰ 1925 ਦੇ ਗੁਰਦੁਆਰਾ ਐਕਟ ਰੂਪ ਵਿੱਚ ਨਵਾਂ ਪ੍ਰਬੰਧਕੀ ਨਿਜ਼ਾਮ ਲੈ ਆਈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਸਾਧਾਰਨ ਮਨੁੱਖਾਂ ਵੱਲੋਂ ਸਾਜੇ ਕਾਨੂੰਨ (Conventional law) ਦੇ ਇਸ ਪ੍ਰਬੰਧਕੀ ਨਿਜ਼ਾਮ ਦੇ ਹੇਠਾਂ ਰੱਖ ਲਿਆ ਗਿਆ। ਤਖ਼ਤ ਅਤੇ ਗੁਰਦੁਆਰਾ ਸਾਹਿਬ ਵਿਚਲਾ ਫ਼ਰਕ ਮੇਟ ਕੇ ਅਕਾਲ ਤਖ਼ਤ ਸਾਹਿਬ ਨੂੰ ਕਾਬੂ ਕਰਕੇ ਰੱਖਣ ਦਾ ਇਹ ਸਿਲਸਿਲਾ ਅੱਜ ਤੱਕ ਬਾਦਸਤੂਰ ਜਾਰੀ ਹੈ।

ਸਿੱਖਾਂ ਦੇ ਤੌਰ 'ਤੇ ਸਾਨੂੰ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੇ ਅੰਤਰ ਨੂੰ ਮਹਿਸੂਸ ਕਰਦੇ ਹੋਏ ਗੁਰਦੁਆਰੇ ਅਤੇ ਤਖ਼ਤ ਦੇ ਅੰਤਰ ਨੂੰ ਸਮਝਣਾ ਪਵੇਗਾ ਅਤੇ ਫਿਰ ਇਨ੍ਹਾਂ ਦੇ ਪ੍ਰਬੰਧਾਂ ਨੂੰ ਬਾਕੀ ਪ੍ਰਭਾਵਾਂ ਤੋਂ ਮੁਕਤ ਕਰਵਾਉਣ ਲਈ ਯਤਨ ਆਰੰਭ ਕਰਨੇ ਪੈਣਗੇ। ਜੁਝਾਰੂ ਸ਼ਖਸੀਅਤਾਂ ਵੱਲੋਂ ਕੀਤੇ ਜਾ ਰਹੇ ਇਸ ਉੱਦਮ ਦਾ ਸਾਨੂੰ ਸਭ ਨੂੰ ਸਹਿਯੋਗ ਕਰਨਾ ਚਾਹੀਦਾ ਹੈ। ਤਖ਼ਤ ਸਾਹਿਬ ਸਿੱਖਾਂ ਦੀ ਇੱਕ ਵੱਖਰੀ ਅਜ਼ਾਦ ਹਸਤੀ ਦਾ ਪ੍ਰਤੀਕ ਹੈ, ਇਸ ਦੇ ਨਾਲ ਹੀ ਅਸੀਂ ਆਪਣੀ ਰਾਜਨੀਤਕ ਸਮਰੱਥਾ ਨੂੰ ਦੁਨੀਆ ਸਾਹਮਣੇ ਪ੍ਰਗਟ ਕਰਨ ਦੇ ਸਮਰੱਥ ਹੋ ਸਕਾਂਗੇ।

-ਸੰਪਾਦਕ

# ਕਿਸਾਨ, ਦੂੱਗਣੀ ਆਮਦਨ ਅਤੇ ਕੇਂਦਰ ਸਰਕਾਰ



ਗੁਰਮੀਤ ਸਿੰਘ ਪਲਾਹੀ
ਮੋ. 9815802070

ਗੱਲ ਅੰਕੜਿਆਂ ਤੋਂ ਸ਼ੁਰੂ ਕਰਦੇ ਹਾਂ। ਮਾਰਚ 2022 ਵਿੱਚ ਖੇਤੀ ਉਤੇ ਬਣੀ ਸੰਸਦੀ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਦੋ ਸਰਵੇਖਣਾਂ ਦੇ ਅੰਕੜੇ ਸਾਹਮਣੇ ਲਿਆਂਦੇ ਹਨ ਅਤੇ ਇਨ੍ਹਾਂ ਅੰਕੜਿਆਂ ਨੂੰ ਆਪਣੀ ਰਿਪੋਰਟ ਦਾ ਆਧਾਰ ਬਣਾਇਆ ਹੈ। ਰਿਪੋਰਟ ਅਤੇ ਅੰਕੜਿਆਂ ਅਨੁਸਾਰ 2015-16 ਵਿੱਚ ਦੇਸ਼ ਦੇ ਕਿਸਾਨਾਂ ਦੀ ਮਹੀਨੇ ਦੀ ਔਸਤ ਆਮਦਨ 8,059 ਰੁਪਏ ਸੀ, ਜੋ 2018-19 ਵਿੱਚ ਵਧਕੇ 10,218 ਰੁਪਏ ਹੋ ਗਈ। ਚਾਰ ਸਾਲਾਂ ਵਿੱਚ ਸਿਰਫ਼ 2,159 ਰੁਪਏ ਮਹੀਨਾ ਦਾ ਵਾਧਾ ਹੋਇਆ। ਜਦ ਕਿ ਸਰਕਾਰ ਕਿਸਾਨਾਂ ਦੀ ਔਸਤ ਆਮਦਨ ਪ੍ਰਤੀ ਮਹੀਨਾ 2022 ਤੱਕ 21,146 ਰੁਪਏ ਚਾਹੁੰਦੀ ਸੀ। ਕਿਸਾਨਾਂ ਦੀ ਆਮਦਨ ਤਾਂ ਵੱਧ ਗਈ, ਪਰ ਖ਼ਰਚ ਵੀ ਵਧ ਰਿਹਾ ਹੈ। ਪਿਛਲੇ ਸਾਲ ਨਵੰਬਰ ਵਿੱਚ ਸਰਕਾਰ ਨੇ ਦੱਸਿਆ ਕਿ ਕਿਸਾਨ ਹਰ ਮਹੀਨੇ 10,218 ਰੁਪਏ ਔਸਤਨ ਕਮਾਉਂਦੇ ਹਨ, ਪਰ ਉਨ੍ਹਾਂ ਦੇ 4,226 ਰੁਪਏ ਮਹੀਨਾ ਖੇਤੀ ਉਤੇ ਖ਼ਰਚ ਹੋ ਜਾਂਦੇ ਹਨ। ਕਿਸਾਨ ਹਰ ਮਹੀਨੇ ਔਸਤਨ ਬੀਜਾਈ ਅਤੇ ਖਾਦ, ਪਾਣੀ 'ਤੇ 2,959 ਰੁਪਏ ਅਤੇ ਪਸ਼ੂ ਪਾਲਣ ਤੇ 1,267 ਰੁਪਏ ਖ਼ਰਚ ਦਿੰਦੇ ਹਨ।

ਜਿਸਦਾ ਸਿੱਧਾ ਅਰਥ ਹੈ ਕਿ ਕਿਸਾਨ ਦੀ ਔਸਤਨ ਮਹੀਨਾ ਆਮਦਨ 6000 ਰੁਪਏ ਹੈ। ਇਹ ਉਹ ਰਕਮ ਹੈ, ਜਿਸ ਨਾਲ ਉਸਨੇ ਬੱਚੇ ਵੀ ਪਾਲਣੇ ਹਨ, ਪੜ੍ਹਾਉਣੇ ਵੀ ਹਨ, ਆਪਣੇ ਵੱਡਿਆਂ ਦੀ ਬੀਮਾਰੀ ਦਾ ਇਲਾਜ ਵੀ ਕਰਵਾਉਣਾ ਹੈ, ਘਰ ਵੀ ਚਲਾਉਣਾ ਹੈ। ਸਾਰੇ ਜਾਣਦੇ ਹਨ ਕਿ ਇੰਨੀ ਕੁ ਕਮਾਈ ਨਾਲ ਉਹ ਘਰ ਦਾ ਗੁਜ਼ਾਰਾ ਕਿਵੇਂ ਚੱਲੇਗਾ ਭਾਵੇਂ ਕਿ ਘਰ ਦੇ ਜੀਅ ਕੁਲ ਮਿਲਾਕੇ ਚਾਰ ਹੀ ਕਿਉਂ ਨਾ ਹੋਣ।

ਰਿਪੋਰਟ ਵਿਚਲੇ ਅੰਕੜੇ ਦੱਸਦੇ ਹਨ ਕਿ ਮੇਘਾਲਿਆ ਵਿੱਚ ਕਿਸਾਨਾਂ ਦੀ ਮਹੀਨੇ ਦੀ ਆਮਦਨ 29,348 ਰੁਪਏ ਹੈ ਜਦ ਕਿ ਆਮਦਨ ਦੇ ਮਾਮਲੇ 'ਚ ਪੰਜਾਬ ਦੂਜੇ ਨੰਬਰ 'ਤੇ ਹੈ, ਜਿੱਥੇ ਮਹੀਨੇ ਦੀ ਆਮਦਨ 26,701 ਰੁਪਏ ਹੈ। ਤੀਜੇ ਥਾਂ ਹਰਿਆਣਾ ਹੈ ਜਿੱਥੇ ਮਹੀਨੇ ਦੀ ਆਮਦਨ 22,841 ਹੈ। ਦੇਸ਼ ਵਿੱਚ ਚਾਰ ਜੁੜੇ, ਝਾਰਖੰਡ, ਮੱਧ ਪ੍ਰਦੇਸ਼, ਉੜੀਸਾ ਅਤੇ ਨਾਗਲੈਂਡ ਇਹੋ ਜਿਹੇ ਹਨ, ਜਿੱਥੇ ਕਿਸਾਨਾਂ ਦੀ ਹਰ ਮਹੀਨੇ ਦੀ ਆਮਦਨ 2,173 ਰੁਪਏ ਘੱਟ ਗਈ ਹੈ।

ਦੇਸ਼ ਦੇ ਕਿਸਾਨ ਨੂੰ ਉਂਜ ਤਾਂ ਅੰਨਦਾਤਾ ਕਿਹਾ ਜਾਂਦਾ ਹੈ, ਪਰ ਹਕੀਕਤ ਇਹ ਹੈ ਕਿ ਉਸਨੂੰ ਆਪਣਾ ਪੇਟ ਪਾਲਣ ਲਈ ਵੱਡਾ ਸੰਘਰਸ਼ ਕਰਨਾ ਪੈਂਦਾ ਹੈ ਅਤੇ ਇਸ ਸੰਘਰਸ਼ 'ਚ ਕਈ ਵੇਰ ਉਹ ਹਾਰ ਜਾਂਦਾ ਹੈ ਅਤੇ ਜ਼ਿੰਦਗੀ ਤੋਂ ਹੱਥ ਧੋ ਬੈਠਦਾ ਹੈ। ਆਤਮ ਹੱਤਿਆ ਦੇ ਰਾਹ ਤੁਰ ਪੈਂਦਾ ਹੈ, ਜਿਸਦਾ ਮੁੱਖ ਕਾਰਨ ਉਸ ਸਿਰ ਚੜ੍ਹਿਆ ਕਰਜ਼ਾ ਹੈ। ਭਾਰਤੀ ਕਿਸਾਨਾਂ ਸਿਰ ਕੁਲ ਮਿਲਾ ਕੇ ਇਸ ਵੇਲੇ 1,680 ਲੱਖ ਕਰੋੜ ਦਾ ਕਰਜ਼ਾ ਹੈ।

ਕਰਜ਼ਾ ਹੋਣ ਜਾਂ ਹੋਰ ਕਾਰਨਾਂ ਕਰਕੇ ਸਾਲ 2021 ਵਿੱਚ 5,318 ਕਿਸਾਨਾਂ , 4,806 ਖੇਤ ਮਜ਼ਦੂਰਾਂ ਅਤੇ 512 ਪਟੇ ਤੇ ਲੈ ਕੇ ਜ਼ਮੀਨ ਵਾਹੁਣ ਵਾਲਿਆਂ ਨੇ ਖੁਦਕੁਸ਼ੀ ਕੀਤੀ ।

ਬਿਨ੍ਹਾਂ ਸ਼ੱਕ ਖੇਤੀ ਖੇਤਰ ਉੱਤੇ ਲਾਗਤ ਲਗਾਤਾਰ ਵੱਧ ਰਹੀ ਹੈ। ਪਰ ਕਿਸਾਨਾਂ ਦੀਆਂ ਫ਼ਸਲਾਂ ਦੇ ਮੁੱਲ ਉਸ ਅਨੁਪਾਤ ਨਾਲ ਨਹੀਂ ਵੱਧ ਰਹੇ। ਸਰਕਾਰ ਦੀ ਕੋਸ਼ਿਸ਼ ਹੁੰਦੀ ਹੈ ਕਿ ਫ਼ਸਲਾਂ ਦੇ ਮੁੱਲ ਘੱਟ ਤੋਂ ਘੱਟ ਰਹਿਣ ਤਾਂ ਕਿ ਮਹਿੰਗਾਈ ਕਾਬੂ 'ਚ ਰਹੇ। ਇਸ ਨਾਲ ਕਿਸਾਨ ਵਿੱਚ-ਵਿਚਾਲੇ ਫਸ ਜਾਂਦਾ ਹੈ ਅਤੇ ਕਈ ਹਾਲਤਾਂ ਵਿਚ ਭੁੱਖਾ ਮਰਨ 'ਤੇ ਮਜ਼ਬੂਰ ਹੋ ਜਾਂਦਾ ਹੈ। ਬਹੁਤ ਲੰਮੇ ਸਮੇਂ ਤੋਂ ਕਿਸਾਨਾਂ ਦੀ ਮੰਗ ਹੈ ਕਿ ਫ਼ਸਲਾਂ ਦੀ ਘੱਟੋ-ਘੱਟ ਕੀਮਤ ਨੂੰ ਕਾਨੂੰਨੀ ਗਰੰਟੀ ਮਿਲੇ। ਪਰ ਕਿਸਾਨਾਂ ਨੂੰ ਕੀਮਤ ਦੀ ਗਰੰਟੀ ਨਹੀਂ ਮਿਲ ਰਹੀ। ਜੇਕਰ ਫ਼ਸਲਾਂ ਦੀ ਲਾਗਤ ਵਧਦੀ ਜਾਏਗੀ, ਜੇਕਰ ਖਾਦ, ਬਿਜਲੀ, ਡੀਜ਼ਲ ਦਾ ਮੁੱਲ ਕਾਬੂ 'ਚ ਨਹੀਂ ਰਹੇਗਾ, ਤਦ ਫਿਰ ਕਿਸਾਨਾਂ ਦੀ ਆਮਦਨ ਜਾਂ ਨਫਾ ਦੁਗਣਾ ਕਿਵੇਂ ਹੋਏਗਾ? ਇੱਕ ਰਿਪੋਰਟ ਅਨੁਸਾਰ 2020-21 ਦੇ ਮੁਕਾਬਲੇ 2021-22 'ਚ ਖੇਤੀ ਉਤੇ ਲਾਗਤ ਵੀਹ ਫ਼ੀਸਦੀ ਤੱਕ ਵੱਧ ਗਈ। ਇਹ ਜਾਣਦਿਆਂ ਹੋਇਆ ਵੀ ਕਿ ਭਾਰਤ ਦੇਸ਼ ਦਾ ਖੇਤੀ ਖੇਤਰ ਵਿਕਾਸ ਲਈ ਭਰਪੂਰ ਸੰਭਾਵਨਾਵਾਂ ਵਾਲਾ ਦੇਸ਼ ਹੈ। ਸਰਕਾਰ ਇਸ ਨੂੰ ਸਿਰਫ ਜਨਤਾ ਦਾ ਪੇਟ ਭਰਨ ਦਾ ਸਾਧਨ ਮੰਨਦੀ ਹੈ ਅਤੇ ਖੇਤੀ ਦੇ ਮਾਧਿਅਮ ਨਾਲ ਦੇਸ਼ ਦੀ ਜੀ ਡੀ ਪੀ ਵਧਾਉਣ ਲਈ ਕੋਈ ਮੰਥਨ ਨਹੀਂ ਕਰਦੀ ।

> ਕੇਂਦਰ ਸਰਕਾਰ ਵਲੋਂ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿੱਧੀ, ਪ੍ਰਧਾਨ ਮੰਤਰੀ ਕਿਸਾਨ ਜਨ ਧਨ ਯੋਜਨਾ, ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ, ਪ੍ਰਧਾਨ ਮੰਤਰੀ ਅੰਨਦਾਤਾ ਸੰਰਕਸ਼ਨ ਅਭਿਆਸ ਪਰਾਈਸ ਸਪੋਰਟ ਸਕੀਮ (ਦਾਲਾਂ ਲਈ), ਪਰਾਈਸ ਡੈਫੀਸ਼ੈਂਸੀ ਪੇਮੈਂਟ ਸਕੀਮਾਂ ਚਲ ਰਹੀਆਂ ਹਨ। ਇਹ ਸਕੀਮਾਂ 2022 ਦੇ ਬਜ਼ਟ ਵਿੱਚ ਵੀ ਚਾਲੂ ਰੱਖੀਆਂ ਗਈਆਂ ਹਨ। ਕੇਂਦਰ ਸਰਕਾਰ ਨੇ ਅਸ਼ੋਕ ਡਲਵਈ ਇੰਟਰ ਮਨਿਸਟਰੀਅਲ ਕਮੇਟੀ ਦਾ ਗਠਨ 13 ਅਪ੍ਰੈਲ 2016 ਨੂੰ ਕੀਤਾ ਸੀ, ਕਿਸਾਨਾਂ ਦੀ ਆਮਦਨ ਦੁਗੱਣੀ ਕਰਨ ਸਬੰਧੀ ਕੰਮ ਨੂੰ ਅੱਗੇ ਤੋਰਨ ਲਈ ਸੀ। ਇਸ ਅੱਠ ਮੈਂਬਰੀ ਕਮੇਟੀ ਨੇ ਐਗਰੀਕਲਚਰਲ ਮਾਰਕੀਟਿੰਗ ਨੂੰ ਕਨਕਰੰਟ ਲਿਸਟ ਵਿੱਚ ਸ਼ਾਮਲ ਕਰਨ ਦੀ ਸਿਫਾਰਸ਼ ਕੀਤੀ। ਪਰ ਇਸ ਦਿਸ਼ਾ 'ਚ ਕੁਝ ਵੀ ਕੰਮ ਨਾ ਹੋਇਆ।

ਦੇਸ਼ ਦੀ ਦੋ ਤਿਹਾਈ ਅਬਾਦੀ ਪੇਂਡੂ ਹੈ। ਸੱਠ ਫ਼ੀਸਦੀ ਪੇਂਡੂ ਅਜ਼ਾਦੀ ਪੇਂਡੂ ਅਰਥਵਿਵਸਥਾ ਅਤੇ ਖੇਤੀ ਨਾਲ ਜੁੜੀ ਹੋਈ ਹੈ। ਪ੍ਰੰਤੂ ਵਿਕਾਸ ਦੀਆਂ ਭਰਪੂਰ ਸੰਭਾਵਨਾਵਾਂ ਵਾਲੇ ਖੇਤੀ ਖੇਤਰ ਨੂੰ ਹਮੇਸ਼ਾ ਹੀ ਸਰਕਾਰ ਦਰਕਿਨਾਰ ਕਰਦੀ ਹੈ।

ਕੇਂਦਰ ਸਰਕਾਰ ਵਲੋਂ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿੱਧੀ, ਪ੍ਰਧਾਨ ਮੰਤਰੀ ਕਿਸਾਨ ਜਨ ਧਨ ਯੋਜਨਾ, ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ, ਪ੍ਰਧਾਨ ਮੰਤਰੀ ਅੰਨਦਾਤਾ ਸੰਰਕਸ਼ਨ ਅਭਿਆਸ ਪਰਾਈਸ ਸਪੋਰਟ ਸਕੀਮ (ਦਾਲਾਂ ਲਈ), ਪਰਾਈਸ ਡੈਫੀਸ਼ੈਂਸੀ ਪੇਮੈਂਟ ਸਕੀਮਾਂ ਚਲ ਰਹੀਆਂ ਹਨ। ਇਹ ਸਕੀਮਾਂ 2022 ਦੇ ਬਜ਼ਟ ਵਿੱਚ ਵੀ ਚਾਲੂ ਰੱਖੀਆਂ ਗਈਆਂ ਹਨ। ਕੇਂਦਰ ਸਰਕਾਰ ਨੇ ਅਸ਼ੋਕ ਡਲਵਈ ਇੰਟਰ ਮਨਿਸਟਰੀਅਲ ਕਮੇਟੀ ਦਾ ਗਠਨ 13 ਅਪ੍ਰੈਲ 2016 ਨੂੰ ਕੀਤਾ ਸੀ, ਕਿਸਾਨਾਂ ਦੀ ਆਮਦਨ ਦੁਗੱਣੀ ਕਰਨ ਸਬੰਧੀ ਕੰਮ ਨੂੰ ਅੱਗੇ ਤੋਰਨ ਲਈ ਸੀ। ਇਸ ਅੱਠ ਮੈਂਬਰੀ ਕਮੇਟੀ ਨੇ ਐਗਰੀਕਲਚਰਲ ਮਾਰਕੀਟਿੰਗ ਨੂੰ ਕਨਕਰੰਟ ਲਿਸਟ ਵਿੱਚ ਸ਼ਾਮਲ ਕਰਨ ਦੀ ਸਿਫਾਰਸ਼ ਕੀਤੀ। ਪਰ ਇਸ ਦਿਸ਼ਾ 'ਚ ਕੁਝ ਵੀ ਕੰਮ ਨਾ ਹੋਇਆ। ਸਿਰਫ਼ ਕਿਸਾਨਾਂ ਨੂੰ 6000 ਸਲਾਨਾ ਦੇਣ ਦਾ ਫੈਸਲਾ ਕਰ ਲਿਆ ਗਿਆ, ਜੋ ਕਿ ਸਿਰਫ਼ 500 ਰੁਪਏ ਮਹੀਨਾ ਸੀ ਅਤੇ ਇਸਨੂੰ ਇਵੇਂ ਪ੍ਰਚਾਰਿਆ ਗਿਆ ਜਿਵੇਂ ਇਸ ਰਕਮ ਨਾਲ ਕਿਸਾਨਾਂ ਦੇ ਸਾਰੇ ਮਸਲੇ ਹੱਲ ਹੋ ਗਏ ਹੋਣ। ਜਦੋਂ 2018-19 'ਚ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਕੇਂਦਰ ਸਰਕਾਰ ਨੇ ਟੀਚਾ ਮਿਥਿਆ ਸੀ ਤਾਂ ਪੇਂਡੂ ਅਬਾਦੀ ਦਾ 54 ਫ਼ੀਸਦੀ ਖੇਤੀ ਖੇਤਰ ਨਾਲ ਜੁੜਿਆ ਸੀ, ਜਦਕਿ 2012-13 'ਚ 57.8 ਫ਼ੀਸਦੀ ਲੋਕ ਖੇਤੀ ਖੇਤਰ ਨਾਲ ਜੁੜੇ ਸਨ ਭਾਵ ਖੇਤੀ ਛੱਡਣ ਵਾਲਿਆਂ ਦੀ ਗਿਣਤੀ ਹਰ ਸਾਲ ਵਧਦੀ ਗਈ, ਕਿਉਂਕਿ ਖੇਤੀ ਤੋਂ ਆਮਦਨ ਲਗਾਤਾਰ ਘੱਟ ਰਹੀ ਹੈ ਤੇ ਕਿਸਾਨਾ ਦਾ ਖੇਤੀ ਤੋਂ ਗੁਜ਼ਾਰਾ ਨਹੀਂ ਹੋ ਰਿਹਾ। ਇਥੇ ਇਹ ਗੱਲ ਧਿਆਨ ਕਰਨ ਵਾਲੀ ਇਸ ਕਰਕੇ ਵੀ ਹੈ ਕਿ 2012-13 ਵਿਚ ਖੇਤੀ ਉਤੇ ਖ਼ਰਚਾ 2192 ਰੁਪਏ ਮਹੀਨਾ ਸੀ ਜੋ 2018-19 'ਚ ਵੱਧ ਕੇ 2959 ਰੁਪਏ ਮਹੀਨਾ ਹੋ ਗਿਆ। ਅਤੇ ਔਸਤਨ ਕਰਜ਼ਾ ਵੀ 2018-19 'ਚ 74131 ਰੁਪਏ ਹੋ ਗਿਆ ਜੋ 2012-13 'ਚ 47000 ਰੁਪਏ ਸੀ।

ਕਿਸਾਨਾਂ ਦੀ ਆਮਦਨ 'ਚ ਨਾ ਵਾਧੇ ਦਾ ਕਾਰਨ ਉਨ੍ਹਾਂ ਦੀਆਂ ਫ਼ਸਲਾਂ ਦਾ ਘੱਟੋ-ਘੱਟ ਮੁੱਲ ਨਾ ਮਿਲਣਾ ਵੀ ਹੈ। ਐਮ ਐਸ ਪੀ ਦੇ ਸਬੰਧ 'ਚ ਕਿਸਾਨ ਅੰਦੋਲਨ ਵੀ ਚੱਲਿਆ, ਸਰਕਾਰੀ ਵਾਇਦੇ ਵੀ ਹੋਏ, ਪਰ ਹਾਲੀ ਤੱਕ ਇਸ ਮਸਲੇ ਦਾ ਹੱਲ ਨਹੀਂ ਕੱਢਿਆ ਜਾ ਸਕਿਆ। ਹੈਰਾਨੀ ਦੀ ਗੱਲ ਤਾਂ ਇਹ ਵੀ ਵੇਖਣ ਨੂੰ ਮਿਲੀ ਕਿ 2022-23 ਦੇ ਬਜਟ ਵਿੱਚ ਵੀ ਐਮ.ਐਸ.ਪੀ. ਦਾ ਕੋਈ ਜ਼ਿਕਰ ਨਹੀਂ ਸੀ। ਇਸ ਵਾਸਤੇ ਕੋਈ ਵਿਸ਼ੇਸ਼ ਫੰਡ ਨਹੀਂ ਰੱਖੇ ਗਏ। ਖੇਤੀ ਖੇਤਰਾਂ ਦਾ ਖਾਦ ਉਤੇ ਮਿਲ ਰਹੀ ਸਬਸਿਡੀ 25 ਫ਼ੀਸਦੀ ਘਟਾ ਦਿੱਤੀ ਗਈ। ਪੇਂਡੂ ਵਿਕਾਸ ਉਤੇ ਜਿਹੜਾ ਬਜਟ 5.5 ਫ਼ੀਸਦੀ ਸੀ, ਉਹ ਇਸ ਸਾਲ ਘਟਾ ਕੇ 5.2 ਫ਼ੀਸਦੀ ਕਰ ਦਿੱਤਾ ਗਿਆ।

ਇਥੇ ਹੀ ਬੱਸ ਨਹੀਂ ਪੇਂਡੂ ਸਕੀਮ ਮਗਨਰੇਗਾ ਉਤੇ ਪਿਛਲੇ ਬਜਟ ਵਿੱਚ ਜੋ ਰਕਮ 98,000 ਕਰੋੜ ਰੱਖੀ ਗਈ ਸੀ, ਉਹ ਘਟਾਕੇ 73,000 ਕਰੋੜ ਕਰ ਦਿੱਤੀ ਗਈ। ਪ੍ਰਧਾਨ ਮੰਤਰੀ ਕ੍ਰਿਸ਼ੀ ਵਿਕਾਸ ਯੋਜਨਾ ਉਤੇ ਬਜ਼ਟ ਵਿੱਚ ਪਿਛਲੇ ਸਾਲ 450 ਕਰੋੜ ਰੁਪਏ ਰੱਖੇ ਗਏ ਸਨ, ਪਰ ਉਸ ਵਿਚੋਂ ਸਿਰਫ਼ 100 ਕਰੋੜ ਖ਼ਰਚੇ ਗਏ। ਪ੍ਰਧਾਨ ਮੰਤਰੀ ਬੀਮਾ ਯੋਜਨਾ ਲਈ 15,500 ਕਰੋੜ ਰੱਖੇ ਗਏ, ਪਰ ਦੇਸ਼ ਦੇ ਬਹੁਤੇ ਸੂਬਿਆਂ ਨੇ ਇਸ ਸਕੀਮ ਤੋਂ ਪਾਸਾ ਵੱਟ ਲਿਆ। 2016 'ਚ ਭਾਰਤ ਦੀ ਕੇਂਦਰ ਸਰਕਾਰ ਨੇ ਕਿਹਾ ਸੀ ਕਿ 2022 ਤੱਕ ਦੇਸ਼ ਦੇ ਕਿਸਾਨਾਂ ਦੀ ਆਮਦਨ ਦੁੱਗਣੀ ਹੋ ਜਾਏਗੀ, ਜਦ ਦੇਸ਼ ਆਪਣੀ ਅਜ਼ਾਦੀ ਦੇ ਪਝੱਤਰ ਸਾਲ ਪੂਰੇ ਕਰੇਗਾ। ਪਰ ਕਿਸਾਨਾਂ ਦੀ ਆਮਦਨ ਦੋ ਗੁਣਾ ਹੋਣ ਦਾ ਟੀਚਾ ਹਾਲੇ ਤੱਕ ਵੀ ਕਾਫੀ ਪਿੱਛੇ ਹੈ।

ਕੇਂਦਰ ਸਰਕਾਰ ਵਲੋਂ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਤੋਂ ਇਸ ਹੱਦ ਤੱਕ ਮੁੱਖ ਮੋੜ ਲਿਆ ਗਿਆ ਕਿ ਕੇਂਦਰੀ ਨੇਤਾ ਜਿਹੜੇ 2016 'ਚ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੀ ਗੱਲ ਕਰਦੇ ਸਨ, ਉਹ 2022 ਵਿਚ ਇਸ ਮਾਮਲੇ 'ਚ ਕਹਿਣੀ ਤੇ ਕਥਨੀ ਦੋਹਾਂ ਪਾਸਿਆਂ ਤੋਂ ਚੁੱਪੀ ਸਾਧੀ ਬੈਠੇ ਹਨ। ਚਿੰਤਕ ਸਵਾਲ ਖੜ੍ਹੇ ਕਰਦੇ ਹਨ ਕਿ ਮੋਦੀ ਸਰਕਾਰ ਵਲੋਂ ਕਿਸਾਨਾਂ ਦੀ ਆਮਦਨ ਦੁੱਗਣੀ ਕਰਨਾ ਕੀ ਸਰਕਾਰ ਦਾ ਮਿਸ਼ਨ ਸੀ ਜਾਂ ਕੀ ਸਰਕਾਰ ਦਾ ਵਿਜ਼ਨ ਸੀ ਜਾਂ ਫਿਰ ਇਹ ਨਿਰੀ ਸਕੀਮ ਸੀ। ਕਿਸੇ ਨੇ ਵੀ ਕਦੇ ਇਸ ਬਾਰੇ ਸਰਕਾਰੀ ਪੱਖ ਉਜਾਗਰ ਨਹੀਂ ਕੀਤਾ। ਜਾਪਦਾ ਹੈ ਮੋਦੀ ਸਰਕਾਰ ਕਿਸਾਨ ਸੰਘਰਸ਼ 'ਚ ਕਿਸਾਨਾਂ ਦੀ ਜਿੱਤ ਤੋਂ ਬਾਅਦ ਜਿਵੇਂ ਕਿਸਾਨਾਂ ਨੂੰ ਭੁੱਲ ਹੀ ਗਈ ਹੈ।

ਸਰਕਾਰ ਨੂੰ ਇਹ ਸਮਝਣਾ ਪਵੇਗਾ ਕਿ ਖੇਤੀ ਖੇਤਰ ਜਿੰਨਾ ਮਜ਼ਬੂਤ ਅਤੇ ਫਾਇਦੇਮੰਦ ਹੋਵੇਗਾ, ਦੇਸ਼ ਉਤਨਾ ਹੀ ਮਜ਼ਬੂਤ ਹੋਏਗਾ। ਪਿਛਲੇ ਕੁਝ ਸਾਲ ਖੇਤੀ ਖੇਤਰ ਭਾਰਤੀ ਅਰਥ ਵਿਵਸਥਾ ਦਾ ਇੱਕ ਮਾਤਰ ਚਮਕਦਾ ਖੇਤਰ ਰਿਹਾ ਹੈ। ਖੇਤੀ ਭਾਰਤੀ ਅਰਥ ਵਿਵਸਥਾ ਦਾ ਵੱਡਾ ਭਾਰ ਚੁੱਕ ਰਹੀ ਹੈ। ਕਰੋਨਾ ਮਹਾਂਮਾਰੀ ਦੌਰਾਨ ਖੇਤੀ ਖੇਤਰ ਨੇ ਉਤਪਾਦਨ ਅਤੇ ਐਕਸਪੋਰਟ ਦੇ ਮੋਰਚੇ ਤੇ ਆਸ ਦੀ ਕਿਰਨ ਜਗਾਈ। ਇਹੋ ਜਿਹੇ ਹਾਲਤਾਂ ਵਿੱਚ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਖੇਤੀ ਖੇਤਰ ਦਾ ਵਿਕਾਸ 5 ਖਰਬ ਡਾਲਰ ਦੀ ਅਰਥ ਵਿਵਸਥਾ ਦਾ ਚੁਣੌਤੀਪੂਰਨ ਟੀਚਾ ਪੂਰਾ ਕਰਨ ਲਈ ਜ਼ਰੂਰੀ ਹੈ।

# ਕਾਲਜੀਅਮ ਪ੍ਰਣਾਲੀ ਦੀ ਵਿਰੋਧਤਾ ਕਿਉਂ?

## ਭਾਜਪਾ ਤੇ ਅੰਬੇਡਕਰਵਾਦੀਆਂ ਵਲੋਂ ਕਾਲਜੀਅਮ ਪ੍ਰਣਾਲੀ ਦੇ ਵਿਰੋਧ ਦਾ ਅਸਲ ਸੱਚ

**ਅੰਮ੍ਰਿਤਸਰ ਟਾਈਮਜ਼**



ਦਲਿਤ ਅਤੇ ਆਦਿਵਾਸੀ ਕਾਰਕੁਨਾਂ ਦਾ ਕਹਿਣਾ ਹੈ ਕਿ ਜੱਜਾਂ ਦੀ ਨਿਯੁਕਤੀ ਨੂੰ ਕੌਲਿਜੀਅਮ ਪ੍ਰਣਾਲੀ ਪਛੜੇ ਭਾਈਚਾਰਿਆਂ ਦੀ ਪ੍ਰਤੀਨਿਧਤਾ ਨੂੰ ਘੱਟ ਕਰਨ ਦਾ ਕਾਰਨ ਬਣਾਇਆ ਹੈ।ਜਦੋਂ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਜੱਜਾਂ ਦੀ ਨਿਯੁਕਤੀ 'ਤੇ ਨਿਯੰਤਰਣ ਦੇ ਸਬੰਧ ਵਿੱਚ ਨਿਆਂਪਾਲਿਕਾ ਦੀ ਆਲੋਚਨਾ 2014 ਵਿੱਚ ਹੀ ਸ਼ੁਰੂ ਹੋ ਗਈ ਸੀ ਦੂਜੇ ਪਾਸੇ ਅੰਬੇਡਕਰਵਾਦੀਆਂ ਨੇ ਵੀ ਲੰਬੇ ਸਮੇਂ ਤੋਂ ਨਿਯੁਕਤੀ ਦੀ ਕਾਲਜੀਅਮ ਪ੍ਰਣਾਲੀ ਦਾ ਵਿਰੋਧ ਕੀਤਾ ਹੈ।

### ਕੌਲਿਜੀਅਮ ਪ੍ਰਣਾਲੀ ਦਾ ਇਤਿਹਾਸ

ਕੌਲਿਜੀਅਮ ਪ੍ਰਣਾਲੀ 1993 ਵਿੱਚ ਪੇਸ਼ ਕੀਤੀ ਗਈ ਅਜਿਹੀ ਰਣਨੀਤੀ ਸੀ ਜਿਸ ਅਧੀਨ ਸੁਪਰੀਮ ਕੋਰਟ ਦੇ ਸੀਨੀਅਰ ਜੱਜ ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਲਈ ਨਵੇਂ ਨਾਵਾਂ ਦੀ ਸਿਫ਼ਾਰਸ਼ ਕਰਦੇ ਸਨ ਅਤੇ ਸਰਕਾਰ ਤੋਂ ਉਮੀਦ ਰੱਖਦੇ ਸਨ ਕਿ ਉਹਨਾਂ ਦੁਆਰਾ ਦਿਤੇ ਨਾਵਾਂ ਨੂੰ ਮੌਕਾ ਦਿੱਤਾ ਜਾਵੇਗਾ। ਪਰ ਅਕਸਰ ਲੋਕਾਂ ਵਲੋਂ ਅਪਾਰਦਰਸ਼ੀ ਅਤੇ ਗੈਰ ਜਵਾਬਦੇਹ ਹੋਣ ਲਈ ਆਲੋਚਨਾ ਕੀਤੀ ਜਾਂਦੀ ਹੈ।

ਦਲਿਤ ਅਤੇ ਆਦਿਵਾਸੀ ਕਾਰਕੁਨਾਂ ਦੀ ਦਲੀਲ ਹੈ ਕਿ ਇਸ ਧੁੰਦਲੇਪਣ ਨੇ ਇਹ ਯਕੀਨੀ ਬਣਾਇਆ ਹੈ ਕਿ ਹਾਸ਼ੀਏ 'ਤੇ ਰਹਿ ਗਏ ਭਾਈਚਾਰਿਆਂ - ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਹੋਰ ਪਛੜੀਆਂ ਸ਼੍ਰੇਣੀਆਂ ਅਤੇ ਧਾਰਮਿਕ ਘੱਟ ਗਿਣਤੀਆਂ - ਦੇ ਜੱਜ ਉੱਚ ਨਿਆਂਪਾਲਿਕਾ ਵਿੱਚ ਜ਼ਿਆਦਾਤਰ ਗੈਰ-ਪ੍ਰਤੀਨਿਧਤਾ ਵਾਲੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉੱਚ-ਜਾਤੀ ਜੱਜਾਂ ਦਾ ਦਬਦਬਾ, ਰਾਖਵਾਂਕਰਨ ਅਤੇ ਜਾਤ-ਆਧਾਰਿਤ ਅੱਤਿਆਚਾਰਾਂ ਵਰਗੇ ਮਾਮਲਿਆਂ ਵਿੱਚ ਅਦਾਲਤਾਂ ਦੁਆਰਾ ਦਿੱਤੇ ਗਏ ਫੈਸਲਿਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ।

### ਭਾਈ-ਭਤੀਜਾਵਾਦ ਅਤੇ ਜਾਤ ਦਾ ਰੌਲਾ

ਕੌਲਿਜੀਅਮ ਪ੍ਰਣਾਲੀ ਦੀ ਸਭ ਤੋਂ ਵੱਡੀ ਆਲੋਚਨਾ ਇਹ ਹੈ ਕਿ ਇਹ ਉੱਚ ਨਿਆਂਪਾਲਿਕਾ ਲਈ ਕਿਸ ਨੂੰ ਨਾਮਜ਼ਦ ਕੀਤਾ ਜਾਣਾ ਚਾਹੀਦਾ ਹੈ ਇਸ ਬਾਰੇ ਕਿਸੇ ਸਪੱਸ਼ਟ ਮਾਪਦੰਡ ਤੋਂ ਬਿਨਾਂ ਕੰਮ ਕੀਤਾ ਜਾਂਦਾ ਹੈ। ਕਿਉਂਕਿ ਇਹ ਜੱਜ ਹਨ ਜੋ ਨਾਵਾਂ ਦੀ ਸਿਫ਼ਾਰਸ਼ ਕਰਦੇ ਹਨ, ਕਈ ਟਿੱਪਣੀਕਾਰ ਦਲੀਲ ਦਿੰਦੇ ਹਨ ਕਿ ਪ੍ਰਕਿਰਿਆ ਉਦੇਸ਼ਪੂਰਨ ਨਹੀਂ ਹੈ।

ਲੇਖਕ ਅਤੇ ਦਲਿਤ ਵਿਦਵਾਨ ਸੂਰਜ ਯੇਂਗਡੇ ਨੇ ਕਿਹਾ, ਇਹ ਭਾਈ-ਭਤੀਜਾਵਾਦ ਰਿਹਾ ਹੈ ਜੋ ਕਾਲਜੀਅਮ ਵਿਭਿੰਨਤਾ ਦੇ ਵਿਚਾਰ ਨਾਲ ਅਕੁਸ਼ਲ ਸਾਬਤ ਹੋਇਆ ਹੈ।

ਐਡਵੋਕੇਟ ਅਤੇ ਬਹੁਜਨ ਸਮਾਜ ਪਾਰਟੀ ਦੇ ਸਾਬਕਾ ਰਾਸ਼ਟਰੀ ਜਨਰਲ ਸਕੱਤਰ, ਸੁਰੇਸ਼ ਮਾਨੇ ਨੇ ਇਸ ਬਾਰੇ ਦਲੀਲ ਦਿੱਤੀ ਤੇ ਕਿਹਾ 'ਕੁਝ ਲੋਕਾਂ ਦੇ ਅਨੁਸਾਰ, ਨਿਆਂ ਪ੍ਰਣਾਲੀ ਦੀ ਵਿਰਾਸਤ ਨੂੰ ਅੱਗੇ ਵਧਾਉਣ ਲਈ, 150-200 ਤੋਂ ਵੱਧ ਪਰਿਵਾਰਾਂ ਲਈ ਨਿਯੁਕਤੀਆਂ 'ਤੇ ਪਾਬੰਦੀ ਹੈ।' 2017 ਵਿੱਚ, ਉਪੇਂਦਰ ਕੁਸ਼ਵਾਹਾ, ਮਨੁੱਖੀ ਸਰੋਤ ਵਿਭਾਗ ਦੇ ਕੇਂਦਰੀ ਰਾਜ ਮੰਤਰੀ ਨੇ ਵੀ ਇਸੇ ਤਰ੍ਹਾਂ ਦੀਆਂ ਭਾਵਨਾਵਾਂ ਨੂੰ ਉਜਾਗਰ ਕੀਤਾ ਸੀ। ਆਉਟਲੁੱਕ ਦੀ 2016 ਦੀ ਰਿਪੋਰਟ ਦੇ ਅਨੁਸਾਰ, ਸੁਪਰੀਮ ਕੋਰਟ ਦੇ 28 ਜੱਜਾਂ ਵਿੱਚੋਂ 11 ਜੱਜਾਂ ਜਾਂ ਕਾਨੂੰਨੀ ਦਿੱਗਜਾਂ ਦੇ ਪਰਿਵਾਰਾਂ ਨਾਲ ਸਬੰਧਤ ਸਨ।

ਟਿੱਪਣੀਕਾਰ ਦਲੀਲ ਦਿੰਦੇ ਹਨ ਕਿ ਇਸ ਨਾਲ ਉੱਚ ਜਾਤੀ ਦੇ ਆਦਮੀਆਂ ਦਾ ਸੁਪਰੀਮ ਕੋਰਟ ਵਿੱਚ ਦਬਦਬਾ ਵਧਿਆ ਹੈ। ਨੈਸ਼ਨਲ ਕਨਫੈਡਰੇਸ਼ਨ ਆਫ ਦਲਿਤ ਆਰਗੇਨਾਈਜ਼ੇਸ਼ਨ ਦੇ ਚੇਅਰਮੈਨ ਅਸ਼ੋਕ ਭਾਰਤੀ ਨੇ ਕਿਹਾ, ਅਨੁਸੂਚਿਤ ਜਾਤੀਆਂ ਕੋਲ ਕੋਈ ਸੋਸ਼ਲ ਨੈੱਟਵਰਕ ਨਹੀਂ ਹੈ। 'ਜੇ ਕੋਈ ਸੋਸ਼ਲ ਨੈਟਵਰਕ ਨਹੀਂ ਹੈ, ਤਾਂ ਉਹ ਉਸ ਨੈਟਵਰਕ ਤੱਕ ਕਿਵੇਂ ਪਹੁੰਚ ਸਕਣਗੇ ਜਿੱਥੇ ਕਾਲਜੀਅਮ ਜੱਜਾਂ ਦੀ ਚੋਣ ਕਰਦਾ ਹੈ?' ਆਪਣੀ ਦਲੀਲ ਵਿਚ ਉਹਨਾਂ ਨੇ ਕਿਹਾ, ਇਸੇ ਕਰਕੇ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਦੇ ਜੱਜਾਂ ਨੂੰ ਲੋੜੀਂਦੀ ਗਿਣਤੀ ਵਿੱਚ ਭਰਤੀ ਨਹੀਂ ਕੀਤਾ ਗਿਆ ਹੈ।

ਅਨੁਸੂਚਿਤ ਜਾਤੀਆਂ ਲਈ ਰਾਸ਼ਟਰੀ ਕਮਿਸ਼ਨ ਦੀ ਇੱਕ ਰਿਪੋਰਟ ਵਿੱਚ ਨੋਟ ਕੀਤਾ ਗਿਆ ਹੈ ਕਿ 2011 ਵਿੱਚ ਹਾਈ ਕੋਰਟ ਦੇ 850 ਜੱਜਾਂ ਵਿੱਚੋਂ, ਸਿਰਫ 24 ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਵਿੱਚੋਂ ਸਨ, ਜੋ ਕਿ ਭਾਰਤ ਦੀ ਆਬਾਦੀ ਦਾ ਲਗਭਗ 25% ਹੋਣ ਦੇ ਬਾਵਜੂਦ, 3% ਤੋਂ ਘੱਟ ਸਨ। ਇਸ ਤੋਂ ਇਲਾਵਾ, 21 ਵਿੱਚੋਂ 14 ਹਾਈ ਕੋਰਟਾਂ ਵਿੱਚ ਇਹਨਾਂ ਭਾਈਚਾਰਿਆਂ ਵਿੱਚੋਂ ਇੱਕ ਵੀ ਜੱਜ ਨਹੀਂ ਸੀ।

ਇਸ ਤੋਂ ਇਲਾਵਾ, ਕੇਂਦਰ ਸਰਕਾਰ ਦੇ ਅੰਕੜਿਆਂ ਅਨੁਸਾਰ, 2018-22 ਦੇ ਵਿਚਕਾਰ ਨਿਯੁਕਤ ਕੀਤੇ ਗਏ 537 ਹਾਈ ਕੋਰਟ ਦੇ ਜੱਜਾਂ ਵਿੱਚੋਂ, 79% ਅਗਾਂਹਵਧੂ ਭਾਈਚਾਰਿਆਂ ਨਾਲ ਸਬੰਧਤ ਸਨ ਤੇ ਬਾਕੀਆਂ ਵਿੱਚੋਂ, ਲਗਭਗ 1% ਅਨੁਸੂਚਿਤ ਕਬੀਲੇ ਦੇ ਸਨ, ਲਗਭਗ 3% ਅਨੁਸੂਚਿਤ ਜਾਤੀਆਂ ਦੇ ਸਨ ਅਤੇ 11% ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਸਨ, ਜਦੋਂ ਕਿ ਲਗਭਗ 4% ਨਿਯੁਕਤੀਆਂ ਦੇ ਪਿਛੋਕੜ ਦੀ ਪਛਾਣ ਨਹੀਂ ਕੀਤੀ ਜਾ ਸਕੀ।




ਮੀਡੀਆ ਦੀ ਨਵੰਬਰ 2021 ਦੀ ਰਿਪੋਰਟ ਦੇ ਅਨੁਸਾਰ, ਉਸ ਸਮੇਂ ਤੱਕ ਨਿਯੁਕਤ ਕੀਤੇ ਗਏ ਕੁੱਲ 256 ਸੁਪਰੀਮ ਕੋਰਟ ਦੇ ਜੱਜਾਂ ਵਿੱਚੋਂ, ਸਿਰਫ਼ ਪੰਜ ਅਨੁਸੂਚਿਤ ਜਾਤੀ ਸਨ ਅਤੇ ਸਿਰਫ਼ ਇੱਕ ਜੱਜ ਅਨੁਸੂਚਿਤ ਜਨਜਾਤੀ ਦਾ ਜੱਜ ਸੀ। 2010 ਅਤੇ 2019 ਦੇ ਵਿਚਕਾਰ, ਸਿਰਫ਼ ਇੱਕ ਦਲਿਤ ਜੱਜ, ਬੀ.ਆਰ. ਗਵਈ, ਨੂੰ ਸੁਪਰੀਮ ਕੋਰਟ ਵਿੱਚ ਨਿਯੁਕਤ ਕੀਤਾ ਗਿਆ ਸੀ।ਕਾਲਜੀਅਮ ਦੀ ਆਲੋਚਨਾ ਵਿਦਵਾਨਾਂ ਅਤੇ ਕਾਰਕੁਨਾਂ ਤੱਕ ਸੀਮਤ ਨਹੀਂ ਹੈ। 1999 ਵਿੱਚ, ਕੇਆਰ ਨਰਾਇਣਨ, ਭਾਰਤ ਦੇ ਪਹਿਲੇ ਦਲਿਤ ਰਾਸ਼ਟਰਪਤੀ ਨੇ ਸੁਪਰੀਮ ਕੋਰਟ ਲਈ ਨਾਵਾਂ ਨੂੰ ਮਨਜ਼ੂਰੀ ਦਿੰਦੇ ਹੋਏ ਇੱਕ ਨੋਟ ਲਿਖਿਆ। ਨੋਟ ਵਿੱਚ ਕਿਹਾ ਗਿਆ ਹੈ ਕਿ ਔਰਤਾਂ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਯੋਗ ਉਮੀਦਵਾਰ ਹੋਣ ਦੇ ਬਾਵਜੂਦ, ਉਨ੍ਹਾਂ ਦੀ ਨਿਆਂਪਾਲਿਕਾ ਵਿੱਚ ਬਹੁਤ ਘੱਟ ਨੁਮਾਇੰਦਗੀ ਕੀਤੀ ਗਈ।

### ਸੰਵਿਧਾਨ ਸਭਾ ਦਾ ਖਰੜਾ

ਅੰਬੇਡਕਰਤੀਆਂ ਵੱਲੋਂ ਕੌਲਿਜੀਅਮ ਦਾ ਵਿਰੋਧ ਕਰਨ ਦਾ ਇੱਕ ਹੋਰ ਕਾਰਨ ਇਹ ਹੈ ਕਿ ਸੰਵਿਧਾਨ ਸਭਾ, ਜਿਸ ਸੰਸਥਾ ਨੇ ਸੰਵਿਧਾਨ ਦਾ ਖਰੜਾ ਤਿਆਰ ਕੀਤਾ ਸੀ, ਨੇ ਇਸਨੂੰ ਰੱਦ ਕਰ ਦਿੱਤਾ, ਕੇਂਦਰ ਨੂੰ ਜੱਜਾਂ ਦੀ ਨਿਯੁਕਤੀ ਕਰਨ ਦੀ ਸ਼ਕਤੀ ਦਿੱਤੀ।

ਮਾਨੇ ਨੇ ਕਿਹਾ, 'ਸੰਵਿਧਾਨ ਸਭਾ ਦੇ ਫਲੋਰ 'ਤੇ, ਬੀ ਆਰ ਅੰਬੇਡਕਰ ਨੇ ਇਹ ਸਪੱਸ਼ਟ ਕੀਤਾ ਕਿ ਨਿਯੁਕਤੀ ਜੱਜਾਂ ਨਾਲ 'ਮਸ਼ਵਰੇ' ਨਾਲ ਹੋਣੀ ਚਾਹੀਦੀ ਹੈ। 'ਅੰਬੇਦਕਰ ਦੇ ਦ੍ਰਿਸ਼ਟੀਕੋਣ ਦੇ ਅਨੁਸਾਰ, ਨਿਆਂਪਾਲਿਕਾ ਨੂੰ ਉਸ ਸਥਿਤੀ ਨੂੰ ਨਹੀਂ ਮੰਨਣਾ ਚਾਹੀਦਾ ਸੀ ਜੋ ਉਸਨੇ ਕੌਲਿਜੀਅਮ ਪ੍ਰਣਾਲੀ ਦੁਆਰਾ ਗ੍ਰਹਿਣ ਕੀਤਾ ਹੈ।'

1993 ਵਿੱਚ ਕੌਲਿਜੀਅਮ ਪ੍ਰਣਾਲੀ ਲਾਗੂ ਹੋਣ ਤੋਂ ਪਹਿਲਾਂ, ਸਰਕਾਰ ਜੱਜਾਂ ਦੀ ਨਿਯੁਕਤੀ ਵਿੱਚ ਮੁੱਖ ਅਦਾਕਾਰ ਸੀ। ਹਾਲਾਂਕਿ, ਅਧਿਐਨ ਦਰਸਾਉਂਦੇ ਹਨ ਕਿ ਉਸ ਸਮੇਂ ਦੌਰਾਨ ਵੀ ਜੱਜ ਜ਼ਿਆਦਾਤਰ ਅਗਾਂਹਵਧੂ ਜਾਤਾਂ ਨਾਲ ਸਬੰਧਤ ਸਨ। ਖੋਜਕਰਤਾ ਜਾਰਜ ਐਚ ਗਡਬੋਇਸ ਜੂਨੀਅਰ ਦੇ ਅਨੁਸਾਰ, 1989 ਤੱਕ, ਉੱਚ ਜਾਤੀਆਂ ਦੀ ਸੁਪਰੀਮ ਕੋਰਟ ਵਿੱਚ 92.3% ਪ੍ਰਤੀਨਿਧਤਾ ਸੀ।

ਹਾਲਾਂਕਿ, ਵਿਦਵਾਨਾਂ ਦਾ ਮੰਨਣਾ ਹੈ ਕਿ 1970 ਤੋਂ ਬਾਅਦ ਹਾਸ਼ੀਏ 'ਤੇ ਰਹਿ ਗਏ ਭਾਈਚਾਰਿਆਂ ਤੋਂ ਜੱਜਾਂ ਦੀ ਨਿਯੁਕਤੀ ਲਈ ਜ਼ੋਰ ਦਿੱਤਾ ਗਿਆ ਸੀ। '1970 ਤੱਕ ਅਨੁਸੂਚਿਤ ਜਾਤੀਆਂ ਦੀ ਕੋਈ ਨੁਮਾਇੰਦਗੀ ਨਹੀਂ ਸੀ,' ਅਰਵਿੰਦ ਕੁਮਾਰ, ਰਾਇਲ ਹੋਲੋਵੇ, ਲੰਡਨ ਯੂਨੀਵਰਸਿਟੀ ਵਿੱਚ ਰਾਜਨੀਤੀ ਦੇ ਡਾਕਟਰੇਟ ਵਿਦਵਾਨ ਨੇ ਕਿਹਾ, ਫਿਰ ਪ੍ਰਤੀਨਿਧਤਾ ਵਧਣੀ ਸ਼ੁਰੂ ਹੋ ਗਈ, ਹਾਲਾਂਕਿ, ਉਨ੍ਹਾਂ ਦਾ ਮੰਨਣਾ ਸੀ ਕਿ ਕਾਲਜੀਅਮ ਪ੍ਰਣਾਲੀ ਤੋਂ ਬਾਅਦ ਇਹ ਰੁਝਾਨ ਪਿੱਛੇ ਹਟ ਗਿਆ। ਅਸਲ ਵਿੱਚ, ਉਹ ਦਲੀਲ ਦਿੰਦਾ ਹੈ ਕਿ 1980 ਦੇ ਦਹਾਕੇ ਵਿੱਚ ਜਨਤਕ ਖੇਤਰ ਵਿੱਚ ਵਧੇਰੇ ਨੁਮਾਇੰਦਗੀ ਲਈ ਕਾਲਜੀਅਮ ਪ੍ਰਣਾਲੀ ਪੱਛੜੀਆਂ ਜਾਤੀਆਂ ਦੁਆਰਾ ਵਧਦੀਆਂ ਮੰਗਾਂ ਦੇ ਜਵਾਬ ਵਜੋਂ ਲਿਆਂਦੀ ਗਈ ਸੀ।

ਦਲਿਤ ਅਧਿਕਾਰ ਸੰਗਠਨ ਮਿਸ਼ਨ ਅੰਬੇਡਕਰ ਦੇ ਸੰਸਥਾਪਕ ਸੂਰਜ ਕੁਮਾਰ ਬੌਧ ਨੇ ਕਿਹਾ, ਕੁਝ ਅੰਬੇਡਕਰਵਾਦੀ ਮੰਨਦੇ ਹਨ ਕਿ ਭਾਵੇਂ ਸਰਕਾਰੀ ਜੱਜਾਂ ਦੀ ਨਿਯੁਕਤੀ ਨਾਲ ਹੋਰ ਵਿਭਿੰਨਤਾ ਨਹੀਂ ਆਉਂਦੀ, ਪਰ ਸਰਕਾਰ ਨੂੰ ਜਵਾਬਦੇਹ ਬਣਾਉਣਾ ਸੌਖਾ ਹੈ।ਅਸੀਂ ਸਰਕਾਰ ਨੂੰ ਸਵਾਲ ਕਰ ਸਕਦੇ ਹਾਂ, ਉਨ੍ਹਾਂ ਨੂੰ ਵੋਟ ਪਾ ਸਕਦੇ ਹਾਂ, ਪਰ ਤੁਸੀਂ ਕਾਲਜੀਅਮ ਪ੍ਰਣਾਲੀ 'ਤੇ ਸਵਾਲ ਵੀ ਨਹੀਂ ਉਠਾ ਸਕਦੇ।

### ਨਿਰਣੇ ਦਾ ਪ੍ਰਭਾਵ

ਵਿਦਵਾਨਾਂ ਦਾ ਮੰਨਣਾ ਸੀ ਕਿ ਨਿਆਂਪਾਲਿਕਾ ਵਿੱਚ ਉੱਚ ਜਾਤੀਆਂ ਦੀ ਜ਼ਿਆਦਾ ਨੁਮਾਇੰਦਗੀ ਵੀ ਅਦਾਲਤਾਂ ਦੇ ਫੈਸਲਿਆਂ ਦਾ ਪੱਖਪਾਤ ਕਰਦੀ ਹੈ। ਭਾਰਤ ਦੇ ਲਗਭਗ 73% ਅੰਡਰ ਟਰਾਇਲ ਅਤੇ 60% ਮੌਤ ਦੀ ਸਜ਼ਾ ਵਾਲੇ ਕੈਦੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਜਾਂ ਹੋਰ ਪਛੜੀਆਂ ਸ਼੍ਰੇਣੀਆਂ ਦੇ ਸਨ।

ਓਪੀ ਜਿੰਦਲ ਗਲੋਬਲ ਯੂਨੀਵਰਸਿਟੀ, ਹਰਿਆਣਾ ਦੇ ਸਮਾਜ ਸ਼ਾਸਤਰ ਦੇ ਪ੍ਰੋਫੈਸਰ ਸੁਮੀਤ ਮਹਸਕਰ ਨੇ ਕਿਹਾ, ਜਾਤ ਨਾਲ ਜੁੜੇ ਕਈ ਮਾਮਲੇ ਹਨ: ਜਿਵੇਂ ਕਿ ਰਾਖਵਾਂਕਰਨ, ਜਾਤੀ ਨਾਲ ਸਬੰਧਤ ਅੱਤਿਆਚਾਰ ਅਤੇ ਜ਼ਿਆਦਾਤਰ ਅਜਿਹੇ ਮਾਮਲਿਆਂ ਵਿੱਚ, ਨਿਆਂਪਾਲਿਕਾ ਨੇ ਇੱਕ ਉਲਟ ਸਥਿਤੀ ਜੋ ਹਾਸ਼ੀਏ 'ਤੇ ਰੱਖੇ ਸਮੂਹਾਂ ਦੇ ਹਿੱਤਾਂ ਦੇ ਵਿਰੁੱਧ ਹੈ।

ਉਦਾਹਰਣ ਵਜੋਂ, ਉਸਨੇ ਕਿਹਾ ਕਿ ਮਾਰਚ 2018 ਵਿੱਚ, ਸੁਪਰੀਮ ਕੋਰਟ ਨੇ ਫੈਸਲਾ ਸੁਣਾਇਆ ਸੀ ਕਿ ਕਿਸੇ ਵਿਅਕਤੀ ਨੂੰ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ (ਅੱਤਿਆਚਾਰ ਰੋਕਥਾਮ) ਐਕਟ, 1989 ਦੇ ਤਹਿਤ ਅਦਾਲਤ ਦੀ ਇਜਾਜ਼ਤ ਤੋਂ ਬਿਨਾਂ ਗ੍ਰਿਫਤਾਰ ਨਹੀਂ ਕੀਤਾ ਜਾ ਸਕਦਾ। ਇਸ ਨੂੰ ਭਾਰੀ ਵਿਰੋਧ ਤੋਂ ਬਾਅਦ ਸੰਸਦ ਨੇ ਪਲਟ ਦਿੱਤਾ। ਅਦਾਲਤ ਨੇ ਉੱਚ ਜਾਤੀਆਂ ਦੇ ਹੱਕ ਵਿੱਚ ਫੈਸਲਾ ਕਰਨ ਦਾ ਫੈਸਲਾ ਕੀਤਾ 'ਇੱਕ ਕਾਨੂੰਨ ਜਿਸਨੂੰ ਲਾਗੂ ਕਰਨਾ ਪਹਿਲਾਂ ਹੀ ਔਖਾ ਸੀ, ਉਹਨਾਂ ਨੇ ਉਸ ਕਾਨੂੰਨ ਨੂੰ ਵਰਤਣਾ ਹੋਰ ਵੀ ਔਖਾ ਬਣਾ ਦਿੱਤਾ।'

ਕੁਮਾਰ ਨੇ ਦਲੀਲ ਦਿੱਤੀ ਕਿ ਇਸ ਤੋਂ ਇਲਾਵਾ, ਇਹ ਰੁਝਾਨ 7 ਨਵੰਬਰ ਦੇ ਫੈਸਲੇ ਵਿੱਚ ਵੀ ਸਪੱਸ਼ਟ ਹੋਇਆ ਸੀ ਜਿੱਥੇ ਉੱਚ ਜਾਤੀਆਂ ਲਈ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਰਾਖਵੇਂਕਰਨ ਦੀ ਸੰਵਿਧਾਨਕਤਾ ਨੂੰ ਬਰਕਰਾਰ ਰੱਖਿਆ ਗਿਆ ਸੀ ਤੇ ਅੱਗੇ ਕਿਹਾ ਕਿ ਉਨ੍ਹਾਂ ਨੇ ਰਿਜ਼ਰਵੇਸ਼ਨ ਉੱਤੇ ਆਪਣੇ ਸਾਰੇ ਪਿਛਲੇ ਸਿਧਾਂਤਾਂ ਨੂੰ ਛੱਡ ਦਿੱਤਾ। ਨੀਵੀਆਂ ਜਾਤਾਂ ਲਈ ਰਾਖਵੇਂਕਰਨ ਵਿੱਚ, ਅਦਾਲਤ ਨੇ ਹਮੇਸ਼ਾਂ ਡੇਟਾ ਮੰਗਿਆ ਸੀ ਜਾਂ ਰਾਖਵੇਂਕਰਨ 'ਤੇ 50% ਸੀਮਾ ਵਰਗੀਆਂ ਸੀਮਾਵਾਂ ਲਗਾਈਆਂ ਸਨ। ਪਰ ਅਦਾਲਤ ਨੇ [EWS] ਰਿਜ਼ਰਵੇਸ਼ਨ ਨੂੰ ਬਿਨਾਂ ਕਿਸੇ ਡੇਟਾ ਦੇ ਆਗਿਆ ਦਿੱਤੀ।

### ਅੱਗੇ ਦਾ ਰਾਹ ਕਿ ਹੋਂਵੇ

ਭਾਵੇਂ ਕਿ ਕੁਝ ਲੋਕ ਇਹ ਮਹਿਸੂਸ ਕਰਦੇ ਹਨ ਕਿ ਸਰਕਾਰ ਦੇ ਅਧੀਨ ਇੱਕ ਪ੍ਰਣਾਲੀ ਵਧੇਰੇ ਜਵਾਬਦੇਹੀ ਯਕੀਨੀ ਬਣਾ ਸਕਦੀ ਹੈ, ਸਾਰੇ ਕਾਰਕੁੰਨਾਂ ਅਤੇ ਵਿਦਵਾਨਾ ਨੇ ਆਪਣੀ ਇੰਟਰਵਿਊ ਵਿਚ ਇਹ ਯਕੀਨੀ ਬਣਾਇਆ ਕਿ ਨਿਯੁਕਤੀਆਂ ਦੀ ਇੱਕ ਨਵੀਂ ਪ੍ਰਣਾਲੀ, ਜਿਵੇਂ ਕਿ ਪ੍ਰੀਖਿਆਵਾਂ ਜਾਂ ਇੱਕ ਵੱਖਰੇ ਕਮਿਸ਼ਨ ਦੀ ਲੋੜ ਹੈ।

ਸੁਭਜੀਤ ਨਾਸਕਰ, ਜਾਦਵਪੁਰ ਯੂਨੀਵਰਸਿਟੀ, ਕੋਲਕਾਤਾ ਦੇ ਸਹਾਇਕ ਪ੍ਰੋਫੈਸਰ ਨੇ ਕਿਹਾ, ਮੌਜੂਦਾ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੂੰ ਜੱਜਾਂ ਦੀ ਨਿਯੁਕਤੀ ਕਰਨ ਦਾ ਪੂਰਾ ਅਧਿਕਾਰ ਮਿਲਦਾ ਹੈ ਕਿਉਂਕਿ ਸਰਕਾਰ ਨੇ ਵੀ ਮੰਤਰੀ ਮੰਡਲ ਅਤੇ ਸਕੱਤਰੇਤ ਅਹੁਦਿਆਂ 'ਤੇ ਅਨੁਪਾਤਕ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਦੀ ਨੁਮਾਇੰਦਗੀ ਨੂੰ ਯਕੀਨੀ ਨਹੀਂ ਬਣਾਇਆ ਹੈ। ਨਾਸਕਰ ਨੇ ਅੱਗੇ ਕਿਹਾ, 'ਇਸ ਲਈ ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਵਿੱਚ ਜੱਜਾਂ ਦੀ ਨਿਯੁਕਤੀ ਲਈ ਵਿਭਿੰਨ ਪ੍ਰਤੀਨਿਧਤਾ ਨਾਲ ਇੱਕ ਸੁਤੰਤਰ ਸਮਰਪਿਤ ਸੰਸਥਾ ਹੋ ਸਕਦੀ ਹੈ।'

ਇਸ ਤੋਂ ਇਲਾਵਾ, ਕੁਝ ਲੋਕਾਂ ਨੂੰ ਡਰ ਹੈ ਕਿ ਸਰਕਾਰ ਦੀ ਕੌਲਿਜੀਅਮ ਦੀ ਆਲੋਚਨਾ ਜੱਜਾਂ ਦੀ ਨਿਯੁਕਤੀ ਦੀ ਸ਼ਕਤੀ ਆਪਣੇ ਆਪ ਨੂੰ ਲੈਣ ਲਈ ਹੈ। ਯੇਂਗਡੇ ਨੇ ਅੱਗੇ ਕਿਹਾ, 'ਤੁਹਾਨੂੰ ਨਹੀਂ ਪਤਾ ਕਿ ਉਨ੍ਹਾਂ ਦਾ ਮਨੋਰਥ ਵਿਭਿੰਨਤਾ ਰੱਖਣਾ ਹੈ ਜਾਂ ਨਿਆਂਪਾਲਿਕਾ ਨੂੰ ਨਿਯੰਤਰਿਤ ਕਰਨਾ, ਜੋ ਕਿ ਇੱਕ ਸੁਤੰਤਰ ਅਥਾਰਟੀ ਹੈ।

ਅਨੁਸੂਚਿਤ ਜਾਤੀਆਂ ਲਈ ਰਾਸ਼ਟਰੀ ਕਮਿਸ਼ਨ ਨੇ 2016 ਵਿੱਚ ਉੱਚ ਨਿਆਂਪਾਲਿਕਾ ਵਿੱਚ ਅਨੁਪਾਤਕ ਰਾਖਵੇਂਕਰਨ ਦੇ ਨਾਲ ਜੱਜਾਂ ਦੀ ਨਿਯੁਕਤੀ ਲਈ ਇੱਕ ਵੱਖਰੇ ਕਮਿਸ਼ਨ ਦੀ ਸਿਫ਼ਾਰਸ਼ ਕੀਤੀ ਸੀ। 2000 ਵਿੱਚ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀ ਭਲਾਈ ਬਾਰੇ ਇੱਕ ਸੰਸਦੀ ਕਮੇਟੀ ਨੇ ਵੀ ਉੱਚ ਨਿਆਂਪਾਲਿਕਾ ਵਿੱਚ ਰਾਖਵੇਂਕਰਨ ਦੀ ਸਿਫਾਰਸ਼ ਕੀਤੀ ਸੀ।

ਵਰਤਮਾਨ ਵਿੱਚ, ਸਿਰਫ ਜ਼ਿਲ੍ਹਾ ਨਿਆਂਪਾਲਿਕਾ ਵਿੱਚ ਸੀਟਾਂ ਰਾਖਵੀਆਂ ਹਨ, ਹਾਈ ਕੋਰਟਾਂ ਅਤੇ ਸੁਪਰੀਮ ਕੋਰਟਾਂ ਵਿੱਚ ਕੋਈ ਰਾਖਵਾਂਕਰਨ ਨਹੀਂ ਹੈ।

# ਸਾਧਵੀ ਪ੍ਰਗਿਆ ਠਾਕੁਰ

## ਵਰਗੇ ਸਾਧਾਂ ਅਤੇ ਸਾਧਵੀਆਂ ਦੇ ਨਫ਼ਰਤੀ ਪ੍ਰਚਾਰ ਦਾ ਆਧਾਰ ਭਾਜਪਾ ਦੀ ਫ਼ਿਰਕੂ ਸਿਆਸਤ



ਅਪੂਰਵਾਨੰਦ
ਪ੍ਰੋਫੈਸਰ ਦਿੱਲੀ ਯੂਨੀਵਰਸਿਟੀ



ਪਿਛਲੀ ਸਦੀ ਦੇ ਆਖ਼ਰੀ ਦੋ ਦਹਾਕਿਆਂ ਵਿੱਚ ਇਸ ਗੱਲ 'ਤੇ ਬਹਿਸ ਛਿੜੀ ਸੀ ਕਿ ਸਾਧਵੀ ਉਮਾ ਭਾਰਤੀ ਜ਼ਿਆਦਾ ਹਿੰਸਕ ਹੈ ਜਾਂ ਸਾਧਵੀ ਰਿਤੰਭਰਾ। ਇਨ੍ਹਾਂ ਦੋਹਾਂ ਦੀ ਪਰੰਪਰਾ ਹੁਣ ਵਧ ਫੁਲ ਰਹੀ ਹੈ। ਸਾਧਵੀ ਪ੍ਰਾਚੀ, ਸਾਧਵੀ ਪ੍ਰਗਿਆ ਠਾਕੁਰ ਵਰਗੀਆਂ ਸ਼ਖ਼ਸੀਅਤਾਂ ਲਈ ਨਾ ਸਿਰਫ਼ ਲੋਕਾਂ ਦੇ ਦਿਲਾਂ ਵਿੱਚ, ਸਗੋਂ ਵਿਧਾਨ ਸਭਾਵਾਂ ਅਤੇ ਸੰਸਦ ਵਿੱਚ ਵੀ ਥਾਂ ਬਣੀ ਹੈ। ਇਹ ਤਸੱਲੀ ਵਾਲੀ ਗੱਲ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਸੰਸਦ ਮੈਂਬਰ ਸਾਧਵੀ ਪ੍ਰਗਿਆ ਠਾਕੁਰ ਦੇ ਹਿੰਸਕ ਬਿਆਨ ਤੋਂ ਕਈ ਲੋਕ ਪ੍ਰੇਸ਼ਾਨ ਹੋਏ ਹਨ। ਉਨ੍ਹਾਂ ਵਿਚ ਅਜਿਹੇ ਲੋਕ ਹਨ ਜਿਨ੍ਹਾਂ ਨੂੰ ਨਿਰਪੱਖ ਸਮਝਿਆ ਜਾਂਦਾ ਹੈ, ਯਾਨੀ ਜੋ ਫ਼ਿਰਕੂ ਅਤੇ ਗੈਰ-ਫ਼ਿਰਕੂ ਰਾਜਨੀਤੀ ਨੂੰ ਨਿਰਪੱਖ ਨਜ਼ਰੀਏ ਨਾਲ ਦੇਖਦੇ ਹਨ। ਉਸ ਦਾ ਮੰਨਣਾ ਹੈ ਕਿ ਸਮਾਜ ਵਿੱਚ ਫ਼ਿਰਕੂ ਰਾਜਨੀਤੀ ਨੂੰ ਵੀ ਮੌਕਾ ਮਿਲਣਾ ਚਾਹੀਦਾ ਹੈ। ਹਾਂ, ਜਿੱਥੇ ਉਹ ਗ਼ਲਤ ਕਰੇ, ਉਹ ਉਸਦੀ ਆਲੋਚਨਾ ਕਰਨਗੇ। ਜੋ ਵੀ ਹੋਵੇ, ਸਾਧਵੀ ਦੇ ਬਿਆਨ 'ਤੇ ਪ੍ਰਤੀਕਰਮ ਇਹ ਦਰਸਾਉਂਦਾ ਹੈ ਕਿ ਸਾਡੇ ਸਮਾਜ ਵਿਚ ਸਹੀ-ਗ਼ਲਤ ਦੀ ਸਮਝ ਅਜੇ ਬਾਕੀ ਹੈ। ਉਨ੍ਹਾਂ ਲਈ ਨਫ਼ਰਤ ਅਤੇ ਹਿੰਸਾ ਚਿੰਤਾ ਦਾ ਕਾਰਨ ਹੈ। ਸਮਾਜ ਦੇ ਸੰਵੇਦਨਾ ਤੰਤਰ ਵਿੱਚ ਜਾਨ ਹੈ, ਇਸ ਲਈ ਭਵਿੱਖ ਵਿਚ ਵੀ ਇਸ ਸੋਚ ਦੀ ਆਸ ਬਝਦੀ ਹੈ।

ਸੰਸਦ ਮੈਂਬਰ ਦਾ ਨਾਂ ਲਿਖਣ ਤੋਂ ਪਹਿਲਾਂ ਮੈਂ ਸੋਚਿਆ ਸੀ ਕਿ ਸਾਧਵੀ ਦਾ ਖਿਤਾਬ ਛੱਡ ਕੇ ਸਿਰਫ਼ ਪ੍ਰਗਿਆ ਠਾਕੁਰ ਹੀ ਲਿਖਾਂ। ਫਿਰ ਮਹਿਸੂਸ ਹੋਇਆ ਕਿ ਜਦੋਂ ਸਾਡੇ ਹਿੰਦੂ ਸਮਾਜ ਨੂੰ ਅਜਿਹੀ ਸਾਧਵੀ 'ਤੇ ਕੋਈ ਇਤਰਾਜ਼ ਨਹੀਂ ਤਾਂ ਉਸ ਤੋਂ ਇਹ ਅਹੁਦਾ ਕਿਉਂ ਖੋਹਿਆ ਜਾਵੇ ? ਆਖ਼ਰਕਾਰ, ਉਹ ਅਜਿਹੀ ਪਹਿਲੀ ਸਾਧਵੀ ਨਹੀਂ ਹੈ। ਉਹ ਸਾਧਵੀ ਉਮਾ ਭਾਰਤੀ ਅਤੇ ਸਾਧਵੀ ਰਿਤੰਭਰਾ ਦੀ ਪਰੰਪਰਾ ਨੂੰ ਹੋਰ ਮਜ਼ਬੂਤ ਕਰ ਰਹੀ ਹੈ। ਲਾਲ ਕ੍ਰਿਸ਼ਨ ਅਡਵਾਨੀ ਵੱਲੋਂ ਬਾਬਰੀ ਮਸਜਿਦ ਨੂੰ ਢਾਹੁਣ ਲਈ ਚਲਾਈ ਗਈ ਮੁਹਿੰਮ ਦੌਰਾਨ ਸੜਕ 'ਤੇ ਬਿਜਲੀ ਦੇ ਖੰਭਿਆਂ ਨਾਲ ਬੰਨ੍ਹੇ ਲਾਊਡ ਸਪੀਕਰਾਂ ਤੋਂ ਸਾਧਵੀ ਰਿਤੰਭਰਾ ਦੇ ਹਿੰਸਕ ਉਪਦੇਸ਼ ਸੁਣੇ ਜਾ ਸਕਦੇ ਸਨ। ਉਹ ਹੁਣ ਇੱਕ ਸਤਿਕਾਰਤ ਸਾਧਵੀ ਹੈ ਅਤੇ ਅਮਰੀਕਾ ਵਰਗੇ ਦੇਸ਼ ਵਿੱਚ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਲਈ ਉਤਸੁਕ ਹਿੰਦੂ ਉਸ ਨੂੰ ਭਾਸ਼ਣ ਲਈ ਸੱਦਾ ਦਿੰਦੇ ਹਨ। ਉਸ ਨੇ ਨਾ ਤਾਂ ਵਿਸ਼ਾ ਬਦਲਿਆ ਹੈ ਅਤੇ ਨਾ ਹੀ ਸ਼ੈਲੀ। ਪਿਛਲੀ ਸਦੀ ਦੇ ਆਖ਼ਰੀ ਦੋ ਦਹਾਕਿਆਂ ਵਿੱਚ ਇਸ ਗੱਲ 'ਤੇ ਬਹਿਸ ਛਿੜੀ ਸੀ ਕਿ ਸਾਧਵੀ ਉਮਾ ਭਾਰਤੀ ਜ਼ਿਆਦਾ ਹਿੰਸਕ ਹੈ ਜਾਂ ਸਾਧਵੀ ਰਿਤੰਭਰਾ। ਇਨ੍ਹਾਂ ਦੋਹਾਂ ਦੀ ਪਰੰਪਰਾ ਵਧੀ ਹੈ। ਸਾਧਵੀ ਪ੍ਰਾਚੀ, ਸਾਧਵੀ ਪ੍ਰਗਿਆ ਠਾਕੁਰ ਵਰਗੀਆਂ ਸ਼ਖ਼ਸੀਅਤਾਂ ਨੇ ਨਾ ਸਿਰਫ਼ ਲੋਕਾਂ ਦੇ ਦਿਲਾਂ ਵਿੱਚ, ਸਗੋਂ ਵਿਧਾਨ ਸਭਾਵਾਂ ਅਤੇ ਸੰਸਦ ਵਿੱਚ ਵੀ ਜਗ੍ਹਾ ਬਣਾਈ। ਹਿੰਸਾ ਤੇ ਫਿਰਕੂਵਾਦ ਜੋ ਨਕਾਰਾਤਮਕ ਸਮਝੇ ਜਾਂਦੇ ਸਨ, ਹੁਣ ਉਹ ਸਮਾਜ ਵਿਚ ਪ੍ਰਵਾਨਿਤ ਹਨ। ਹੁਣ ਹਿੰਦੂ ਸੰਤ ਅਤੇ ਸਾਧਵੀ ਹੋਣ ਲਈ ਨਫ਼ਰਤ ਦਾ ਪ੍ਰਚਾਰਕ ਹੋਣਾ ਮੁੱਢਲੀ ਯੋਗਤਾ ਜਾਂ ਸ਼ਰਤ ਹੈ। ਇਸ ਤੋਂ ਬਿਨਾਂ ਹਿੰਦੂਆਂ ਨੂੰ ਆਤਮਿਕ ਸੰਤੁਸ਼ਟੀ ਨਹੀਂ ਮਿਲਦੀ। ਇਸ ਲਈ ਪ੍ਰਗਿਆ ਠਾਕੁਰ ਦੇ ਸਾਹਮਣੇ ਸਾਧਵੀ ਲਿਖਿਆ ਜਾਣਾ ਚਾਹੀਦਾ ਹੈ। ਹਿੰਦੂਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਧਾਰਮਿਕ ਗੁਰੂ ਕੌਣ ਹੈ। ਸਾਧਵੀ ਪ੍ਰਗਿਆ ਠਾਕੁਰ ਦੇ ਭਾਸ਼ਣ 'ਤੇ ਵਾਪਸ ਆਉਂਦੇ ਹਾਂ, ਜਿਸ ਦੀ ਖਬਰ ਪੜ੍ਹ ਕੇ ਕਈ ਲੋਕ ਪ੍ਰਧਾਨ ਮੰਤਰੀ ਅਤੇ ਭਾਜਪਾ ਤੋਂ ਸਾਧਵੀ ਖਿਲਾਫ ਕਾਰਵਾਈ ਦੀ ਮੰਗ ਕਰ ਰਹੇ ਹਨ। ਇਹ ਵੀ ਮੰਗ ਕੀਤੀ ਗਈ ਕਿ ਪੁਲਿਸ ਇਸ ਹਿੰਸਕ ਬਿਆਨ ਲਈ ਘੱਟੋ-ਘੱਟ ਐਫਆਈਆਰ ਦਰਜ ਕਰੇ।ਪੁਲਿਸ ਦਾ ਤਰਕ ਸੀ ਕਿ ਜੇਕਰ ਕੋਈ ਸ਼ਿਕਾਇਤ ਕਰੇ ਤਾਂ ਹੀ ਅਸੀਂ ਕੁਝ ਕਰ ਸਕਦੇ ਹਾਂ। ਜਦੋਂ ਈਮੇਲ ਰਾਹੀਂ ਸ਼ਿਕਾਇਤ ਕੀਤੀ ਗਈ ਤਾਂ ਪੁਲਿਸ ਨੇ ਕਿਹਾ ਕਿ ਇਹ ਮਨਜ਼ੂਰ ਨਹੀਂ ਹੈ। ਸਰੀਰਕ ਤੌਰ 'ਤੇ ਸ਼ਿਕਾਇਤ ਲੈ ਕੇ ਆਉਣਾ ਹੋਵੇਗਾ। ਪ੍ਰਤੀਨਿਧੀ ਨਾਲ ਵੀ ਕੰਮ ਨਹੀਂ ਚਲੇਗਾ। ਆਖਿਰ ਜਦੋਂ ਸ਼ਿਵਮੋਗਾ ਦੇ ਪੁਲਿਸ ਸਟੇਸ਼ਨ ਜਾ ਕੇ ਇੱਕ ਕਾਂਗਰਸੀ ਆਗੂ ਨੇ ਖੁਦ ਸ਼ਿਕਾਇਤ ਦਰਜ ਕਰਵਾਈ ਤਾਂ ਪੁਲਿਸ ਨੇ ਐਫਆਈਆਰ ਦਰਜ ਕਰਨ ਲਈ ਕ੍ਰਿਪਾ ਕੀਤੀ। ਉਹ ਭਾਸ਼ਣ ਕੀ ਸੀ ਜੋ ਸਾਧਵੀ ਨੇ ਹਿੰਦੂ ਜਾਗਰਣ ਵੇਦੀਕੇ ਦੇ ਕਰਨਾਟਕ ਦੇ ਸ਼ਿਵਮੋਗਾ ਦੇ ਸਮਾਗਮ ਵਿੱਚ ਦਿੱਤਾ ? ਉਸਨੇ ਹਿੰਦੂਆਂ ਨੂੰ ਕਿਹਾ ਕਿ ਉਹ ਆਪਣੇ ਘਰਾਂ ਵਿੱਚ ਹਥਿਆਰ ਰੱਖਣ ਅਤੇ ਜੇ ਹੋਰ ਕੁਝ ਨਹੀਂ ਤਾਂ ਤਿੱਖੇ ਚਾਕੂ ਨਾਲ ਰੱਖਣ ਤਾਂ ਜੋ ਘੁਸਪੈਠੀਏ ਦੀ ਗਰਦਨ ਕੱਟੀ ਜਾ ਸਕੇ।ਜੋ ਚਾਕੂ ਸਬਜ਼ੀਆਂ ਨੂੰ ਕੱਟ ਸਕਦਾ ਹੈ, ਉਹ ਦੁਸ਼ਮਣ ਦੀ ਗਰਦਨ ਵੀ ਕੱਟ ਸਕਦਾ ਹੈ।ਸਾਧਵੀ ਨੇ ਕਿਹਾ ਕਿ ਹਰ ਕਿਸੇ ਨੂੰ ਆਤਮ ਰੱਖਿਆ ਦਾ ਅਧਿਕਾਰ ਹੈ। ਜੇਕਰ ਕੋਈ ਸਾਡੇ ਘਰ ਵਿਚ ਦਾਖਲ ਹੋ ਕੇ ਸਾਡੇ 'ਤੇ ਹਮਲਾ ਕਰਦਾ ਹੈ ਤਾਂ ਸਾਨੂੰ ਉਸ ਨੂੰ ਮੂੰਹ ਤੋੜ ਜਵਾਬ ਦੇਣ ਦਾ ਅਧਿਕਾਰ ਹੈ। ਹਿੰਦੂਤਵ ਲਈ ਬਹੁਤ ਸਾਰੇ ਹਿੰਦੂਆਂ ਨੇ ਆਪਣੀਆਂ ਜਾਨਾਂ ਦਿੱਤੀਆਂ ਹਨ, ਪਰ ਹੁਣ ਤਿਆਗ ਅਤੇ ਕੁਰਬਾਨੀ ਦਾ ਸਮਾਂ ਲੰਘ ਗਿਆ ਹੈ, ਹੁਣ ਬਦਲਾ ਲੈਣ ਦਾ ਸਮਾਂ ਹੈ। ਉਸ ਨੇ ਅੱਜ ਕੱਲ੍ਹ ਦੇ ਪ੍ਰਸਿੱਧ ਵਿਸ਼ੇ 'ਲਵ ਜੇਹਾਦ' 'ਤੇ ਵੀ ਚਾਨਣਾ ਪਾਇਆ। ਹਿੰਦੂਆਂ ਨੂੰ ਕਿਹਾ ਗਿਆ ਕਿ ਇਨ੍ਹਾਂ ਦੀਆਂ ਕਰਤੂਤਾਂ ਬਾਰੇ ਘਰਾਂ ਵਿੱਚ ਆਪਣੇ ਮੈਂਬਰਾਂ ਨੂੰ ਸੁਚੇਤ ਕੀਤਾ ਜਾਵੇ। ਉਸ ਨੇ ਹਿੰਦੂ ਕੁੜੀਆਂ ਨੂੰ 'ਲਵ ਜੇਹਾਦ' ਦੀ ਚਾਲ ਤੋਂ ਸਾਵਧਾਨ ਰਹਿਣ ਲਈ ਕਿਹਾ। ਸ਼ਿਵਮੋਗਾ ਪੁਲਿਸ ਨੇ ਰਿਪੋਰਟ ਦਰਜ ਕਰ ਲਈ ਹੈ, ਪਰ ਉਨ੍ਹਾਂ ਤੋਂ ਅਗਲੀ ਕਾਰਵਾਈ ਦੀ ਉਮੀਦ ਨਹੀਂ ਹੈ। ਜੇਕਰ ਸ਼ਿਵਮੋਗਾ ਦੀ ਪੁਲਿਸ ਚਾਹੁੰਦੀ ਤਾਂ ਬੀਤੇ ਸਾਲ ਦਿੱਲੀ ਵਿਚ ਇਸੇ ਤਰ੍ਹਾਂ ਦੇ ਭਾਸ਼ਣ 'ਤੇ ਦਿੱਲੀ ਪੁਲਿਸ ਦੇ ਤਰਕ ਦਾ ਸਹਾਰਾ ਲੈ ਸਕਦੀ ਸੀ। ਦਿੱਲੀ ਵਿੱਚ ਵੀ ਹਿੰਦੂ ਯੁਵਾ ਵਾਹਿਨੀ ਦੇ ਇੱਕ ਪ੍ਰੋਗਰਾਮ ਵਿੱਚ ਹਿੰਦੂਆਂ ਨੂੰ ਹਥਿਆਰ ਚੁਕਣ ਅਤੇ ਬਦਲਾ ਲੈਣ ਦਾ ਸੱਦਾ ਦਿੱਤਾ ਗਿਆ ਸੀ। ਜਦੋਂ ਕੁਝ ਲੋਕਾਂ ਨੇ ਰੌਲਾ ਪਾਇਆ, ਅਦਾਲਤ ਵਿੱਚ ਗਏ ਤਾਂ ਦਿੱਲੀ ਪੁਲਿਸ ਨੇ ਸਪੱਸ਼ਟ ਕੀਤਾ ਕਿ ਇਹ ਭਾਸ਼ਣ 'ਭਾਈਚਾਰਕ ਨੈਤਿਕਤਾ' ਦੀ ਰੱਖਿਆ ਲਈ ਦਿੱਤਾ ਗਿਆ ਸੀ। ਇਸ ਨੂੰ ਹਿੰਸਕ ਨਹੀਂ ਕਿਹਾ ਜਾ ਸਕਦਾ। ਦਿੱਲੀ ਦੀ ਹਾਈਕੋਰਟ ਨੇ ਇਹ ਵੀ ਕਿਹਾ ਕਿ ਜੇਕਰ ਇਸ ਤਰ੍ਹਾਂ ਦੇ ਭਾਸ਼ਣ ਖੁਸ਼ਗਵਾਰ ਤਰੀਕੇ ਨਾਲ ਦਿੱਤੇ ਜਾਣ ਤਾਂ ਉਨ੍ਹਾਂ ਨਾਲ ਹਿੰਸਾ ਨਹੀਂ ਹੁੰਦੀ। ਅੱਜ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ। ਇਹ ਦਲੀਲ ਦਿੱਤੀ ਜਾਂਦੀ ਹੈ ਕਿ ਇਸ ਭਾਸ਼ਣ ਵਿੱਚ ਕਿਸੇ ਵੀ ਭਾਈਚਾਰੇ ਵਿਰੁੱਧ ਹਿੰਸਾ ਦੀ ਕੋਈ ਗੱਲ ਨਹੀਂ ਹੈ।

(ਬਾਕੀ ਸਫ਼ਾ 31 'ਤੇ)

# ਤੇਜ਼ੀ ਨਾਲ ਬਦਲਣ ਜਾ ਰਹੀ ਦੁਨੀਆਂ, ਨਵੀਆਂ ਮੰਡੀਆਂ ਦੀ ਤਲਾਸ਼

ਗੁਰਚਰਨ ਸਿੰਘ ਨੂਰਪੁਰ
98550-51099



ਪੀ.ਸੀ.ਓ., ਐਸ.ਟੀ.ਡੀ., ਕੈਸੇਟ ਪਲੇਅਰ, ਵੀ.ਸੀ.ਆਰ., ਪੇਜਰ, ਰੀਲ ਕੈਮਰਾ, ਫਿਲੌਪੀ ਡਿਸਕ, ਸੀ.ਡੀ., ਡੀ.ਵੀ.ਡੀ. ਇਹ ਸਭ ਏਨੀ ਛੇਤੀ ਕਿੱਧਰ ਗਏ ? ਜਦੋਂ ਅਸੀਂ ਇਨ੍ਹਾਂ ਚੀਜ਼ਾਂ ਦੀ ਵਰਤੋਂ ਕਰਦੇ ਸੀ ਤਾਂ ਕੀ ਕਦੇ ਸੋਚਿਆ ਸੀ ਇਹ ਸਭ ਕੁਝ ਬੜੀ ਛੇਤੀ ਅਲੋਪ ਹੋ ਜਾਵੇਗਾ ? ਬਿਲਕੁਲ ਇਸੇ ਤਰ੍ਹਾਂ ਅਗਲੇ ਕੁਝ ਹੀ ਸਮੇਂ ਦੌਰਾਨ ਬੜੀ ਛੇਤੀ ਦੁਨੀਆ ਵਿੱਚ ਕਈ ਵੱਡੀਆਂ ਤਬਦੀਲੀਆਂ ਵਾਪਰਨ ਜਾ ਰਹੀਆਂ ਹਨ। ਸਾਡੇ ਸ਼ਹਿਰਾਂ, ਗਲੀਆਂ, ਮੁਹੱਲਿਆਂ ਵਿਚ ਨਜ਼ਰ ਆਉਂਦੇ ਮੋਬਾਈਲ ਟਾਵਰ ਬੜੀ ਜਲਦੀ ਖ਼ਤਮ ਹੋ ਜਾਣਗੇ। ਡੀਜ਼ਲ ਪੈਟਰੋਲ ਨਾਲ ਚੱਲਣ ਵਾਲੀਆਂ ਗੱਡੀਆਂ ਦੀ ਥਾਂ ਇਲੈਕਟ੍ਰਿਕ ਕਾਰਾਂ ਤਾਂ ਸੜਕਾਂ 'ਤੇ ਚੱਲਣੀਆਂ ਸ਼ੁਰੂ ਵੀ ਹੋ ਗਈਆਂ ਹਨ। ਸੰਭਵ ਹੈ ਜਦੋਂ ਡੀਜ਼ਲ ਪੈਟਰੋਲ ਦੀ ਲੋੜ ਨਹੀਂ ਰਹੇਗੀ ਤਾਂ ਕਈ ਦਹਾਕਿਆਂ ਤੋਂ ਚੱਲ ਰਹੇ ਪੈਟਰੋਲ ਪੰਪਾਂ ਦੀ ਥਾਂ ਕਾਰ ਚਾਰਜਰ ਲੈ ਲੈਣਗੇ। ਆਉਣ ਵਾਲੇ ਕੁਝ ਸਾਲਾਂ ਤੱਕ ਹਰ ਘਰ ਆਪਣੀ ਵਰਤੋਂ ਲਈ ਆਪਣੀ ਬਿਜਲੀ ਆਪ ਪੈਦਾ ਕਰਨ ਦੇ ਸਮਰੱਥ ਹੋਵੇਗਾ। ਬਿਜਲੀ ਘਰ ਸਪਲਾਈ ਲਾਈਨਾਂ ਅਤੇ ਟ੍ਰਾਂਸਫ਼ਾਰਮਰ ਖੰਭੇ ਆਦਿ ਬਹੁਤ ਕੁਝ ਬੜੀ ਤੇਜ਼ੀ ਨਾਲ ਬਦਲ ਜਾਵੇਗਾ। ਇੱਥੋਂ ਤੱਕ ਕਿ ਬੜੀ ਜਲਦੀ ਹਵਾਈ ਅੱਡਿਆਂ ਤੇ ਜਹਾਜ਼ਾਂ ਦੀ ਥਾਂ ਆਵਾਜਾਈ ਦੇ ਅਤਿ ਆਧੁਨਿਕ ਸਾਧਨ ਵਿਕਸਤ ਹੋ ਜਾਣਗੇ ਇਸ ਤਰ੍ਹਾਂ ਬਹੁਤ ਕੁਝ ਬੀਤੇ ਦੀ ਬਾਤ ਬਣ ਕੇ ਰਹਿ ਜਾਵੇਗਾ। ਜਿਵੇਂ ਅੱਜ ਤੋਂ ਚਾਰ ਦਹਾਕੇ ਪਹਿਲਾਂ ਜਦੋਂ ਕਿਸੇ ਨੂੰ ਇਹ ਕਿਹਾ ਜਾਂਦਾ ਸੀ ਕਿ ਭਵਿੱਖ ਵਿਚ ਵੀਡੀਓ ਕਾਲ ਸੰਭਵ ਹੋਵੇਗੀ ਤਾਂ ਇਹ ਬਹੁਤ ਸਾਰੇ ਲੋਕਾਂ ਦੇ ਮੰਨਣ ਵਿਚ ਨਹੀਂ ਸੀ ਆਉਂਦਾ ਪਰ ਅੱਜ ਇਹ ਸੰਭਵ ਹੈ ਇਸੇ ਤਰ੍ਹਾਂ ਇਹ ਸਭ ਕੁਝ ਵੀ ਸਾਡੇ 'ਚੋਂ ਕੁਝ ਨੂੰ ਅਸੰਭਵ ਲਗਦਾ ਹੋਵੇਗਾ। ਪਰ ਭਵਿੱਖ ਵਿਚ ਇਹ ਸਭ ਕੁਝ ਕੁ ਸਾਲਾਂ ਵਿਚ ਬੜੀ ਜਲਦੀ ਵਾਪਰਨ ਵਾਲਾ ਹੈ।

### ਕਿਵੇਂ ਸੰਭਵ ਹੋਵੇਗਾ

ਧਰਤੀ ਨੂੰ ਪ੍ਰਦੂਸ਼ਣ ਮੁਕਤ ਕਰਨ ਅਤੇ ਲੋਕਾਂ ਨੂੰ ਸੁਚੱਜੀ ਵਿਗਿਆਨਕ ਤਕਨਾਲੋਜੀ ਪ੍ਰਦਾਨ ਕਰਨ ਦਾ ਬੀੜਾ ਚੁੱਕਿਆ ਹੈ ਅਮਰੀਕੀ ਰਾਕਟ ਵਿਗਿਆਨੀ ਏਲੋਨ ਮਸਕ ਨੇ। ਏਲੋਨ ਮਸਕ ਜਿਸ ਨੂੰ ਇਸ ਸਦੀ ਦਾ ਸਭ ਤੋਂ ਮਹਾਨ ਵਿਅਕਤੀ ਮੰਨਿਆ ਜਾ ਰਿਹਾ ਹੈ, ਦਾ ਮੰਨਣਾ ਹੈ ਕਿ 'ਸਮੱਸਿਆ ਆਪਣੇ ਆਪ ਵਿੱਚ ਕੋਈ ਚੁਣੌਤੀ ਨਹੀਂ ਹੁੰਦੀ ਬਲਕਿ 'ਹੱਲ ਲੱਭਣਾ' ਵੱਡੀ ਚੁਣੌਤੀ ਹੁੰਦੀ ਹੈ।' ਘਰ ਫੂਕ ਤਮਾਸ਼ਾ ਵੇਖਣ ਵਾਲੇ ਇਸ ਸ਼ਖ਼ਸ ਨੂੰ ਕਈ ਕੰਪਨੀਆਂ 'ਚੋਂ ਕੱਢਿਆ ਗਿਆ ਹੈ। ਉਸ ਦੇ ਅਜਿਹੇ ਨੁਕਸਾਨ ਵੀ ਹੋਏ ਜਦੋਂ ਉਸ ਕੋਲ ਕੁਝ ਵੀ ਨਾ ਬਚਿਆ ਪਰ ਇਸ ਸਭ ਕੁਝ ਦੇ ਬਾਵਜੂਦ ਅੱਜ ਉਹ ਦੁਨੀਆ ਦਾ ਵੱਡਾ ਅਮੀਰ ਵਿਅਕਤੀ ਹੈ। ਉਸ



ਦੀ ਜੀਵਨੀ ਇਕ ਕਾਲਪਨਿਕ ਫ਼ਿਲਮੀ ਕਹਾਣੀ ਜਿਹੀ ਹੈ। ਬੇਸ਼ੱਕ ਪੂੰਜੀਪਤੀਆਂ ਦੀ ਵੱਡੀ ਤਰਜੀਹ ਆਪਣੇ ਮੁਨਾਫ਼ੇ ਦੀ ਹੁੰਦੀ ਹੈ। ਭਵਿੱਖ ਵਿਚ ਏਲੋਨ ਮਸਕ ਦੀਆਂ ਕੀ ਤਰਜੀਹਾਂ ਹਨ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਹੁਣ ਤੱਕ ਅਸੀਂ ਕਹਿ ਸਕਦੇ ਹਾਂ ਕਿ ਟੇਢੇ ਢੰਗ ਨਾਲ ਸਰਕਾਰਾਂ ਨਾਲ ਮਿਲ ਕੇ ਅਤੇ ਜਨਤਕ ਸਾਧਨਾਂ ਨੂੰ ਲੁੱਟ ਕੇ ਅਮੀਰ ਹੋਣ ਵਿਚ ਉਹਦਾ ਵਿਸ਼ਵਾਸ ਨਹੀਂ ਹੈ। ਉਸਦੀ ਕਹਾਣੀ ਧਰਤੀ ਤੋਂ ਨਹੀਂ ਬਲਕਿ ਤਾਰਿਆਂ ਗ੍ਰਹਿਾਂ ਤੋਂ ਸ਼ੁਰੂ ਹੁੰਦੀ ਹੈ। ਏਲੋਨ ਮਸਕ ਦੀਆਂ ਕੁਝ ਮਸ਼ਹੂਰ ਕੰਪਨੀਆਂ ਨੇ ਇਸ ਸਮੇਂ ਦੁਨੀਆ ਵਿਚ ਤਹਿਲਕਾ ਮਚਾ ਦਿੱਤਾ ਹੈ ਅਤੇ ਵੇਖਣਾ ਇਹ ਹੋਵੇਗਾ ਕਿ ਦੁਨੀਆ ਦੇ ਕਾਰੋਬਾਰੀ ਉਸ ਵਲੋਂ ਈਜਾਦ ਕੀਤੀ ਤਕਨੀਕ ਦਾ ਮੁਕਾਬਲਾ ਕਿਵੇਂ ਕਰਦੇ ਹਨ ?

### ਟੈਸਲਾ ਮੋਟਰ

ਏਲੋਨ ਮਸਕ ਦੀ ਕੰਪਨੀ ਟੈਸਲਾ ਮੋਟਰ ਦੀ ਇਸ ਸਮੇਂ ਪੂਰੀ ਦੁਨੀਆ ਵਿਚ ਧੁੰਮ ਪਈ ਹੋਈ ਹੈ। ਇਸ ਨਾਲ ਪੈਟਰੋਲ ਡੀਜ਼ਲ ਦਾ ਰਵਾਇਤੀ ਚੱਕਰ ਹੀ ਖ਼ਤਮ ਹੋਣ ਜਾ ਰਿਹਾ ਹੈ। ਧਰਤੀ ਪ੍ਰਦੂਸ਼ਣ ਮੁਕਤ ਹੋਣ ਲੱਗੇਗੀ। ਟੈਸਲਾ ਮੋਟਰ ਦੀਆਂ ਕਾਰਾਂ ਪੈਟਰੋਲ ਡੀਜ਼ਲ ਨਾਲ ਚੱਲਣ ਵਾਲੀਆਂ ਕਾਰਾਂ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਬਲਕਿ ਚਾਰ ਰੱਤੀਆਂ ਅੱਗੇ ਹਨ। ਇੱਥੇ ਹੀ ਬੱਸ ਨਹੀਂ ਏਲੋਨ ਮਸਕ ਦੀ ਟੈਸਲਾ ਮੋਟਰ ਵਲੋਂ ਡਰਾਈਵਰਲੈੱਸ ਕਾਰਾਂ ਬਣਾਈਆਂ ਜਾ ਰਹੀਆਂ ਹਨ, ਜੋ ਅਗਲੇ ਕੁਝ ਹੀ ਸਮੇਂ ਵਿਚ ਪੂਰੀ ਦੁਨੀਆ ਦੇ ਦੇਸ਼ਾਂ ਵਿਚ ਆਪਣੀ ਧੁੰਮ ਪਾਉਣਗੀਆਂ। ਇੱਥੇ ਵਰਣਨਯੋਗ ਹੈ ਕਿ ਟੈਸਲਾ ਕਾਰਾਂ ਦੀ ਮੰਗ ਦੁਨੀਆ ਵਿਚ ਤੇਜ਼ੀ ਨਾਲ ਵਧ ਰਹੀ ਹੈ। ਇਹ ਕਾਰਾਂ ਦੁਨੀਆਂ ਦੇ ਕੁਝ ਦੇਸ਼ਾਂ ਵਿਚ ਸਫ਼ਲਤਾਪੂਰਵਕ ਚੱਲਣੀਆਂ ਵੀ ਸ਼ੁਰੂ ਹੋ ਗਈਆਂ ਹਨ।

### ਸਪੇਸਐਕਸ

ਇਹ ਦੁਨੀਆਂ ਦੀ ਪਹਿਲੀ ਅਜਿਹੀ ਕੰਪਨੀ ਹੈ, ਜੋ ਪੁਲਾੜ ਵਿਚ ਉਪ ਗ੍ਰਹਿ ਸਥਾਪਤ ਕਰਨ ਦੇ ਨਾਲ-ਨਾਲ ਰਾਕਟ ਬਣਾਉਣ ਲਈ ਕੰਮ ਕਰ ਰਹੀ ਹੈ। ਏਲੋਨ ਮਸਕ ਨੇ ਇਸ ਕੰਪਨੀ ਨਾਲ ਇਕ ਤੋਂ ਵੱਧ ਵਾਰ ਵਰਤੇ ਜਾਣ ਵਾਲਾ ਰਾਕਟ ਬਣਾ ਕੇ ਦੁਨੀਆਂ ਨੂੰ ਅਚੰਭੇ ਵਿਚ ਪਾ ਦਿੱਤਾ ਹੈ। ਦੁਨੀਆਂ ਭਰ ਵਿੱਚ ਪਹਿਲੀ ਵਾਰ ਇਹ ਸਫ਼ਲਤਾ ਹਾਸਲ ਹੋਈ ਹੈ ਕਿ ਇਸ ਦੇ ਬਣਾਏ ਰਾਕਟ ਇਕ ਤੋਂ ਵੱਧ ਵਾਰ ਵਰਤੇ ਜਾ ਸਕਦੇ ਹਨ। ਇਸ ਕੰਪਨੀ ਦੀ ਮਦਦ ਨਾਲ ਜਿੱਥੇ ਧਰਤੀ ਦੁਆਲੇ ਏਲੋਨ ਮਸਕ ਨੇ ਉਪਗ੍ਰਹਿਆਂ ਦਾ ਜਾਲ ਬੁਣਨਾ ਸ਼ੁਰੂ ਕਰ ਦਿੱਤਾ ਹੈ ਉੱਥੇ ਭਵਿੱਖ ਵਿਚ ਇਸ ਦਾ ਕੰਮ ਮੰਗਲ ਗ੍ਰਹਿ 'ਤੇ ਮਾਨਵ ਬਸਤੀਆਂ ਵਸਾਉਣਾ ਵੀ ਹੈ। ਆਪਣੇ ਉਪਗ੍ਰਹਿ ਧਰਤੀ ਦੇ ਨੇੜੇ ਸਥਾਪਤ ਕਰਨ ਲਈ ਇਹ ਕੰਪਨੀ ਸਫ਼ਲਤਾਪੂਰਵਕ ਕੰਮ ਕਰ ਰਹੀ ਹੈ।

### ਸਟਾਰਲਿੰਕ

ਸਪੇਸਐਕਸ ਕੰਪਨੀ ਦੀ ਮਦਦ ਨਾਲ ਏਲੋਨ ਮਸਕ ਨੇ ਇਕ ਨਵੀਂ ਕੰਪਨੀ ਸਟਾਰਲਿੰਕ ਬਣਾਈ ਹੈ, ਜਿਸ ਦਾ ਕੰਮ ਸਸਤੀ ਅਤੇ ਦੂਰ ਦੁਰਾਡੇ ਇਲਾਕਿਆਂ ਵਿਚ ਹਾਈਸਪੀਡ ਇੰਟਰਨੈੱਟ ਸੇਵਾ ਮੁਹੱਈਆ ਕਰਾਉਣੀ ਹੈ। ਸਟਾਰਲਿੰਕ ਨੇ ਭਾਰਤ ਵਿਚ ਆਪਣਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਦਿੱਲੀ, ਕੋਲਕਾਤਾ, ਬੰਗਲੌਰ, ਮੁੰਬਈ ਅਤੇ ਚੇਨਈ ਵਰਗੇ ਸ਼ਹਿਰਾਂ ਵਿਚ ਇਸ ਨੇ ਆਪਣੇ ਦਫ਼ਤਰ ਖੋਲ੍ਹ ਕੇ ਆਨਲਾਈਨ ਬੁਕਿੰਗ ਸ਼ੁਰੂ ਕਰ ਦਿੱਤੀ ਹੈ। ਸਟਾਰਲਿੰਕ ਇੰਟਰਨੈੱਟ ਸੇਵਾ ਅਜਿਹੀ ਹਾਈ ਸਪੀਡ, ਵਾਇਰਲੈੱਸ ਸੇਵਾ ਹੋਵੇਗੀ ਜਿਸ ਦੇ ਮੁਕਾਬਲੇ ਇੰਟਰਨੈੱਟ ਸੇਵਾ ਮੁਹੱਈਆ ਕਰਾਉਣ ਵਾਲੀਆਂ ਵੱਡੀਆਂ ਵੱਡੀਆਂ ਕੰਪਨੀਆਂ ਇਸ ਦੇ ਨੇੜੇ-ਤੇੜੇ ਵੀ ਨਹੀਂ ਖੜ੍ਹ ਸਕਣਗੀਆਂ।

### ਸੋਲਰਸਿਟੀ

ਇਸ ਕੰਪਨੀ ਦੀ ਸ਼ੁਰੂਆਤ 2016 ਵਿਚ ਕੀਤੀ ਗਈ ਸੀ। ਇਹ ਸੋਲਰ ਰੂਫ਼ ਟਾਇਲ ਮਨੂਫੈਕਚਰਿੰਗ ਕੰਪਨੀ ਹੈ। ਇਸ ਰਾਹੀਂ ਏਲੋਨ ਮਸਕ ਦਾ ਸੁਪਨਾ ਹੈ ਕਿ ਧਰਤੀ ਤੋਂ ਕਾਰਬਨ ਡਾਈਆਕਸਾਈਡ ਦੀ ਮਾਤਰਾ ਨੂੰ ਕੰਟਰੋਲ ਕਰਨ ਵਿਚ ਮਦਦ ਮਿਲੇਗੀ। ਏਲੋਨ ਮਸਕ ਦੀ ਇਹ ਕੰਪਨੀ ਜੋ ਐਨਰਜੀ ਕਰੀਏਸ਼ਨ 'ਤੇ ਕੰਮ ਕਰਦੀ ਹੈ। ਬੜੀ ਤੇਜ਼ੀ ਨਾਲ ਸੂਰਜੀ ਊਰਜਾ ਨੂੰ ਕੰਟਰੋਲ ਕਰਕੇ ਘੱਟ ਤੋਂ ਘੱਟ ਲਾਗਤ ਵਿਚ ਬਿਜਲੀ ਪੈਦਾ ਕਰਨ ਲਈ ਕੰਮ ਕਰ ਰਹੀ ਹੈ। ਇਹ ਕਾਫੀ ਹੱਦ ਤੱਕ ਸਫਲ ਵੀ ਹੈ। ਉਸ ਦੀ ਇਸ ਕੰਪਨੀ ਵਲੋਂ ਅਜਿਹੀਆਂ ਟਾਇਲਾਂ ਈਜਾਦ ਕੀਤੀਆਂ ਗਈਆਂ ਹਨ ਜੋ ਘਰਾਂ ਦੀਆਂ ਦੀਵਾਰਾਂ ਦੀ ਸਜਾਵਟ ਬਣਨ ਦੇ ਨਾਲ-ਨਾਲ ਬਿਜਲੀ ਊਰਜਾ ਪੈਦਾ ਕਰਨ ਦਾ ਕੰਮ ਵੀ ਕਰਨਗੀਆਂ। ਹਰ ਘਰ ਦੀ ਬਿਜਲੀ ਦੀ ਲੋੜ ਘਰ ਵਿਚੋਂ ਹੀ ਪੂਰੀ ਹੋ ਸਕੇਗੀ।

### ਹਾਈਪਰਲੂਪ

ਇਹ ਜ਼ਮੀਨ ਦੇ ਹੇਠਾਂ ਤੇਜ਼ੀ ਨਾਲ ਸੁਰੰਗ ਬਣਾਉਣ ਵਾਲਾ ਪ੍ਰਾਜੈਕਟ ਹੈ। ਇਹ ਏਲੋਨ ਮਸਕ ਦੀ ਇਕ ਹੋਰ ਕੰਪਨੀ 'ਬੋਰਿੰਗ' ਨਾਲ ਮਿਲ ਕੇ ਤੇਜ਼ੀ ਨਾਲ ਕੰਮ ਕਰ ਰਹੀ ਹੈ ਜਿਸ ਦਾ ਮਨੋਰਥ ਜ਼ਮੀਨਦੋਜ਼ ਸੁਰੰਗ ਬਣਾ ਕੇ ਕੈਪਸੂਲ

(ਬਾਕੀ ਸਫ਼ਾ 30 'ਤੇ)

# ਨਿਊ ਵਰਲਡ ਆਰਡਰ, ਆਰਟੀਫੀਸ਼ੀਅਲ ਇੰਟੈਲੀਜੈਂਸ ’ਚ ਫਸੀ ਮਨੁੱਖਤਾ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਵਚਨ



ਪ੍ਰੋ. ਬਲਵਿੰਦਰ ਪਾਲ ਸਿੰਘ
9815700916

ਆਰਟੀਫੀਸ਼ੀਅਲ ਇੰਟੈਲੀਜੈਂਸ ਕੰਪਿਊਟਰ ਵਿਗਿਆਨ ਦੀ ਇੱਕ ਸ਼ਾਖਾ ਹੈ ਜੋ ਬੁੱਧੀ ਨਾਲ ਮਸ਼ੀਨਾਂ ਅਤੇ ਸੌਫਟਵੇਅਰ ਵਿਕਸਿਤ ਕਰਦੀ ਹੈ। 1955 ਵਿੱਚ, ਜੌਨ ਮੈਕਕਾਰਥੀ ਨੇ ਇਸ ਨੂੰ ਆਰਟੀਫਿਸ਼ੀਅਲ ਇੰਟੈਲੀਜੈਂਸ ਦਾ ਨਾਮ ਦਿੱਤਾ ਅਤੇ ਇਸ ਨੂੰ ਬੁੱਧੀਮਾਨ ਮਸ਼ੀਨਾਂ ਬਣਾਉਣ ਦਾ ਵਿਗਿਆਨ ਅਤੇ ਇੰਜੀਨੀਅਰਿੰਗ ਵਜੋਂ ਪਰਿਭਾਸ਼ਿਤ ਕੀਤਾ। ਅਜੋਕੇ ਸਮੇਂ ਨਿਊ ਵਰਲਡ ਆਰਡਰ ਤਹਿਤ ਅਸੀਂ ਆਰਟੀਫੀਸ਼ਲ ਇੰਟੈਲੀਜੈਂਸ ਵਲ ਜਾ ਰਹੇ ਹਾਂ। ਇਸ ਯੁਗ ਨੇ ਵਿਸ਼ਵ ਦੇ ਸਾਰੇ ਮਹਾਦੀਪਾਂ, ਦੇਸ਼ਾਂ ਅਤੇ ਬਾਸ਼ਿੰਦਿਆਂ ਨੂੰ ਤੁਲਨਾ ਵੀ ਅਨੁਪਾਤ ਵਿਚ ਪ੍ਰਭਾਵਿਤ ਕੀਤਾ ਹੈ। ਅੱਜ ਦੁਨੀਆਂ ਭਰ ਦੇ ਕਾਰਪੋਰੇਟਾਂ ਨੂੰ ਬਸਤੀਆਂ ਬਣਾਉਣ ਦੀ ਲੋੜ ਨਹੀਂ। ਅੱਜ ਸਕਰੀਨ ਦੇ ਇੱਕੋ ਟੱਚ ਨਾਲ ਵਿਭਿੰਨ ਦੇਸ਼ਾਂ ਦੀਆਂ ਆਰਥਿਕ, ਰਾਜਨੀਤਿਕ ਸਥਿਤੀਆਂ ਬਦਲ ਸਕਦੀਆਂ ਹਨ। ਇੱਕੋ ਟਵੀਟ ਨਾਲ ਕਰਿਪਟੋ ਕਰੰਸੀਆਂ ਵਿਚ ਉਤਾਰ-ਚੜ੍ਹਾਅ ਦੇਖੇ ਜਾ ਸਕਦੇ ਹਨ। ਇੱਕੋ ਝਟਕੇ ਨਾਲ ਦੁਨੀਆਂ ਦੇ ਮਹਾਨ ਥੰਮ ਹਿਲਾਏ ਜਾ ਸਕਦੇ ਹਨ।
ਆਰਟੀਫੀਸ਼ਲ ਇੰਟੈਲੀਜੈਂਸ ਵਿੱਚ ਮਨੁੱਖੀ ਭਾਵਨਾਵਾਂ ਲਈ ਕੋਈ ਥਾਂ ਨਹੀਂ ਹੋਵੇਗੀ। ਇਸ ਰੋਬੋਟ ਜਾਂ ਵਰਚੁਅਲ ਦੁਨੀਆਂ ਵਿੱਚ ਕਿਤੇ ਨਾ ਕਿਤੇ ਅਸੀਂ ਅਸਲ ਸੰਸਾਰ, ਕੁਦਰਤ, ਆਪਣੇ ਪਰਿਵਾਰ ਰਿਸ਼ਤਿਆਂ, ਦੋਸਤਾਂ ਨੂੰ ਭੁੱਲਦੇ ਜਾ ਰਹੇ ਹਾਂ ਅਤੇ ਇਸ ਕਾਰਨ ਸਾਡੇ ਅੰਦਰਲੀ ਮਨੁੱਖਤਾ ਨਸ਼ਟ ਹੁੰਦੀ ਜਾ ਰਹੀ ਹੈ। ਅਸੀਂ ਇਕਲੇ ਪੈਂਦੇ ਜਾ ਰਹੇ ਹਾਂ, ਸਟਰੈਸ ਵਿਚ ਹਾਂ। ਆਰਟੀਫੀਸ਼ਲ ਇੰਟੈਲੀਜੈਂਸ ਦੀ ਦੁਨੀਆਂ ਵਿਚ ਗੁਆਚੇ ਅਸੀਂ ਰੋਬੋਟ ਬਣ ਰਹੇ ਹਾਂ। ਜ਼ਿੰਦਗੀ ਜੀਉਣ ਦਾ ਚਾਅ ਮੁਕ ਰਿਹਾ ਹੈ।

ਵਿਗਿਆਨੀ ਸਟੀਫਨ ਹਾਕਿੰਗ ਨੇ ਕਿਹਾ ਸੀ ਕਿ ਜੇਕਰ ਆਰਟੀਫੀਸ਼ਲ ਇੰਟੈਲੀਜੈਂਸ ਮਸ਼ੀਨਾਂ ਬਣਾਈਆਂ ਗਈਆਂ ਤਾਂ ਇਹ ਮਨੁੱਖੀ ਸਭਿਅਤਾ ਨੂੰ ਤਬਾਹ ਕਰ ਦੇਣਗੀਆਂ। ਇੱਕ ਵਾਰ ਜਦੋਂ ਮਨੁੱਖ ਆਰਟੀਫੀਸ਼ਲ ਇੰਟੈਲੀਜੈਂਸ ਮਸ਼ੀਨਾਂ ਬਣਾ ਲਵੇਗਾ, ਤਾਂ ਇਹ ਮਸ਼ੀਨਾਂ ਆਪਣੇ ਆਪ ਹੀ ਆਪਣੀਆਂ ਕਾਪੀਆਂ ਬਣਾਉਣ ਦੇ ਯੋਗ ਹੋ ਜਾਣਗੀਆਂ। ਇਹ ਮਸ਼ੀਨਾਂ ਮਨੁੱਖੀ ਸੰਵੇਦਨਾਵਾਂ ਨੂੰ ਨੁਕਸਾਨ ਪਹੁੰਚਾਉਣਗੀਆਂ। ਪਰ ਕੀ ਇਹ ਥਿਕਿੰਗ ਮਸ਼ੀਨਾਂ ਬੰਦੇ ਦਾ ਤੋੜ ਹੋ ਸਕਦੀਆਂ ਹਨ, ਰੋਬੋਟਾਂ ’ਤੇ ਸਾਡੇ ਮਨੁੱਖਾਂ ਦੀ ਦਿਨ-ਬ-ਦਿਨ ਵੱਧ ਰਹੀ ਨਿਰਭਰਤਾ ਸਹੂਲਤ ਅਤੇ ਆਰਾਮ ਦੇ ਨਾਲ-ਨਾਲ ਸਾਡੇ ਲਈ ਖ਼ਤਰੇ ਦੀ ਘੰਟੀ ਬਣ ਸਕਦੀ ਹੈ। ਦੁਨੀਆ ਭਰ ਦੇ ਬਹੁਤ ਸਾਰੇ ਵਿਗਿਆਨਕ ਗਲਪ ਲੇਖਕਾਂ ਨੇ ਇਸ ਖਤਰਨਾਕ ਖਦਸ਼ੇ ਬਾਰੇ ਕਹਾਣੀਆਂ ਲਿਖੀਆਂ, ਫਿਲਮਾਂ ਵੀ ਬਣੀਆਂ ਹਨ। ਕੀ ਅਸੀਂ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰਕੇ ਇਨ੍ਹਾਂ ਮਸ਼ੀਨਾਂ ਨੂੰ ਤਾਕਤਵਰ ਅਤੇ ਬੁੱਧੀਮਾਨ ਬਣਾ ਕੇ ਆਪਣੇ ਆਪ ਨੂੰ ਕਮਜ਼ੋਰ ਕਰ ਰਹੇ ਹਾਂ, ਉਸ ਦਿਨ ਕੀ ਹੋਵੇਗਾ ਜਦੋਂ ਆਧੁਨਿਕ ਰੋਬੋਟ ਮਨੁੱਖਾਂ ਦੇ ਹੁਕਮਾਂ ਨੂੰ ਮੰਨਣ ਤੋਂ ਇਨਕਾਰ ਕਰ ਦੇਣਗੇ।

ਮਸ਼ਹੂਰ ਕੰਪਨੀ ਸਪੇਸ ਐਕਸ ਅਤੇ ਦੁਨੀਆ ਦੇ ਮਸ਼ਹੂਰ ਪੁਲਾੜ ਯਾਨ ਨਿਰਮਾਤਾ ਕੰਪਨੀ ਟੇਸਲਾ ਦੇ ਸੀਈਓ ਐਲੋਨ ਮਸਕ ਦਾ ਵੀ ਮੰਨਣਾ ਹੈ ਕਿ ਤੀਸਰੇ ਵਿਸ਼ਵ ਯੁੱਧ ਦਾ ਮੁੱਖ ਕਾਰਨ ਆਰਟੀਫਿਸ਼ੀਅਲ ਇੰਟੈਲੀਜੈਂਸ ਹੋਵੇਗਾ। ਇਸ ਨਾਲ ਦੁਨੀਆਂ ਦੀ ਤਬਾਹੀ ਮਚੇਗੀ।




ਮੌਜੂਦਾ ਸਮਾਂ ਕੁਆਂਟਿਮ ਕੰਪਿਊਟਿੰਗ, ਕ੍ਰਿਤ੍ਰਿਮ ਸਤ੍ਰਕ ਰਿਬੋਟਿਕਸ, ਬਿੱਗ ਡਾਟਾ, ਨੈਨੋ ਤਕਨਾਲੋਜੀ, ਬਲੌਕ ਚੇਨ ਅਤੇ ਜਨੈਟਿਕ ਇੰਜੀਨੀਅਰਿੰਗ ਵਰਗੀਆਂ ਅਤਿ ਵਿਕਸਿਤ ਤਕਨੀਕਾਂ ਹਨ। ਜਿਸ ਕੰਪਨੀ ਕੋਲ ਦੁਨੀਆਂ ਭਰ ਦਾ ਡਾਟਾ ਹੈ, ਉਸ ਕੋਲ ਤਾਕਤ ਹੈ। ਅਜਿਹੀ ਤਾਕਤ ਨੂੰ ਰੋਬੋਟ ਦੀ ਮਦਦ ਨਾਲ ਹੈਂਡਲ ਕੀਤਾ ਜਾਂਦਾ ਹੈ। ਅਮਾਲੀਆ, ਸੋਫੀਆ ਰੋਬੋ ਵੱਡੀਆਂ ਯੂਰਪੀ ਕੰਪਨੀਆਂ ਵਿਚ ਇੱਕੋ ਸਮੇਂ ਲਗਪਗ 100 ਭਾਸ਼ਾਵਾਂ ਦੀਆਂ ਫੋਨ ਕਾਲਜ਼ ਸੰਭਾਲ ਸਕਦੀਆਂ ਹਨ। ਜਨੈਟਿਕ ਇੰਜੀਨੀਅਰਿੰਗ ਜ਼ਰੀਏ ਡਿਜ਼ਾਈਨਰ ਬੇਬੀ ਤਿਆਰ ਕੀਤੇ ਜਾ ਰਹੇ ਹਨ। ਕ੍ਰਿਤ੍ਰਿਮ ਬੁੱਧੀਮਤਾ ਯੁਕਤ ਰੋਬੋ ਕਾਰਾਂ (ਵੇਅਮੋ) ਕੈਬਾਂ ਦੀ ਜਗ੍ਹਾ ਲੈ ਰਹੀਆਂ ਹਨ। ਮਨੁੱਖ ਦੇ ਵਧੇਰੇ ਐਡਵਾਂਸ ਹੋਣ ਨਾਲ ਪ੍ਰਕਿਰਤੀ, ਵਾਤਾਵਰਣ ਅਤੇ ਮਾਨਵੀ ਕਦਰਾਂ-ਕੀਮਤਾਂ ਦਾ ਘਾਣ ਹੋ ਰਿਹਾ ਹੈ। ਅਮੀਰ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਹੁੰਦੇ ਜਾ ਰਹੇ ਹਨ। ‘ਇਨਕਵੈਲਟੀ ਇੰਡੈਕਸ’ ਮੁਤਾਬਿਕ ਅੱਜ ਦੁਨੀਆਂ ਦੀ ਸੰਪਤੀ ਦੇ 44 ਫੀਸਦੀ ਹਿੱਸੇ ’ਤੇ ਸਿਰਫ ਇਕ ਫੀਸਦੀ ਲੋਕਾਂ ਦਾ ਕਬਜ਼ਾ ਹੈ।

ਇਸ ਨਿਊ ਵਰਡ ਆਰਡਰ ਤਹਿਤ ਮਨੁੱਖ ਮਾਇਆ ਵਿਚ ਅੰਨਾ ਹੋਇਆ ਆਪਣੀ ਸੁਖ ਸ਼ਾਂਤੀ ਗੁਆਕੇ ਹਸਣਾ, ਰੋਣਾ ਸਭ ਭੁਲ ਜਾਵੇਗਾ। ਬੇਸ਼ੱਕ ਇਸ ਯੁਗ ਵਿਚ ਮਨੁੱਖ ਨਵੀਆਂ ਧਰਤੀਆਂ ਖੋਜ ਰਿਹਾ ਹੈ। ਪੁਲਾੜ ਯਾਤਰਾ ਦੇ ਅਗਲੇਰੇ ਮਿਸ਼ਨ ਵੱਲ ਵਧ ਰਿਹਾ ਹੈ, ਪਰ ਸਾਡੇ ਸੁਹਜ ਸਵਾਦ ਬੜੀ ਤੇਜ਼ੀ ਨਾਲ ਬਦਲ ਰਹੇ ਹਨ। ਆਰਟੀਫੀਸ਼ਲ ਇੰਟੈਲੀਜੈਂਸ ਦੇ ਦੌਰ ਨੇ ਮਨੁੱਖ ਅੰਦਰ ਅਜੀਬ ਤਰ੍ਹਾਂ ਦੀ ਕਾਹਲ ਪੈਦਾ ਕਰ ਦਿੱਤੀ ਹੈ। ਮਨੁੱਖ ਪ੍ਰਕਾਸ਼ ਦੀ ਸਪੀਡ ਨਾਲ ਸਫਰ ਕਰਨਾ ਲੋਚਦਾ ਹੈ। ਇਹੀ ਕਾਹਲ ਮਨੁੱਖ ਨੂੰ ਮਨੁੱਖ ਤੋਂ ਦੂਰ ਹੀ ਨਹੀਂ, ਸਗੋਂ ਆਪਣੇ-ਆਪ ਤੋਂ ਵੀ ਦੂਰ ਕਰ ਰਹੀ ਹੈ।

ਨਿਊ ਵਰਲਰ ਆਰਡਰ ਦੀ ਸਭਿਅਤਾ ਤਹਿਤ ਅਜੋਕੇ ਦੌਰ ਵਿਚ ਮਨੁੱਖ ਸੰਪੂਰਨ ਆਜ਼ਾਦ ਨਹੀਂ ਹੈ, ਮਸ਼ੀਨਾਂ ਤੇ ਕਾਰਪਰੇਟ ਦਾ ਗੁਲਾਮ ਹੈ। ਮੋਬਾਇਲ ਫੋਨ, ਨੈਵੀਗੇਸ਼ਨਾਂ, ਕੈਮਰਿਆਂ, ਸਕਰੀਨਾਂ, ਵ੍ਹੱਟਸਐਪ, ਇੰਸਟਾ ਵਰਗੇ ਵੱਡੇ ਪਲੇਟਫਾਰਮ ਦਿਨੋਂ-ਦਿਨ ਸਾਡੀ ਨਿੱਜਤਾ ’ਤੇ ਪ੍ਰਸ਼ਨ-ਚਿੰਨ੍ਹ ਲਾ ਰਹੇ ਹਨ। ਬੰਦੇ ਦੀਆਂ ਰੋਜ਼ ਮੱਰਾ ਐਕਟੀਵਿਟੀਆਂ ਨੂੰ ਡਾਟਾ ਦੇ ਰੂਪ ਵਿਚ ਇਕੱਤਰ ਕੀਤਾ ਜਾ ਰਿਹਾ ਹੈ। ਉਸ ਦੀਆਂ ਭਾਵਨਾਵਾਂ, ਖ਼ੁਸ਼ੀਆਂ, ਗਮੀਆਂ, ਸੰਵੇਦਨਾਵਾਂ ਆਦਿ ਨੂੰ ਬਾਜ਼ਾਰ ਦੀ ਵਸਤ ਵਜੋਂ ਵੇਖਿਆ ਜਾ ਰਿਹਾ ਹੈ।

ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਜੁਗਤ ਰਾਹੀਂ ਆਪਣੇ ਟਿਕਾਣਿਆਂ ’ਤੇ ਬੈਠੇ ਮਨੁੱਖਾਂ ਨੂੰ ਅਦ੍ਰਿਸ਼ ਨਿਰਦੇਸ਼ ਦਿੱਤੇ ਜਾ ਰਹੇ ਹਨ ਅਤੇ ਉਸ ਨੂੰ ਸ਼ਤਰੰਜ ਦੇ ਪਿਆਦੇ ਵਾਂਗ ਵਰਤਿਆ ਜਾ ਰਿਹਾ ਹੈ, ਪਰ ਨਿਰਦੇਸ਼ਕ ਅਦ੍ਰਿਸ਼ ਰਹਿੰਦਾ ਹੈ।

ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਇਸ ਨਵੇਂ ਯੁੱਗ ਵਿਚ ਪੜ੍ਹਿਆ-ਲਿਖਿਆ ਚੇਤੰਨ ਵਰਗ ਵੀ ਵਧੇਰੇ ਪ੍ਰਭਾਵਿਤ ਹੈ। ਵੱਡੀਆਂ ਕੰਪਨੀਆਂ ਵੱਲੋਂ ਜੋ ਮਨੁੱਖ ਨੂੰ ਜੀਣ ਦੇ ਬਦਲ ਦਿੱਤੇ ਜਾ ਰਹੇ ਹਨ, ਬੰਦਾ ਉਨ੍ਹਾਂ ਉੱਪਰ ਨਿਰਭਰ ਹੋ ਕੇ ਸੀਮਤ ਜ਼ਿੰਦਗੀ ਜਿਊਂਦਾ ਹੈ ਅਤੇ ਇਸ ਸੀਮਤ ਜਿਹੀ ਜ਼ਿੰਦਗੀ ਨੂੰ ਅਸੀਮਤ ਸਮਝਣ ਦਾ ਭਰਮ ਪਾਲ ਰਿਹਾ ਹੈ। ਇੰਜ ਸੀਮਤ ਜਿਹੀ ਜ਼ਿੰਦਗੀ ਜਿਊਂਦਾ ਮਨੁੱਖ ਦਿਨੋਂ-ਦਿਨ ਆਪਣੇ ਅੰਤਰੀਵੀ ਮਨ ਅਤੇ ਰੂਹਾਨੀਅਤ ਤੋਂ ਦੂਰ ਹੁੰਦਾ ਜਾ ਰਿਹਾ ਹੈ।

(ਬਾਕੀ ਸਫ਼ਾ 31 ’ਤੇ)

*ਮਾਮਲਾ ਲਤੀਫ਼ਪੁਰਾ ਵਿਚ ਗਰੀਬ ਸਿੱਖਾਂ ਦੇ ਉਜਾੜੇ ਦਾ*

## ਪੰਜਾਬ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਨੇ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਸਾਹਮਣੇ ਰੱਖਿਆ ਪੱਖ

### ਘੱਟਗਿਣਤੀ ਕਮਿਸ਼ਨ ਨੇ ਵੀ ਲਿਆ ਲਤੀਫਪੁਰ ਉਜਾੜੇ ਦਾ ਨੋਟਿਸ

ਜਲੰਧਰ/ਏ.ਟੀ.ਨਿਊਜ਼ :- ਸਥਾਨਕ ਲਤੀਫ਼ਪੁਰਾ ਵਿਖੇ ਮਕਾਨਾਂ ਨੂੰ ਢਾਹੇ ਜਾਣ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਨੇ ਨਵੀਂ ਦਿੱਲੀ ਵਿਖੇ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਸਾਹਮਣੇ ਪੇਸ਼ ਹੋ ਕੇ ਪੱਖ ਰੱਖਦਿਆਂ ਮਾਮਲੇ ਨਾਲ ਸਬੰਧਿਤ ਰਿਕਾਰਡ ਅਤੇ ਦਸਤਾਵੇਜ਼ ਕਮਿਸ਼ਨ ਨੂੰ ਦਿਖਾਏ।

ਕਮਿਸ਼ਨ ਵਿਖੇ ਸਥਾਨਕ ਸਰਕਾਰ ਵਿਭਾਗ ਦੇ ਪ੍ਰਮੁੱਖ ਸਕੱਤਰ ਵਿਵੇਕ ਪ੍ਰਤਾਪ ਸਿੰਘ, ਜਲੰਧਰ ਦੇ ਪੁਲਿਸ ਕਮਿਸ਼ਨਰ ਡਾ. ਐੱਸ ਭੂਪਥੀ, ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ, ਡਿਪਟੀ ਕਮਿਸ਼ਨਰ ਪੁਲਿਸ ਜਗਮੋਹਨ ਸਿੰਘ ਅਤੇ ਜਲੰਧਰ ਇੰਪਰੂਵਮੈਂਟ ਟਰੱਸਟ ਦੇ ਅਧਿਕਾਰੀਆਂ ਨੇ ਲੋੜੀਂਦਾ ਰਿਕਾਰਡ ਦਿਖਾਇਆ। ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਵਿਜੈ ਸਾਂਪਲਾ ਵੱਲੋਂ ਵਿਵਾਦਤ ਜ਼ਮੀਨ ਅਤੇ ਮਕਾਨ ਢਾਹੇ ਜਾਣ ਸਬੰਧੀ ਜਾਣਕਾਰੀ ਹਾਸਿਲ ਕੀਤੀ ਗਈ। ਜ਼ਿਕਰਯੋਗ ਹੈ ਕਿ ਕਮਿਸ਼ਨ ਵੱਲੋਂ ਜਿਨ੍ਹਾਂ ਪਰਿਵਾਰਾਂ ਦੇ ਮਕਾਨ ਢਾਹੇ ਗਏ ਹਨ ਉਨ੍ਹਾਂ ਦੇ ਮੁੜ ਵਸੇਬੇ ਸਬੰਧੀ ਵੀ ਪੁੱਛਿਆ ਗਿਆ, ਜਿਸ ’ਤੇ ਅਧਿਕਾਰੀਆਂ ਨੇ ਵਿਸਥਾਰ ਨਾਲ ਜਾਣਕਾਰੀ ਮੁਹੱਈਆ ਕਰਵਾਈ। ਇੰਪਰੂਵਮੈਂਟ ਟਰੱਸਟ ਦੇ ਅਧਿਕਾਰੀਆਂ ਨੇ ਕਮਿਸ਼ਨ ਨੂੰ ਇਹ ਵੀ ਦੱਸਿਆ ਕਿ



ਟਰੱਸਟ ਵਲੋਂ ਪਹਿਲਾਂ ਹੀ ਅਜਿਹੇ ਪਰਿਵਾਰਾਂ ਨੂੰ ਦੋ ਬੀਐੱਚਕੇ ਫਲੈਟ ਦੇਣ ਦੀ ਤਜਵੀਜ਼ ਰੱਖੀ ਗਈ ਹੈ। ਕਮਿਸ਼ਨ ਨੂੰ ਇਹ ਵੀ ਦੱਸਿਆ ਕਿ ਸਥਾਨਕ ਸਰਕਾਰ ਵਿਭਾਗ ਵਲੋਂ ਮੁੜ ਵਸੇਬੇ ਦੀ ਮੰਗ ਕਰ ਰਹੇ ਪਰਿਵਾਰਾਂ ਦੇ ਦਾਅਵਿਆਂ ਦੀ ਜਾਂਚ ਕਰਨ ਲਈ ਕਮੇਟੀ ਦਾ ਗਠਨ ਵੀ ਕੀਤਾ ਜਾ ਚੁੱਕਾ ਹੈ।

ਜ਼ਿਕਰਯੋਗ ਹੈ ਕਿ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਵਿਜੇ ਸਾਂਪਲਾ ਵਲੋਂ ਬੀਤੇ ਦਿਨੀਂ ਲਤੀਫ਼ਪੁਰਾ ਦਾ ਦੌਰਾ ਕਰਕੇ ਪਰਿਵਾਰਾਂ ਨੂੰ ਮਿਲਿਆ ਗਿਆ ਸੀ ਅਤੇ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੂੰ 10 ਜਨਵਰੀ ਨੂੰ ਕਮਿਸ਼ਨ ਸਾਹਮਣੇ ਪੇਸ਼ ਹੋਣ ਲਈ ਕਿਹਾ ਗਿਆ ਸੀ।

ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਲਤੀਫਪੁਰਾ ਦਾ ਦੌਰਾ ਕਰ ਕੇ ਪੀੜਤਾਂ ਨਾਲ ਦੁੱਖ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਮੀਡੀਆ ਵਿੱਚ ਆਈਆਂ ਲਤੀਫਪੁਰਾ ਵਿੱਚ ਉਜਾੜੇ ਗਏ ਲੋਕਾਂ ਦੀਆਂ ਰਿਪੋਰਟਾਂ ਬਹੁਤ ਤਕਲੀਫਦੇਹ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਵਜੋਂ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਨੂੰ ਨੋਟਿਸ ਭੇਜ ਕੇ ਰਿਪੋਰਟ ਮੰਗੀ ਸੀ ਪਰ ਪੰਜਾਬ ਸਰਕਾਰ ਨੇ ਹਾਲੇ ਤੱਕ ਉਸ ਦਾ ਜਵਾਬ ਨਹੀਂ ਦਿੱਤਾ। ਇੱਥੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਈ ਹੈ। ’47 ਵਿੱਚ ਪਾਕਿਸਤਾਨ ਤੋਂ ਕੁਝ ਸਿੱਖ ਪਰਿਵਾਰ ਉਜੜ ਕੇ ਇੱਥੇ ਆਏ ਸਨ ਤੇ ਹੁਣ ਉਨ੍ਹਾਂ ਨੂੰ ਇੱਕ ਵਾਰ ਫਿਰ ਉਜਾੜ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਲਤੀਫਪੁਰਾ ਦੇ ਲੋਕਾਂ ਨੂੰ ਇਨਸਾਫ (ਬਾਕੀ ਸਫ਼ਾ 31 ’ਤੇ)

## ਅੱਖ ਤੋਂ ਗੁਰਦੇ ਤੱਕ ਹਰ ਨਾੜੀ ਵਿਚ ਦਾਖਲ ਹੋਇਆ ਕੋਰੋਨਾ

### ਪੋਸਟਮਾਰਟਮ ਵਿਚ ਸਰੀਰ ਦੇ ਅੰਦਰ 84 ਥਾਵਾਂ ’ਤੇ ਮਿਲਿਆ ਇਨਫੈਕਸ਼ਨ

ਵਾਸ਼ਿੰਗਟਨ/ਏ.ਟੀ.ਨਿਊਜ਼ :- ਟਿਸ਼ੂਆਂ ’ਤੇ ਕੀਤੇ ਗਏ ਹੁਣ ਤੱਕ ਦੇ ਸਭ ਤੋਂ ਵਿਆਪਕ ਅਧਿਐਨ ਵਿਚ ਖੋਜਕਰਤਾਵਾਂ ਨੂੰ ਹੈਰਾਨੀਜਨਕ ਨਤੀਜੇ ਮਿਲੇ ਹਨ। ਵਿਗਿਆਨੀਆਂ ਨੇ ਦਿਮਾਗ ਅਤੇ ਦਿਲ ਤੋਂ ਲੈ ਕੇ ਅੱਖਾਂ ਤੱਕ ਪੂਰੇ ਸਰੀਰ ਵਿੱਚ ਕੋਰੋਨਾ ਵਾਇਰਸ ਦੇ ਤੱਤ ਮਿਲੇ ਹਨ। ਨਤੀਜੇ ਦਰਸਾਉਂਦੇ ਹਨ ਕਿ ਸ਼ੁਰੂਆਤੀ ਬਿਮਾਰੀ ਦੇ ਮਹੀਨਿਆਂ ਬਾਅਦ, ਵਾਇਰਸ ਸਰੀਰ ਦੇ ਕਈ ਹਿੱਸਿਆਂ ਵਿੱਚ ਲਗਾਤਾਰ ਸੰਕਰਮਣ ਦਾ ਕਾਰਨ ਬਣ ਸਕਦਾ ਹੈ। ਇਹ ਅਧਿਐਨ ਕੋਵਿਡ ਦੇ ਸੰਭਾਵੀ ਇਲਾਜ ਵਜੋਂ ਐਂਟੀਵਾਇਰਲ ਦਵਾਈਆਂ ’ਤੇ ਹੋਰ ਖੋਜ ਦੀ ਲੋੜ ਸਮਝਦਾ ਹੈ।

ਨਿਊ ਡੇਅ ਐਕਸਪ੍ਰੈਸ ਅਨੁਸਾਰ ਕੋਰੋਨਾ ਵਾਇਰਸ ਨੂੰ ਹੋਂਦ ਵਿਚ ਆਏ ਤਿੰਨ ਸਾਲ ਬੀਤ ਚੁੱਕੇ ਹਨ ਅਤੇ ਵਿਗਿਆਨੀ ਅਜੇ ਵੀ ਇਹ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਵਾਇਰਸ ਮਨੁੱਖੀ ਸਰੀਰ ਲਈ ਕਿੰਨਾ ਖਤਰਨਾਕ ਹੈ। ਸਭ ਤੋਂ ਗੁੰਝਲਦਾਰ ਰਹੱਸ ਇਹ ਹੈ ਕਿ ਕਿਵੇਂ ਕੋਰੋਨਾ ਸਾਹ ਪ੍ਰਣਾਲੀ ਤੋਂ ਇਲਾਵਾ ਹੋਰ ਅੰਗਾਂ ਨੂੰ ਵਿਆਪਕ ਤੌਰ ’ਤੇ ਨੁਕਸਾਨ ਪਹੁੰਚਾਉਂਦਾ ਹੈ। ਹਾਲ ਹੀ ਵਿੱਚ, ਸਟੈਨਫੋਰਡ ਸਕੂਲ ਆਫ਼ ਮੈਡੀਸਨ ਦੀ ਇੱਕ ਟੀਮ ਨੇ ਕਈ ਕੋਵਿਡ ਮਰੀਜ਼ਾਂ ਦੇ ਪੋਸਟ-ਮਾਰਟਮ ਬ੍ਰੇਨ ਟਿਸ਼ੂ ਦੇ ਨਮੂਨਿਆਂ ਦਾ ਨੇੜਿਓਂ ਵਿਸ਼ਲੇਸ਼ਣ ਕੀਤਾ। ਉਨ੍ਹਾਂ ਨੂੰ ਵਾਇਰਲ ਆਰਐਨਏ ਦਾ ਕੋਈ ਨਿਸ਼ਾਨ ਨਹੀਂ ਮਿਲਿਆ।

ਮੈਰੀਲੈਂਡ ਯੂਨੀਵਰਸਿਟੀ ਦੇ ਸਹਿਯੋਗ ਨਾਲ ਨੈਸ਼ਨਲ ਇੰਸਟੀਚਿਊਟ ਆਫ਼ ਹੈਲਥ ਸਾਇੰਟਿਸਟਸ ਦੀ ਅਗਵਾਈ ਵਾਲੀ ਨਵੀਂ ਖੋਜ ਨੇ ਕੋਵਿਡ-19 ਨਾਲ ਮਰਨ ਵਾਲੇ 44 ਮਰੀਜ਼ਾਂ ਦੇ ਪੋਸਟਮਾਰਟਮ ਦਾ ਵਿਸ਼ਲੇਸ਼ਣ ਕੀਤਾ ਹੈ। ਪਤਾ ਲੱਗਾ ਹੈ ਕਿ ਸਰੀਰ ਵਿੱਚ 84 ਵੱਖ-ਵੱਖ ਥਾਵਾਂ ’ਤੇ ਕੋਰੋਨਾ ਪਾਇਆ ਜਾ ਸਕਦਾ ਹੈ। ਕੋਰੋਨਾ ਸਭ ਤੋਂ ਗਹਿਰਾ ਪ੍ਰਭਾਵ ਸਾਹ ਦੀ ਨਾਲੀ ਅਤੇ ਫੇਫੜਿਆਂ ਦੇ ਟਿਸ਼ੂ ’ਤੇ ਪਿਆ ਹੈ। ਹਾਲਾਂਕਿ, ਦਿਮਾਗ, ਅੰਤੜੀ, ਦਿਲ, ਗੁਰਦੇ, ਅੱਖ, ਲਿੰਫ ਨੋਡਸ ਅਤੇ ਐਡਰੀਨਲ ਗਲੈਂਡ ਵਿੱਚ ਵੀ ਵਾਇਰਸ ਦਾ ਪਤਾ ਚਲਿਆ ਹੈ। ਖੋਜ ਵਿੱਚ ਸ਼ਾਮਲ ਸਾਰੇ (ਬਾਕੀ ਸਫ਼ਾ 31 ’ਤੇ)

## ਜਾਅਲੀ ਜੱਜ ਬਣ ਕੇ ਠੱਗੀ ਮਾਰਨ ਵਾਲੀ ਬੀਬੀ ਡੀਐੱਸਪੀ ਪਤੀ ਸਮੇਤ ਗ੍ਰਿਫ਼ਤਾਰ

ਲੁਧਿਆਣਾ/ਏ.ਟੀ.ਨਿਊਜ਼ :- ਪੰਜਾਬ ਪੁਲਿਸ ਵਿਚ ਭਰਤੀ ਕਰਵਾਉਣ ਦੇ ਨਾਂ ’ਤੇ ਨੌਜਵਾਨ ਮੁੰਡੇ-ਕੁੜੀਆਂ ਕੋਲੋਂ ਲੱਖਾਂ ਰੁਪਏ ਠੱਗਣ ਦੇ ਮਾਮਲੇ ਵਿਚ ਲੁਧਿਆਣਾ ਪੁਲਿਸ ਨੇ ਖ਼ੁਦ ਨੂੰ ਜੱਜ ਦੱਸਣ ਵਾਲੀ ਇਕ ਔਰਤ ਦੀਪ ਕਿਰਨ ਜਮਾਲਪੁਰ ਤੇ ਉਸ ਦੇ ਡੀਐੱਸਪੀ (ਜੇਲ੍ਹ) ਪਤੀ ਨਰਪਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਕੋਲੋਂ ਪੁਲਿਸ ਦੀਆਂ ਵਰਦੀਆਂ, ਜਾਅਲੀ ਜੁਆਇਨਿੰਗ ਲੈਟਰ ਤੇ ਹੋਰ ਸਾਮਾਨ ਬਰਾਮਦ ਕੀਤਾ ਹੈ। ਪੁਲਿਸ ਨੇ ਇਹ ਕਾਰਵਾਈ ਪੀੜਤਾਂ ਵੱਲੋਂ ਸ਼ਿਕਾਇਤ ਮਿਲਣ ਤੋਂ ਬਾਅਦ ਮਾਮਲੇ ਦੀ ਪੜਤਾਲ ਕਰਨ ਮਗਰੋਂ ਕੀਤੀ ਹੈ।

ਪੁਲਿਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਮੁਤਾਬਕ ਇਹ ਦੋਵੇਂ ਮਿਲ ਕੇ ਨੌਜਵਾਨਾਂ ਨੂੰ ਪੁਲਿਸ ’ਚ ਭਰਤੀ ਕਰਵਾਉਣ ਦੇ ਨਾਂ ’ਤੇ ਠੱਗੀ ਦਾ ਰੈਕੇਟ ਚਲਾ ਰਹੇ ਸਨ। ਦੀਪ ਕਿਰਨ ਖ਼ੁਦ ਨੂੰ ਜੱਜ ਦੱਸ ਕੇ ਨੌਜਵਾਨਾਂ ਨੂੰ ਫਸਾਉਂਦੀ ਸੀ ਜਦਕਿ ਉਸ ਦਾ ਜੇਲ੍ਹ ਡਿਪਟੀ ਸੁਪਰਡੈਂਟ ਪਤੀ ਆਪਣੇ ਦੋ ਦੋਸਤਾਂ ਸੁਖਦੇਵ ਸਿੰਘ ਤੇ ਲਖਵਿੰਦਰ ਸਿੰਘ ਨਾਲ ਮਿਲ ਕੇ ਪੂਰੀ ਖੇਡ ਰਚਾਉਂਦੇ ਸਨ। ਪੁਲਿਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਪੰਜ ਲੋਕਾਂ ਵੱਲੋਂ ਸ਼ਿਕਾਇਤ ਮਿਲੀ ਸੀ ਕਿ ਇਸ ਠੱਗ ਜੋੜੇ ਨੇ 51 ਲੱਖ ਰੁਪਏ ਠੱਗ ਲਏ ਹਨ। ਇਸ ਤੋਂ ਬਾਅਦ ਪੁਲਿਸ ਨੇ ਜਾਂਚ ਪੜਤਾਲ

(ਬਾਕੀ ਸਫ਼ਾ 31 ’ਤੇ)

# ਸ਼੍ਰੋਮਣੀ ਸਿੱਖ ਇਤਿਹਾਸਕਾਰ ਡਾ. ਕਿਰਪਾਲ ਸਿੰਘ ਜੀ


ਸਤਿੰਦਰ ਕੌਰ




ਸੰਸਾਰ ਵਿਚ ਜਦੋਂ ਵੀ ਕੋਈ ਨਵਾਂ ਧਰਮ ਪੈਦਾ ਹੁੰਦਾ ਹੈ ਤਾਂ ਉਸ ਧਰਮ ਦੇ ਨਾਲ ਨਵੀਂ ਕੌਮ ਅਤੇ ਨਵਾਂ ਇਤਿਹਾਸ ਵੀ ਜਨਮ ਲੈਂਦਾ ਹੈ। ਧਰਮ ਦਾ ਇਤਿਹਾਸ ਹੀ ਸਮੁੱਚੇ ਜਗਤ ਵਿਚ ਉਸ ਧਰਮ ਦੀ ਪਹਿਚਾਣ ਬਣਦਾ ਹੈ। ਹਰੇਕ ਧਰਮ ਦਾ ਇਤਿਹਾਸ ਆਪਣੇ ਆਪ ਵਿੱਚ ਮਹੱਤਵਪੂਰਣ, ਵਿਲੱਖਣ ਅਤੇ ਉਸ ਕੌਮ ਲਈ ਪ੍ਰੇਰਣਾਦਾਇਕ ਹੁੰਦਾ ਹੈ। ਇਤਿਹਾਸ ਤੋਂ ਹੀ ਕੌਮਾਂ ਨੂੰ ਉਤਸ਼ਾਹ ਪ੍ਰਾਪਤ ਹੁੰਦਾ ਹੈ। ਜਿੱਥੇ ਕਿਸੇ ਧਰਮ ਦੇ ਸੂਰਬੀਰ ਯੋਧੇ, ਜਰਨੈਲ, ਸੰਤ, ਮਹਾਂਪੁਰਸ਼ ਇਤਿਹਾਸ ਸਿਰਜਦੇ ਹਨ ਉਥੇ ਉਸ ਇਤਿਹਾਸ ਨੂੰ ਸਾਂਭਣ ਵਾਲੇ ਵਿਦਵਾਨ ਵੀ ਅਟੁੱਟ ਅੰਗ ਹੁੰਦੇ ਹਨ।

ਹਰ ਧਰਮ ਵਿੱਚ ਉਸ ਧਰਮ ਦੇ ਵਿਦਵਾਨ ਬਹੁਤ ਅਹਿਮ ਰੋਲ ਅਦਾ ਕਰਦੇ ਹਨ। ਸਿੱਖ ਧਰਮ ਵਿਚ ਵੀ ਅਨੇਕਾਂ ਵਿਦਵਾਨ ਹੋਏ ਹਨ, ਜਿਨ੍ਹਾਂ ਨੇ ਵੱਖ-ਵੱਖ ਲਿਖਤਾਂ ਦਆਰਾ ਸਿੱਖ ਇਤਿਹਾਸ ਤੋਂ ਅਤੇ ਸਿੱਖ ਧਰਮ ਤੋਂ ਜਾਣੂੰ ਕਰਵਾਇਆ। ਉਨ੍ਹਾਂ ਨੇ ਕਈ ਪੱਖਾਂ ਤੋਂ ਇਤਿਹਾਸ ਲਿਖਿਆ ਜਿਵੇਂ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਆਦਿ। ਇਸ ਤਰ੍ਹਾਂ ਕਿਸੇ ਵੀ ਕੌਮ ਦੀਆਂ ਪ੍ਰਮੁੱਖ ਸ਼ਖਸੀਅਤਾਂ ਉਸ ਕੌਮ ਨੂੰ ਸਹੀ ਸੇਧ ਦੇਣ ਮਹੱਤਵਪੂਰਣ ਕਾਰਜ ਕਰਦੀਆਂ ਹਨ।

ਇਨ੍ਹਾਂ ਸਿੱਖ ਵਿਦਵਾਨਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ ਜੀ ਸੈਨਾਪਤਿ, ਸਰੂਪ ਦਾਸ ਭੱਲਾ, ਕੇਸਰ ਸਿੰਘ ਛਿੱਬਰ, ਭਾਈ ਸੰਤੋਖ ਸਿੰਘ, ਰਤਨ ਸਿੰਘ ਭੰਗੂ, ਗਿਆਨੀ ਗਿਆਨ ਸਿੰਘ ਆਦਿ ਜਿਹੇ ਅਨੇਕਾਂ ਹੀ ਪੁਰਾਤਨ ਵਿਦਵਾਨਾਂ ਦੇ ਨਾਂ ਆਉਂਦੇ ਹਨ। ਗੱਲ ਜੇਕਰ ਸਿੱਖ ਅਕਾਦਮਿਕ ਪੱਧਰ ’ਤੇ ਕੀਤੀ ਜਾਵੇ ਤਾਂ ਵੱਖ-ਵੱਖ ਵਿਸ਼ਿਆਂ ਦੇ ਮਾਹਿਰ ਸਿੱਖ ਵਿਦਵਾਨਾਂ ਨੇ ਟੀਕਾਕਾਰੀ, ਵਿਆਖਿਆਕਾਰੀ, ਇਤਿਹਾਸਕਾਰੀ ਅਤੇ ਧਾਰਮਿਕ ਸਿਧਾਂਤਾਂ ਆਦਿ ਖੇਤਰਾਂ ਵਿਚ ਬਹੁਤ ਕੰਮ ਕੀਤੇ ਹਨ। ਇਤਿਹਾਸਕਾਰਾਂ ਵਿਚ ਕਰਮ ਸਿੰਘ ਹਿਸਟੋਰੀਅਨ, ਖ਼ਜਾਨ ਸਿੰਘ, ਡਾ. ਗੰਡਾ ਸਿੰਘ, ਡਾ. ਤੇਜਾ ਸਿੰਘ, ਡਾ. ਫ਼ੌਜਾ ਸਿੰਘ ਆਦਿ ਦੇ ਨਾਂ ਆਉਂਦੇ ਹਨ। ਇਸੇ ਲੜੀ ਨੂੰ ਡਾ. ਕਿਰਪਾਲ ਸਿੰਘ ਜੀ ਜੋ ਆਧੁਨਿਕ ਸਿੱਖ ਇਤਿਹਾਸ ਦੇ ਮਹਾਨ ਇਤਿਹਾਸਕਾਰ ਸਨ, ਅੱਗੇ ਤੋਰਦੇ ਹਨ। ਇਤਿਹਾਸਕਾਰਾਂ ਦਾ ਲਿਖਣ ਢੰਗ ਵੱਖੋ-ਵੱਖਰਾ ਹੁੰਦਾ ਹੈ, ਕਈ ਇਤਿਹਾਸਕਾਰ ਇਤਿਹਾਸ ਨੂੰ ਸਿਰਫ਼ ਇੱਕ ਜਾਣਕਾਰੀ ਤੱਕ ਹੀ ਸੀਮਿਤ ਰੱਖਦੇ ਹਨ ਤੇ ਕਈ ਸਾਹਿਤ ਨੂੰ ਵਰਤ ਕੇ ਉਸ ਵਿਚੋਂ ਨਵੀਂ ਖੋਜ ਪੈਦਾ ਕਰਦੇ ਹਨ। ਸਿੱਖ ਇਤਿਹਾਸ ਉੱਤੇ ਡਾ. ਕਿਰਪਾਲ ਸਿੰਘ ਦੀ ਵਿਸ਼ੇਸ਼ ਪਕੜ ਸੀ ਅਸਲ ਵਿਚ ਸਿੱਖ ਇਤਿਹਾਸ ਅਤੇ ਡਾ. ਕਿਰਪਾਲ ਜੀ ਨੂੰ ਇਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਡਾ. ਕਿਰਪਾਲ ਸਿੰਘ ਨੇ ਵੀ ਇਤਿਹਾਸ ਦੀ ਵਰਤੋਂ ਕਰਕੇ ਉਸ ਵਿਚੋਂ ਨਵੇਂ ਤੱਥਾਂ ਨੂੰ ਸਾਹਮਣੇ ਲਿਆਂਦਾ। ਆਪ ਨੇ ਸਾਹਿਤ ਅਤੇ ਇਤਿਹਾਸਕ ਦਸਤਾਵੇਜ਼ ਜਿਨ੍ਹਾਂ ਵਿਚ ਫ਼ਾਰਸੀ ਦੇ ਸ੍ਰੋਤ ਵੀ ਹਨ, ਦੀ ਚੰਗੀ ਤਰ੍ਹਾਂ ਘੋਖ ਕੀਤੀ ਅਤੇ ਵੱਖ-ਵੱਖ ਇਤਿਹਾਸਕ ਘਟਨਾਵਾਂ ਨੂੰ ਮੇਲ ਕੇ ਇਕ ਵੱਖਰੇ ਅੰਦਾਜ਼ ਵਿਚ ਇਤਿਹਾਸ ਨੂੰ ਪੇਸ਼ ਕੀਤਾ। ਵਿਸ਼ਾਲ ਸਿੱਖ ਇਤਿਹਾਸ ਤੋਂ ਉਤਸ਼ਾਹ ਪ੍ਰਾਪਤ ਕਰਦੇ ਹੋਏ ਡਾ. ਕਿਰਪਾਲ ਸਿੰਘ ਨੇ ਸਿੱਖ ਗੁਰੂਆਂ, ਮਹਾਂਪੁਰਸ਼ਾਂ, ਨਾਇਕਾਂ ਅਤੇ ਯੋਧਿਆਂ ਅਤੇ ਸਿੱਖ ਕੌਮ ਦਾ ਇਤਿਹਾਸ ਲਿਖਿਆ। ਇਸ ਸਭ ਵਿਚ ਉਨ੍ਹਾਂ ਦੇ ਪਰਿਵਾਰਕ ਮਾਹੌਲ ਅਤੇ ਉਨ੍ਹਾਂ ਦੀ ਮਾਤਾ ਜੀ ਦਾ ਬਹੁਤ ਵੱਡਾ ਯੋਗਦਾਨ ਰਿਹਾ।

ਡਾ. ਕਿਰਪਾਲ ਸਿੰਘ ਦਾ ਜਨਮ 4 ਜਨਵਰੀ, 1924 ਈ. ਨੂੰ ਗੁੱਜਰਾਂਵਾਲਾ ਦੇ ਪਿੰਡ ਗੁੱਨਾਊਰ (ਅੱਜ-ਕੱਲ੍ਹ ਪਾਕਿਸਤਾਨ) ਵਿਖੇ ਹੋਇਆ। ਆਪ ਦੇ ਪਿਤਾ ਲਾਲਾ ਧਨੀ ਰਾਮ ਕਪੂਰ ਪਟਵਾਰੀ ਅਤੇ ਮਾਤਾ ਮਾਨ ਕੌਰ ਸਨ। ਆਪ ਦੇ ਪਿਤਾ ਜੀ ਦਾ ਪਰਿਵਾਰ ਹਿੰਦੂ ਸੀ, ਪਰ ਆਪ ਜੀ ਦੀ ਮਾਤਾ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ’ਤੇ ਬਹੁਤ ਵਿਸ਼ਵਾਸ ਸੀ, ਉਹ ਚੰਗੀ ਤਰ੍ਹਾਂ ਗੁਰਮੁੱਖੀ ਪੜ੍ਹ ਲੈਂਦੇ ਸਨ। ਆਪ ਦੇ ਪਿਤਾ ਜੀ ਉਰਦੂ ਵਿਚ ਹੀ ਗੁਟਕਾ ਸਾਹਿਬ ਤੋਂ ਪਾਠ ਕਰਦੇ ਸਨ। ਜਦੋਂ ਆਪ ਦੇ ਮਾਤਾ-ਪਿਤਾ ਦੇ ਘਰ ਕੋਈ ਸੰਤਾਨ ਨਾ ਹੋਈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕਰਨ ’ਤੇ ਆਪ ਦੇ ਮਾਤਾ-ਪਿਤਾ ਘਰ ਤਿੰਨ ਪੁੱਤਰਾਂ ਨੇ ਜਨਮ ਲਿਆ ।

ਡਾ. ਕਿਰਪਾਲ ਸਿੰਘ ਨੇ ਮੁੱਢਲੀ ਵਿਦਿਆ ਆਪਣੇ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਡਾ. ਸਾਹਿਬ ਉੱਤੇ ਸਿੱਖੀ ਦਾ ਪ੍ਰਭਾਵ ਹੋਰਨਾਂ ਭਰਾਵਾਂ ਨਾਲੋਂ ਜ਼ਿਆਦਾ ਪਿਆ ਕਿਉਂਕਿ ਇਹ ਸਭ ਤੋਂ ਛੋਟੇ ਸਨ ਅਤੇ ਆਪਣੇ ਮਾਤਾ ਜੀ ਕੋਲ ਜ਼ਿਆਦਾ ਸਮੇਂ ਤੱਕ ਰਹੇ ਸਨ। ਉਚੇਰੀ ਵਿਦਿਆ ਦੀ ਪ੍ਰਾਪਤੀ ਲਈ ਆਪ ਨੂੰ ਵੱਡੇ ਭਰਾਵਾਂ ਵਾਂਗ ਪਿਤਾ ਜੀ ਨੇ ਗੁੱਜਰਾਂਵਾਲਾ ਵਿਖੇ ਭੇਜ ਦਿੱਤਾ। ਗੁੱਜਰਾਂਵਾਲਾ ਸ਼ਹਿਰ ਸਿੱਖ ਇਤਿਹਾਸ ਪੱਖੋਂ ਬਹੁਤ ਮਹੱਤਵਪੂਰਣ ਹੈ ਕਿਉਂਕਿ ਇਹ ਖਾਲਸਾ ਰਾਜ ਦੀਆਂ ਕਈ ਮਹਾਨ ਹਸਤੀਆਂ ਦੀ ਜਨਮ-ਭੂਮੀ ਰਿਹਾ ਹੈ।

ਡਾ. ਸਾਹਿਬ ਦੇ ਪਿਤਾ ਜੀ ਦੀ ਵੀ ਆਪਣੇ ਬੱਚਿਆਂ ਨੂੰ ਪੜ੍ਹਾਉਣ ਵਿੱਚ ਵਿਸ਼ੇਸ਼ ਦਿਲਚਸਪੀ ਸੀ। ਗੁੱਨਾਊਰ ਵਿਖੇ ਉਹ ਆਪ ਦੇ ਸਕੂਲ ਵਿਚ ਪੁੱਛ-ਗਿੱਛ ਲਈ ਜਾਂਦੇ ਹੀ ਰਹਿੰਦੇ ਸਨ। ਫਿਰ ਆਪ ਗੁੱਜਰਾਂਵਾਲਾ ਦੇ ਪ੍ਰਸਿੱਧ ਖਾਲਸਾ ਹਾਈ ਸਕੂਲ ਵਿਚ ਪੜ੍ਹਣ ਲੱਗ ਗਏ। ਗੁੱਜਰਾਂਵਾਲਾ ਵਿਖੇ ਆਪ ਨੇ ਅੰਗਰੇਜ਼ੀ, ਉਰਦੂ, ਪੰਜਾਬੀ, ਫ਼ਾਰਸੀ, ਇਤਿਹਾਸ ਅਤੇ ਗਣਿਤ ਆਦਿ ਵਿਸ਼ੇ ਪੜ੍ਹੇ। ਖਾਲਸਾ ਹਾਈ ਸਕੂਲ ਵਿਚ ਧਾਰਮਿਕ ਵਿੱਦਿਆ ਇੱਕ ਵਿਸ਼ੇ ਦੇ ਤੌਰ ’ਤੇ ਪੜ੍ਹਾਈ ਜਾਂਦੀ ਸੀ। ਆਪ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸਨ ਅਤੇ ਮਿਹਨਤ ਵੀ ਬਹੁਤ ਕਰਦੇ ਸਨ। ਆਪ ਨੇ 1943 ਈ. ਵਿਚ ਐਫ਼. ਏ. ਪਾਸ ਕੀਤੀ। ਫਿਰ ਰੇਲਵੇ ਵਿੱਚ ਕਲਰਕ ਦੀ ਨੌਕਰੀ ਤੇ ਲੱਗ ਗਏ ਪਰ ਆਪ ਹੋਰ ਅੱਗੇ ਪੜ੍ਹਨਾ ਚਾਹੁੰਦੇ ਸਨ। ਇਸ ਲਈ ਰੇਲਵੇ ਦੀ ਨੌਕਰੀ ਛੱਡ ਦਿੱਤੀ। 1943 ਈ. ਵਿਚ ਸਿੱਖ ਨੈਸ਼ਨਲ ਕਾਲਜ ਨੇ ਇਕ ਧਾਰਮਿਕ ਪ੍ਰੀਖਿਆ ਰੱਖੀ, ਜਿਸ ਵਿਚ ਆਪ ਪੂਰੇ ਪੰਜਾਬ (ਪੱਛਮੀ ਪੰਜਾਬ, ਪਾਕਿਸਤਾਨ) ਵਿਚੋਂ ਪਹਿਲੇ ਦਰਜੇ ’ਤੇ ਆਏ। 1945 ਈ. ਵਿਚ ਆਪ ਨੇ ਬੀ. ਏ. ਆਨਰਜ ਹਿਸਟਰੀ ਦਾ ਇਮਿਤਿਹਾਨ ਪਾਸ ਕੀਤਾ। ਇਸ ਸਮੇਂ ਆਪ ਦੇ ਮਾਤਾ ਜੀ ਅਕਾਲ ਚਲਾਣਾ ਕਰ ਗਏ ਸਨ। ਆਪ ਨੇ ਐਸ. ਡੀ. ਹਾਈ ਸਕੂਲ ਕਾਮੋਕੇ ਵਿਖੇ ਇੱਕ ਸਾਲ ਪੜ੍ਹਾਇਆ। ਅੱਗੋਂ ਬੀ. ਟੀ. ਕਰਨ ਲਈ ਸੈਂਟਰਲ ਟਰੇਨਿੰਗ ਕਾਲਜ ਲਾਹੌਰ ਵਿਖੇ ਦਾਖਲਾ ਲਿਆ। ਫਿਰ ਵੰਡ ਮਗਰੋਂ ਆਪ ਹਿੰਦੁਸਤਾਨ ਆ ਗਏ। ਬਹੁਤ ਸਾਰੀਆਂ ਔਕੜਾਂ ਅਤੇ ਮੁਸੀਬਤਾਂ ਨੂੰ ਝੱਲਦੇ ਹੋਏ ਆਪ ਨੇ ਦਿੱਲੀ ਵਿਖੇ ਨੌਕਰੀ ਕੀਤੀ ’ਤੇ ਡਾ. ਕਿਰਪਾਲ ਸਿੰਘ ਨਾਰੰਗ (ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦੇ ਕਹਿਣ ਉੱਤੇ ਐਮ. ਏ. ਵਿਚ ਦਾਖ਼ਲਾ ਲੈ ਲਿਆ। ਫਿਰ ਆਪ ਨੇ ਪੀਐਚ.ਡੀ. ਦੀ ਡਿਗਰੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪ੍ਰਾਪਤ ਕੀਤੀ। 1950 ਵਿਚ ਆਪ ਨੂੰ ਅੰਮ੍ਰਿਤਸਰ ਦੇ ਖਾਲਸਾ ਕਾਲਜ ਵਿਚ ਸਿੱਖ ਇਤਿਹਾਸ ਖੋਜ ਵਿਭਾਗ ਵਿਚ ਨੌਕਰੀ ਮਿਲ ਗਈ ਜਿੱਥੇ ਆਪ ਨੇ ਪੰਦਰਾਂ ਸਾਲ ਸੇਵਾ ਨਿਭਾਈ। ਮਗਰੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬ ਇਤਿਹਾਸ ਵਿਭਾਗ ਵਿਚ ਸੇਵਾ ਨਿਭਾਈ ਤੇ ਇਥੋਂ ਹੀ ਸੇਵਾ ਮੁਕਤ ਹੋਏ। ਇੱਥੇ ਹੀ ਆਪ ਨੇ 1973 ਈ. Oral History Cell ਦੀ ਸਥਾਪਨਾ ਕੀਤੀ। ਇਹ ਉੱਤਰੀ ਭਾਰਤ ਦਾ ਹੀ ਨਹੀਂ ਸਗੋਂ ਭਾਰਤ ਦਾ ਪਹਿਲਾ ਮੌਖਿਕ ਵਿਭਾਗ ਮੰਨਿਆ ਜਾਂਦਾ ਹੈ।

**ਇਤਿਹਾਸ ਲਿਖਣ ਦੀ ਰੁਚੀ:-**

ਡਾ. ਕਿਰਪਾਲ ਸਿੰਘ ਨੇ ਲਿਖਣ ਕਾਰਜ ਛੋਟੀ ਉਮਰ ਵਿਚ ਹੀ ਆਰੰਭ ਕਰ ਦਿੱਤਾ। ਆਪ ਆਪਣੀ ਕਾਲਜ ਮੈਗਜ਼ੀਨ ਦੇ ਐਡੀਟਰ ਸਨ ਤੇ ਮੈਗਜ਼ੀਨ ਲਈ ਆਪਣੀਆਂ ਰਚਨਾਵਾਂ ਵੀ ਦਿੰਦੇ ਸਨ। ਐਫ. ਏ. ਵਿਚ ਪੜ੍ਹਦਿਆਂ ਆਪ ਨੇ ਸਮਝ ਲਿਆ ਕਿ ਆਪ ਦੀ ਜ਼ਿਆਦਾ ਰੁਚੀ ਇਤਿਹਾਸ ਵੱਲ ਹੈ। 1953 ਈ. ਵਿੱਚ ਅੰਮ੍ਰਿਤਸਰ ਵਿਖੇ ਸਿੱਖ ਹਿਸਟਰੀ ਰਿਸਰਚ ਡਿਪਾਰਟਮੈਂਟ ਵਿਚ ਨੌਕਰੀ ਕਰਦੇ ਹੋਏ ਆਪ ਨੂੰ ਭਾਈ ਵੀਰ ਸਿੰਘ ਜੀ ਨੇ ਮਿਲਣ ਲਈ ਬੁਲਾਇਆ ਤੇ ਕਿਹਾ ਕਿ ਤੁਹਾਡੇ ਆਲੇ-ਦੁਆਲੇ ਇਤਿਹਾਸ ਹੀ ਹੈ ’ਤੇ ਜੋ ਦੁਖਾਂਤ ਹੁਣ 1947 ਈ. ਵਿਚ ਵਾਪਰਿਆ ਹੈ, ਇਹੋ ਜਿਹਾ ਨਾ ਕਦੀ ਹੋਇਆ ਸੀ ਤੇ ਨਾ ਕਦੇ ਹੋਵੇਗਾ। ਤੁਸੀਂ ਇਸ ਦਾ ਇਤਿਹਾਸ ਲਿਖੋ।

**ਸਿੱਖ ਇਤਿਹਾਸ ਦੀ ਖੋਜ ਲਈ ਜੀਵਨ ਅਰਪਣ ਕਰਨਾ :-**

ਡਾ. ਕਿਰਪਾਲ ਸਿੰਘ ਜੀ ਨੇ ਆਪਣੀ ਸੈ-ਜੀਵਨੀ ਵਿੱਚ ਇਸ ਗੱਲ ਦਾ ਜ਼ਿਕਰ ਕੀਤਾ ਹੈ। ਜਦੋਂ ਆਪ ਭਾਈ ਵੀਰ ਸਿੰਘ ਜੀ ਨੂੰ ਮਿਲਣ ਲਈ ਗਏ ਤਾਂ ਭਾਈ ਸਾਹਿਬ ਨੇ ਆਪ ਨੂੰ ਕਿਹਾ ਕਿ ਤੁਹਾਨੂੰ ਸਿੱਖ ਇਤਿਹਾਸ ਖੋਜ ਵਿਭਾਗ ਲਈ ਜੀਵਨ ਅਰਪਣ ਕਰਨਾ ਚਾਹੀਦਾ ਹੈ ਤੁਸੀਂ ਇਸ ਪਾਸੇ ਜ਼ਰੂਰ ਸੋਚੋ। ਤਾਂ ਡਾਕਟਰ ਸਾਹਿਬ ਨੇ ਇਹ ਪ੍ਰਤਿੱਗਿਆ ਕੀਤੀ ਕਿ ਉਹ ਸਾਰੀ ਉਮਰ ਸਿੱਖ ਇਤਿਹਾਸ ਦੀ ਹੀ ਖੋਜ ਕਰਨਗੇ। ਆਪ ਨੇ ਸਿੱਖ ਇਤਿਹਾਸ ਨਾਲ ਸੰਬੰਧਿਤ ਬਹੁਤ ਸਾਰੀਆਂ ਪੁਸਤਕਾਂ ਅੰਗਰੇਜ਼ੀ, ਪੰਜਾਬੀ, ਫ਼ਾਰਸੀ ਆਦਿ ਭਾਸ਼ਾਵਾਂ ਵਿਚ ਰਚਨਾ ਕੀਤੀ। ਜਿਨ੍ਹਾਂ ਵਿਚ ਜਨਮ ਸਾਖੀ ਸਾਹਿਤ, ਪੰਜਾਬ ਦੀ ਵੰਡ,ਅਤੇ ਹੋਰ ਸਿੱਖ ਇਤਿਹਾਸ ਉਤੇ ਬਹੁਤ ਸਾਰੀਆਂ ਪੁਸਤਕਾਂ ਦੀ ਰਚਨਾ ਕੀਤੀ। ਜਿਨ੍ਹਾਂ ਨੂੰ ਵੱਖ-ਵੱਖ ਵਿਦਵਾਨਾਂ ਵੱਲੋਂ ਸਮੇਂ-ਸਮੇਂ ’ਤੇ ਸਰਾਹਿਆ ਗਿਆ ਹੈ। ਆਪ ਦੀ ਸਭ ਤੋਂ ਪਹਿਲੀ ਰਚਨਾ ਮਹਾਰਾਜਾ ਆਲਾ ਸਿੰਘ ਆਫ਼ ਪਟਿਆਲਾ ਸੀ, ਜਿਸਦਾ ਮੁਖ ਬੰਧ ਭਾਈ ਵੀਰ ਸਿੰਘ ਜੀ ਨੇ ਲਿਖਿਆ।ਪੰਜਾਬ ਦੇ ਬਟਵਾਰੇ ਦੇ ਖੋਜ ਕਾਰਜ ਨੂੰ ਮੁਕੰਮਲ ਕਰਨ ਲਈ ਆਪ ਕਈ ਵਾਰ ਇੰਗਲੈਂਡ ਗਏ। ਜਿੱਥੇ ਆਪ ਨੇ ਵੱਖ-ਵੱਖ ਬ੍ਰਿਟਿਸ਼ ਅਧਿਕਾਰੀਆਂ ਨਾਲ ਮੁਲਾਕਾਤਾਂ ਕੀਤੀਆਂ, ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਅਤੇ ਪੰਜਾਬ ਦੀ ਵੰਡ ਲਈ ਅਹਿਮ ਰੋਲ ਅਦਾ ਕੀਤਾ ਸੀ।

**ਪੰਜਾਬ ਦੀ ਵੰਡ ਦਾ ਪ੍ਰਭਾਵ :-**

ਪੰਜਾਬ ਦੀ ਵੰਡ ਨਾਲ ਡਾ. ਕਿਰਪਾਲ ਸਿੰਘ ਜੀ ਦਾ ਜੀਵਨ ਜੁੜਿਆ ਹੋਇਆ ਹੈ। ਜਦੋਂ ਉਹ ਲਾਹੌਰ ਪੜ੍ਹਦੇ ਸਨ ਤਾਂ ਫ਼ਿਰਕੂ ਫ਼ਸਾਦ ਹੋਣੇ ਸ਼ੁਰੂ ਹੋ ਗਏ ਸਨ। ਆਪ ਦੇ ਸਾਰੇ ਪਰਿਵਾਰ ਨੂੰ ਵੰਡ ਦਾ ਸੰਤਾਪ ਭੋਗਣਾ ਪਿਆ। ਹੋਰ ਸਿੱਖ ਪਰਿਵਾਰਾਂ ਵਾਂਗ ਆਪ ਦੇ ਪਰਿਵਾਰ ਨੂੰ ਵੀ ਸਭ ਕੁੱਝ ਛੱਡ ਕੇ ਹਿੰਦੁਸਤਾਨ ਆਉਣਾ ਪਿਆ। ਉਨ੍ਹਾਂ ਦੀ ਪੀਐਚ. ਡੀ. ਦਾ ਖੋਜ ਕਾਰਜ ਪਾਰਟੀਸ਼ਨ ਆਫ਼ ਪੰਜਾਬ (1947) ਹੀ ਸੀ, ਜਿਸਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 1972 ਵਿੱਚ ਪ੍ਰਕਾਸ਼ਿਤ ਵੀ ਕਵਾਇਆ ਗਿਆ। ਡਾ. ਸਾਹਿਬ ਨੇ ਪੰਜਾਬ ਦੀ ਵੰਡ ਨੂੰ ਆਪਣੇ ਅੱਖੀਂ ਵੇਖਿਆ ਅਤੇ ਹੱਡੀਂ ਹੰਢਾਇਆ ਸੀ।

**ਪ੍ਰਮੁੱਖ ਕਾਰਜ :-**

ਡਾ. ਕਿਰਪਾਲ ਸਿੰਘ ਜੀ ਦੀ ਸਿੱਖ ਇਤਿਹਾਸ ਅਤੇ ਪੰਜਾਬ ਦੇ ਇਤਿਹਾਸ ਨਾਲ ਸ਼ੁਰੂ ਤੋਂ ਹੀ ਨੇੜਤਾ ਰਹੀ ਹੈ। ਗੁਰੂ ਨਾਨਕ ਖਾਲਸਾ ਕਾਲਜ ਗੁੱਜਰਾਂਵਾਲਾ ਵਿਖੇ ਬਾਵਾ ਹਰਿਕਿਸ਼ਨ, ਡਾ. ਕਿਰਪਾਲ ਸਿੰਘ ਨਾਰੰਗ ਵਰਗੇ ਵਿਦਵਾਨਾਂ ਦੀ ਸੰਗਤ ਵਿਚ ਆਪ ਦਾ ਵਿਅਕਤੀਤਵ ਹੋਰ ਵੀ ਉੱਘੜਿਆ ਅਤੇ ਆਪ ਵੀ ਬਹੁਤ ਮਿਹਨਤ ਤੇ ਲਗਨ ਨਾਲ ਪੜ੍ਹਦੇ ਸਨ। ਜਿਸ ਦਾ ਵਰਣਨ ਇਸ ਪ੍ਰਕਾਰ ਹੈ।

**ਜਨਮ ਸਾਖੀ ਸਾਹਿਤ ਤੇ ਕੰਮ :-**

ਜਨਮ ਸਾਖੀਆਂ ਨੂੰ ਮੁੱਖ ਰੂਪ ਵਿੱਚ ਗੁਰੂ ਨਾਨਕ ਸਾਹਿਬ ਦੇ ਜੀਵਨ ਸੰਬੰਧੀ ਰਵਾਇਤਾਂ ਦੇ ਰੂਪ ਵਿਚ ਹੀ ਜਾਣਿਆ ਜਾਂਦਾ ਰਿਹਾ ਹੈ। ਇਹ ਰਵਾਇਤਾਂ ਸੀਨਾ-ਬਸੀਨਾਂ ਚਲਦੀਆਂ ਰਹੀਆਂ ਤੇ ਇਨ੍ਹਾਂ ਵਿਚ ਕਈ ਬਾਹਰਲੇ ਤੱਥਾਂ ਦਾ ਰਲਾ ਹੁੰਦਾ ਰਿਹਾ। ਇਨ੍ਹਾਂ ਰਲਿਆਂ ਕਾਰਨ ਕਈ ਇਤਿਹਾਸਕਾਰਾਂ ਨੇ ਜਨਮ-ਸਾਖੀਆਂ ਨੂੰ ਨਾ-ਭਰੋਸੇਯੋਗ ਲਿਖਣਾ ਆਰੰਭ ਕਰ ਦਿੱਤਾ। ਡਾ. ਕਿਰਪਾਲ ਸਿੰਘ ਨੇ ਜਨਮ-ਸਾਖੀ ਸਾਹਿਤ ਨੂੰ ਇੱਕ ਨਵੇਂ ਸਿਰਿਓਂ ਪੇਸ਼ ਕੀਤਾ। ਆਪ ਨੇ ਮਿਹਰਬਾਨ ਵਾਲੀ ਜਨਮ ਸਾਖੀ ਜਿਸ ਨੂੰ ਮੀਣਿਆਂ ਦੀ ਜਨਮ ਸਾਖੀ ਮੰਨਿਆ ਜਾਂਦਾ ਸੀ, ਨੂੰ ਸੰਪਾਦਿਤ ਕੀਤਾ। ਇਹ ਬਹੁਤ ਹੀ ਵਿਸ਼ਾਲ ਕਾਰਜ ਸੀ। ਜਿਸ ਲਈ ਡਾ. ਸਾਹਿਬ ਨੂੰ ਕਈ ਚੁਣੌਤੀਆਂ ਦਾ ਵੀ ਸਾਹਮਣਾ ਕਰਨਾ ਪਿਆ।ਡਾ. ਕਿਰਪਾਲ ਸਿੰਘ ਜੀ ਦੀ ਵੱਡ-ਆਕਾਰੀ ਪੁਸਤਕ ਜਨਮ-ਸਾਖੀ ਪਰੰਪਰਾ ਨੇ ਗੁਰੂ ਨਾਨਕ ਸਾਹਿਬ ਦੇ ਜੀਵਨ ਸੰਬੰਧੀ ਰਵਾਇਤਾਂ ਨੂੰ ਇਤਿਹਾਸਕ ਪਰਿਪੇਖ ਵਿਚ ਨਿਰਧਾਰਿਤ ਕਰ ਦਿੱਤਾ ਹੈ। ਇਸ ਤੋਂ ਇਲਾਵਾ ਡਾ. ਕਿਰਪਾਲ ਸਿੰਘ ਜੀ ਨੇ ਲੰਕਾ ਦੀ ਯਾਤਰਾ ਕੀਤੀ ਤੇ ਕਈ ਇਤਿਹਾਸਕ ਗੁਰਦੁਆਰਿਆਂ ਨੂੰ ਲੱਭਿਆ ਜੋ ਕਿ ਪ੍ਰਮਾਣਿਕ ਹਨ। ਇਸੇ ਦਾ ਨਾਲ ਹੀ ਡਾ. ਸਾਹਿਬ ਨੇ ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ (ਉਦਾਸੀਆਂ) ਨਾਲ ਸੰਬੰਧਿਤ ਰੇਖਾ-ਚਿੱਤਰ ਵੀ ਤਿਆਰ ਕੀਤਾ ਹੈ।

ਇਸ ਤਰ੍ਹਾਂ ਡਾ. ਕਿਰਪਾਲ ਸਿੰਘ ਜੀ ਦੀ ਖੋਜ ਸਦਕਾ ਜਨਮ-ਸਾਖੀ ਸਾਹਿਤ ਜੋ ਸਿਰਫ਼ ਰਵਾਇਤਾਂ ਤੱਕ ਸੀਮਿਤ ਸੀ, ਉਹ ਇਤਿਹਾਸ ਦਾ ਰੂਪ ਧਾਰਣ ਕਰ ਗਿਆ ਅਤੇ ਨਾਲ ਹੀ ਪ੍ਰਮਾਣਿਕ ਜਾਣਕਾਰੀ ਵੀ ਸਾਹਮਣੇ ਲਿਆਂਦੀ। ਇਤਿਹਾਸਕਿਤਾ ਦੀ ਪ੍ਰਮਾਣਿਕਤਾ ਨੂੰ ਸਿੱਧ ਕਰਨ ਲਈ ਆਪ ਨੇ ਸਮਕਾਲੀ ਸੋਮੇ ਜਿਨ੍ਹਾਂ ਵਿਚ ਅੰਗਰੇਜ਼ੀ, ਪੰਜਾਬੀ, ਗੁਰਮੁੱਖੀ, ਫ਼ਾਰਸੀ, ਗਜ਼ਟੀਅਰ, ਕੋਸ਼ ਆਦਿ ਬਹੁਤ ਸਾਰੇ ਸ੍ਰੋਤਾਂ ਦੀ ਵਰਤੋ ਕੀਤੀ ਹੈ। ਜਿਸ ਤੋਂ ਆਪ ਦੇ ਖੋਜ ਕਾਰਜ ਦੇ ਬਹੁਤ ਡੂੰਘਾਈ ਨਾਲ ਕੀਤੇ ਅਧਿਐਨ ਦਾ ਪਤਾ ਲੱਗਦਾ ਹੈ। ਸਪੱਸ਼ਟ ਹੈ ਕਿ ਇਹ ਜਾਣਕਾਰੀ ਬਿਲਕੁਲ ਨਵੀਂ ਹੈ।

ਡਾ. ਗੰਡਾ ਸਿੰਘ ਅਨੁਸਾਰ, “The copious footnotes illucidate some of the important points in the text are particularly useful. It places in the hands of readers the Janamsakhi sources in one handy volume.”

**ਪੰਜਾਬ ਦੀ ਵੰਡ ਤੇ ਕਾਰਜ :-**

ਪੰਜਾਬ ਦੀ ਵੰਡ ਤੇ ਡਾ. ਸਾਹਿਬ ਨੇ ਬਹੁਤ ਪੁਸਤਕਾਂ ਦੀ ਰਚਨਾ ਕੀਤੀ। ਏਸ਼ੀਆਟਿਕ ਸੋਸਾਇਟੀ ਕਲਕੱਤਾ ਦੇ ਜਰਨਲ ਅਨੁਸਾਰ, “This valuable work would help us to understand the different aspects of Punjab the last days of British Raj. Dr. Singh deserves congratulation for editing with meticulous care such a source material.

ਆਪ ਨੇ ਵਡ-ਆਕਾਰੀ ਪੁਸਤਕ ‘Select Document on Partition of Punjab’ 1947 ਦੀ ਰਚਨਾ ਇੰਗਲੈਂਡ ਦੀ ਯਾਤਰਾ ਤੋਂ ਮਗਰੋਂ ਕੀਤੀ। ਇਸ ਵਿਚ ਆਪ ਨੇ ਬ੍ਰਿਟਿਸ਼ ਅਧਿਕਾਰੀਆਂ ਜਿਹੜੇ ਕਿ ਪੰਜਾਬ ਦੀ ਵੰਡ ਅਤੇ ਭਾਰਤ ਦੀ ਆਜ਼ਾਦੀ ਸਮੇਂ ਮੁੱਖ ਅਧਿਕਾਰੀ ਸਨ ਜਿਵੇਂ ਕਿ ਸਰ ਫ਼ਰਾਸਿਸ ਮੁਡੀ, ਲਾਰਡ ਇਸਮੇ, ਲਾਰਡ ਐਟਲੀ, ਲਾਰਡ ਸੀਰਲ ਰੈਡਕਲਿਫ਼, ਲਾਰਡ ਪੈਟਰਿਕ ਸਪੈਨਸ, ਡਬਲਿਊ. ਐਚ. ਮੋਰਿਸ ਜੋਨਸ, ਮਾਉਂਟਬੈਟਨ ਆਦਿ ਨਾਲ ਕੀਤੀਆਂ ਮੁਲਾਕਾਤਾਂ ਨੂੰ ਦਰਜ ਕੀਤਾ ਹੈ। ਆਪ ਨੇ ਵੰਡ ਨੂੰ ਇਕ ਨਵੇਂ ਨਜ਼ਰੀਏ ਨਾਲ ਪੇਸ਼ ਕੀਤਾ।

Alan Campbell Johnson, ਜੋ ਕਿ ਭਾਰਤ ਦੇ ਵਾਇਸਰਾਏ ਮਾਊਂਟਬੈਟਨ ਦੇ ਸਟਾਫ਼ ਦਾ ਪ੍ਰੈਸ ਅਟੈਚੀ ਸੀ ਨੇ Partition of Punjab (1947) ਬਾਰੇ ਲਿਖਿਆ ਕਿ, I am very happy to see that the result of your researches has proved to be such a scholarly and balanced account of a very complex and important piece of history.’

ਇਨਾਂ ਹੀ ਨਹੀਂ ਉਸਨੇ ਡਾ. ਸਾਹਿਬ ਨੂੰ ਆਪਣੀ ਕਿਤਾਬ Mission with Mountbatten ਵੀ ਪਿਆਰ ਸਹਿਤ 1978 ਵਿਚ ਭੇਂਟਾ ਕੀਤੀ। ਇਸੇ ਤਰ੍ਹਾਂ Lord Cyril Redcliffe ਜੋ ਕਿ ਪੰਜਾਬ ਬਾਊਂਡਰੀ ਕਮਿਸ਼ਨ 1947 ਦਾ ਚੇਅਰਮੈਨ ਸੀ ਨੇ ਲਿਖਿਆ ਹੈ ਕਿ , I see that it is a most careful study of the history of the matter.’

ਇਸ ਤੋਂ ਇਲਾਵਾ ਆਪ ਨੇ ਸਿੱਖ ਰਾਜ ਦੇ ਮਹੱਤਵਪੂਰਣ ਯੋਧਿਆਂ, ਨਾਇਕਾਂ ਉੱਤੇ ਵੀ ਪੁਸਤਕਾਂ ਦੀ ਰਚਨਾ ਕੀਤੀ। ਆਪ ਨੇ ਪੰਜਾਬੀ ਅਤੇ ਅੰਗਰੇਜ਼ੀ ਤੋਂ ਇਲਾਵਾ ਫ਼ਾਰਸੀ ਵਿਚ ਚਾਰ-ਬਾਗ-ਏ ਪੰਜਾਬ ਦੀ ਰਚਨਾ ਕੀਤੀ। ਇਸ ਸਾਰੇ ਕਾਰਜ ਤੋਂ ਇਲਾਵਾ ਆਪ ਐਸ.ਜੀ. ਪੀ. ਸੀ ਅੰਮ੍ਰਿਤਸਰ ਵੱਲੋਂ ‘ਸਿੱਖ ਸ੍ਰੋਤ ਇਤਿਹਾਸਕ ਗ੍ਰੰਥ ਸੰਪਾਦਨਾ ਪ੍ਰੋਜੈਕਟ’ ਦੇ ਡਾਇਰੈਕਟਰ ਵੀ ਰਹੇ। ਇਸ ਪ੍ਰੋਜੈਕਟ ਵਿਚ ਆਪ ਨੂੰ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਨੂੰ ਸੰਪਾਦਨ ਕਰਨ ਦਾ ਕਾਰਜ ਸੌਂਪਿਆਂ ਗਿਆ। ਅਜਿਹੇ ਮਹਾਨ ਕਾਰਜ ਨੂੰ ਡਾ. ਸਾਹਿਬ ਨੇ ਬਾਖ਼ੂਬੀ ਨਿਭਾਇਆ। ਆਪਣੇ ਜੀਵਨ ਦੇ ਅੰਤਲੇ ਦਿਨਾਂ ਵਿਚ ਆਪ ਗੁਰੂ ਗੋਬਿੰਦ ਸਿੰਘ ਜੀ ਦੀ ਪੋਥੀ ਦਾ ਖਰੜਾ ਤਿਆਰ ਕਰ ਚੁੱਕੇ ਸਨ। ਅੰਤ ਵਿਚ 7 ਮਈ, 2019

(ਬਾਕੀ ਸਫ਼ਾ 30 ’ਤੇ)

‘ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ’ ਮਾਘੀ ਪੁਰਬ ਵਿਸ਼ੇਸ ਅੰਕ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ‘ਮੁਕਤਸਰ ਦੀ ਜੰਗ’

## 29 ਦਸੰਬਰ 1705



ਖ਼ਾਲਸਾ ਸਾਜਨਾ ਸਮੇਂ ਸਿੱਖ ਧਰਮ ਦੀ ਹਰਮਨਪਿਆਰਤਾ ਨਿੰਰਤਰ ਵਧਦੀ ਗਈ। ਪਹਾੜੀ ਰਾਜੇ ਅਤੇ ਮੁਗਲ ਹਕੂਮਤਾਂ ਸਿੰਘਾਂ ਨੂੰ ਆਪਣੇ ਸਾਮਰਾਜ ਲਈ ਖ਼ਤਰਾ ਸਮਝਣ ਲੱਗ ਪਈਆਂ। ਅੰਮ੍ਰਿਤ ਦੀ ਦਾਤ ਨਾਲ ਸਿੰਘਾਂ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਇਹ ਵਿਸ਼ਵਾਸ਼ ਭਰਿਆ ਕਿ ਉਹ ਬਲਹੀਣ ਨਹੀਂ ਹਨ ਸਗੋਂ ਉਨ੍ਹਾਂ ਨੂੰ ਆਪਣੇ ਅੰਦਰ ਦੀ ਸ਼ਕਤੀ ਨੂੰ ਪਛਾਨਣ ਦੀ ਲੋੜ ਹੈ ਜੋ ਦੁਸ਼ਮਣ ਤੇ ਜਿੱਤ ਪ੍ਰਾਪਤ ਕਰ ਸਕਦੀ ਹੈ। ਇਸ ਲਈ ਗੁਰੂ ਜੀ ਤਲਵਾਰ ਨੂੰ ਸੰਘਰਸ਼ ਦੀ ਸ਼ਕਤੀ ਦਾ ਪ੍ਰਤੀਕ ਮੰਨਦੇ ਸਨ। ਉਨ੍ਹਾਂ ਨੂੰ ਬਹੁਤ ਸਾਰੇ ਜੰਗ ਸਹੇੜਨੇ ਪਏ। ਜੰਗ ਫਤਹਿ ਵੀ ਹੋਏ। ਪਰ ਗੁਰੂ ਜੀ ਨੂੰ ਰਾਜ ਦੀ ਲਾਲਸਾ ਨਹੀਂ ਸੀ, ਇਸ ਕਰਕੇ ਕਿਸੇ ਦੇ ਇਲਾਕੇ ਤੇ ਕਬਜਾ ਨਹੀਂ ਕੀਤਾ। ਗੁਰੂ ਜੀ ਦੇ ਜੰਗੀ ਅਸੂਲ ਸਨ ਕਿ ਕਿਸੇ ਦੇ ਧੰਨ ਮਾਲ ਤੇ ਕਬਜਾ ਨਹੀਂ ਕਰਨਾ। ਇੱਜ਼ਤ ਤੇ ਹਮਲਾ ਨਹੀਂ ਕਰਨਾ, ਕਿਸੇ ਬੱਚੇ, ਬਜ਼ੁਰਗ ਤੇ ਅਤੇ ਨਿਹੱਥੇ ਤੇ ਵਾਰ ਨਹੀਂ ਕਰਨਾ। ਉਨ੍ਹਾਂ ਪਹਿਲਾਂ ਕਿਸੇ ਤੇ ਹਮਲਾ ਨਹੀਂ ਕੀਤਾ। ਜਿੱਤ ਲਈ ਜੂਝਣਾ ਅਤੇ ਜਿੱਤ ਪ੍ਰਾਪਤ ਕਰਨ ਵਿਚ ਅਟੁੱਟ ਵਿਸ਼ਵਾਸ਼ ਰੱਖਦੇ ਸਨ। ਕੋਈ ਵੀ ਜੰਗ ਜ਼ਰ, ਜੋਰੂ ਅਤੇ ਜ਼ਮੀਨ ਵਾਸਤੇ ਨਹੀਂ ਲੜੀ। ਉਹ ਹਮੇਸ਼ਾ ਨਿਮਾਣਿਆਂ, ਨਿਤਾਣਿਆਂ , ਨੀਵਿਆਂ ਅਤੇ ਲਿਤਾੜਿਆਂ ਦੇ ਹੱਕ ਸੱਚ ਅਤੇ ਬਰਾਬਰੀ ਲਈ ਲੜੇ। ਧਰਮ ਯੁੱਧ ਵਿਚ ਉਨ੍ਹਾਂ ਨੇ ਆਪਣਾ ਸਰਬੰਸ ਪੰਥ ਤੋਂ ਵਾਰ ਦਿੱਤਾ।

ਇਨ ਪੁਤਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ। ਚਾਰ ਮੂਏ ਤੋਂ ਕਿਆ ਭਇਆ, ਏ ਜੀਵਤ ਕਈ ਹਜ਼ਾਰ॥ ਲਾਸਾਨੀ ਕੁਰਬਾਨੀ ਨੇ ਸਿੱਖਾਂ ਵਿਚ ਏਨੀ ਸ਼ਰਧਾ ਅਤੇ ਜੋਸ਼ ਪਰ ਦਿੱਤਾ ਕਿ ਉਹ ਸ਼ਹੀਦੀਆਂ ਪਾਉਣ ਲਈ ਖ਼ੁਸ਼ੀ ਖ਼ੁਸ਼ੀ ਅੱਗੇ ਆਉਣ ਲੱਗੇ। ਇਸ ਦੀ ਅਦੁੱਤੀ ਮਿਸਾਲ 29 ਦਸੰਬਰ, 1705 ਦੀ ‘ਮੁਕਤਸਰ ਦੀ ਜੰਗ’ ਤੋਂ ਮਿਲਦੀ ਹੈ। ਇਹ ਗੁਰੂ ਜੀ ਦੀ ਆਖਰੀ ਫੈਸਲਾਕੁੰਨ ਜੰਗ ਸੀ। ਜਿਸ ਵਿਚ ਔਰੰਗਜੇਬ ਦੇ ਚੰਗੇਜੀ ਰਾਜ ਦਾ ਅੰਤ ਹੋਇਆ। ਲੰਬੀਆਂ ਲੜਾਈਆਂ ਅਤੇ ਅਨੰਦਗੜ੍ਹ ਦੇ ਕਿਲੇ ਦੀ ਲੰਬੀ ਘੇਰਾਬੰਦੀ ਤੋਂ ਮੁਗਲ ਅਤੇ ਪਹਾੜੀ ਰਾਜੇ ਵੀ ਤੰਗ ਆ ਚੁੱਕੇ ਸਨ। ਵੈਰੀ ਕਿਸੇ ਵੀ ਤਰ੍ਹਾਂ ਗੁਰੂ ਜੀ ਕੋਲੋਂ ਕਿਲਾ ਖਾਲੀ ਕਰਵਾਉਣਾ ਚਾਹੁੰਦੇ ਸਨ। ਵੈਰੀਆਂ ਨੇ ਆਪਣੇ ਧਰਮਾਂ ਦੀਆਂ ਝੂਠੀਆਂ ਕਸਮਾਂ ਖਾਧੀਆਂ ਕਿ ਜੇਕਰ ਗੁਰੂ ਜੀ ਅਨੰਦਗੜ੍ਹ ਛੱਡ ਦੇਣ ਤਾਂ ਉਨ੍ਹਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ।

ਗੁਰੂ ਜੀ ਨੇ 20-21 ਦਸੰਬਰ 1704 ਈ. ਦੀ ਰਾਤ ਦੇ ਵਿਚਕਾਰਲੇ ਸਮੇਂ ਅਨੰਦਗੜ੍ਹ ਛੱਡ ਦਿੱਤਾ। ਉਹ ਰੋਪੜ ਵੱਲ ਚੱਲ ਪਏ। ਵੈਰੀਆਂ ਦੇ ਦਲ ਨੇ ਗੁਰੂ ਜੀ ਦੇ ਕਾਫ਼ਲੇ ਤੇ ਧੋਖੇ ਨਾਲ ਹਮਲਾ ਕਰ ਦਿੱਤਾ। ਉਨ੍ਹਾਂ ਨੇ ਸਿੱਖਾਂ ਦਾ ਖੁਰਾਖੋਜ ਮਿਟਾਉਣ ਅਤੇ ਗੁਰੂ ਜੀ ਨੂੰ ਜਿੰਦਾ ਗ੍ਰਿਫਤਾਰ ਕਰਨ ਦਾ ਮਨ ਬਣਾਇਆ ਹੋਇਆ ਸੀ। ਸਿਰਸਾ ਦੇ ਕੰਢੇ ਘਮਸਾਨ ਦਾ ਜੰਗ ਹੋਇਆ, ਗੁਰੂ ਜੀ ਦਾ ਪਰਿਵਾਰ ਵਿਛੜ ਗਿਆ। ਚਮਕੌਰ ਦੀ ਜੰਗ ਹੋਈ, ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ ਸ਼ਹੀਦ ਹੋਏ। ਗੁਰੂ ਜੀ ਮਾਛੀਵਾੜੇ ਦਾ ਜੰਗਲਾਂ ਵਿਚ ਔਝੜ ਪੈਂਡਾ ਤੈਅ ਕਰਕੇ ਖਿਦਰਾਣੇ ਦੀ ਢਾਬ ਤੇ ਪਹੁੰਚੇ। ਖਿਦਰਾਣੇ ਦੀ ਢਾਬ ਝਾੜੀਆਂ ਨਾਲ ਘਿਰੀ ਹੋਈ ਸੀ। ਗੁਰੂ ਜੀ ਨੇ ਭਾਂਪ ਲਿਆ ਸੀ ਕਿ ਇਸ ਜਗ੍ਹਾ ਤੇ ਦੁਸ਼ਮਣ ਨੂੰ ਘੇਰਿਆ ਜਾ ਸਕਦਾ ਹੈ। ਸਭ ਤੋਂ ਵੱਡੀ ਗੱਲ ਇਹ ਸੀ ਕਿ ਇੱਥੇ ਪਾਣੀ ਦਾ ਭੰਡਾਰ ਸੀ। ਜਦਕਿ ਹੋਰ ਕਿਧਰੇ ਦੂਰ ਦੂਰ ਤੱਕ ਪਾਣੀ ਨਹੀਂ ਸੀ। ਗੁਰੂ ਜੀ ਨੇ ਜੰਗ ਦੀ ਵਿਉਂਤਬੰਦੀ ਕਰਕੇ ਤੰਬੂ ਗੱਡ ਕੇ ਢਾਬ ਨੂੰ ਇਕ ਵਿਸ਼ਾਲ ਫੌਜੀ ਛਾਉਣੀ ਦੇ ਵਿਚ ਬਦਲ ਦਿੱਤਾ।



ਉੱਚੇ ਟਿੱਬੇ ਤੋਂ ਝਾੜੀਆਂ ਦੀ ਓਟ ਵਿਚ ਦੁਸ਼ਮਣ ਤੇ ਹਮਲਾ ਕਰਨ ਨਾਲ ਦੁਸ਼ਮਣ ਦਾ ਵਧੇਰੇ ਨੁਕਸਾਨ ਕੀਤਾ ਜਾ ਸਕਦਾ ਸੀ। ਗੁਰੂ ਜੀ ਨਾਲ ਸਮਰਪਿਤ ਸਿੰਘਾਂ ਦੀ ਗਿਣਤੀ ਲਗਭਗ 250 ਸੀ। ਜਿਸ ਵਿਚ 40 ਸਿੰਘ ਉਹ ਵੀ ਸਨ ਜੋ ਅਨੰਦਗੜ੍ਹ ਛੱਡਣ ਵੇਲੇ ਗੁਰੂ ਜੀ ਤੋਂ ਵੱਖ ਹੋ ਗਏ ਸਨ। ਹੁਣ ਸਾਰੇ ਸਿੰਘ ਗੁਰੂ ਜੀ ਨਾਲ ਇਸ ਜੰਗ ਵਿਚ ਮਰ ਮਿਟਣ ਲਈ ਤਿਆਰ ਸਨ। ਗੁਰੂ ਜੀ ਰਾਮੇਆਣਾ ਤੋਂ ਖਿਦਰਾਣੇ ਵੱਲ ਵਧ ਰਹੇ ਸਨ ਕਿ ਮਾਈ ਭਾਗੋ ਜੀ ਦੀ ਅਗਵਾਈ ਹੇਠ 40 ਸਿੰਘਾਂ ਦਾ ਜਥਾ ਗੁਰੂ ਜੀ ਦੀ ਮਦਦ ਲਈ ਪੁੱਜ ਚੁੱਕਾ ਸੀ। ਦੁਸ਼ਮਣ ਦੀ ਸ਼ਾਹੀ ਫੌਜ ਨੇੜੇ ਪਹੁੰਚ ਚੁੱਕੀ ਸੀ। ਤਦ ਗੁਰੂ ਜੀ ਨੇ ਖਿਦਰਾਣੇ ਦੀ ਢਾਬ ਤੇ ਮੋਰਚਾ ਸੰਭਾਲ ਲਿਆ। ਦੁਸ਼ਮਣ ਦੀਆਂ ਫੌਜਾਂ ਨੇ ਅੰਮ੍ਰਿਤ ਵੇਲੇ ਹੀ ਹਮਲਾ ਕਰ ਦਿੱਤਾ। ਸਾਰੇ ਸਿੰਘ ਬੜੀ ਬਹਾਦਰੀ ਨਾਲ ਲੜੇ।

ਗੁਰੂ ਜੀ ਆਪ ਢਾਬ ਤੋਂ ਇਨ੍ਹਾਂ ਸੂਰਮਿਆਂ ਦੀ ਅਗਵਾਈ ਕਰਕੇ ਮਾਣ ਮਹਿਸੂਸ ਕਰ ਰਹੇ ਸਨ। ਸਮੇਂ ਸਮੇਂ ਗੁਰੂ ਜੀ ਦੁਸ਼ਮਣਾਂ ਤੇ ਸਿੱਧੇ ਤੀਰ ਚਲਾਉਂਦੇ, ਸਿੰਘਾਂ ਨੇ ਅਜਿਹੀ ਰਣਨੀਤੀ ਬਣਾਈ ਕਿ ਵਾਰੀ ਵਾਰੀ ਟਾਕਰੇ ਲਈ ਜਾਣ ਲੱਗੇ। ਉਨ੍ਹਾਂ ਦੀ ਸੁਰੱਖਿਆ ਲਈ ਪੰਜ ਸਿੰਘਾਂ ਦਾ ਦਸਤਾ ਘੇਰਾ ਬਣਾਈ ਰੱਖੇ। ਗੁਰੂ ਜੀ ਦੀ ਵਿਉਂਤਬੰਦੀ ਹੇਠ ਸਿੰਘਾਂ ਨੇ ਦੁਸ਼ਮਣਾਂ ਨੂੰ ਘੇਰੇ ਵਿਚ ਉਲਝਾਈ ਰੱਖਿਆ।

ਦੁਸ਼ਮਣਾਂ ਦੀ ਫੌਜ ਨੇ ਪੂਰਾ ਤਾਣ ਲਾਇਆ। ਉਹ ਪਾਣੀ ਦੀ ਪਿਆਸ ਵਿਚ ਭਟਕਣ ਲੱਗੇ। ਪਾਣੀ ਉਪਰ ਤਾਂ ਸਿੰਘਾਂ ਦਾ ਪਹਿਲਾਂ ਹੀ ਕਬਜਾ ਸੀ। ਦੁਸ਼ਮਣਾਂ ਨੂੰ ਨੇੜੇ ਤੇੜੇ ਪਾਣੀ ਲੱਭਣਾ ਮੁਸ਼ਕਲ ਹੋ ਗਿਆ। ਜੰਗ ਗਹਿਗੱਚ ਹੋ ਚੁੱਕੀ ਸੀ। ਦੁਸ਼ਮਣ ਦੇ ਜਰਨੈਲ ਅਜਿਹੇ ਉਲਝੇ ਕਿ ਇਕ ਤਾਂ ਪਾਣੀ ਨਾ ਮਿਲਿਆ, ਉਪਰੋਂ ਗੁਰੂ ਜੀ ਸਾਹਮਣੇ ਦੀ ਢਾਬ ਦੀ ਉਚਾਈ ਤੋਂ ਸਿੱਧੇ ਤੀਰ ਛੱਡ ਰਹੇ ਸਨ। ਇਸ ਆਹਮੋ ਸਾਹਮਣੇ ਦੀ ਜੰਗ ਵਿਚ ਦੁਸ਼ਮਣ ਦੇ ਜਰਨੈਲ ਟਿਕ ਨਾ ਸਕੇ। ਦੁਸ਼ਮਣ ਦੀ ਫੌਜ ਭੁਲੇਖੇ ਵਿਚ ਰਹੀ ਕਿ ਇੱਥੇ ਭਾਰੀ ਗਿਣਤੀ ਵਿਚ ਸਿੰਘਾਂ ਦੀ ਫੌਜ ਹੋਵੇਗੀ। ਜੋ ਇਕ ਵਿਸ਼ਾਲ ਫੌਜੀ ਛਾਉਣੀ ਬਣਾਈ ਬੈਠੇ ਹਨ। ਪਰ ਸਿਰਫ਼ 250 ਸਿੰਘਾਂ ਨੇ 20,000 ਦੀ ਫੌਜ ਦਾ ਟਾਕਰਾ ਬੜੀ ਦਲੇਰੀ ਨਾਲ ਕੀਤਾ। ਇਸ ਤਰ੍ਹਾਂ ਸਿੰਘਾਂ ਨੇ ਅਦੁੱਤੀ ਫੌਜੀ ਬਹਾਦਰੀ ਦਾ ਸਬੂਤ ਦੇਂਦੇ ਹੋਏ ਦੁਸ਼ਮਣ ਦੇ ਆਹੂ ਲਾਹ ਸੁੱਟੇ। ਸਿੰਘ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ। ਦੁਸ਼ਮਣ ਦੀ ਫੌਜ ਦਾ 4000 ਦਾ ਜਾਨੀ ਨੁਕਸਾਨ ਹੋਇਆ। ਗੁਰੂ ਜੀ ਦੀ ਫੌਜ ਵਿਚ ਜਿਨ੍ਹਾਂ ਨੇ ਹੋਰ ਸ਼ਹੀਦੀਆਂ ਦਿੱਤੀਆਂ ਉਹ ਲਾਗਲੇ ਪਿੰਡਾਂ ਦੇ ਕਿਸਾਨ, ਮਜ਼ਦੂਰ, ਕਾਰੀਗਰ ਸਨ ਜੋ ਗੁਰੂ ਜੀ ਦੀ ਮਦਦ ਲਈ ਆਪ ਅੱਗੇ ਆਏ ਸਨ।

ਦੁਸ਼ਮਣ ਦੀ ਫੌਜ ਨੂੰ ਅਹਿਸਾਸ ਹੋ ਗਿਆ ਕਿ ਗੁਰੂ ਜੀ ਦੀ ਅਗਵਾਈ ਹੇਠ ਜੋ ਜਾਂਬਾਜ ਫੌਜ ਹੈ, ਉਸ ਦਾ ਟਾਕਰਾ ਕਰਨਾ ਸੰਭਵ ਨਹੀਂ। ਉਨ੍ਹਾਂ ਨੇ ਸਬਕ ਸਿੱਖ ਲਿਆ ਕਿ ਸਿੰਘਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਖ਼ਾਲਸੇ ਦੀ ਜਿੱਤ ਹੋਈ। ਗੁਰੂ ਜੀ ਰਣਭੂਮੀ ਵਿਚ ਉਤਰ ਆਏ। ਉਨ੍ਹਾਂ ਨੂੰ ਪਤਾ ਲੱਗਾ ਕਿ ਜਿਹੜੇ ਸਿੰਘ ਅਨੰਦਗੜ੍ਹ ਤੋਂ ਜੁਦਾ ਹੋ ਗਏ ਸਨ, ਉਹ ਜਾਂ ਤਾਂ ਜ਼ਖਮੀ ਹਨ ਜਾਂ ਸ਼ਹੀਦੀਆਂ ਪਾ ਚੁੱਕੇ ਹਨ। ਗੁਰੂ ਜੀ ਨੇ ਸੂਰਮਿਆਂ ਨੂੰ ਦੇਖਦੇ ਹੀ ਉਨ੍ਹਾਂ ਦੇ ਲਿਬੜੇ ਮੁਖੜੇ ਪਿਆਰ ਨਾਲ ਪੂੰਝੇ। ਸ਼ਹੀਦੀਆਂ ਦਾ ਮੁੱਲ ਪਾਉਂਦੇ ਗਏ। ਸ਼ਹੀਦਾਂ ਨੂੰ ਵਰ ਦਿੰਦੇ ਗਏ, ਉਸ ਸਮੇਂ ਰਾਏ ਸਿੰਘ ਦਾ ਪੁੱਤਰ ਮਹਾਂ ਸਿੰਘ ਜੀ ਗੁਰੂ ਜੀ ਨੂੰ ਡਿੱਠਾ। ਭਾਈ ਮਹਾਂ ਸਿੰਘ ਦਾ ਮੁੱਖੜਾ ਸਾਫ ਕਰਕੇ ਉਸ ਦਾ ਸੀਸ ਗੋਦ ਵਿਚ ਰੱਖ ਕੇ ਮੂੰਹ ਵਿਚ ਪਾਣੀ ਪਾਇਆ। ਫਿਰ ਸੀਨੇ ਨਾਲ ਲਗਾਇਆ। ਗੁਰੂ ਜੀ ਆਖਣ ਲੱਗੇ ਭਾਈ ਮਹਾਂ ਸਿੰਘ ਤੂੰ ਸਿੱਖੀ ਦੀ ਲਾਜ ਰੱਖ ਲਈ ਹੈ। ਜੰਗ ਵਿਚ ਜੂਝ ਕੇ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ ਹਨ। ਤੂੰ ਵਰ ਮੰਗ ਲੈ ਜੋ ਮੰਗਣਾ ਹੈ। ਭਾਈ ਮਹਾਂ ਸਿੰਘ ਨੇ ਕਿਹਾ ਦਸ਼ਮੇਸ਼ ਪਿਤਾ ਤੁਹਾਡੇ ਦਰਸ਼ਨ ਹੋ ਗਏ, ਹੋਰ ਕੀ ਮੰਗਾਂ, ਮੈਨੂੰ ਤੁਹਾਡੇ ਦਰਸ਼ਨਾਂ ਵਿਚ ਹੀ ਸਭ ਕੁਝ ਮਿਲ ਗਿਆ ਹੈ। ਗੁਰੂ ਜੀ ਨੇ ਫਿਰ ਕਿਹਾ ਭਾਈ ਮਹਾਂ ਸਿੰਘ ਕੁਝ ਹੋਰ ਮੰਗ ਲੈ। ਭਾਈ ਮਹਾਂ ਸਿੰਘ ਨੇ ਭਰੀਆਂ ਅੱਖਾਂ ਅਤੇ ਭਰਵੇਂ ਗਲ਼ੇ ਵਿਚ ਕਿਹਾ ਕਿ ਦਸ਼ਮੇਸ਼ ਪਿਤਾ ਜੀ ਜੇ ਤੁਠੇ ਹੋ ਤਾਂ ਮੈਨੂੰ ਅਤੇ ਮੇਰੇ ਜਥੇ ਦੇ ਸਾਥੀ ਸਿੰਘਾਂ ਨੂੰ ਮੁਆਫ਼ ਕਰ ਦਿਓ, ਜੋ ਅਸੀਂ ਅਨੰਦਗੜ੍ਹ ਤੋਂ ਜੁਦਾ ਹੋ ਗਏ ਸੀ। ਅਸੀਂ ਭਟਕ ਗਏ ਸੀ। ਸਾਡੀ ਟੁੱਟੀ ਗੰਢ ਦਿਓ। ਅਸੀਂ ਤੁਹਾਡੇ ਸੇਵਾ ਵਿਚ ਨਹੀਂ ਸੀ ਰਹਿ ਸਕੇ। ਸਾਨੂੰ ਬਖ਼ਸ਼ ਦਿਓ। ਗੁਰੂ ਜੀ ਨੇ ਕਿਹਾ ਕਿ ਭਾਈ ਮਹਾਂ ਸਿੰਘ ਤੂੰ ਪੰਥ ਦੀ ਸ਼ਾਨ ਹੈ। ਜੋ ਭੁਲ ਬਖਸ਼ਾ ਲਈ ਹੈ। ਭਾਈ ਮਹਾਂ ਸਿੰਘ ਜੀ ਦੀ ਆਤਮਾ ਸ਼ਾਂਤ ਹੋ ਗਈ ਅਤੇ ਹਿਰਸ ਦੇ ਅੱਥਰੂ ਨਿਕਲ ਆਏ। ਦਸ਼ਮੇਸ਼ ਪਿਤਾ ਦੀ ਗੋਦ ਵਿਚ ਸ਼ਹੀਦੀ ਪਾ ਲਈ। ਫਿਰ ਗੁਰੂ ਜੀ ਮਾਈ ਭਾਗੋ ਦੇ ਕੋਲ ਆਣ ਪਹੁੰਚੇ। ਜਿਨ੍ਹਾਂ ਨੇ ਭਾਈ ਮਹਾਂ ਸਿੰਘ ਜੀ ਨਾਲ ਜੱਥੇ ਦੀ ਅਗਵਾਈ ਕੀਤੀ ਸੀ। ਉਨ੍ਹਾਂ ਨੇ ਮਾਈਆਂ ਦੀ ਧਰਮ ਯੁੱਧ ਵਿਚ ਜੂਝਣ ਦੀ ਮਿਸਾਲ ਕਾਇਮ ਕੀਤੀ ਹੈ। ਗੁਰੂ ਜੀ ਨੇ ਮਾਈ ਭਾਗੋ ਜੀ ਨੂੰ ਭਾਈ ਮਹਾਂ ਸਿੰਘ ਦੀ ਅੰਤਿਮ ਸਮੇਂ ਦੀ ਵਾਰਤਾਲਾਪ ਸੁਣਾਈ ਕਿ ਉਨ੍ਹਾਂ ਨੇ ਟੁੱਟੀ ਗੰਢ ਲਈ ਹੈ। ਗੁਰੂ ਜੀ ਨੇ ਮਾਈ ਭਾਗੋ ਜੀ ਨੂੰ ਪੰਥ ਦੀ ਸੇਵਾ ਲਈ ਜੁਟੇ ਰਹਿਣ ਦਾ ਉਪਦੇਸ਼ ਦਿੱਤਾ ਅਤੇ ਬਲ ਬਖ਼ਸ਼ਿਆ। ਗੁਰੂ ਜੀ ਨੇ ਆਪਣੇ ਹੱਥੀਂ ਸ਼ਹੀਦਾਂ ਦਾ ਸਸਕਾਰ ਕੀਤਾ। ਜਿੱਥੇ ‘ਗੁਰਦੁਆਰਾ ਸਾਹਿਬ ਸ਼ਹੀਦ ਗੰਜ’ ਹੈ। ਇਥੇ ਆਪ ਨੇ ਬਚਨ ਕੀਤਾ ਕਿ ਇਹ ਚਾਲੀ ਸਿੰਘ ਹੁਣ ਚਾਲੀ ਮੁਕਤੇ ਹਨ। ਜੰਗ ਦੇ ਅਸਥਾਨ ਨੂੰ ‘ਮੁਕਤਸਰ’ ਦਾ ਖਿਤਾਬ ਦਿੱਤਾ। ਜਿੱਥੇ ਇਤਿਹਾਸਕ ਗੁਰਦੁਆਰਾ ‘ਟੁੱਟੀ ਗੰਢ’ ਹੈ। ਮੁਕਤਸਰ ਦੇ ਸ਼ਹੀਦਾਂ ਦਾ ਨਾਂ ਇਤਿਹਾਸ ਵਿਚ ਬੜੇ ਸਤਿਕਾਰ ਨਾਲ ਦਰਜ ਹੈ। ਜੋ ਰੋਜ਼ਾਨਾ ਸਿੱਖ ਅਰਦਾਸ ਵਿਚ ਯਾਦ ਕੀਤਾ ਜਾਂਦਾ ਹੈ। ਮੁਕਤਸਰ ਦੇ ਜੰਗ ਦਾ ਸੁਨੇਹਾ ਹੈ ਕਿ ਜੁਲਮ ਦੇ ਖਿਲਾਫ਼ ਹਮੇਸ਼ਾ ਸੰਘਰਸ਼ਮਈ ਰਹਿਣਾ। ਇਹ ਸਾਡਾ ਗੌਰਵਮਈ ਬਹਾਦਰੀ ਦਾ ਵਿਰਸਾ ਹੈ, ਜਿਸ ਤੋਂ ਕੌਮ ਨੂੰ ਅਗਵਾਈ ਮਿਲਦੀ ਹੈ।

# ਜੰਗ ਖਿਦਰਾਣੇ ਦੀ ਢਾਬ ਦੀ, ਗੁਰੂ ਦੇ ਸਿੰਘਾਂ ਨੇ ਸਿਰਜਿਆ ਇਤਿਹਾਸ



ਪਰਮਜੀਤ ਸਿੰਘ ਢੀਂਗਰਾ



ਮੁਕਤਸਰ ਦੀ ਜੰਗ ਜੰਗ ਵੈਸਾਖ ਦੇ ਮਹੀਨੇ 1705 ਈਸਵੀ ਵਿੱਚ ਹੋਈ। ਗੁਰੂ ਗੋਬਿੰਦ ਸਾਹਿਬ ਜੀ ਨੇ ਨੌਵੇਂ ਗੁਰੂ ਸਾਹਿਬਾਨ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਨੂੰ ਸ਼ਸਤਰ ਵਿੱਦਿਆ ਨਾਲ ਜੋੜਿਆ। ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜਨਾ ਦੇ ਨਾਲ-ਨਾਲ ਸਿੱਖਾਂ ਨੂੰ ਅਜਿਹੀ ਸੈਨਿਕ ਸਿਖਲਾਈ ਦਿੱਤੀ ਜਿਸ ਨਾਲ ਉਹ ਧਾਰਮਿਕ ਯੁੱਧਾਂ ਵਿੱਚ ਪ੍ਰਵਾਨ ਚੜ੍ਹੇ। ਗੁਰੂ ਜੀ ਨੇ ਸਿੱਖ ਪੰਥ ਨੂੰ ਚਾਰ ਹਿੱਸਿਆਂ ਵਿੱਚ ਵੰਡ ਦਿੱਤਾ ਸੀ। ਇਨ੍ਹਾਂ ਵਿੱਚੋਂ ਦੀਦਾਰੀ ਅਥਵਾ ਹਜ਼ੂਰੀ ਸਿੱਖਾਂ ਨੂੰ ਨਵੇਂ-ਨਵੇਂ ਹਥਿਆਰਾਂ ਨਾਲ ਨਿਪੁੰਨ ਕਰਕੇ ਪੂਰੀ ਤਰ੍ਹਾਂ ਸੈਨਿਕ ਸ਼ਕਤੀ ਦੇ ਰੂਪ ਵਿੱਚ ਸਥਾਪਤ ਕੀਤਾ। ਇਹ ਫ਼ੌਜੀ ਸਮੇਂ ਦੀ ਲੋੜ ਮੁਤਾਬਕ ਗਤਕੇ ਖੇਡਣੇ, ਤਲਵਾਰ ਚਲਾਉਣੀ, ਨੇਜ਼ਾਬਾਜ਼ੀ ਕਰਨੀ, ਤੀਰਾਂ ਤੇ ਬੰਦੂਕਾਂ ਦੇ ਨਿਸ਼ਾਨੇ ਲਾਉਣ ਤੇ ਘੋੜ ਸਵਾਰੀ ਵਿੱਚ ਨਿਪੁੰਨਤਾ ਪ੍ਰਾਪਤ ਕਰਦੇ। ਉਸ ਸਮੇਂ ਮੁਗਲਈ ਜਾਂ ਹੋਰ ਰਿਆਸਤਾਂ ਵਿੱਚ ਵੀ ਇਸੇ ਤਰ੍ਹਾਂ ਦੀ ਫ਼ੌਜੀ ਸਿਖਲਾਈ ਤੇ ਅਸਤਰਾਂ ਸ਼ਸਤਰਾਂ ਦੀ ਪਰੰਪਰਾ ਪ੍ਰਚਲਤ ਸੀ। ਉਦੋਂ ਸਿੱਖ ਫ਼ੌਜਾਂ ਦੀ ਵਰਦੀ ਨੀਲਾ ਬਾਣਾ ਸੀ ਤੇ ਮੁਗਲਈ ਫ਼ੌਜਾਂ ਦੀ ਵਰਦੀ ਸ਼ਹਿਦ ਦੀਆਂ ਮੱਖੀਆਂ ਦੇ ਰੰਗ ਵਰਗੀ ਸਿਆਹ-ਭੂਰੀ ਸੀ। ਇਸ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮੇ ਵਿੱਚ ਕਰਦਿਆਂ ਲਿਖਿਆ ਹੈ:- ਬਰੰਗ ਮਗਸ ਸਿਆਹ ਪੋਸ਼ ਆਮਦੰਦ। ਬ-ਯਕ ਬਾਰਗੀ ਦਰ ਖਰੋਸ਼ ਆਮਦੰਦ। ਭਾਵ ਸ਼ਹਿਦ ਦੀਆਂ ਮੱਖੀਆਂ ਦੇ ਰੰਗ ਵਰਗੇ ਸਿਆਹ ਪੋਸ਼ ਫ਼ੌਜੀ ਆਏ ਜੋ ਗੁੱਸੇ ਨਾਲ ਇੱਕੋ ਵੇਰ ਸਾਡੇ 'ਤੇ ਟੁੱਟ ਪਏ। ਵੱਖਰੇ-ਵੱਖਰੇ ਇਤਿਹਾਸਕਾਰਾਂ ਤੇ ਵਿਆਖਿਆਕਾਰਾਂ ਨੇ ਮੁਕਤਸਰ ਦੇ ਜੰਗ ਦੇ ਪਿਛੋਕੜ ਦਾ ਵਰਣਨ ਕਰਦਿਆਂ ਲਿਖਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਹਿਲਾਂ ਰਾਮੇਆਣੇ ਪਿੰਡ ਪਹੁੰਚੇ। ਉਸ ਪਿੰਡ ਦੇ ਟਾਂਗੂ ਨੇ ਦੱਸਿਆ ਕਿ ਭਾਈ ਸਿੱਖੋ ਧੂੜ ਉਡਦੀ ਨਜ਼ਰ ਆਉਂਦੀ ਹੈ, ਸੁਖ ਹੋਵੇ ਸਹੀ। ਏਨੀ ਦੇਰ ਨੂੰ ਬਿਰਖ 'ਤੇ ਚੜ੍ਹੇ ਸਿੱਖ ਨੇ ਅਗਾਹ ਕੀਤੀ ਕਿ ਸੱਚੇ ਪਾਤਸ਼ਾਹ ਤੁਰਕ ਨੇੜੇ ਆਣ ਪਹੁੰਚੇ ਹਨ ਤੇ ਇੱਥੋਂ ਅਜੇ ਖਿਦਰਾਣਾ ਦੋ ਕੋਹ 'ਤੇ ਹੈ। ਗੁਰੂ ਜੀ ਕਹਿਣ ਲੱਗੇ ਸਿੰਘੋ ਡਰੋ ਨਾ, ਉਨ੍ਹਾਂ ਨੂੰ ਰੋਕਣ ਵਾਲੇ ਆਪੇ ਰੋਕ ਲੈਣਗੇ। ਸਿੱਖਾਂ ਨੂੰ ਪਤਾ ਨਹੀਂ ਸੀ ਕਿ ਤੁਰਕਾਂ ਦੇ ਅੱਗੇ-ਅੱਗੇ ਮਝੈਲ ਸਿੰਘਾਂ ਦਾ ਜਥਾ ਆ ਰਿਹਾ ਹੈ। ਏਨੇ ਨੂੰ ਬੈਰਾੜ ਗੁਰੂ ਜੀ ਨੂੰ ਖਿਦਰਾਣੇ ਦੇ ਕੰਢੇ ਲੈ ਗਏ। ਭਰਿਆ ਜਲ ਤੇ ਜੰਗਲ ਦੇਖ ਕੇ ਗੁਰੂ ਜੀ ਬੜੇ ਖ਼ੁਸ਼ ਹੋਏ। ਸਿੰਘ ਕਹਿਣ ਲੱਗੇ ਗੁਰੂ ਜੀ ਇੱਥੇ ਸਭ ਸੁਖ ਹੈ। ਅਸੀਂ ਜਲ ਨੂੰ ਰੋਕ ਕੇ ਰੱਖਾਂਗੇ ਤੇ ਤੁਰਕ ਤਿਹਾਏ ਆਪੇ ਮੁੜ ਜਾਣਗੇ, ਜੇ ਉਨ੍ਹਾਂ ਦਾ ਜ਼ੋਰ ਪੈ ਗਿਆ ਤਾਂ ਹੋਰ ਅੱਗੇ ਚਲੇ ਜਾਵਾਂਗੇ। ਕੇਰ (ਟੋਬੇ ਵਿੱਚੋਂ ਪੁੱਟ ਕੇ ਸੁੱਟੀ ਮਿੱਟੀ ਦੇ ਲਾਏ ਢੇਰ) ਦੀ ਆੜ ਵਿੱਚ ਚੰਗੀ ਲੜਾਈ ਹੋ ਸਕਦੀ ਹੈ। ਇਹ ਗੱਲ ਸੁਣ ਕੇ ਗੁਰੂ ਜੀ ਨੇ ਆਲੇ-ਦੁਆਲੇ ਦੀ ਭੂਗੋਲਿਕ ਸਥਿਤੀ ਦਾ ਜਾਇਜ਼ਾ ਲਿਆ ਤੇ ਤੁਰਦੇ-ਤੁਰਦੇ ਤਲਾਅ ਦੇ ਪੱਛਮ ਵੱਲ ਟਿੱਬੀ 'ਤੇ ਜਾ ਖਲੋਤੇ ਤੇ ਜੰਗ ਦੀ ਵਿਉਂਤਬੰਦੀ ਕਰਨ ਲੱਗੇ। ਸ਼ਾਹੀ ਲਸ਼ਕਰ ਹੋਰ ਨੇੜੇ ਪਹੁੰਚਦਾ ਜਾ ਰਿਹਾ ਸੀ। ਜਿਹੜੇ ਮਝੈਲ ਸਿੰਘ ਗੁਰੂ ਜੀ ਦੇ ਮਗਰ-ਮਗਰ ਤੇ ਮੁਗਲਾਂ ਦੇ ਅੱਗੇ-ਅੱਗੇ ਆ ਰਹੇ ਸਨ, ਉਨ੍ਹਾਂ ਨੇ ਵੈਰੀਆਂ ਦੇ ਦੰਦ ਖੱਟੇ ਕਰਨ ਲਈ, ਰਣ ਤੱਤੇ ਵਿੱਚ ਜੂਝਣ ਲਈ ਖਿਦਰਾਣੇ ਦੀ ਢਾਬ ਦੇ ਪੂਰਬ ਵੱਲ ਨੀਵੀਂ ਥਾਂ 'ਤੇ ਮੋਰਚੇ ਗੱਡ ਲਏ। ਆਪਣੇ ਆਪ ਨੂੰ ਥੋੜ੍ਹਿਆਂ ਤੋਂ ਬਹੁਤੇ ਦਿਖਾਉਣ ਲਈ ਤੇ ਇਸ ਖਿਆਲ ਨਾਲ ਕਿ ਤੁਰਕ ਅੱਗੇ ਗੁਰੂ ਜੀ ਦੇ ਵੱਲ ਨਾ ਚਲੇ ਜਾਣ, ਉਨ੍ਹਾਂ ਨੇ ਬਿਰਖਾਂ 'ਤੇ ਚਾਦਰੇ ਤੇ ਹੋਰ ਕੱਪੜੇ ਖਿਲਾਰ ਦਿੱਤੇ। ਰੁੱਖਾਂ 'ਤੇ ਵਿਛੇ ਕੱਪੜੇ ਦੂਰੋਂ ਤੰਬੂਆਂ ਦਾ ਪ੍ਰਭਾਵ ਦੇ ਰਹੇ ਸਨ। ਇਹ ਭੁਲੇਖੇ ਦੀ ਕੂਟਨੀਤੀ ਬੜੀ ਕਾਰਗਰ ਸਿੱਧ ਹੋਈ। ਤੁਰਕਾਂ ਦੀ ਸਾਰੀ ਫ਼ੌਜ ਉਸ ਪਾਸੇ ਵੱਲ ਹੋ ਗਈ। ਜਦੋਂ ਇਕਦਮ ਲਸ਼ਕਰ ਸਿੰਘਾਂ ਦੀ ਮਾਰ ਹੇਠ ਆ ਗਿਆ ਤਾਂ ਉਨ੍ਹਾਂ ਗੁਰੀਲਾ ਯੁੱਧ ਨੀਤੀ ਦਾ ਦਾਅ ਵਰਤ ਕੇ ਹਮਲਾ ਕਰ ਦਿੱਤਾ ਤੇ ਵੀਹ-ਪੰਝੀ ਤੁਰਕ ਢੇਰ ਕਰ ਦਿੱਤੇ। ਜਦੋਂ ਲਗਾਤਾਰ ਬੰਦੂਕਾਂ ਚੱਲਣ ਲੱਗੀਆਂ ਤਾਂ ਵਜੀਦ ਖਾਂ ਨੇ ਸਮਝਿਆ ਕਿ ਇੱਥੇ ਹੀ ਸਿੱਖਾਂ ਨਾਲ ਗੁਰੂ ਗੋਬਿੰਦ ਸਿੰਘ ਵੀ ਹਨ। ਉਸ ਨੇ ਫ਼ੌਜਾਂ ਨੂੰ ਪਿੱਛੇ ਹਟਣ ਦਾ ਹੁਕਮ ਦਿੱਤਾ ਤਾਂ ਜੋ ਵਧੇਰੇ ਜਾਨੀ ਨੁਕਸਾਨ ਤੋਂ ਬਚਿਆ ਜਾ ਸਕੇ। ਓਧਰ ਮੁਗਲ ਫ਼ੌਜ ਪਿੱਛੇ ਹਟਦੀ ਦੇਖ ਕੇ ਸਿੰਘਾਂ ਨੇ ਫੇਰ ਇੱਕ ਹੋਰ ਗੁਰੀਲਾ ਹਮਲਾ ਕਰ ਦਿੱਤਾ ਅਤੇ ਤੀਹ ਕੁ ਹੋਰ ਤੁਰਕ ਢੇਰੀ ਕਰ ਦਿੱਤੇ। ਸੰਘਣੇ ਬਿਰਖਾਂ ਵਿੱਚ ਨੀਵੇਂ ਥਾਂ ਬੈਠੇ ਸਿੱਖ ਤੁਰਕਾਂ ਨੂੰ ਨਜ਼ਰ ਨਾ ਆਏ ਪਰ ਉਹ ਤੀਰਾਂ ਤੇ ਗੋਲੀਆਂ ਦੀ ਵਰਖਾ ਕਰਨ ਲੱਗੇ। ਦੋਹਾਂ ਪਾਸਿਆਂ ਤੋਂ ਬੰਦੂਕਾਂ ਵਿੱਚੋਂ ਕੜਕੜ ਗੋਲੀਆਂ ਚੱਲਣ ਲੱਗੀਆਂ। ਦਸਮ ਪਿਤਾ ਨੇ ਟਿੱਬੀ 'ਤੇ ਬੈਠਿਆਂ ਜਦੋਂ ਬੰਦੂਕਾਂ ਦੀ ਆਵਾਜ਼ ਸੁਣੀ ਤਾਂ ਇੱਕ ਸ਼ਾਹ ਸਵਾਰ ਨੂੰ ਉਸ ਪਾਸੇ ਪਤਾ ਕਰਨ ਲਈ ਭੇਜਿਆ। ਉਸ ਨੇ ਵਾਪਸ ਆ ਕੇ ਦੱਸਿਆ ਕਿ ਮਝੈਲਾਂ ਦਾ ਜਥਾ ਤੁਰਕਾਂ ਨੂੰ ਲੋਹੇ ਦੇ ਚਨੇ ਚਬਾ ਰਿਹਾ ਹੈ। ਫਿਰ ਗੁਰੂ ਜੀ ਨੇ ਟਿੱਬੀ ਤੋਂ ਹੀ ਤੀਰ ਚਲਾਉਣੇ ਸ਼ੁਰੂ ਕਰ ਦਿੱਤੇ ਤੇ ਇੱਕ-ਇੱਕ ਤੀਰ ਪੰਜ-ਪੰਜ ਤੁਰਕਾਂ ਦੇ ਆਹੂ ਲਾਹੁਣ ਲੱਗਾ। ਗੁਰੂ ਜੀ ਨੇ ਵਜੀਦ ਖਾਂ ਦੇ ਕਈ ਸੈਨਿਕ ਢੇਰ ਕਰ ਦਿੱਤੇ। ਸ਼ਾਹੀ ਫ਼ੌਜਾਂ ਨੂੰ ਝਾੜਾਂ ਪਿੱਛੇ ਲੁਕੇ ਹੋਏ ਸਿੱਖ ਜਿੰਨੀ ਦੇਰ ਤਕ ਨਾ ਦਿਸੇ, ਉਨ੍ਹਾਂ ਦਾ ਅੱਗੇ ਵਧਣ ਦਾ ਹੀਆ ਨਾ ਪਿਆ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਇੱਥੇ ਤਾਂ ਥੋੜ੍ਹੇ ਜਿਹੇ ਸਿੱਖ ਹਨ ਤੇ ਗੁਰੂ ਜੀ ਵੀ ਉਨ੍ਹਾਂ ਦੇ ਨਾਲ ਨਹੀਂ ਹਨ ਤਾਂ ਉਨ੍ਹਾਂ ਨੇ ਤਕੜਾ ਜੁਆਬੀ ਹਮਲਾ ਬੋਲ ਦਿੱਤਾ ਜਿਸ ਨਾਲ ਬੜੀ ਮਾਰ-ਕਾਟ ਹੋਣ ਲੱਗੀ ਤੇ ਹਥਿਆਰਾਂ ਦੀ ਗੂੰਜ ਨਾਲ ਆਕਾਸ਼ ਕੰਬ ਉਠਿਆ। ਸਿੰਘ ਸ਼ਮਸ਼ੀਰਾਂ ਖਿੱਚ-ਖਿੱਚ ਕੇ ਸ਼ੀਹਾਂ ਵਾਂਗ ਤੁਰਕਾਂ 'ਤੇ ਟੁੱਟ ਪਏ। ਖਟਾਖਟ ਤਲਵਾਰਾਂ ਖੜਕਨ ਲੱਗੀਆਂ। ਧਰਤੀ ਰੱਤ-ਵਿਰੱਤੀ ਹੋ ਗਈ। ਅਨੇਕਾਂ ਸਿਪਾਹੀਆਂ ਅਤੇ ਘੋੜਿਆਂ ਦੇ ਮੁੰਡ ਏਧਰ-ਓਧਰ ਨਜ਼ਰ ਆਉਣ ਲੱਗੇ। ਫੱਟੜਾਂ ਦੀਆਂ ਕਰਾਹਾਂ ਮਿੱਟੀ 'ਚ ਗੂੰਜਣ ਲੱਗੀਆਂ। ਇੱਕ-ਇੱਕ ਸਿੰਘ ਨੇ ਗਿਆਰਾਂ-ਗਿਆਰਾਂ ਤੁਰਕਾਂ ਨੂੰ ਭਾਜੀ ਮੋੜੀ। ਭਾਵੇਂ ਸਿੰਘ ਸੂਰਮੇ ਵੀ ਤੀਰਾਂ ਤੇ ਗੋਲੀਆਂ ਨਾਲ ਵਿੰਨ੍ਹੇ ਪਏ ਸਨ ਪਰ ਉਨ੍ਹਾਂ ਮੈਦਾਨੇ ਜੰਗ 'ਚ ਪਿੱਛੇ ਭੌਂ ਕੇ ਨਹੀਂ ਵੇਖਿਆ, ਸਗੋਂ ਅੱਗੇ ਵਧ ਕੇ ਵੈਰੀ ਨਾਲ ਲੋਹਾ ਲੈਣ ਲੱਗੇ। ਇਸ ਨਾਲ ਦੁਸ਼ਮਣ ਦੇ ਖੇਮੇ ਵਿੱਚ ਅਜਿਹੀ ਹਾਹਾਕਾਰ ਮੱਚੀ ਕਿ ਤੋਬਾ ਤੋਬਾ ਹੋਣ ਲੱਗੀ। ਤੁਰਕਾਂ ਦੇ ਅਜਿਹੇ ਦੰਦ ਖੱਟੇ ਹੋਏ ਕਿ ਉਹ ਡਰਦੇ ਮਾਰੇ ਅੱਗੇ ਵਧਣ ਦਾ ਹੌਸਲਾ ਨਾ ਕਰ ਸਕੇ। ਗੁਰੂ ਜੀ ਦੇ ਤੀਰਾਂ ਨੇ ਤੁਰਕਾਂ ਨੂੰ ਭੁਲੇਖਾ ਪਾ ਦਿੱਤਾ ਕਿ ਪਤਾ ਨਹੀਂ ਏਥੇ ਕਿੰਨੀ ਕੁ ਫ਼ੌਜ ਹੈ, ਜੋ ਕਈ ਪਾਸਿਆਂ ਤੋਂ ਹਮਲੇ ਹੋ ਰਹੇ ਹਨ।

> *ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜਨਾ ਦੇ ਨਾਲ-ਨਾਲ ਸਿੱਖਾਂ ਨੂੰ ਅਜਿਹੀ ਸੈਨਿਕ ਸਿਖਲਾਈ ਦਿੱਤੀ ਜਿਸ ਨਾਲ ਉਹ ਧਾਰਮਿਕ ਯੁੱਧਾਂ ਵਿੱਚ ਪ੍ਰਵਾਨ ਚੜ੍ਹੇ। ਗੁਰੂ ਜੀ ਨੇ ਸਿੱਖ ਪੰਥ ਨੂੰ ਚਾਰ ਹਿੱਸਿਆਂ ਵਿੱਚ ਵੰਡ ਦਿੱਤਾ ਸੀ। ਇਨ੍ਹਾਂ ਵਿੱਚੋਂ ਦੀਦਾਰੀ ਅਥਵਾ ਹਜ਼ੂਰੀ ਸਿੱਖਾਂ ਨੂੰ ਨਵੇਂ-ਨਵੇਂ ਹਥਿਆਰਾਂ ਨਾਲ ਨਿਪੁੰਨ ਕਰਕੇ ਪੂਰੀ ਤਰ੍ਹਾਂ ਸੈਨਿਕ ਸ਼ਕਤੀ ਦੇ ਰੂਪ ਵਿੱਚ ਸਥਾਪਤ ਕੀਤਾ। ਇਹ ਫ਼ੌਜੀ ਸਮੇਂ ਦੀ ਲੋੜ ਮੁਤਾਬਕ ਗਤਕੇ ਖੇਡਣੇ, ਤਲਵਾਰ ਚਲਾਉਣੀ, ਨੇਜ਼ਾਬਾਜ਼ੀ ਕਰਨੀ, ਤੀਰਾਂ ਤੇ ਬੰਦੂਕਾਂ ਦੇ ਨਿਸ਼ਾਨੇ ਲਾਉਣ ਤੇ ਘੋੜ ਸਵਾਰੀ ਵਿੱਚ ਨਿਪੁੰਨਤਾ ਪ੍ਰਾਪਤ ਕਰਦੇ। ਉਸ ਸਮੇਂ ਮੁਗਲਈ ਜਾਂ ਹੋਰ ਰਿਆਸਤਾਂ ਵਿੱਚ ਵੀ ਇਸੇ ਤਰ੍ਹਾਂ ਦੀ ਫ਼ੌਜੀ ਸਿਖਲਾਈ ਤੇ ਅਸਤਰਾਂ ਸ਼ਸਤਰਾਂ ਦੀ ਪਰੰਪਰਾ ਪ੍ਰਚਲਤ ਸੀ। ਉਦੋਂ ਸਿੱਖ ਫ਼ੌਜਾਂ ਦੀ ਵਰਦੀ ਨੀਲਾ ਬਾਣਾ ਸੀ ਤੇ ਮੁਗਲਈ ਫ਼ੌਜਾਂ ਦੀ ਵਰਦੀ ਸ਼ਹਿਦ ਦੀਆਂ ਮੱਖੀਆਂ ਦੇ ਰੰਗ ਵਰਗੀ ਸਿਆਹ-ਭੂਰੀ*

ਇੱਕ ਤਾਂ ਇਸ ਫ਼ਿਕਰ ਨੇ ਦੂਜਾ ਵੈਸਾਖ ਰੁੱਤ ਦੀ ਗਰਮੀ ਨੇ ਤੁਰਕਾਂ ਨੂੰ ਬੇਹਾਲ ਕਰਨਾ ਸ਼ੁਰੂ ਕਰ ਦਿੱਤਾ, ਤੀਜੇ ਪਾਣੀ ਦੇ ਤਿਹਾਏ ਸਿਪਾਹੀਆਂ ਦੀਆਂ ਜੀਭਾਂ ਬਾਹਰ ਆਉਣ ਲੱਗੀਆਂ। ਭਾਵੇਂ ਚੌਧਰੀ ਕਪੂਰੇ ਦੇ ਦੱਸੇ ਹੋਏ ਤੁਰਕਾਂ ਨੇ ਖਿਦਰਾਣੇ ਦੀ ਢਾਬ ਵਿੱਚੋਂ ਪਾਣੀ ਲੈਣ ਲਈ ਬੜੇ ਯਤਨ ਕੀਤੇ ਪਰ ਸਿੰਘਾਂ ਦੀ ਮਜ਼ਬੂਤ ਕੰਧ ਨੇ ਉਨ੍ਹਾਂ ਨੂੰ ਪਾਣੀ ਦੇ ਨੇੜੇ ਫੜਕਣ ਨਹੀਂ ਦਿੱਤਾ। ਜਦੋਂ ਉਹ ਤਿਹਾਏ ਹਾਲੋਂ ਬੇਹਾਲ ਹੋ ਗਏ ਤਾਂ ਵਜੀਦ ਖਾਂ ਨੇ ਕਪੂਰੇ ਅੱਗੇ ਪਾਣੀ ਦੀ ਗੱਲ ਕੀਤੀ ਤਾਂ ਉਹ ਕਹਿਣ ਲੱਗਾ- ਇਸ ਜੰਗਲ ਵਿੱਚ ਤਾਂ ਤੀਹ-ਤੀਹ ਕੋਹ 'ਤੇ ਕਿਤੇ ਵੀ ਪਾਣੀ ਨਹੀਂ। ਜੇ ਪਿੱਛੇ ਵੀ ਹਟੀਏ ਤਾਂ ਘੱਟੋ-ਘੱਟ ਦਸ ਕੋਹ ਤੋਂ ਉਰਾਂ ਕਿਤੇ ਵੀ ਪਾਣੀ ਮਿਲਣ ਦੀ ਕੋਈ ਸੰਭਾਵਨਾ ਨਹੀਂ। ਵਜੀਦ ਖਾਂ ਨੇ ਪਿੱਛੇ ਮੁੜਨ ਦਾ ਮਨ ਬਣਾ ਲਿਆ ਪਰ ਮੁੜਨ ਤੋਂ ਪਹਿਲਾਂ ਕਹਿਣ ਲੱਗਾ ਕਿ ਇਨ੍ਹਾਂ ਸ਼ਹੀਦ ਹੋਏ ਮੋਮਨਾਂ ਨੂੰ ਕਿਤੇ ਦਫ਼ਨਾ ਚੱਲੀਏ ਤੇ ਨਾਲ ਹੀ ਮਰੇ ਹੋਏ ਸਿੱਖਾਂ ਵਿੱਚੋਂ ਸ਼ਾਇਦ ਗੁਰੂ ਜੀ ਦੀ ਲੋਥ ਲੱਭ ਜਾਏ ਤੇ ਉਨ੍ਹਾਂ ਦਾ ਸਿਰ ਲਾਹ ਕੇ ਲੈ ਚੱਲੀਏ ਤਾਂ ਜੋ ਬਾਦਸ਼ਾਹ ਸਲਾਮਤ ਤੋਂ ਇਨਾਮ, ਨੇਕਨਾਮੀ, ਬਹਾਦਰੀ ਦਾ ਮਰਤਬਾ ਲੈ ਲਈਏ। ਸਾਰੀ ਦੁਨੀਆਂ 'ਵਿਚ ਮੇਰਾ ਨਾਂ ਹੋ ਜਾਏਗਾ ਕਿ ਜਿਸ ਗੁਰੂ ਗੋਬਿੰਦ ਸਿੰਘ ਹਿੰਦ ਦੇ ਪੀਰ ਨੇ ਜੰਗਾਂ ਕਰਕੇ ਬਾਈ ਧਾਰ ਦੇ ਪਹਾੜੀ ਰਾਜਿਆਂ ਨੇ ਮਾਰ-ਮਾਰ ਬਿਲੇ ਲਾ ਛੱਡਿਆ ਤੇ ਕਈ ਵਾਰ ਲੱਖਾਂ ਸ਼ਾਹੀ ਫ਼ੌਜਾਂ ਨੂੰ ਅੰਗੂਠਾ ਦਿਖਾ ਕੇ ਸਹੀ ਸਲਾਮਤ ਨਿਕਲ ਗਿਆ ਸੀ, ਉਸ ਨੂੰ ਵਜੀਦ ਖਾਂ ਨੇ ਮਾਰ ਲਿਆ। ਉਸ ਦੀ ਇਹ ਗੱਲ ਸੁਣ ਕੇ ਕਪੂਰੇ ਨੇ ਕਿਹਾ ਤੁਸੀਂ ਕਿਹੜੇ ਭਰਮ-ਭੁਲੇਖੇ 'ਵਿਚ ਫਿਰਦੇ ਹੋ। ਗੁਰੂ ਤੁਹਾਡੇ ਮਾਰਨ ਲਈ ਨਹੀਂ, ਓਥੇ ਬੈਠੇ। ਉਹ ਤਾਂ ਖ਼ਬਰੇ ਕਿੱਧਰ ਨੂੰ ਨਿਕਲ ਗਏ ਹੋਣਗੇ। ਬਾਕੀ ਜਿਹੜੇ ਮੋਮਨ ਮਾਰੇ ਗਏ ਸੋ ਮਾਰੇ ਗਏ, ਇਨ੍ਹਾਂ ਨੂੰ ਦੱਬਣ ਵਿੱਚ ਕੀ ਪਿਐ, ਕਿਤੇ ਦੱਬਣ-ਦਬਾਉਣ ਦੇ ਚੱਕਰ ਵਿੱਚ ਤੁਸੀਂ ਆਪ ਨਾ ਦੱਬੇ ਜਾਓ। ਚੱਲੇ ਹੁੰਦੇ ਤਾਂ ਹੁਣ ਤਕ ਚਾਰ ਕੋਹ ਪੈਂਡਾ ਮਾਰ ਲੈਣਾ ਸੀ। ਜੇ ਸਿਪਾਹੀ ਤਿਹਾਏ, ਮਰਦੇ ਬੇਹੋਸ਼ ਹੋ ਕੇ ਇੱਥੇ ਡਿੱਗਣ ਲੱਗ ਪਏ ਤਾਂ ਚਾਰ-ਚੁਫੇਰੇ ਬੈਠੇ ਸਿੱਖਾਂ ਨੇ ਉਨ੍ਹਾਂ ਦਾ ਦਲੀਆ ਬਣਾ ਦੇਣੈ। ਖ਼ਾਨ ਸਾਹਿਬ! ਮੋਇਆਂ ਨੂੰ ਸੰਭਾਲਣ ਦੀ ਬਜਾਏ, ਜਿਉਂਦਿਆਂ ਨੂੰ ਬਚਾਉਣ ਦਾ ਰਾਹ ਲੱਭੋ ਨਹੀਂ ਤਾਂ ਇਹ ਧਰਤੀ ਕਰਬਲਾ ਬਣ ਜਾਏਗੀ ਤੇ ਦੱਬਣ-ਫੂਕਣ ਵਾਲਾ ਵੀ ਕੋਈ ਨਹੀਂ ਬਚੇਗਾ। ਹੁਣ ਤਾਂ ਤੁਹਾਡੀ ਫ਼ਤਿਹ ਹੋ ਗਈ ਹੈ। ਜਿਹੜੇ ਸਿੱਖ ਤੁਹਾਡੇ ਸਾਹਮਣੇ ਲੜਦੇ ਸਨ, ਉਹ ਤਾਂ ਚਾਰ-ਚਾਰ ਨੂੰ ਮਾਰ ਕੇ ਸ਼ਹੀਦ ਹੋ ਗਏ ਹਨ ਤੇ ਜਿਹੜੇ ਝਾੜਾਂ ਵਿੱਚ ਲੁਕੇ ਬੈਠੇ ਨੇ ਉਨ੍ਹਾਂ ਨੂੰ ਕਿੱਥੋਂ-ਕਿੱਥੋਂ ਲੱਭਦੇ ਫਿਰੋਗੇ। ਫਿਰ ਇਹ ਬੈਰਾੜ ਤਾਂ ਇਨ੍ਹਾਂ ਜੰਗਲਾਂ, ਝਾੜਾਂ ਦੇ ਸੂਹੀਏ ਹਨ ਤੇ ਤੇਰੀ ਫ਼ੌਜ ਨੂੰ ਤਾਂ ਇਹ ਵੀ ਪਤਾ ਨਹੀਂ ਕਿ ਕਿਧਰੋਂ ਆਏ ਹਨ ਤੇ ਕਿੱਧਰ ਜਾਣਾ ਹੈ। ਕੁਝ ਤਿਹਾਏ ਮਰ ਜਾਣਗੇ, ਕੁਝ ਨੂੰ ਬੈਰਾੜ ਲੈ ਜਾਣਗੇ। ਵਜੀਦ ਖ਼ਾਨ ਨੂੰ ਕਪੂਰੇ ਦੀ ਗੱਲ ਜਚ ਗਈ ਕਿ ਜੇ ਪਿੱਛੇ ਨਾ ਮੁੜੇ ਤਾਂ ਤਿਹਾਈ ਫ਼ੌਜ ਪਾਣੀ ਖੁਣੋਂ ਤਿੱਤਰ-ਬਿਤਰ ਹੋ ਜਾਏਗੀ। ਉਸ ਨੇ ਫ਼ੌਜਾਂ ਨੂੰ ਪਿੱਛੇ ਵੱਲ ਮੋੜ ਲਿਆ। ਫੇਰ ਮੁਰਦੇ ਤਾਂ ਕੀ ਸਾਂਭਣੇ ਸਨ, ਜ਼ਖ਼ਮੀਆਂ ਨੂੰ ਵੀ ਤੜਫਦਿਆਂ ਛੱਡ ਕੇ ਤੁਰਕਾਂ ਦੀ ਫ਼ੌਜ ਹਰਨ ਹੋ ਗਈ। ਤੁਰਕਾਂ ਦੇ ਨੱਸ ਜਾਣ ਦੀ ਖ਼ਬਰ ਸੁਣ ਕੇ ਜਦੋਂ ਗੁਰੂ ਜੀ ਰਣਭੂਮੀ 'ਚ ਆਏ ਤਾਂ ਕੀ ਦੇਖਦੇ ਹਨ ਕਿ ਇੱਕ-ਇੱਕ ਸਿੱਖ ਕੋਲ ਦੋ-ਦੋ ਤੁਰਕ ਮੋਏ ਪਏ ਹਨ। ਮਾਈ ਭਾਗੋ, ਜੋ ਮਝੈਲ ਸਿੰਘਾਂ ਨਾਲ ਆਈ ਸੀ, ਤੁਰਕਾਂ ਨਾਲ ਦੋ-ਦੋ ਹੱਥ ਕਰਕੇ ਟੋਬੇ ਦੇ ਕੰਢੇ ਬੈਠੀ ਆਪਣੇ ਜ਼ਖ਼ਮ ਧੋ ਰਹੀ ਸੀ। ਉਸ ਨੇ ਜਦੋਂ ਮਝੈਲ ਸਿੱਖਾਂ ਦੇ ਸ਼ਹੀਦ ਹੋਣ ਦੀ ਗਾਥਾ ਗੁਰੂ ਜੀ ਨੂੰ ਸੁਣਾਈ ਤਾਂ ਗੁਰੂ ਜੀ ਦੇ ਨੇਤਰ ਭਰ ਆਏ। ਜਿਹੜੇ ਸਿੰਘ ਅੱਗੇ ਹੋ-ਹੋ ਕੇ ਰਣ ਤੱਤੇ 'ਚ ਜੂਝੇ ਸਨ, ਉਨ੍ਹਾਂ ਦੇ ਮੂੰਹ ਰੁਮਾਲ ਨਾਲ ਪੂੰਝੇ ਤੇ ਕਿਸੇ ਨੂੰ ਪੰਜ ਹਜ਼ਾਰੀ, ਕਿਸੇ ਨੂੰ ਦਸ ਹਜ਼ਾਰੀ ਦਾ ਵਰ ਦਿੰਦੇ ਚਿਖਾ 'ਤੇ ਧਰਦੇ ਗਏ। ਜਿਵੇਂ ਪਿਤਾ-ਪੁੱਤਰ ਨਾਲ ਤੇ ਮਿੱਤਰ-ਮਿੱਤਰ ਨਾਲ ਸਨੇਹ ਕਰਦਾ ਹੈ, ਤਿਓਂ ਹੀ ਪਿਆਰ ਨਾਲ ਗੁਰੂ ਜੀ ਉਨ੍ਹਾਂ ਦੀ ਸਲਾਹੁਤਾ ਕਰਦੇ ਰਹੇ। ਤਦੋਂ ਹੀ ਇੱਕ ਸਹਿਕਦਾ ਸਿੱਖ ਮਹਾਂ ਸਿੰਘ ਹੱਥ ਲੱਗਾ। ਗੁਰੂ ਜੀ ਨੇ ਜਲ ਪਿਲਾ ਕੇ ਉਸ ਦੇ ਜ਼ਖ਼ਮ ਧੁਆ ਕੇ, ਮੂੰਹ ਪੂੰਝਿਆ ਤਾਂ ਉਸ ਅੱਖਾਂ ਖੋਲ੍ਹੀਆਂ। ਗੁਰੂ ਜੀ ਦਾ ਦੀਦਾਰ ਕਰਕੇ ਧੰਨ ਹੋ ਗਿਆ। ਗੁਰੂ ਜੀ ਨੇ ਮਿਹਰ ਦਾ ਨੂਰ ਵਰਸਾਉਂਦਿਆਂ ਕਿਹਾ ਮਹਾਂ ਸਿੰਘ ਜੋ ਮੰਗਣਾ ਹੈ, ਮੰਗ ਲੈ। ਮਹਾਂ ਸਿੰਘ ਦਾ ਉਤਰ ਸੀ ਕਿ ਮੇਰੀਆਂ ਤਾਂ ਸਭ ਇੱਛਾਵਾਂ ਪੂਰੀਆਂ ਹੋ ਚੁੱਕੀਆਂ ਨੇ, ਜੇ ਤੁਠੇ ਹੋ ਤਾਂ ਇੱਕ ਕਿਰਪਾ ਕਰੋ," ਗ਼ਲਤੀ 'ਚ ਜਿਹੜਾ ਬੇਦਾਵਾ ਮਾਝੇ ਦੇ ਸਿੰਘਾਂ ਨੇ ਲਿਖਿਆ ਸੀ, ਉਹ ਫਾੜ ਦਿਓ।" ਗੁਰੂ ਜੀ ਨੇ ਬੇਦਾਵਾ ਪਾੜ੍ਹਦੇ ਹੋਏ ਮਹਾਂ ਸਿੰਘ ਨੂੰ ਗਲ਼ ਨਾਲ ਲਾ ਲਿਆ ਤੇ ਉਸ ਦੇ ਪ੍ਰਾਣ ਪੰਖੇਰੂ ਉਡ ਗਏ। ਗੁਰੂ ਜੀ ਨੇ ਆਪਣੇ ਹੱਥੀਂ ਚਿਖਾ ਤਿਆਰ ਕਰਵਾ ਕੇ ਭਾਈ ਮਹਾਂ ਸਿੰਘ ਦਾ ਅੰਤਿਮ ਸਸਕਾਰ ਕੀਤਾ ਤੇ ਫੁਰਮਾਇਆ- ਜਿੱਥੇ ਇੱਕ ਦੋ ਰਿਖੀ ਮੁਨੀ ਤਪ ਕਰਦੇ ਹਨ, ਉਹ ਥਾਂ ਪੂਜਣਯੋਗ ਹੋ ਜਾਂਦੀ ਹੈ। ਇੱਥੇ ਤਾਂ ਬਹੁਤ ਸਾਰੇ ਸੂਰਮੇ ਧਰਮ ਯੁੱਧ ਕਰਦੇ ਹੋਏ ਮੈਦਾਨੇ ਜੰਗ ਵਿੱਚ ਜੂਝੇ ਹਨ। ਇਸ ਲਈ ਜੇ ਕੋਈ ਇਸਤਰੀ ਪੁਰਖ ਸ਼ਰਧਾ ਨਾਲ ਏਸ ਥਾਂ ਆ ਕੇ ਇਸ਼ਨਾਨ ਕਰੇਗਾ, ਉਹ ਜਮਰਾਜਪੁਰੀ ਨਹੀਂ ਦੇਖੇਗਾ ਤੇ ਸਿੱਧਾ ਸੱਚਖੰਡ ਜਾਏਗਾ। ਸਹਿਜੇ ਹੀ ਉਚਾਰੀ ਇਹ ਉਕਤੀ ਮੁਕਤੀ ਦੇਣ ਵਾਲੀ ਹੋਣ ਕਰਕੇ ਇਸ ਸਥਾਨ ਦਾ ਨਾਂ ਮੁਕਤਸਰ ਪੈ ਗਿਆ। ਇਸ ਦਾ ਹਵਾਲਾ ਗੁਰਬਿਲਾਸ ਪਾਤਸ਼ਾਹੀ 10 ਵਿੱਚ ਵੀ ਮਿਲਦਾ ਹੈ:- ਸਿਰ ਦੈ ਸਭ ਮੁਕਤੇਸਰ ਲੜੈ। ਨਾਮ ਮੁਕਤਸਰ ਤਾਤੇ ਧਰੈ। ! ਮਾਘ ਮਾਸ ਪਹਿਲੀ ਹੈ ਜਾਨੋ। ਬਡੋ ਨੀਰ ਤੇ ਜੁਧ ਪਛਾਨੋ। ਇਸ ਇਤਿਹਾਸਕ ਜੰਗ ਨੂੰ ਤਿੰਨ ਸਦੀਆਂ ਤੋਂ ਵੀ ਵਧੇਰੇ ਸਮਾਂ ਹੋ ਗਿਆ ਹੈ ਪਰ ਅੱਜ ਵੀ ਇਸ ਜੰਗ ਦੀ ਧਰਮ ਯੁੱਧ ਵਜੋਂ ਬੜੀ ਅਹਿਮੀਅਤ ਹੈ।

# ਖ਼ਾਲਸਾ ਰਾਜ ਦੀ ਵਿਰਾਸਤ ਰਹੀ ਕੋਹਿਨੂਰ ਹੀਰਾ ਤੇ ਮਹਾਰਾਜਾ ਰਣਜੀਤ ਸਿੰਘ

**ਜਸਬੀਰ ਸਿੰਘ ਸਰਨਾ**

'ਕੋਹਿਨੂਰ ਹੀਰਾ' ਸੰਸਾਰ ਦਾ ਸਭ ਤੋਂ ਵੱਧ ਚਰਚਿਤ ਅਤੇ ਵਡਮੁੱਲਾ ਹੀਰਾ ਹੈ। ਕੋਹਿਨੂਰ ਦੇ ਲਫ਼ਜ਼ੀ ਅਰਥ ਹਨ 'ਰੌਸ਼ਨੀ ਦਾ ਪਹਾੜ'। ਇਸ ਪ੍ਰਸਿੱਧੀ ਪ੍ਰਾਪਤ ਹੀਰੇ ਦੀ ਤਵਾਰੀਖ਼ ਕਲਪਿਤ ਕਥਾਵਾਂ ਵਿਚ ਦੱਬੀ ਪਈ ਹੈ। ਹਿੰਦੂ ਪੌਰਾਣਿਕ ਕਥਾਵਾਂ ਅਨੁਸਾਰ ਅੰਗਾਂ ਦੇ ਰਾਜੇ 'ਕਰਨ' ਨਾਲ ਵੀ ਇਹ ਹੀਰਾ ਸੰਬੰਧਿਤ ਰਿਹਾ ਹੈ ਜੋ ਈਸਾ ਤੋਂ 3000 ਸਾਲ ਪਹਿਲਾਂ ਹੋਇਆ ਸੀ। ਇਹ ਹੀਰਾ ਕਾਫ਼ੀ ਸਮਾਂ ਗੁਮਨਾਮੀ ਦੀ ਹਾਲਤ ਵਿਚ ਰਹਿ ਕੇ ਆਖ਼ਰ ਗਵਾਲੀਅਰ ਦੇ ਹਿੰਦੂ ਰਾਜੇ ਬਿਕਰਮਾਜੀਤ ਦੇ ਹੱਥ ਆਇਆ। ਬਿਕਰਮਾਜੀਤ ਨੇ ਸੁਲਤਾਨ ਇਬਰਾਹੀਮ ਲੋਧੀ ਵੱਲੋਂ ਪਾਣੀਪਤ ਦੀ ਲੜਾਈ ਵਿਚ ਹਿੱਸਾ ਲਿਆ ਸੀ। ਪਾਣੀਪਤ ਦੀ ਲੜਾਈ ਜਿੱਤਣ ਵਾਲੇ ਦਿਨ ਹੀ ਜ਼ਹੀਰ-ਉਦ-ਦੀਨ ਮੁਹੰਮਦ ਬਾਬਰ ਨੇ ਆਪਣੇ ਬੇਟੇ ਸ਼ਹਿਜ਼ਾਦਾ ਹੁਮਾਯੂੰ ਨੂੰ ਆਗਰੇ (ਲੋਧੀਆਂ ਦੀ ਰਾਜਧਾਨੀ) ਵੱਲ ਫ਼ੌਜਾਂ ਸਮੇਤ ਭੇਜਿਆ।ਆਗਰੇ ਪਹੁੰਚਦਿਆਂ ਹੀ ਹੁਮਾਯੂੰ ਨੇ ਸਾਰੇ ਆਗਰਾ ਸ਼ਹਿਰ ਨੂੰ ਘੇਰ ਲਿਆ।

ਇਬਰਾਹੀਮ ਲੋਧੀ ਤਾਂ ਪਹਿਲਾਂ ਹੀ ਪਾਣੀਪਤ ਦੀ ਲੜਾਈ ਵਿਚ ਮਾਰਿਆ ਗਿਆ ਸੀ, ਇਸ ਲਈ ਹੁਮਾਯੂੰ ਕਿਸੇ ਲੜਾਈ ਦਾ ਸਾਹਮਣਾ ਕੀਤੇ ਬਗੈਰ ਹੀ ਆਗਰੇ ਵਿਚ ਆਪਣੀਆਂ ਜੇਤੂ ਫ਼ੌਜਾਂ ਸਮੇਤ ਦਾਖਲ ਹੋ ਗਿਆ ਸੀ। ਜਦੋਂ ਆਗਰੇ ਦੇ ਕਿਲ੍ਹੇ ਅੰਦਰ ਸ਼ਹਿਜ਼ਾਦਾ ਹਮਾਯੂੰ ਆਪਣੀਆਂ ਜੇਤੂ ਫ਼ੌਜਾਂ ਨਾਲ ਦਾਖਲ ਹੋ ਗਿਆ ਸੀ ਤਾਂ ਉਸ ਨੂੰ ਬਹੁਤ ਸਾਰੇ ਹੀਰੇ ਜਵਾਹਰਾਤ, ਸ਼ਾਹੀ ਘਰਾਣੇ ਦੀਆਂ ਔਰਤਾਂ ਨੇ ਭੇਟਾ ਕਰ ਕੇ ਆਪਣੀ ਜ਼ਿੰਦਗੀ ਦੀ ਖ਼ੈਰ ਮੰਗੀ! ਇਥੇ ਹੀ ਸ਼ਾਹੀ ਘਰਾਣੇ ਦੀ ਇਕ ਬਜ਼ੁਰਗ ਔਰਤ ਨੇ ਇਕ ਡੱਬੀ ਫੜਾ ਕੇ ਆਪਣੀ ਜਾਨ ਬਖ਼ਸ਼ ਦੇਣ ਲਈ ਬੇਨਤੀ ਕੀਤੀ। ਜਦੋਂ ਸ਼ਹਿਜ਼ਾਦੇ ਨੇ ਡੱਬੀ ਖੋਲ੍ਹੀ ਤਾਂ ਸੰਸਾਰ ਦਾ ਬੇਮਿਸਾਲ ਅਤੇ ਵਡਮੁੱਲਾ 'ਕੋਹਿਨੂਰ ਹੀਰਾ' ਜਗਮਗਾਉਂਦਾ ਹੋਇਆ ਉਸ ਨੂੰ ਨਜ਼ਰੀਂ ਪਿਆ ਜੋ ਹਮਾਯੂੰ ਨੇ ਆਪਣੇ ਪਿਤਾ ਨੂੰ ਪੇਸ਼ ਕੀਤਾ।

ਮੁਗ਼ਲਾਂ ਦੇ ਅਹਿਦ ਵਿਚ : ਬਾਬਰ ਦਿੱਲੀ ਵਿਚ ਫ਼ੌਜੀ ਪ੍ਰਬੰਧ ਸਥਾਪਤ ਕਰ ਕੇ 1526 ਵਿਚ ਆਗਰੇ ਪੁੱਜਿਆ। ਆਗਰੇ ਪੁੱਜਦਿਆਂ ਹੀ ਇਹ ਕੋਹਿਨੂਰ ਹੀਰਾ ਆਪਣੇ ਪਿਤਾ ਨੂੰ 'ਪੇਸ਼ਕਸ਼' ਵਜੋਂ ਭੇਟਾ ਕੀਤਾ ਪਰ ਬਾਬਰ ਨੇ ਪ੍ਰਸੰਨ ਹੋ ਕੇ ਬੇਟੇ ਨੂੰ ਤੋਹਫ਼ੇ ਵਜੋਂ ਵਾਪਸ ਦੇ ਦਿੱਤਾ। ਹੁਮਾਯੂੰ ਦੇ ਹੱਥਾਂ ਵਿਚ ਆਉਣ ਤੋਂ ਪਹਿਲਾਂ ਇਸ ਹੀਰੇ ਦਾ ਇਤਿਹਾਸ ਕਲਮਬੰਦ ਹੋ ਚੁੱਕਾ ਸੀ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ 1304 ਵਿਚ ਇਹ ਹੀਰਾ ਸੁਲਤਾਨ ਅਲਾਉਦੀਨ ਖਿਲਜੀ ਨੇ 'ਮਾਲਵਾ ਦੇ ਰਾਜੇ' ਕੋਲੋਂ ਪ੍ਰਾਪਤ ਕੀਤਾ ਸੀ। ਮੁਸਲਮਾਨ ਅਧਿਕਾਰੀਆਂ ਤੋਂ ਦੁਬਾਰਾ ਗਵਾਲੀਅਰ ਦੇ ਹਿੰਦੂ ਰਾਜਿਆਂ ਕੋਲ ਇਹ ਕਿਵੇਂ ਪੁੱਜਾ, ਇਸ ਬਾਰੇ ਇਤਿਹਾਸ ਖਾਮੋਸ਼ ਹੈ। 1526 ਦੀ ਪਾਣੀਪਤ ਦੀ ਪਹਿਲੀ ਲੜਾਈ ਤੋਂ ਬਾਅਦ ਹਿੰਦੁਸਤਾਨ ਵਿਚ ਮੁਗ਼ਲ ਰਾਜ ਅਤੇ ਸ਼ਕਤੀ ਸਥਾਪਤ ਹੋਣ ਮਗਰੋਂ ਇਹ ਕੋਹਿਨੂਰ ਹੀਰਾ ਅਫ਼ਗਾਨ ਧਾੜਵੀਆਂ



ਕੋਲ ਰਿਹਾ। ਦੋ ਸ਼ਤਾਬਦੀਆਂ ਤੱਕ ਇਹ ਕੀਮਤੀ ਹੀਰਾ ਮੁਗ਼ਲ ਖ਼ਾਨਦਾਨਾਂ ਦੇ ਹੁਮਾਯੂੰ, ਅਕਬਰ, ਜਹਾਂਗੀਰ ਅਤੇ ਸ਼ਾਹਜਹਾਨ ਆਦਿ ਸ਼ਾਹੀ ਖਾਨਦਾਨ ਦੇ ਵਾਰਸਾਂ ਕੋਲ ਰਿਹਾ।ਤਵਾਰੀਖ ਵਿਚ ਇਹ ਵੀ ਜ਼ਿਕਰ ਆਇਆ ਹੈ ਕਿ ਸ਼ਾਹ ਜਹਾਨ ਦੀ ਬੇਗ਼ਮ 'ਮੁਮਤਾਜ' ਕੋਲ ਵੀ ਕੁਝ ਚਿਰ ਰਿਹਾ।

1739 ਵਿਚ ਪਰਸ਼ੀਆ ਦੇ ਮਸ਼ਹੂਰ ਧਾੜਵੀ ਨਾਦਰਸ਼ਾਹ ਨੇ ਦਿੱਲੀ ਨੂੰ ਤਬਾਹ ਕੀਤਾ ਤਾਂ ਉਸ ਨੇ ਔਰੰਗਜ਼ੇਬ ਦੇ ਕਮਜ਼ੋਰ ਵਾਰਸ ਮੁਹੰਮਦ ਸ਼ਾਹ ਤੋਂ ਸਾਰੇ ਹੀਰੇ-ਜਵਾਹਰਾਤ ਖੋਹ ਲਏ। ਉਨ੍ਹਾਂ ਵਿਚ 'ਕੋਹਿਨੂਰ ਹੀਰਾ' ਵੀ ਸੀ। ਨਾਦਰਸ਼ਾਹ ਇਸ ਨੂੰ ਆਪਣੇ ਨਾਲ ਅਫ਼ਗਾਨਿਸਤਾਨ ਲੈ ਗਿਆ। ਨਾਦਰਸ਼ਾਹ ਨੇ ਹੀ ਇਸ ਹੀਰੇ ਨੂੰ 'ਕੋਹਿਨੂਰ' ਆਖਿਆ ਜੋ ਸਭ ਤੋਂ ਵੱਧ ਪ੍ਰਮਾਣਿਕ ਨਾਂ ਹੈ ਜਿਸ ਨੂੰ ਬਾਬਰ ਅਤੇ ਟ੍ਰੈਵਰਨਿਰ ਨੇ ਹੋਰ ਨਾਂਅ ਦਿੱਤੇ ਸਨ। ਤਵਾਰੀਖ ਵਿਚ ਇਹ ਪਹਿਲੀ ਵਾਰ ਸੀ ਕਿ ਕਿਸੇ ਹੀਰੇ ਨੂੰ ਇਕ ਖਾਸ ਉਪਾਧੀ ਜਾਂ ਵਿਸ਼ੇਸ਼ਣ ਨਾਲ ਨਿਵਾਜਿਆ ਗਿਆ ਸੀ।

ਨਾਦਰਸ਼ਾਹ ਨੂੰ 1747 ਵਿਚ ਫਤਿਹਾਬਾਦ (ਖੁਰਾਸਨ) ਵਿਚ ਕਤਲ ਕਰ ਦਿੱਤਾ ਗਿਆ। ਉਸ ਦੇ ਕਤਲ ਮਗਰੋਂ ਤਖ਼ਤ 'ਤੇ ਉਸ ਦੇ ਭਤੀਜੇ ਅਲੀ-ਕੁਲੀ-ਖਾਨ (ਜਾਂ ਅਲੀ ਸ਼ਾਹ) ਨੂੰ ਬਿਠਾਇਆ ਗਿਆ, ਜਿਸ ਨੂੰ ਇਹ ਹੀਰਾ ਪ੍ਰਾਪਤ ਹੋਇਆ। ਅਲੀ ਸ਼ਾਹ ਨੂੰ ਬਾਅਦ ਵਿਚ ਅੰਨ੍ਹਾ ਕਰ ਕੇ ਮੌਤ ਦੇ ਘਾਟ ਉਤਾਰਿਆ ਗਿਆ ਅਤੇ ਇਸ ਤਰ੍ਹਾਂ ਇਹ 'ਹੀਰਾ' ਉਸ ਦੇ ਜਾਨਸ਼ੀਨ ਸ਼ਾਹ ਰੁਖ਼ ਜਿਸ ਨੂੰ ਬਾਅਦ ਵਿਚ ਆਗਾ ਮੁਹੰਮਦ ਨੇ ਬੰਦੀ ਬਣਾ ਕੇ ਖ਼ੂਬ ਸਰੀਰਕ ਕਸ਼ਟ ਦਿੱਤੇ ਅਤੇ 'ਕੋਹਿਨੂਰ ਹੀਰੇ' ਦੀ ਮੰਗ ਕੀਤੀ।ਸ਼ਾਹ ਰੁਖ਼ ਮਿਰਜ਼ਾ ਨੇ 1751 ਵਿਚ ਇਹ ਕੀਮਤੀ ਹੀਰਾ ਅਹਿਮਦ ਸ਼ਾਹ ਦੁਰਾਨੀ ਨੂੰ ਉਸ ਦੀਆਂ ਸੇਵਾਵਾਂ ਬਦਲੇ ਭੇਟਾ ਕੀਤਾ।ਅਹਿਮਦ ਸ਼ਾਹ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਅਤੇ ਜਾਨਸ਼ੀਨ ਤੈਮੂਰਸ਼ਾਹ ਕੋਲ ਆਇਆ।1793 ਵਿਚ ਤੈਮੂਰ ਸ਼ਾਹ ਦੀ ਮੌਤ ਹੋਈ ਅਤੇ ਇਹ ਹੀਰਾ ਉਸ ਦੇ ਵੱਡੇ ਬੇਟੇ ਸ਼ਾਹ ਜ਼ਮਾਨ ਦੇ ਹੱਥ ਆਇਆ। ਸ਼ਾਹ ਮਹਿਮੂਦ ਨੇ ਇਸ ਹੀਰੇ ਨੂੰ ਹਾਸਲ ਕਰਨ ਲਈ ਆਪਣੇ ਭਰਾ ਸ਼ਾਹ ਜ਼ਮਾਨ ਨੂੰ ਅੰਨ੍ਹਾ ਕਰ ਕੇ ਰਾਜ-ਗੱਦੀ ਤੋਂ ਵਾਂਝਿਆਂ ਕੀਤਾ ਪਰ ਉਸ ਨੇ ਹੀਰਾ ਆਪਣੇ ਕੋਲ ਹੀ ਸੁਰੱਖਿਅਤ ਰੱਖਿਆ।ਫਿਰ ਇਹ ਹੀਰਾ ਉਸ ਦੇ ਤੀਜੇ ਭਰਾ ਸ਼ਾਹ ਸ਼ੁਜਾਹ ਕੋਲ ਪੁੱਜਾ।

ਹੀਰੇ ਦਾ ਵਜ਼ਨ: ਕਈ ਸਦੀਆਂ ਅਨੇਕਾਂ ਰਾਜਿਆਂ ਮਹਾਰਾਜਿਆਂ, ਵਿਦੇਸ਼ੀ ਹਮਲਾਵਰਾਂ ਅਤੇ ਸ਼ਹਿਨਸ਼ਾਹਾਂ ਦੇ ਹੱਥਾਂ ਵਿਚੋਂ ਗੁਜ਼ਰਨ ਤੋਂ ਪਹਿਲਾਂ ਇਸ ਹੀਰੇ ਦਾ ਵਜ਼ਨ 1000 ਕੈਰੇਟ ਸੀ। 1665 ਵਿਚ ਫ਼ਰਾਂਸ ਦੇ ਸੌਦਾਗਰ ਅਤੇ ਜੋਹਰੀ ਟ੍ਰੈਵਰਨਰ ਨੇ ਇਸ ਦਾ ਵਜ਼ਨ 279/ 9/16 ਕੈਰੇਟ ਕੀਤਾ ਸੀ। ਇਹ ਵਜ਼ਨ ਬਾਦਸ਼ਾਹ ਔਰੰਗਜ਼ੇਬ ਦੇ ਸਾਹਮਣੇ ਕੀਤਾ ਗਿਆ ਸੀ। ਵਰਨਿਰ ਨੇ ਇਸ ਹੀਰੇ ਨੂੰ 'ਦੀ ਗ੍ਰੇਟ ਮੁਗ਼ਲ ਡਾਇਮੰਡ' ਦਾ ਨਾਂ ਦਿੱਤਾ। ਕਦੀ ਇਸ ਨੂੰ 'ਮੈਚਲੈਂਸ' ਜਾਂ 'ਬਾਬਰ ਡਾਇਮੰਡ' ਵੀ ਆਖਿਆ ਜਾਂਦਾ ਰਿਹਾ ਹੈ ਜਿਸ ਦਾ ਜ਼ਿਕਰ 'ਤੋਜ਼ਕੇ-ਬਾਬਰੀ' ਵਿਚ ਵੀ ਆਇਆ ਹੈ।

1852 ਵਿਚ ਇਸ ਹੀਰੇ ਨੂੰ ਲੰਡਨ ਵਿਚ ਦੁਬਾਰਾ ਕੱਟਿਆ ਗਿਆ।

ਇਸ ਦੇ ਕੱਟਣ ਦੀ ਕੀਮਤ 8,000 ਪੌਂਡ ਅਦਾ ਕੀਤੀ ਗਈ। ਐਮਸਟਰਡਮ ਤੋਂ ਇਕ ਪ੍ਰਸਿੱਧ ਹੀਰਾ ਤਰਾਸ਼ ਵੂਰਸਾਗਰ ਨੂੰ ਇਸ ਕਾਰਜ ਲਈ ਬੁਲਾਇਆ ਗਿਆ ਜਿਸ ਨੇ ਇਸ ਨੂੰ ਤਰਾਸ਼ਣ ਲਈ 38 ਦਿਨ ਲਾਏ ਅਤੇ ਇਹ ਹੀਰਾ 106/ 1/16 ਕੈਰੇਟ ਦਾ ਰਹਿ ਗਿਆ। ਲੰਡਨ ਦੇ ਇਕ ਜੌਹਰੀ ਫਰਾਈਡ ਨੇ 186 ਕੈਰਟ ਤੋਂ ਤਰਾਸ਼ ਕੇ ਅਜੋਕਾ 108/ 93 ਕੈਰਟ ਵਾਲਾ ਕੋਹਿਨੂਰ ਹੀਰਾ ਮੂਰਤੀਮਾਨ ਕੀਤਾ।

ਜਦੋਂ ਖ਼ਾਲਸਾ ਪੰਥ ਦੀ ਲਗਾਤਾਰ ਜੱਦੋ-ਜਹਿਦ ਰਾਹੀਂ 'ਸਰਕਾਰ-ਏ-ਖ਼ਾਲਸਾ' ਪੰਜਾਬ ਵਿਚ ਸਥਾਪਤ ਹੋਈ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਅਫ਼ਗਾਨਿਸਤਾਨ ਦੇ ਸ਼ਹਿਰ ਕਾਬੁਲ ਕੰਧਾਰ ਆਦਿ ਨੂੰ ਵੀ ਆਪਣੇ ਅਧੀਨ ਕਰ ਲਿਆ। ਅਹਿਮਦਸ਼ਾਹ ਦੁਰਾਨੀ ਦੇ ਵਾਰਸ ਸ਼ਾਹ ਸ਼ੁਜਾਹ ਨੇ ਈਨ ਮੰਨ ਲਈ। ਇਸ ਸਾਬਕਾ ਬਾਦਸ਼ਾਹ ਕਾਬੁਲ ਨੂੰ ਦੀਵਾਨ ਮੋਹਕਮ ਚੰਦ ਮਾਰਚ 1813 ਵਿਚ ਲਾਹੌਰ ਲੈ ਆਇਆ। ਉਸ ਦੇ ਰੁਤਬੇ ਕਾਰਨ ਕੰਵਰ ਖੜਕ ਸਿੰਘ ਨੂੰ ਸ਼ਾਹਦਰੇ ਉਸ ਦੇ ਸਵਾਗਤ ਲਈ ਭੇਜਿਆ ਗਿਆ।

ਲਾਹੌਰ ਵਿਚ ਮੁਬਾਰਕ ਹਵੇਲੀ ਸ਼ਾਹ ਸੁਜਾਹ ਲਈ ਰਾਖਵੀਂ ਰੱਖੀ ਗਈ। ਪਹਿਲਾਂ ਸ਼ਾਹ ਨਾਂਹ-ਨੁੱਕਰ ਕਰਦਾ ਰਿਹਾ ਪਰ ਉਸ ਦੀ ਬੇਗਮ 'ਵਫ਼ਾ-ਬੇਗਮ' ਨੇ ਇਹ ਕੀਮਤੀ ਹੀਰਾ ਦੇਣ ਲਈ ਇਕਰਾਰ ਕੀਤਾ। ਕੁਝ ਸਮੇਂ ਤੱਕ ਫਿਰ ਸ਼ਾਹ ਨੇ ਹੀਰਾ ਦੇਣ ਤੋਂ ਘੇਸਲ ਮਾਰ ਛੱਡੀ। ਮਹਾਰਾਜਾ ਰਣਜੀਤ ਸਿੰਘ ਨੇ ਸ਼ਾਹ ਸੁਜਾਹ ਨੂੰ ਕਈ ਤਕਲੀਫ਼ਾਂ ਦਿੱਤੀਆਂ ਅਤੇ ਉਸ ਨੂੰ ਚਿਤਾਵਨੀ ਦਿੱਤੀ ਕਿ ਪਰਿਵਾਰ ਨਾਲੋਂ ਵੱਖ ਕਰ ਕੇ ਅੰਮ੍ਰਿਤਸਰ ਦੇ ਗੋਬਿੰਦਗੜ੍ਹ ਕਿਲ੍ਹੇ ਵਿਚ ਕੈਦ ਕਰ ਦਿੱਤਾ ਜਾਵੇਗਾ। ਸ਼ਾਹ ਸੁਜਾਹ ਦੀ ਬੇਗਮ ਨੇ ਆਪਣੇ ਪਤੀ ਦੀ ਜ਼ਿੰਦਗੀ ਬਦਲੇ ਮਹਾਰਾਜਾ ਨੂੰ ਕੋਹਿਨੂਰ ਹੀਰਾ ਦੇਣ ਦਾ ਵਚਨ ਦਿੱਤਾ ਸੀ।

ਪਹਿਲੀ ਜੂਨ, 1813 ਨੂੰ ਮਹਾਰਾਜਾ ਰਣਜੀਤ ਸਿੰਘ ਨੇ ਭਾਈ ਗੁਰਮੁਖ ਸਿੰਘ, ਫ਼ਕੀਰ ਅਜ਼ੀਜ਼-ਉਦ-ਦੀਨ ਅਤੇ ਜਮਾਂਦਾਰ ਖ਼ੁਸ਼ਹਾਲ ਸਿੰਘ ਨੂੰ ਸ਼ਾਹ ਸੁਜਾਹ ਕੋਲੋਂ ਇਹ ਨਾਯਾਬ ਹੀਰਾ ਲਿਆਉਣ ਲਈ ਭੇਜਿਆ। ਸ਼ਾਹ ਨੇ ਤਿੰਨਾਂ ਨੂੰ ਇਹ ਕਹਿ ਕੇ ਵਾਪਸ ਮੋੜ ਦਿੱਤਾ ਕਿ ਮਹਾਰਾਜਾ ਆਪ ਆ ਕੇ ਹੀਰਾ (ਬਾਕੀ ਸਫ਼ਾ 31 'ਤੇ)



# ਮਨਜੀਤ ਕੌਰ ਸੇਖੋਂ

# ਵਿਆਹ-ਗੀਤਾਂ ਦੀ ਅਮਰਵੇਲ ਬਦਲਦੇ ਸਰੂਪ






**ਅਜੋਕੇ ਸਮੇਂ ਮਨਜੀਤ ਕੌਰ ਸੇਖੋਂ ਅਮਰੀਕਾ ਦੇ ਸ਼ਹਿਰ ਸੈਕਰਾਮੈਂਟੋ ਦੀ ਨਿਵਾਸੀ ਹੈ। ਸੱਤ ਸਮੁੰਦਰ ਪਾਰ ਵੀ ਉਸ ਦਾ ਮਨ ਪੰਜਾਬ ਦੀ ਅਨਮੋਲ ਵਿਰਾਸਤ ਨੂੰ ਬੁੱਕਲ ਵਿਚ ਸਮੋ ਕੇ ਰੱਖਣ ਵੱਲ ਲਾਗਿਆ ਹੋਇਆ ਹੈ। ਮਨਜੀਤ ਕੌਰ ਸੇਖੋਂ ਸਮੇਂ ਦੇ ਉਹਨਾਂ ਲੇਖਕਾਂ ਲਈ ਇਕ ਦਰਸ਼ਨਵੇਤਾ ਹੈ ਜੋ ਪੰਜਾਬ ਦੇ ਸਭਿਆਚਾਰ ਨੂੰ ਬਚਾਉਣ ਲਈ ਸ਼ਬਦਾਂ ਦਾ ਰਾਹ ਬਣਾ ਕੇ ਲੋਕ ਮਨਾਂ ਦੇ ਚੇਤਿਆਂ ਦਾ ਭਾਗ ਬਣਾ ਰਹੇ ਹਨ**

ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ 1962ਈ. ਵਿੱਚ ਹੋਈ ਹੈ। ਕੁੱਝ ਸਮੇਂ ਬਾਅਦ ਹੀ ਇਹ ਵਿਚਾਰ ਸਾਹਮਣੇ ਆਇਆ ਕਿ ਯੂਨੀਵਰਸਿਟੀਆਂ ਨੂੰ ਪ੍ਰਾਥਮਿਕਤਾ ਅਧਿਐਨ ਨੂੰ ਦੇਣੀ ਚਾਹੀਦੀ ਹੈ ਜਾਂ ਅਧਿਆਪਨ ਨੂੰ। ਪਹਿਲ ਅਧਿਐਨ ਨੂੰ ਦੇਣ 'ਤੇ ਸਹਿਮਤੀ ਬਣੀ। ਅਜਿਹਾ ਕਰਨ ਨਾਲ ਇਹ ਸਥਾਪਿਤ ਹੋ ਗਿਆ ਕਿ ਅਧਿਐਨ ਤੋਂ ਬਿਨ੍ਹਾਂ ਅਧਿਆਪਨ ਸ਼ਿਖ਼ਰ ਗ੍ਰਹਿਣ ਨਹੀਂ ਕਰ ਸਕਦਾ। ਇਸਦੇ ਨਾਲ ਹੀ ਇਹ ਵੀ ਚਰਚਾ ਛਿੜੀ ਕਿ ਜੇਕਰ ਅਜਿਹਾ ਸਥਾਪਿਤ ਨਹੀਂ ਕੀਤਾ ਜਾਂਦਾ ਤਾਂ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਸਟੇਟਸ ਦਾ ਵਖਰੇਵਾਂ ਕਰਨਾ ਵੀ ਔਖਾ ਹੋ ਜਾਵੇਗਾ। ਇਸ ਵਿੱਚ ਕੋਈ ਦੋ ਰਾਇ ਨਹੀਂ ਹੈ ਕਿ ਸਕੂਲ ਅਤੇ ਕਾਲਜ ਕਿਸੇ ਵੀ ਦੇਸ਼, ਕੌਮ ਅਤੇ ਖੇਤਰ ਦੇ ਲੋਕਾਂ ਦੀ ਚੇਤਨਾ ਨੂੰ ਉੱਜਲ ਅਤੇ ਊਰਜਤ ਕਰਨ ਲਈ ਰੀੜ੍ਹ ਦੀ ਹੱਡੀ ਦਾ ਕਾਰਜ ਕਰਦੇ ਹਨ, ਪਰ ਵਿਸ਼ਵ ਵਿਦਿਆਲਿਆਂ ਦੀ ਸਥਾਪਨਾ ਪਿੱਛੇ ਭਾਵਨਾ ਵੱਖਰੀ ਹੁੰਦੀ ਹੈ। ਯੂਨੀਵਰਸਿਟੀਆਂ ਨੇ ਉਪਰੋਕਤ ਦੋਵਾਂ ਨੂੰ ਅਧਿਆਪਨ ਲਈ ਯੋਗ ਸਾਮੱਗਰੀ (ਪੁਸਤਕਾਂ) ਵੀ ਪ੍ਰਦਾਨ ਕਰਨੀ ਹੁੰਦੀ ਹੈ ਅਤੇ ਇਹ ਕੰਮ ਯੂਨੀਵਰਸਿਟੀ ਦੇ ਅਧਿਆਪਕ ਕਰ ਸਕਦੇ ਹਨ, ਇਹ ਮਾਨਿਯ ਹੈ। ਇਹੀ ਕਾਰਨ ਹੈ ਕਿ ਪ੍ਰੀ-ਵੈਦਿਕ ਸਮੇਂ ਤੋਂ ਹੀ ਵਿਸ਼ਵ ਵਿਦਿਆਲਿਆਂ ਦੇ ਚਰਚੇ, ਪਤੇ ਦੀ ਅਕਾਦਮਿਕਤਾ ਵਿੱਚ ਕੀਤੇ ਜਾਂਦੇ ਹਨ। ਉਨ੍ਹਾਂ ਦੇ ਅਵਿਸ਼ੇਸ਼ ਜੋ ਅੱਜ ਵੀ ਉਪਲੱਬਧ ਹਨ ਅਤੇ ਅਣਵੰਡੇ ਪੰਜਾਬ ਦੇ ਵੱਖ-ਵੱਖ ਖਿੱਤਿਆਂ ਵਿੱਚ ਦੇਖੇ ਜਾ ਸਕਦੇ ਹਨ। ਹਾਲਾਂਕਿ ਯੂਰਪ ਅਤੇ ਉੱਤਰੀ ਅਮਰੀਕਾ ਤਰੱਕੀ ਦੀਆਂ ਪੁਲਾਂਘਾਂ ਪੁੱਟ ਪਿਛਲੀਆਂ ਦੋ ਸਦੀਆਂ ਤੋਂ ਵਿੱਦਿਆ ਦੇ ਖੇਤਰ ਵਿੱਚ ਆਪਣਾ ਅਹਿਮ ਸਥਾਨ ਬਣਾ ਚੁੱਕਾ ਹੈ ਅਤੇ ਆਉਣ ਵਾਲੇ ਲੰਬੇ ਸਮੇਂ ਵਿੱਚ ਉਸਦਾ ਕੋਈ ਸਾਨੀ ਵੀ ਨਹੀਂ ਹੈ। ਪਰੰਤੂ ਅਜਿਹਾ ਸੁਪਨਾ ਲੈਣ ਵਾਲੀ ਪਹਿਲੀ ਧਰਤੀ ਹਿੰਦੁਸਤਾਨ ਦੀ ਹੀ ਸੀ।

ਪੰਜਾਬੀ ਯੂਨੀਵਰਸਿਟੀ ਨੇ ਪਹਿਲ ਕਦਮੀ ਕਰਦਿਆਂ ਹੋਇਆਂ ਪੰਜ ਵੱਡੇ ਖੋਜ-ਵਿਭਾਗਾਂ ਦੀ ਸਥਾਪਨਾ ਕੀਤੀ, ਜਿਨ੍ਹਾਂ ਦਾ ਕੰਮ ਅਧਿਆਪਨ ਲਈ ਸਾਹਿਤ ਤਿਆਰ ਕਰਨਾ ਸੀ ਅਤੇ ਉਸ ਤਿਆਰ ਕੀਤੇ ਕਾਰਜ ਨੂੰ ਛਾਪਣ ਦਾ ਕਾਰਜ ਪਬਲੀਕੇਸ਼ਨ ਬਿਊਰੋ ਨੇ ਕਰਨਾ ਸੀ। ਪੰਜਾਬੀ ਯੂਨੀਵਰਸਿਟੀ ਦੀ ਇਸ ਸੋਚ ਨੇ ਬਹੁਤ ਸਾਰਥਿਕ ਨਤੀਜੇ ਕੱਢੇ ਅਤੇ ਬਹੁਤ ਹੀ ਅਹਿਮ ਖੋਜਾਂ ਕਰ ਬਹੁਤ ਸਾਰਾ ਅਹਿਮ ਸਾਹਿਤ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਕਰ ਦਿੱਤਾ। ਇਨ੍ਹਾਂ ਛਪੇ ਕਾਰਜਾਂ ਦੀ ਗਿਣਤੀ ਪੰਜ ਹਜ਼ਾਰ ਤੋਂ ਉੱਪਰ ਹੈ ਅਤੇ ਮੰਨਿਆ ਜਾਂਦਾ ਹੈ ਕਿ ਪੂਰੇ ਹਿੰਦੁਸਤਾਨ ਵਿੱਚ ਸਭ ਤੋਂ ਵੱਧ ਕਿਤਾਬਾਂ ਛਾਪਣ ਵਾਲੀ ਕਿਸੇ ਵੀ ਯੂਨੀਵਰਸਿਟੀ ਦੀ ਇਹ ਪਹਿਲੀ ਪਬਲੀਕੇਸ਼ਨ ਹੈ।

ਪਿਛਲੇ ਦਿਨੀਂ ਇੱਕ ਪੁਸਤਕ ਮੇਰੇ ਹੱਥ ਲੱਗੀ, ਜਿਸਦੇ ਟਾਈਟਲ ਨੇ ਮੈਨੂੰ ਆਪਣੇ ਵੱਲ ਖਿੱਚਿਆ ਅਤੇ ਮੈਂ ਉਸ ਪੁਸਤਕ ਨੂੰ ਖ਼ਰੀਦਣ ਤੋਂ ਆਪਣੇ ਆਪ ਨੂੰ ਰੋਕ ਨਾ ਸਕੀ। ਇਹ ਪੁਸਤਕ ਅਮਰੀਕਾ ਰਹਿੰਦੀ ਬੀਬੀ ਮਨਜੀਤ ਕੌਰ ਸੇਖੋਂ ਦੀ ਸੀ ਅਤੇ ਪੁਸਤਕ ਦਾ ਸਿਰਲੇਖ ਸੀ 'ਵਿਆਹ-ਗੀਤਾਂ ਦੀ ਅਮਰਵੇਲ ਬਦਲਦੇ ਸਰੂਪ'। ਇਸ ਬਾਕਮਾਲ ਪੁਸਤਕ ਦੀ ਛਪਾਈ ਦਾ ਮਾਣ ਵੀ ਪੰਜਾਬੀ ਯੂਨੀਵਰਸਿਟੀ ਦੀ ਇਸੇ ਪਬਲੀਕੇਸ਼ਨ ਨੂੰ ਜਾਂਦਾ ਹੈ, ਜਿਸਦੀ ਉੱਪਰ ਗੱਲ ਕੀਤੀ ਗਈ ਹੈ।

ਕਿਸੇ ਵੀ ਕੌਮ ਦੇ ਨਿਵੇਕਲੇ ਅਤੇ ਅਲਬੇਲੇ ਸੁਭਾਅ ਨੂੰ ਸਾਹਮਣੇ ਲਿਆਉਣ ਜਾਂ ਉਸਦੇ ਸੱਭਿਆਚਾਰਕ ਰੰਗ-ਢੰਗ ਦਾ ਗਿਆਨ ਪ੍ਰਾਪਤ ਕਰ ਲੈਣ ਨਾਲ ਹੀ ਸੰਬੰਧਿਤ ਕੌਮ ਦੇ ਪਿਛੋਕੜ ਨੂੰ ਰੂਪਮਾਨ ਕੀਤਾ ਜਾ ਸਕਦਾ ਹੈ। ਸੱਭਿਆਚਾਰ ਨੂੰ ਜਾਣੇ ਬਿਨ੍ਹਾਂ ਕਿਸੇ ਵੀ ਕੌਮ ਜਾਂ ਲੋਕਾਂ ਬਾਰੇ ਰਾਇ ਨਹੀਂ ਬਣਾਈ ਜਾ ਸਕਦੀ। ਸੱਭਿਆਚਾਰ ਵਿੱਚ ਸਮੁੱਚੇ ਜੀਵਨ ਦੇ ਹੀ ਰੰਗ-ਢੰਗ ਹੁੰਦੇ ਹਨ। ਇਨ੍ਹਾਂ ਵਿੱਚੋਂ ਇੱਕ ਰੰਗ ਉਨ੍ਹਾਂ ਲੋਕਾਂ ਵਿੱਚ ਪ੍ਰਚੱਲਿਤ (ਗੀਤਾਂ) ਦਾ ਹੁੰਦਾ ਹੈ। ਮਨੁੱਖੀ ਜੀਵਨ ਦੇ ਜਨਮ ਤੋਂ ਲੈ ਕੇ ਉਸਦੇ ਆਖ਼ਰੀ ਸਾਹ ਤੱਕ ਜਦ ਇਹ ਗੀਤਾਂ ਮਨੁੱਖ ਦੇ ਨਾਲ-ਨਾਲ ਚੱਲਦੀਆਂ ਹਨ ਤਾਂ ਨਿਸਚੈ ਹੀ ਇਨ੍ਹਾਂ ਦੀ ਅਹਿਮੀਅਤ ਮਨੁੱਖ ਦੀ ਜਿੰਦਗੀ ਵਿੱਚ ਬਹੁਤ ਮਹੱਤਵਪੂਰਨ ਹੁੰਦੀ ਹੋਵੇਗੀ। ਇਸੇ ਕਰਕੇ ਹੀ ਇਹ ਹਜ਼ਾਰਾਂ ਸਮਿਆਂ ਤੋਂ ਪੀੜ੍ਹੀ ਦਰ ਪੀੜ੍ਹੀ ਮਨੁੱਖੀ ਜਿੰਦਗੀ ਦਾ ਅੰਗ ਬਣੀਆਂ ਰਹੀਆਂ ਹਨ। ਹਾਲਾਂਕਿ ਅਤਿ ਆਧੁਨਿਕ ਹੋਣ ਦਾ ਭਰਮ ਪਾਲ ਚੁੱਕਾ ਮਨੁੱਖ ਇਨ੍ਹਾਂ ਦੀ ਅਣਦੇਖੀ ਕਰ ਇਨ੍ਹਾਂ ਨੂੰ ਬੇਲੋੜਾ ਸਮਝ ਲੈਂਦਾ ਹੈ, ਪ੍ਰੰਤੂ ਫ਼ਿਰ ਵੀ ਕਿਸੇ ਨਾ ਕਿਸੇ ਰੂਪ ਵਿੱਚ ਇਹ ਗੀਤਾਂ-ਰਿਵਾਜ਼ ਉਸਦੇ ਜੀਵਨ ਦਾ ਭਾਗ ਬਣੇ ਹੋਏ ਹਨ ਅਤੇ ਬਣੇ ਰਹਿਣਗੇ।

**ਡਾ. ਸੰਦੀਪ ਕੌਰ ਬਰਾੜ**, ਅਸਿਸਟੈਂਟ ਪ੍ਰੋ.ਫੈਸਰ,
ਗੁਰੂ ਨਾਨਕ ਅਧਿਐਨ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪੰਜਾਬੀ ਯੂਨੀਵਰਸਿਟੀ ਨੇ ਪਹਿਲ ਕਦਮੀ ਕਰਦਿਆਂ ਹੋਇਆਂ ਪੰਜ ਵੱਡੇ ਖੋਜ-ਵਿਭਾਗਾਂ ਦੀ ਸਥਾਪਨਾ ਕੀਤੀ, ਜਿਨ੍ਹਾਂ ਦਾ ਕੰਮ ਅਧਿਆਪਨ ਲਈ ਸਾਹਿਤ ਤਿਆਰ ਕਰਨਾ ਸੀ ਅਤੇ ਉਸ ਤਿਆਰ ਕੀਤੇ ਕਾਰਜ ਨੂੰ ਛਾਪਣ ਦਾ ਕਾਰਜ ਪਬਲੀਕੇਸ਼ਨ ਬਿਊਰੋ ਨੇ ਕਰਨਾ ਸੀ। ਪੰਜਾਬੀ ਯੂਨੀਵਰਸਿਟੀ ਦੀ ਇਸ ਸੋਚ ਨੇ ਬਹੁਤ ਸਾਰਥਿਕ ਨਤੀਜੇ ਕੱਢੇ ਅਤੇ ਬਹੁਤ ਹੀ ਅਹਿਮ ਖੋਜਾਂ ਕਰ ਬਹੁਤ ਸਾਰਾ ਅਹਿਮ ਸਾਹਿਤ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਕਰ ਦਿੱਤਾ। ਇਨ੍ਹਾਂ ਛਪੇ ਕਾਰਜਾਂ ਦੀ ਗਿਣਤੀ ਪੰਜ ਹਜ਼ਾਰ ਤੋਂ ਉੱਪਰ ਹੈ ਅਤੇ ਮੰਨਿਆ ਜਾਂਦਾ ਹੈ ਕਿ ਪੂਰੇ ਹਿੰਦੁਸਤਾਨ ਵਿੱਚ ਸਭ ਤੋਂ ਵੱਧ ਕਿਤਾਬਾਂ ਛਾਪਣ ਵਾਲੀ ਕਿਸੇ ਵੀ ਯੂਨੀਵਰਸਿਟੀ ਦੀ ਇਹ ਪਹਿਲੀ ਪਬਲੀਕੇਸ਼ਨ ਹੈ।**

'ਮਨਜੀਤ ਕੌਰ ਸੇਖੋਂ' ਜਿਵੇਂ ਕਿ ਪਹਿਲਾਂ ਹੀ ਕਿਹਾ ਜਾ ਚੁੱਕਿਆ ਹੈ ਕਿ ਅਮਰੀਕਾ ਨਿਵਾਸੀ ਇਕ ਕੰਮਕਾਜੀ ਔਰਤ ਹੈ। ਕਿੱਤੇ ਵਜੋਂ ਉਹ ਇੱਕ ਅਧਿਆਪਕ ਹੈ, ਸਿਰੇ ਦੀ ਮਿਹਨਤੀ, ਨਿਮਰ ਅਤੇ ਦੂਸਰੇ ਲਈ ਕੁੱਝ ਵੀ ਕਰਨ ਦਾ ਜ਼ੇਰਾ ਰੱਖਣ ਵਾਲੀ, ਮਨਜੀਤ ਦੇ ਸੁਪਨੇ ਉਸਦਾ ਪਿੰਡ, ਉਸਦੀਆਂ ਤਾਈਆਂ-ਚਾਚੀਆਂ, ਸਖ਼ੀਆਂ-ਸਹੇਲੀਆਂ, ਪੇਂਡੂ-ਵਿਰਾਸਤ ਅਤੇ ਉਸ ਵਿਰਾਸਤ ਦੇ ਮਹਾਂਕੋਸ਼ ਗੀਤਾਂ-ਰਿਵਾਜ਼ਾਂ ਦੇ ਹੀ ਇਰਦ-ਗਿਰਦ ਘੁੰਮਦੇ ਹਨ। ਸ਼ਾਇਦ ਇਸੇ ਕਰਕੇ ਹੀ ਅਤਿ-ਆਧੁਨਿਕ ਦੇਸ਼ ਵਿੱਚ ਰਹਿੰਦਿਆਂ ਹੋਇਆਂ ਵੀ ਸੁਭਾਅ ਵਜੋਂ ਪੰਜਾਬ ਦੇ ਪਿੰਡ ਦੀ ਇੱਕ ਸੁਆਣੀ ਵਜੋਂ ਉਹ ਵਧੇਰੇ ਪਹਿਚਾਣੀ ਜਾਂਦੀ ਹੈ। ਮਨਜੀਤ ਦੇ ਇਨ੍ਹਾਂ ਸੁਪਨਿਆਂ ਨੇ ਹੀ ਉਸਨੂੰ ਕਦੇ ਚੈਨ ਨਾਲ ਸੌਣ ਨਹੀਂ ਦਿੱਤਾ ਤੇ ਉਹ ਉਸਲਵੱਟੇ ਭੰਨਦੀ ਅਮਰੀਕਾ ਹੁੰਦੀ ਵੀ ਆਪਣੇ ਪਿੰਡ ਦੀਆਂ ਗਲੀਆਂ ਵਿੱਚ ਪਹੁੰਚ ਜਾਂਦੀ ਹੈ।

ਇਸੇ ਤੜਪ ਵਿੱਚੋਂ ਹੀ ਉਸਨੇ ਆਪਣੀ ਵਿਰਾਸਤ ਨੂੰ ਸਾਂਭਣ ਲਈ ਨਿਸਚਾ ਕਰ ਲਿਆ ਅਤੇ ਨਿਰੰਤਰ ਸੱਤ ਸਾਲ ਦੀ ਵੱਡੀ ਤਪੱਸਿਆ ਤੋਂ ਬਾਅਦ ਵਿਆਹ ਨਾਲ ਸੰਬੰਧਿਤ ਗੀਤਾਂ ਦਾ ਅਜਿਹਾ ਖਰੜਾ ਤਿਆਰ ਕਰ ਦਿੱਤਾ ਕਿ ਜਿਸ ਤੇ ਕਿਸੇ ਵੀ ਯੂਨੀਵਰਸਿਟੀ ਵਿੱਚੋਂ ਡਾਕਟਰੇਟ ਦੀ ਡਿਗਰੀ ਲੈਣਾ ਕੋਈ ਕਠਿਨ ਕਾਰਜ ਨਹੀਂ ਸੀ। ਪ੍ਰੰਤੂ ਬੀਬੀ ਮਨਜੀਤ ਤਾਂ ਦੁਨਿਆਵੀ ਲਾਲਸਾ ਤੋਂ ਉੱਪਰ ਉੱਠੀ ਇੱਕ ਅਜ਼ਬ ਸ਼ਖ਼ਸੀਅਤ ਹੋ ਚੁੱਕੀ ਹੈ। ਉਸਦੇ ਇਸ ਕਾਰਜ ਦੀ ਖ਼ਬਰ ਜਦੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਨੂੰ ਲੱਗੀ ਤਾਂ ਉਨ੍ਹਾਂ ਨੇ ਬੀਬੀ ਮਨਜੀਤ ਕੌਰ ਨਾਲ ਸੰਪਰਕ ਕਰਨਾ ਸ਼ੁਰੂ ਕਰ ਦਿੱਤਾ। ਕ੍ਰਿਸ਼ਮਾ ਇਹ ਵਾਪਰਿਆ ਕਿ ਇਹ ਉਨ੍ਹਾਂ ਦਿਨਾਂ ਵਿੱਚ ਆਪਣੇ ਪਤੀ ਨਾਲ ਪੰਜਾਬ ਆਏ ਹੋਏ ਸਨ। ਪੰਜਾਬੀ ਯੂਨੀਵਰਸਿਟੀ ਲਈ ਉਨ੍ਹਾਂ ਨਾਲ ਰਾਬਤਾ ਕਾਇਮ ਕਰਨਾ ਸੌਖਾ ਹੋ ਗਿਆ ਸੀ।

ਡਾ. ਅਮਰਜੀਤ ਕੌਰ ਅਤੇ ਡਾ. ਬਲਜੀਤ ਕੌਰ, ਜੋ ਸੰਬੰਧਿਤ ਵਿਭਾਗ ਵਿੱਚ ਪ੍ਰੋ.ਫੈਸਰ ਵਜੋਂ ਕਾਰਜਸ਼ੀਲ ਸਨ ਦੇ ਸੱਦੇ 'ਤੇ ਬੀਬੀ ਮਨਜੀਤ ਕੌਰ ਪੰਜਾਬੀ ਯੂਨੀਵਰਸਿਟੀ ਆ ਗਏ। ਜਦੋਂ ਦੋਵਾਂ ਪ੍ਰੋ.ਫੈਸਰ ਸਾਹਿਬਾਨਾਂ ਨੇ ਉਨ੍ਹਾਂ ਕੋਲੋਂ ਇਹ ਪੁਸਤਕ ਛਾਪਣ ਦੀ ਇੱਛਾ ਜ਼ਾਹਿਰ ਕੀਤੀ ਤਾਂ ਉਨ੍ਹਾਂ ਬਿਨ੍ਹਾਂ ਕਿਸੇ ਵੀ ਝਿਜਕ ਦੇ ਖਰੜਾ ਉਨ੍ਹਾਂ ਦੇ ਹਵਾਲੇ ਕਰ ਦਿੱਤਾ। ਜਿੰਨੀ ਜਲਦੀ ਇਸ ਪੁਸਤਕ ਨੂੰ ਛਾਪਣ ਲਈ ਖਰੜੇ ਦਾ ਮੁਲਾਂਕਣ ਕਰਵਾਇਆ ਗਿਆ, ਉੱਨੀ ਹੀ ਦੇਰੀ ਇਸ ਪੁਸਤਕ ਨੂੰ ਛਾਪਣ ਵਿੱਚ ਹੋਈ। ਬੀਬੀ ਮਨਜੀਤ ਕੌਰ ਦਾ ਨਿਰਾਸ਼ ਹੋਣਾ ਸੁਭਾਵਿਕ ਸੀ। ਇਸ ਲਈ ਉਨ੍ਹਾਂ ਵੱਲੋਂ ਖਰੜਾ ਵਾਪਿਸ ਕਰਨ ਦੀ ਮੰਗ ਕੀਤੀ ਗਈ। ਯੂਨੀਵਰਸਿਟੀ ਇਸ ਖਰੜੇ ਨੂੰ ਵਾਪਿਸ ਵੀ ਨਹੀਂ ਸੀ ਕਰਨਾ ਚਾਹੁੰਦੀ, ਕਿਉਂਕਿ ਯੂਨੀਵਰਸਿਟੀ ਇਹ ਜਾਣਦੀ ਸੀ ਕਿ ਇਹ ਇੱਕ ਅਜਿਹਾ ਅਨਮੋਲ ਕਾਰਜ ਹੈ, ਜਿਸਨੇ ਆਉਣ ਵਾਲੇ ਸਮੇਂ ਵਿੱਚ ਇੱਕ ਖੋਜ ਸੰਦ ਦੇ ਤੌਰ 'ਤੇ ਖੋਜਾਰਥੀਆਂ ਦੇ ਕੰਮਾਂ ਵਿੱਚ ਸਹਾਇਤਾ ਕਰਨੀ ਸੀ। ਇਨ੍ਹਾਂ ਸਮਿਆਂ ਵਿੱਚ ਹੀ ਯੂਨੀਵਰਸਿਟੀ ਦੇ ਉਪ-ਕੁਲਪਤੀ ਵਜੋਂ ਡਾ. ਅਰਵਿੰਦ ਢਿੱਲੋਂ ਨੇ ਕਾਰਜ ਸੰਭਾਲਿਆ। ਜਦੋਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਤਾਂ ਤੁਰੰਤ ਇਸ ਖਰੜੇ ਨੂੰ ਛਾਪਣ ਦੀ ਹਦਾਇਤ ਜਾਰੀ ਕਰ ਦਿੱਤੀ ਗਈ। ਫ਼ਲਸਰੂਪ ਇਹ ਪੁਸਤਕ ਪਬਲੀਕੇਸ਼ਨ ਬਿਊਰੋ ਵੱਲੋਂ ਦਸੰਬਰ ਦੇ ਅਖ਼ੀਰ ਵਿੱਚ ਛਾਪ ਦਿੱਤੀ ਗਈ।

ਸੰਬੰਧਿਤ ਪੁਸਤਕ ਬਹੁਤ ਹੀ ਸੁੰਦਰ ਦਿੱਖ ਨਾਲ 322 ਪੰਨਿਆਂ ਵਿੱਚ ਸਮੋਈ ਹੋਈ ਹੈ। ਯੂਨੀਵਰਸਿਟੀ ਵੱਲੋਂ ਇਸਦੀ ਕੀਮਤ ਬੇਸ਼ੱਕ ਚਾਰ ਸੌ ਰੁਪਏ ਨਿਰਧਾਰਿਤ ਕੀਤੀ ਗਈ ਹੈ, ਪ੍ਰੰਤੂ ਯੂਨੀਵਰਸਿਟੀ ਨਿਯਮਾਂ ਅਨੁਸਾਰ ਪਬਲੀਕੇਸ਼ਨ ਬਿਊਰੋ ਤੋਂ ਦੋ ਸੌ ਰੁਪਏ ਦੀ ਕੀਮਤ 'ਤੇ ਇਹ ਖ਼ਰੀਦੀ ਜਾ ਸਕਦੀ ਹੈ। ਪੁਸਤਕ ਦੇ ਆਰੰਭ ਵਿੱਚ ਮੌਜੂਦਾ ਵਿਭਾਗੀ ਮੁਖੀ ਦੇ ਸ਼ਬਦ ਹਨ ਅਤੇ ਫ਼ਿਰ ਭੂਮਿਕਾ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਦੁਆਰਾ ਲਿਖੀ ਗਈ ਹੈ। ਵਾਈਸ-ਚਾਂਸਲਰ ਸਾਹਿਬ ਦੁਆਰਾ ਲਿਖੇ ਦੋ ਸ਼ਬਦ ਜੋ ਕਿ ਯੂਨੀਵਰਸਿਟੀ ਦੀ ਹਰ ਇੱਕ ਪੁਸਤਕ ਦਾ ਹਿੱਸਾ ਰੂਪ ਹਨ, ਬੇਸ਼ੱਕ ਦਰਜ ਨਹੀਂ ਹਨ, ਪ੍ਰੰਤੂ ਇਹ ਪੁਸਤਕ ਉਨ੍ਹਾਂ ਦੇ ਯਤਨਾਂ ਸਦਕਾ ਹੀ ਕਿਤਾਬੀ ਰੂਪ ਅਖ਼ਤਿਆਰ ਕਰ ਸਰੋਤਿਆਂ ਦੇ ਹੱਥਾਂ ਵਿੱਚ ਆਈ। ਜਿਸਨੇ ਪੰਜਾਬੀ ਸੱਭਿਆਚਾਰ ਦੇ ਇਸ ਗੁੰਮ ਹੋ ਰਹੇ ਵਿਰਾਸਤੀ ਪ੍ਰਸੰਗ ਨੂੰ ਸਦਾ ਲਈ ਗਵਾਚ ਜਾਣ ਤੋਂ ਬਚਾ ਲਿਆ, ਫ਼ਲਸਰੂਪ ਉਹ ਵਧਾਈ ਦੇ ਹੱਕਦਾਰ ਹਨ। ਸੰਬੰਧਿਤ ਪੁਸਤਕ ਵਿੱਚ ਵਿਆਹ ਦੀਆਂ ਪੁਰਾਤਨ 82 ਰਸਮਾਂ ਨੂੰ ਪੁਨਰ ਸਿਰਜਤ ਕਰ ਮਨਜੀਤ ਕੌਰ ਨੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ। ਲੇਖਿਕਾ ਦੀ ਇਹ ਹੈਰਾਨਗੀ ਪੈਦਾ ਕਰਨ ਦੇ ਰੰਗ-ਢੰਗ ਵਿੱਚ ਮਿਹਨਤ, ਲਗਨ, ਦਿਆਨਤਦਾਰੀ ਅਤੇ ਆਪਣੇ ਸੱਭਿਆਚਾਰ ਨਾਲ ਪਿਆਰ ਦੀ ਝਲਕ ਆਪ-ਮੁਹਾਰੇ ਰੂਪਮਾਨ ਹੋ ਜਾਂਦੀ ਹੈ।

ਇਸ ਕਿਤਾਬ ਵਿੱਚ ਵਰਣਿਤ ਕੁੱਲ ਰਸਮਾਂ ਨੂੰ ਲੱਭਣ ਅਤੇ ਫ਼ਿਰ ਉਨ੍ਹਾਂ ਰਸਮਾਂ ਨੂੰ ਨਿਭਾਉਣ ਦੇ ਢੰਗ ਤਰੀਕਿਆਂ ਨਾਲ ਆਉਣ ਵਾਲੀ ਪੀੜ੍ਹੀ ਨੂੰ ਇਕਸੁਰ ਕਰਨ ਲਈ ਕੀਤੇ ਸਰਵੇ, ਬਜ਼ੁਰਗਾਂ ਨਾਲ ਗੱਲਬਾਤ ਅਤੇ ਇਸ ਗੱਲਬਾਤ ਨੂੰ ਅਕਾਦਮਿਕ ਸੁਰ ਵਿੱਚ ਢਾਲ ਕੇ ਅਮਰ ਕਰ ਦੇਣਾ ਨਿਸਚੈ ਹੀ ਉਨ੍ਹਾਂ ਦੀ ਲਗਨ ਅਤੇ ਵਿਦਵਤਾ ਨੂੰ ਸਾਡੇ ਸਾਹਮਣੇ ਰੂਪਮਾਨ ਕਰ ਦਿੰਦਾ ਹੈ। ਖੋਜ-ਸੰਚਾਰ ਦੀਆਂ ਵਿਧਾਵਾਂ ਦਾ ਗਿਆਨ ਉਨ੍ਹਾਂ ਦੀ ਲਿਖਤ ਵਿੱਚੋਂ ਆਪ-ਮੁਹਾਰੇ ਹੀ ਪੜ੍ਹਨ ਵਾਲਿਆਂ ਦੇ ਮਨ-ਮਸਤਕ ਦੇ ਸਾਹਮਣੇ ਨਜ਼ਰ ਆਉਣ ਲੱਗਦਾ ਹੈ। ਲੇਖਕ ਦੇ ਇਸ ਉੱਤਮ ਕਾਰਜ ਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ, ਉੱਨੀ ਹੀ ਘੱਟ ਹੈ। ਉਨ੍ਹਾਂ ਨੂੰ ਆਪਣੇ ਇਸ ਕਾਰਜ ਨੂੰ ਨਿਰੰਤਰ ਅੱਗੇ ਵਧਾਉਣਾ ਚਾਹੀਦਾ ਹੈ, ਤਾਂ ਜੋ ਆਪਣੀ ਮਿੱਟੀ ਦਾ ਰਿਣ ਉਤਾਰਨ ਦੇ ਸਮਰੱਥ ਹੋਇਆ ਜਾ ਸਕੇ ਅਤੇ ਵਿਰਸੇ ਦੀ ਅਮੀਰੀਅਤ ਆਉਣ ਵਾਲੀਆਂ ਨਸਲਾਂ ਦੇ ਮਨ-ਮਸਤਕ ਵਿੱਚ ਉੱਕਰੀ ਜਾਵੇ।

ਲੇਖਿਕਾ ਅਜਿਹੇ ਕਾਰਜ ਲਈ ਜਿੱਥੇ ਮੁਬਾਰਕਵਾਦ ਦੀ ਹੱਕਦਾਰ ਹੈ, ਉੱਥੇ ਹੀ ਪੰਜਾਬੀ ਯੂਨੀਵਰਸਿਟੀ ਨੂੰ ਇਸ ਉੱਤਮ ਕਾਰਜ ਲਈ ਵਧਾਈ ਪੇਸ਼ ਕਰਦੀ ਹੋਈ ਮੈਂ ਮਨਜੀਤ ਕੌਰ ਜੀ ਨਾਲ ਵਾਅਦਾ ਕਰਦੀ ਹਾਂ ਕਿ ਜਲਦੀ ਹੀ ਮੈਂ ਇੱਕ ਵੱਡਾ ਖੋਜ-ਪੇਪਰ ਵੀ ਇਸ ਪੁਸਤਕ ਉੱਪਰ ਲਿਖ ਕਿਤਾਬ ਦੀ ਬਣਤਰ-ਬੁਣਤਰ ਅਤੇ ਇਸ ਵਿਚਲੇ ਨਿਵੇਕਲੇ ਤੱਥਾਂ ਨੂੰ ਪਾਠਕਾਂ ਸਾਹਮਣੇ ਲਿਆਉਣ ਦਾ ਯਤਨ ਕਰਾਂਗੀ।

# ਰਿਸ਼ਵਤਖੋਰੀ ਤੇ ਘੁਟਾਲਿਆਂ ਕਾਰਨ ਪੰਜਾਬ ਦੇ ਆਰਥਿਕ, ਸਿਆਸੀ, ਸਮਾਜਿਕ ਹਾਲਾਤ ਦੁੱਖਦਾਇਕ

ਡਾ. ਸੁਖਦੇਵ ਸਿੰਘ



ਬੀਤੇ ਸਾਲ 2022 ਦੇ ਕੁਝ ਮਹੀਨਿਆਂ ਦੌਰਾਨ ਪੰਜਾਬ ਵਿਚ ਕੁਝ ਨੌਕਰਸ਼ਾਹਾਂ, ਪੁਲਿਸ ਮੁਲਾਜ਼ਮਾਂ, ਸਿਆਸਤਦਾਨਾਂ, ਹੋਰ ਵਿਭਾਗਾਂ ਦੇ ਅਫਸਰਾਂ ਤੇ ਕਰਮਚਾਰੀਆਂ ਸਮੇਤ ਕਈ ਠੇਕੇਦਾਰਾਂ ਤੇ ਕਰਿੰਦਿਆਂ ਦੁਆਰਾ ਕੀਤੇ ਘੁਟਾਲੇ ਅਤੇ ਰਿਸ਼ਵਤਖੋਰੀ ਸਾਹਮਣੇ ਆਉਣ ਅਤੇ ਜੇਲ੍ਹਾਂ ਵਿਚ ਜਾਣ ਦੀਆਂ ਖਬਰਾਂ ਨੇ ਲੋਕਾਂ ਦੇ ਮੂੰਹ ਵਿਚ ਉਂਗਲਾਂ ਪੁਆ ਦਿੱਤੀਆਂ ਹਨ। ਵੱਖ-ਵੱਖ ਮਹਿਕਮਿਆਂ ਵਿਚ ਭਾਵੇਂ ਥੋੜ੍ਹੇ ਲੋਕਾਂ ਨੇ ਮਾੜੇ ਕਰਮ ਕੀਤੇ ਹੋਣ ਪਰ ਇਨ੍ਹਾਂ ਕਰ ਕੇ ਬਦਨਾਮੀ ਵੱਡੇ ਪੱਧਰ 'ਤੇ ਹੁੰਦੀ ਹੈ। ਆਪਣੀ ਡਿਊਟੀ ਨਿਭਾਉਣ ਦੌਰਾਨ ਭ੍ਰਿਸ਼ਟਾਚਾਰੀਆਂ ਵਲੋਂ ਇੱਕਠਾ ਕੀਤਾ ਧਨ, ਸੋਨਾ ਤੇ ਆਮਦਨ ਦੇ ਗਿਆਤ ਸ੍ਰੋਤਾਂ ਦੇ ਅਨੁਪਾਤ ਤੋਂ ਹੱਦੋਂ ਵੱਧ ਉਪਜਾਈ ਜਾਇਦਾਦ, ਜ਼ਮੀਨਾਂ, ਫਾਰਮ ਹਾਊਸਾਂ, ਹੋਟਲਾਂ, ਮਾਲਾਂ ਤੇ ਹੋਰ ਅਣਗਿਣਤ ਢੰਗਾਂ ਨਾਲ ਹਜ਼ਮ ਕੀਤੀ ਕਮਾਈ ਲਈ ਵਰਤੇ ਢੰਗ-ਤਰੀਕੇ ਅਤੇ ਮਿਲੀਭੁਗਤ ਦੀਆਂ ਵਿਉਂਤਾਂ ਹੈਰਾਨੀ ਪੈਦਾ ਕਰਦੀਆਂ ਹਨ। ਇਹ ਗੁਰੂ ਨਾਨਕ ਜੀ ਦੇ ਕਥਨ 'ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥' ਦੀ ਯਾਦ ਦਿਵਾਉਂਦੇ ਹਨ। ਕਈ ਨੌਕਰਸ਼ਾਹ ਅਤੇ ਸਿਆਸਤਦਾਨ ਕਾਨੂੰਨੀ ਸ਼ਿਕੰਜੇ ਦੇ ਡਰ ਕਾਰਨ ਵਿਦੇਸ਼ ਭੱਜ ਰਹੇ ਹਨ ਜਾਂ ਪਾਰਟੀਆਂ ਬਦਲ ਕੇ ਆਪਣੇ ਆਪ ਨੂੰ ਸੁਰੱਖਿਅਤ ਬਣਾ ਰਹੇ ਹਨ। ਇਸ ਪ੍ਰਕਿਰਿਆ ਕਰ ਕੇ ਪੈਦਾ ਹੋ ਰਹੇ ਮਾਹੌਲ ਦਾ ਅਸਰ ਪੂਰੇ ਸਮਾਜ 'ਤੇ ਵੱਖ ਵੱਖ ਰੂਪਾਂ ਵਿਚ ਪੈਂਦਾ ਹੈ।

ਰਿਸ਼ਵਤਖੋਰੀ ਦੇ ਫੈਲਾਅ ਅਤੇ ਇਸ ਦੇ ਅਨੇਕਾਂ ਰੂਪ ਹੋਣ ਕਰ ਕੇ ਇਸ ਨੂੰ ਪਰਿਭਾਸ਼ਤ ਕਰਨਾ ਔਖਾ ਹੈ ਪਰ ਮੋਟੇ ਤੌਰ 'ਤੇ ਬੇਈਮਾਨੀ ਜਾਂ ਆਪਣੇ ਅਹੁਦਿਆਂ ਦੀ ਆੜ ਹੇਠ ਜਨਤਕ ਵਸੀਲਿਆਂ ਦੀ ਲੁੱਟ ਤੇ ਦੂਸਰਿਆਂ ਦੇ ਹੱਕ ਮਾਰ ਕੇ, ਲੋਕਾਂ ਦੀ ਬੇਵਸੀ ਦਾ ਫਾਇਦਾ ਉਠਾ ਕੇ ਆਪਣੀ ਜਾਂ ਪਰਿਵਾਰ ਦੀ ਭਲਾਈ ਲਈ ਕੀਤੀ ਨਾਜਾਇਜ਼ ਕਮਾਈ ਨੂੰ ਰਿਸ਼ਵਤਖੋਰੀ ਕਿਹਾ ਜਾ ਸਕਦਾ ਹੈ। ਸਾਧਾਰਨ ਸ਼ਬਦਾਂ ਵਿਚ ਕਿਰਤ-ਕਮਾਈ ਤੋਂ ਬਿਨਾ ਇਕੱਠੇ ਕੀਤੇ ਧਨ ਦੌਲਤ ਨੂੰ ਰਿਸ਼ਵਤਖੋਰੀ ਕਿਹਾ ਜਾਂਦਾ ਹੈ। ਰਿਸ਼ਵਤਖੋਰੀ ਵੀ ਉਦੋਂ ਤੋਂ ਹੀ ਆਈ ਜਦੋਂ ਤੋਂ ਸੰਗਠਿਤ ਸਮਾਜ ਵਿਚ ਜੀਵਨ ਦੀ ਸ਼ੁਰੂਆਤ ਹੋਈ ਭਾਵੇਂ ਇਸ ਦੀ ਮਾਤਰਾ ਸੀਮਤ ਪੱਧਰ 'ਤੇ ਸੀ ਅਤੇ ਕਈ ਸਮਾਜ ਤੇ ਸਮੂਹ ਇਮਾਨਦਾਰੀ ਦੀ ਮਿਸਾਲ ਵੀ ਰਹੇ ਹਨ। ਪੁਰਾਣੇ ਸਮਿਆਂ ਵਿਚ ਜਿੰਦਗੀ ਸਾਦੀ ਸੀ ਅਤੇ ਧਰਮ ਦੇ ਖਾਸ ਰੋਲ ਕਰ ਕੇ ਵੱਢੀ, ਭ੍ਰਿਸ਼ਟਾਚਾਰ, ਹੱਕ ਮਾਰਨਾ, ਹਰਾਮ ਜਾਂ ਬੇਈਮਾਨੀ ਦੀ ਕਮਾਈ ਨੂੰ ਲੋਕ ਪਾਪ ਸਮਝ ਕੇ ਤੋਬਾ ਕਰਦੇ ਸਨ। ਗੁਰਬਾਣੀ ਵਿਚ ਦਰਜ ਹੈ: 'ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥ ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨਾ ਜਾਈ॥' ਪਰ ਅੱਜ ਦੇ ਸਮੇਂ ਵਿਚ ਉਲਟ ਹੋਇਆ ਲਗਦਾ ਹੈ, ਅੱਜ ਦੁਨੀਆ ਦਾ ਕੋਈ ਵੀ ਮੁਲਕ ਜਾਂ ਸਮਾਜ ਸ਼ਾਇਦ ਇਸ ਤੋਂ ਅਛੂਤਾ ਨਹੀਂ। 'ਟਰਾਂਸਪੇਰੈਂਸੀ ਇੰਟਰਨੈਸ਼ਨਲ' ਦੀ 2021 ਦੀ ਦਰਜਾਬੰਦੀ ਜੋ ਦੁਨੀਆ ਭਰ ਦੇ 180 ਦੇਸ਼ਾਂ ਬਾਰੇ ਹੈ, ਵਿਚ ਭਾਰਤ ਦਾ 85ਵਾਂ ਸਥਾਨ ਹੈ। ਇਸੇ ਸੰਸਥਾ ਦੀ 2005 ਦੀ ਰਿਪੋਰਟ ਮੁਤਾਬਿਕ 62% ਭਾਰਤੀਆਂ ਨੂੰ ਆਪਣੇ ਕੰਮ ਕਰਵਾਉਣ ਲਈ ਰਿਸ਼ਵਤ ਦੇਣੀ ਪੈਂਦੀ ਹੈ। ਜੇ ਹਾਲਾਤ ਇਹੀ ਰਹੇ ਤਾਂ ਦਰਜਾਬੰਦੀ ਹੋਰ ਥੱਲੇ ਜਾ ਸਕਦੀ ਹੈ ਅਤੇ ਲੋਕਾਂ ਦੀ ਰਿਸ਼ਵਤਖੋਰੀ ਦੀ ਫ਼ੀਸਦ ਵੀ ਵਧ ਸਕਦੀ ਹੈ। ਦੇਸ਼ ਵਿਚ ਹਜ਼ਾਰਾਂ ਕਰੋੜ ਦੇ ਵੱਡੇ ਘੁਟਾਲੇ ਕਰ ਕੇ ਕੁਝ ਲੋਕ ਵਿਦੇਸ਼ ਭੱਜ ਗਏ ਹਨ ਅਤੇ ਉਨ੍ਹਾਂ ਦੀ ਵਾਪਸ ਹਵਾਲਗੀ ਹੋਣ ਦੇ ਆਸਾਰ ਨਾ-ਮਾਤਰ ਹਨ।

ਪੰਜਾਬ ਵਿਚ ਭਾਵੇਂ ਲਗਭਗ ਸਾਰੇ ਮੁੱਖ ਧਰਮਾਂ ਦੀ ਹੋਂਦ ਹੈ ਪਰ ਸਿੱਖ ਧਰਮ ਬਹੁਲਤਾ ਵਿਚ ਹੈ। ਸਿੱਖ ਧਰਮ ਦੇ ਸਿਧਾਂਤ ਅਤੇ ਫਲਸਫਾ ਆਪਣੇ ਪੈਰੋਕਾਰਾਂ ਨੂੰ ਹੱਕ ਹਲਾਲ ਦੀ ਕਮਾਈ ਤੇ ਦੂਸਰਿਆਂ ਦੇ ਹੱਕ ਨਾ ਮਾਰਨ, ਵਹਿਮਾਂ ਭਰਮਾਂ, ਅੰਧਵਿਸ਼ਵਾਸਾਂ, ਜਾਦੂ ਟੂਣਿਆਂ, ਆਪਣੀ ਕਾਮਨਾ ਪੂਰਤੀ ਲਈ ਬਲੀਆਂ ਦੇਣ ਤੋਂ ਦੂਰੀ, ਉਚੇ ਜੀਵਨ ਮੁੱਲ ਧਾਰਨ ਕਰਨ ਅਤੇ ਅਮਲਾਂ ਵਿਚ ਸੱਚੇ ਵਿਹਾਰ ਦੀ ਤਾਕੀਦ ਕਰਦਾ ਹੈ। ਗੁਰ ਵਾਕ ਹੈ: 'ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥' ਵੱਢੀ ਜਾਂ ਹੱਕ ਮਾਰਨਾ ਇਸ ਦੁਨੀਆ ਵਿਚ ਮਾੜਾ ਹੋਣ ਦੇ ਨਾਲ ਨਾਲ ਆਪਣੇ ਪੂਰਵਜਾਂ ਨੂੰ ਵੀ ਚੋਰ ਬਣਾਉਣਾ ਹੈ। ਆਸਾ ਦੀ ਵਾਰ ਵਿਚ ਰੋਜ਼ ਪੜ੍ਹਿਆ ਜਾਂਦਾ ਹੈ: 'ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥ ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ॥ ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥' ਗੁਰੂ ਨਾਨਕ ਜੀ ਨੇ ਤਾਂ ਕਰਤਾਰਪੁਰ ਵਿਚ ਹੱਥੀਂ ਖੇਤੀ ਕਰ ਕੇ ਕਿਰਤ-ਕਮਾਈ ਦਾ ਅਜਿਹਾ ਮਾਡਲ ਦਿੱਤਾ ਜਿਸ ਨੂੰ ਜਗਤ ਮੰਨਦਾ ਹੈ। ਮਲਿਕ ਭਾਗੋ ਦੇ ਅੰਨ ਵਿਚੋਂ ਖੂਨ ਨਿਚੋੜਨਾ ਪਾਪ ਦੀ ਕਮਾਈ 'ਤੇ ਵੱਡਾ ਵਿਅੰਗ ਸੀ। ਬਾਬਾ ਫਰੀਦ ਜੀ ਦਾ ਕਥਨ ਹੈ: 'ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨਾ ਦੇਹਿ॥ ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥' ਭਾਈ ਵੀਰ ਸਿੰਘ ਦੁਆਰਾ ਰਚਿਤ ਪੰਜਾਬੀ ਜ਼ਬਾਨ ਦਾ ਪਹਿਲਾ ਨਾਵਲ 'ਸੁੰਦਰੀ' ਸਿੱਖ ਧਰਮ ਦੇ ਉਚੇਰੇ ਤੇ ਸੱਚੇ ਮੁੱਲਾਂ ਬਾਰੇ ਨਿਵੇਕਲੀ ਕਿਰਤ ਹੈ। ਜੇ ਅਜੋਕੇ ਪੰਜਾਬੀ ਸਮਾਜ 'ਤੇ ਨਜ਼ਰ ਮਾਰੀਏ ਤਾਂ ਹਾਲਾਤ ਬਹੁਤ ਨਿੱਘਰ ਗਏ ਲਗਦੇ ਹਨ। ਜਿਨ੍ਹਾਂ ਹਾਲਾਤ, ਅੰਧਵਿਸ਼ਵਾਸਾਂ ਤੇ ਮਾੜੇ ਕਰਮਾਂ ਤੋਂ ਗੁਰੂਆਂ ਨੇ ਵਰਜਿਆ, ਅੱਜ ਬਹੁਤੇ ਲੋਕ ਉਧਰ ਤੁਰ ਪਏ ਹਨ। ਦੇਸ਼, ਕੌਮ ਅਤੇ ਮਜ਼ਲੂਮਾਂ ਲਈ ਆਪਾ ਵਾਰਨ ਅਤੇ ਪਰਿਵਾਰ ਦੀ ਕਰਬਾਨੀ ਦੇਣ ਵਾਲੇ ਗੁਰੂਆਂ ਦੀ ਧਰਤੀ 'ਤੇ ਆਮ ਲੋਕਾਂ, ਜਨਤਕ ਸੰਸਥਾਵਾਂ ਅਤੇ ਕੁਦਰਤ ਦੀ ਲੁੱਟ ਕਿਸੇ ਕੋਲੋਂ ਛੁਪੀ ਨਹੀਂ। ਡੇਰਿਆਂ, ਅਖੌਤੀ ਬਾਬਿਆਂ ਤੇ ਸਮਾਜਿਕ ਵੰਡਾਂ ਦਾ ਵਧਣਾ ਪੰਜਾਬੀ ਅਤੇ ਸਿੱਖ ਸਮਾਜ ਲਈ ਹੋਰ ਵੀ ਦੁਖਦਾਈ ਹੈ। ਬੇਰੁਜ਼ਗਾਰਾਂ ਦਾ ਵਧ ਰਿਹਾ ਕੁਨਬਾ, ਨਸ਼ਾਖੋਰੀ, ਵੱਖ ਵੱਖ ਤਰ੍ਹਾਂ ਦੇ ਜੁਰਮ, ਆਤਮ-ਹੱਤਿਆਵਾਂ, ਬਲਾਤਕਾਰ ਆਦਿ ਕਰ ਕੇ ਪੰਜਾਬ ਦੀ ਦਸ਼ਾ ਅਤੇ ਦਿਸ਼ਾ ਧੁੰਦਲੀ ਜਾਪ ਰਹੀ ਹੈ। ਮੱਧਕਾਲੀ ਹਿੰਦੋਸਤਾਨ ਵਿਚ ਜਿਥੇ ਬੈਰੂਨੀ ਲੁੱਟ-ਖਸੁੱਟ ਤੇ ਬੁਰਛਾਗਰਦੀ ਕਾਰਨ ਪੰਜਾਬ ਦੀ ਹਾਲਤ ਮਾੜੀ ਸੀ, ਉਥੇ ਹੁਣ ਵਧੇਰੇ ਕਰ ਕੇ ਅੰਦਰੂਨੀ ਸ਼ਕਤੀਆਂ ਤੇ ਲੋਟੂਆਂ ਟੋਲਿਆਂ ਕਰ ਕੇ ਪੰਜਾਬ ਦੇ ਆਰਥਿਕ, ਸਿਆਸੀ, ਸਮਾਜਿਕ ਤੇ ਸਭਿਆਚਾਰਕ ਹਾਲਾਤ ਪੀੜਾ ਦੇਣ ਵਾਲੇ ਬਣ ਰਹੇ ਹਨ।

ਅੱਜ ਦੇ ਸਮੇਂ ਵਧ ਰਹੀ ਰਿਸ਼ਵਤਖੋਰੀ ਅਤੇ ਭ੍ਰਿਸ਼ਟਾਚਾਰ ਦੇ ਕਾਰਨਾਂ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਪਦਾਰਥਵਾਦ, ਤਕਨਾਲੋਜੀ ਦੀ ਆਮਦ, ਨਵੇਂ ਉਪਜ ਰਹੇ

(ਬਾਕੀ ਸਫ਼ਾ 31 'ਤੇ)



# ਸੂਖ਼ਮ ਅਹਿਸਾਸ ਪ੍ਰਕਿਰਿਆ

ਸਰਬਜੀਤ ਸਿੰਘ ਜਰਮਨੀ

ਅਹਿਸਾਸ ਉਹ ਸੂਖ਼ਮ ਪ੍ਰਕਿਰਿਆ ਹੈ ਜਿਸ ਦੀ ਹੋਂਦ ਜਾ ਰਫ਼ਤਾਰ ਨੂੰ ਕੋਈ ਵੀ ਕਿਸੇ ਵੀ ਤਰਾਂ ਦੇ ਮਾਪਦੰਡ ਨਾਲ ਮਾਪ ਨਹੀਂ ਸਕਦਾ ਤੇ ਨਾ ਹੀ ਕਿਸੇ ਦੂਰਬੀਨ, ਖ਼ੁਰਦਬੀਨ ਨਾਲ ਦੇਖ ਸਕਦਾ ਹੈ।

ਸਾਡੀ ਸਰੀਰਕ ਤੇ ਮਾਨਸਿਕ ਪ੍ਰਕਿਰਿਆ ਨੂੰ ਚਲਾਉਣ ਵਾਲੀ ਵੱਡੀ ਤੇ ਬਹੁਤ ਅਹਿਮ ਸ਼ਕਤੀ ਹੈ 'ਅਹਿਸਾਸ'। 'ਅਹਿਸਾਸ' ਸ਼ਬਦ ਜਿੰਨਾ ਲਿਖਣ ਤੇ ਬੋਲਣ ਲਈ ਆਸਾਨ ਹੈ ਉਨਾ ਜ਼ਿਆਦਾ ਸੋਚਣ ਤੇ ਸਮਝਣ ਵਿੱਚ ਕਠਿਨ ਹੈ, ਵਿਆਪਕ ਹੈ। ਇਸ ਦਾ ਦਾਇਰਾ ਇੰਨਾ ਵਿਸ਼ਾਲ ਹੈ ਕਿ ਕਈ ਵਾਰ ਇਹ ਸਾਨੂੰ ਇੱਕੋ ਵਕਤ ਇੱਕੋ ਛਿੰਨ ਭਿੰਨ ਵਿੱਚ ਹੀ ਕਈ ਸਮੁੰਦਰਾਂ ਦੇ ਅਤੇ ਕਈ ਅੰਬਰਾਂ ਦੇ ਪਾਰ ਲੈ ਜਾਂਦਾ ਹੈ। ਅਹਿਸਾਸ ਹੀ ਸਾਡੇ ਸਰੀਰ ਦੀਆਂ ਪ੍ਰਮੁੱਖ ਕਿਰਿਆਵਾਂ ਜਿਵੇਂ ਪਾਚਨ ਕਿਰਿਆ, ਖ਼ੂਨ ਦਾ ਵਹਾਅ ਕਿਰਿਆ, ਸਰੀਰ ਦਾ ਤਾਪਮਾਨ ਸਹੀ ਰੱਖਣ ਵਾਲੀ ਕਿਰਿਆ ਅਤੇ ਸਾਡੀ ਸਾਹ ਲੈਣ ਦੀ ਕਿਰਿਆ ਨੂੰ ਮੁੱਖ ਤੌਰ 'ਤੇ ਕੰਟਰੋਲ ਕਰਦੇ ਹਨ।

ਸਾਡੇ ਅਹਿਸਾਸ ਹੀ ਹਨ ਜੋ ਸਾਨੂੰ ਉਸ ਪਰਮ ਪਿਤਾ ਪਰਮੇਸ਼ਰ ਦੀ ਯਾਦ ਦਾ ਅਹਿਸਾਸ ਦਿਵਾਉਂਦੇ ਹਨ, ਅਹਿਸਾਸ ਹੀ ਹਨ ਜੋ ਵਾਹਿਗੁਰੂ ਦੇ ਪਿਆਰ ਜਾਂ ਉਸ ਤੋਂ ਡਰ ਅਤੇ ਸਤਿਕਾਰ ਦੀ ਹੋਂਦ ਜਾਂ ਅਣਹੋਂਦ ਨੂੰ ਦਰਸਾਉਂਦੇ ਹਨ ਤੇ ਸਾਨੂੰ ਮਹਿਸੂਸ ਕਰਵਾਉਂਦੇ ਹਨ। ਇਹ ਅਹਿਸਾਸ ਹੀ ਸਾਨੂੰ ਇਕ ਦੂਜੇ ਨਾਲ ਜੋੜਦੇ ਤੇ ਤੋੜਦੇ ਹਨ। ਅਹਿਸਾਸ ਨੂੰ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ, ਇਨ੍ਹਾਂ ਦੀ ਹੋਂਦ ਦੱਸੀ ਨਹੀਂ ਜਾ ਸਕਦੀ ਪਰ ਮਾਣੀ ਜਾਂ ਮਹਿਸੂਸ ਹੀ ਕੀਤੀ ਜਾ ਸਕਦੀ ਹੈ। ਇਸ ਦੀ ਕੋਈ ਚਰਨ ਸੀਮਾ ਵੀ ਨਹੀਂ ਹੈ। ਇਹ ਅਪਰੰਪਾਰ ਹੈ, ਬੰਧਨਾਂ ਤੋਂ ਪਰੇ ਹੈ, ਨਾ ਉਮਰ ਦਾ ਭੇਦ, ਨਾ ਜਾਤ-ਪਾਤ ਦਾ ਭੇਦ। ਇਨ੍ਹਾਂ ਦਾ ਕੋਈ ਆਕਾਰ ਜਾ ਅੰਤ ਵੀ ਨਹੀਂ ਹੁੰਦਾ। ਅਹਿਸਾਸ ਰੱਬ ਦੀ ਮਿਹਰ ਦੀ ਨਿਗਾਹ ਤੇ ਰਹਿਮ ਦੀ ਰਜ਼ਾ ਵਰਗਾ ਨਿਰਲੇਪ ਤੇ ਨਿੱਘ ਰਿਸ਼ਤਾ ਹੈ ਜਿਸ ਨੂੰ ਅਸੀਂ ਮਹਿਸੂਸ ਕਰ ਸਕਦੇ ਹਾਂ। ਕਿਰਤੀ ਸ਼ਬਦਾਂ ਵਿੱਚ ਕਹੀਏ ਤਾਂ ਕਿਸਾਨ ਦੇ ਹਲ਼ ਹੇਠੋਂ ਨਿਕਲੀ ਪਵਿੱਤਰ ਤੇ ਮਿਹਨਤੀ, ਉਪਜਾਊ ਮਿੱਟੀ ਜੋ ਸੋਨਾ ਪੈਦਾ ਕਰਨ ਦੀ ਤਾਕਤ ਰੱਖਦੀ ਹੈ, ਵਰਗੇ ਹੁੰਦੇ ਹਨ ਅਹਿਸਾਸ, ਮੀਂਹ ਦੀਆਂ ਉਨ੍ਹਾਂ ਬੂੰਦਾਂ ਵਰਗੇ ਜੋ ਬੰਜਰ ਹੋਈ ਧਰਤੀ ਨੂੰ ਮੁੜ ਉਪਜਾਊ ਬਣਾ ਦੇਣ ਦੀ ਤਾਕਤ ਰੱਖਦੇ ਹਨ। ਅਹਿਸਾਸ ਹੀ ਹਨ ਜੋ ਬਿਨਾਂ ਕੁਝ ਕਹੇ, ਸੁਣੇ ਸਭ ਕੁਝ ਕਰ ਸਕਦੇ ਹਨ। ਕਿਸੇ ਇਨਸਾਨ ਨੂੰ ਸਰੀਰਕ ਤੌਰ 'ਤੇ ਕਸ਼ਟ ਦਿੱਤੇ ਜਾ ਸਕਦੇ ਹਨ, ਬੰਦੀ ਬਣਾਇਆ ਜਾ ਸਕਦਾ ਹੈ ਪਰ ਅਹਿਸਾਸ ਹਰ ਹਾਲਤ ਵਿੱਚ ਅਜ਼ਾਦ ਰਹਿੰਦੇ ਹਨ।

ਜੋ ਅਸੀਂ ਲਿਖ ਕੇ ਬਿਆਨ ਕਰਦੇ ਹਾਂ, ਉਹ ਸ਼ਬਦ ਅਖਵਾਉਂਦੇ ਹਨ। ਜੋ ਅਸੀਂ ਮੂੰਹੋਂ ਬੋਲ ਕੇ ਬਿਆਨ ਕਰਦੇ ਹਾਂ ਉਹ ਸਾਡੀ ਬੋਲੀ ਜਾਂ ਸ਼ਬਦਾਵਲੀ ਅਖਵਾਉਂਦੀ ਹੈ। ਜੋ ਲਿਖ ਕੇ ਜਾਂ ਬੋਲ ਕੇ ਬਿਆਨ ਨਹੀਂ ਕੀਤਾ ਜਾ ਸਕਦਾ ਜਾਂ ਫੇਰ ਵੀ ਸਾਡੇ ਦਿਲ, ਦਿਮਾਗ਼, ਸਰੀਰ ਦੀ ਹਰ ਕਿਰਿਆ ਤੇ ਹਾਵੀ ਹੁੰਦਾ ਹੈ ਉਹ ਹਨ ਸਾਡੇ ਅਹਿਸਾਸ। ਸਕਾਰਾਤਮਕ ਭਾਵ ਚੰਗੇ ਅਹਿਸਾਸ ਸਰੀਰ ਦੀ ਹਰ ਬੀਮਾਰੀ ਨੂੰ ਸਿਹਤਯਾਬੀ ਵਿੱਚ ਬਦਲਣ ਦੀ ਤਾਕਤ ਰੱਖਦੇ ਹਨ।

ਅਹਿਸਾਸ ਹੀ ਹਨ ਜੋ ਸਾਨੂੰ ਅਥਾਹ ਖ਼ੁਸ਼ੀ ਜਾਂ ਗ਼ਮੀ ਮਹਿਸੂਸ ਕਰਾਉਂਦੇ ਹਨ। ਅਹਿਸਾਸ ਹੀ ਹਨ ਜੋ ਸਾਡੇ ਤੋਂ ਸੱਤ ਸਮੁੰਦਰ ਦੂਰ ਬੈਠੇ ਸਾਡੇ ਪਿਆਰੇ ਨੂੰ ਹਰ ਪਲ ਸਾਡੇ ਨਾਲ ਨਾਲ ਹੀ ਨਹੀਂ ਸਗੋਂ ਸਾਡੇ ਵਿੱਚ ਇੱਕ ਮਿਕ ਹੋਣ ਦੀ ਭਾਵਨਾ ਨੂੰ ਮਹਿਸੂਸ ਕਰਾਉਂਦੇ ਹਨ। ਅਹਿਸਾਸ ਹੀ ਹਨ ਜੋ ਤੁਹਾਡੇ ਨਾਲ ਜਨਮ ਤੋਂ ਬਣੇ ਰਿਸ਼ਤੇ ਨਾਲ ਕਿਸੇ ਤਰਾਂ ਦਾ ਕੋਈ ਮਤਲਬ ਨਹੀਂ ਮਹਿਸੂਸ ਕਰਾਉਂਦੇ। ਅਹਿਸਾਸ ਹੀ ਹਨ ਜੋ ਤੁਹਾਨੂੰ ਇੱਕ ਵਾਰ ਕਿਸੇ ਖਾਸ ਦੇ ਕੋਲ਼ੋਂ ਲੰਘਣ ਤੇ ਵੀ ਵਾਰ ਵਾਰ ਉਸ ਵੱਲ ਖਿੱਚ ਲੈ ਜਾਂਦੇ ਹਨ ਜਾਂ ਫਿਰ ਕੋਈ ਕੁਝ ਪਲ ਮਿਲ ਕੇ ਹਮੇਸ਼ਾ ਲਈ ਆਪਣੀ ਬਹੁਤ ਡੂੰਘੀ ਛਾਪ ਤੁਹਾਡੇ ਮਨ ਵਿੱਚ, ਦਿਲ ਦਿਮਾਗ ਤੇ ਛੱਡ ਜਾਂਦਾ ਹੈ ਜਾਂ ਬਿਨਾਂ ਮਿਲੇ ਵੀ ਦੂਰ ਦੁਰੇਡੇ ਰਹਿੰਦੇ ਤੁਹਾਡੇ ਨਾਲ ਨਾਲ ਰਹਿਣ ਦੀ ਹੋਂਦ ਦਾ ਅਹਿਸਾਸ ਕਰਾਉਣ ਇਹ ਸਭ ਕੁਝ ਅਹਿਸਾਸ ਹੀ ਹਨ।

ਅਹਿਸਾਸ ਵੀ ਕਈ ਕਿਸਮਾਂ ਦੇ ਹੁੰਦੇ ਹਨ, ਮੁੱਖ ਰੂਪ ਵਿੱਚ ਮੈਂ ਪੰਜ ਤਰ੍ਹਾਂ ਦੇ ਅਹਿਸਾਸਾਂ ਦੀ ਚਰਚਾ ਕਰਨ ਜਾ ਰਹੀ ਹਾਂ, ਪਰ ਮੈਂ ਕੇਵਲ ਪੰਜ ਕਿਸਮਾਂ ਵਿੱਚ ਹੀ ਇਸ ਡੂੰਘੇ ਤੇ ਵਿਆਪਕ ਵਿਸ਼ੇ ਨੂੰ ਬੰਨ ਦੇਣਾ ਵੀ ਸੰਪੂਰਨ ਨਹੀਂ ਕਹਿ ਸਕਦੀ, ਹੋ ਸਕਦਾ ਤੁਹਾਡੀ ਨਜ਼ਰ ਵਿੱਚ ਜਾਂ ਕਿਸੇ ਬੁੱਧੀਜੀਵੀ ਦੀ ਨਜ਼ਰ ਵਿੱਚ ਇਸ ਦੇ ਹੋਰ ਪੱਖ ਵੀ ਹੋਣ

ਅਹਿਸਾਸ ਦੀਆਂ ਵੱਖ ਵੱਖ ਕਿਸਮਾਂ ਅਤੇ ਸਾਡੇ ਸਰੀਰ ਵਿੱਚ ਅਹਿਸਾਸ ਕਿਵੇਂ ਕੰਮ ਕਰਦੇ ਹਨ ?

1. ਖ਼ੁਸ਼ੀ :- ਬਹੁਤ ਚੰਗੇ ਮਹਿਸੂਸ ਕੀਤੇ ਜਾਣ ਵਾਲੇ ਅਹਿਸਾਸਾਂ ਨੂੰ ਨਿਊਰੋਟ੍ਰਾਂਸਮੀਟਰ ਦੇ ਹਿਸਾਬ ਨਾਲ ਖ਼ੁਸ਼ੀ ਕਿਹਾ ਜਾਂਦਾ ਹੈ। ਸੇਰੋਟੋਨਿਨ ਸਰੀਰ ਵਿੱਚ ਸੰਤੁਸ਼ਟੀ ਅਤੇ ਅਨੰਦ ਦੀਆਂ ਭਾਵਨਾਵਾਂ ਦੀ ਅਗਵਾਈ ਕਰਦਾ ਹੈ। ਖ਼ੁਸ਼ੀ ਮਹਿਸੂਸ ਕਰਨ ਨੂੰ ਸਾਡੇ ਦਿਮਾਗ ਵਿਚ ਡੋਪਾਮਾਈਨ ਕੈਮੀਕਲ ਦੀ ਮਾਤਰਾ ਨਿਰਧਾਰਤ ਕਰਦੀ ਹੈ।ਡੋਪਾਮਾਈਨ ਦਿਮਾਗ ਨੂੰ ਕਈ ਚੰਗੇ ਕੰਮ ਕਰਨ ਲਈ ਪ੍ਰੇਰਿਤ ਕਰਦਾ ਹੈ ਤੇ ਇਨਾਮ ਦੀ ਮੰਗ ਵੀ ਕਰਦਾ ਹੈ।ਇਸ ਲਈ ਇਹ ਅਗਾਂਹਵਧੂ ਭਾਵਨਾਵਾਂ ਅਤੇ ਖ਼ੁਸ਼ੀ ਦੀਆਂ ਡੂੰਘੀਆਂ ਅਵਸਥਾਵਾਂ ਦਾ ਅਹਿਸਾਸ ਕਰਵਾਉਂਦਾ ਹੈ ਜਿਵੇਂ ਆਨੰਦ, ਉਤਸ਼ਾਹ, ਮਾਣ-ਸਨਮਾਨ, ਸਮਰੱਥਾ ਤੇ ਸਮੱਗਰੀ, ਧੰਨਵਾਦ/ਸ਼ੁਕਰਾਨਾ, ਮਨੋਰੰਜਨ, ਚੰਚਲਤਾ ਅਤੇ ਸੁਹੱਪਣ।

2. ਉਦਾਸੀ :- ਨਿਊਰੋਟ੍ਰਾਂਸਮੀਟਰ ਅਨੁਸਾਰ ਸੇਰੋਟੋਨਿਨ ਅਤੇ ਡੋਪਾਮਾਈਨ ਦੇ ਪੱਧਰ ਦਾ ਸਾਡੇ ਸਰੀਰ ਵਿੱਚ ਘੱਟ ਹੋ ਜਾਣਾ ਉਦਾਸੀ ਦਾ ਮੁੱਖ ਕਾਰਨ ਹੁੰਦਾ ਹੈ। ਇਸ ਨਾਲ ਸਾਡਾ ਮਨ ਉਦਾਸ ਰਹਿੰਦਾ ਹੈ ਤੇ ਬਹੁਤ ਘੱਟ ਕਿਰਿਆ ਕਰਦਾ ਹੈ। ਸਾਡੇ ਵਿੱਚ ਚਿੜਚਿੜਾਪਣ ਹੁੰਦਾ ਹੈ ਤੇ ਸਰੀਰਕ ਊਰਜਾ ਉੱਚ ਪੱਧਰ ਤੋਂ ਬਹੁਤ ਘੱਟ ਹੋ ਜਾਂਦੀ ਹੈ। ਇਸ ਦੇ ਕੁਝ ਪ੍ਰਮੁੱਖ ਲੱਛਣ ਜੋ ਅਸੀਂ ਮਹਿਸੂਸ ਕਰਦੇ ਹਾਂ ਜਿਵੇਂ ਨਿਰਾਸ਼ਾ, ਇਆਣਾ/ਅਣਜਾਣ, ਉਦਾਸੀਨ, ਬੋਰ ਹੋਣਾ, ਇਕੱਲਾਪਣ, ਨਾਖੁਸ਼ਗਵਾਰ ਅਤੇ ਨਾਖੁਸ਼ ਆਦਿ ਹਨ।

3. ਡਰ :- ਇਹ ਸਥਿਤੀ ਉਸ ਸਮੇਂ ਵਾਪਰਦੀ ਹੈ ਜਦੋਂ ਸਾਡਾ ਦਿਮਾਗ ਜਾਂ ਮਨ ਕੋਈ ਖਤਰਾ ਮਹਿਸੂਸ ਕਰਦਾ ਹੈ। ਸਾਡੇ ਨਰਵਸ ਸਿਸਟਮ ਵਿੱਚ ਇੱਕ ਪ੍ਰਤੀਕ੍ਰਿਆ ਪੈਦਾ ਹੁੰਦੀ ਹੈ ਜੋ ਖ਼ਤਰੇ ਤੋਂ ਸਾਡੇ ਸਰੀਰ ਨੂੰ ਸੁਚੇਤ ਕਰਦੀ ਹੈ, ਜਿਸ ਦੇ ਸਿੱਟੇ ਵਜੋਂ ਡਰ ਸਾਨੂੰ ਲੜਾਈ ਲਈ ਵੀ ਪ੍ਰੇਰਿਤ ਕਰ ਸਕਦਾ ਹੈ। ਡਰ ਦੇ ਪ੍ਰਮੁੱਖ ਕਾਰਣ ਹਨ ਜਿਵੇਂ ਡਰਿਆ ਹੋਇਆ ਮਨ, ਸਾਡਾ ਚਿੰਤਕ ਦਿਮਾਗ, ਘਬਰਾਹਟ ਹੋਣਾ, ਅਸੁਰੱਖਿਅਤ ਮਹਿਸੂਸ ਕਰਨਾ ਆਦਿ।

4. ਨਿਰਾਸ਼ਾ :- ਸਾਡਾ ਗੁੱਸਾ ਅਤੇ ਡਰ ਸਾਡੇ ਸਰੀਰ ਵਿੱਚ ਮਨੋਵਿਗਿਆਨਿਕ ਪ੍ਰਤੀਕ੍ਰਿਆ ਪੈਦਾ ਕਰਦਾ ਹੈ, ਜਿਸ ਨੂੰ ਅਸੀਂ ਨਿਰਾਸ਼ਾ ਕਹਿੰਦੇ ਹਾਂ। ਨਿਰਾਸ਼ਾ ਦੀ ਸਥਿਤੀ ਵਿੱਚ ਬਹੁਤ ਸਾਰੇ ਇੱਕੋ ਜਿਹੇ ਹਾਰਮੋਨਸ ਅਤੇ ਨਿਊਰੋਟ੍ਰਾਂਸਮੀਟਰ ਪੈਦਾ ਹੁੰਦੇ ਹਨ। ਨਿਰਾਸ਼ਾ ਦੀ ਅਵਸਥਾ ਵਿੱਚ ਅਸੀਂ ਤਣਾਅ ਤੋਂ ਛੁਟਕਾਰਾ ਪਾਉਣ ਲਈ ਉੱਚੀ ਉੱਚੀ ਰੌਲਾ ਪਾ ਕੇ ਜਾ ਕੋਈ ਨਕਾਰਾਤਮਕ ਕਿਰਿਆ ਕਰ ਕੇ ਜਾਂ ਕਿਸੇ ਦੀ ਕੁੱਟ ਮਾਰ ਕਰਕੇ ਜਾ ਕਿਸੇ ਵਸਤੂ ਵਿਸ਼ੇਸ਼ ਤੇ ਆਪਣੀ ਪ੍ਰਤੀਕ੍ਰਿਆ ਕਰਕੇ ਆਪਣੀ ਨਕਾਰਾਤਮਕ ਤਾਕਤ ਆਪਣੇ ਸਰੀਰ ਤੋਂ ਬਾਹਰ ਕੱਢ ਸਕਦੇ ਹਾਂ। ਨਿਰਾਸ਼ਾ ਦੇ ਮੁੱਖ ਅੰਸ਼ ਹਨ ਜਿਵੇਂ ਕਿ ਚਿੜਚਿੜਾ ਹੋਣਾ, ਪਾਗਲਪਣ ਕਰਨਾ, ਨਾਰਾਜ਼ਗੀ ਹੋਣਾ, ਈਰਖਾ ਕਰਨੀ, ਵੈਰ ਭਾਵਨਾ ਰੱਖਣਾ, ਸੰਦੇਹਜਨਕ ਆਦਿ।

5. ਹੈਰਾਨੀ :- ਸਾਡੇ ਸਰੀਰ ਵਿੱਚ ਬਹੁਤ ਤੇਜ਼ੀ ਨਾਲ ਸਕਾਰਾਤਮਕ ਜਾਂ ਨਕਾਰਾਤਮਕ ਪ੍ਰਤੀਕ੍ਰਿਆਵਾਂ ਦੇ ਹੋਣ ਨੂੰ ਅਸੀਂ ਹੈਰਾਨੀ ਦਾ ਕਾਰਨ ਮੰਨ ਸਕਦੇ ਹਾਂ ਜਾਂ ਹੈਰਾਨੀ ਹੋਣਾ ਕਹਿ ਸਕਦੇ ਹਾਂ। ਹੈਰਾਨੀ ਦੀ ਸਥਿਤੀ ਵਿੱਚ ਇਨਸਾਨ ਆਪਣੇ ਆਪ ਨੂੰ ਬਚਾਉਣ ਲਈ ਭੱਜ ਲਓ, ਨੱਸ ਲਓ ਪ੍ਰਤੀਕ੍ਰਿਆ ਕਰ ਸਕਦਾ ਹੈ। ਬਹੁਤ ਹੀ ਜ਼ਿਆਦਾ ਹੈਰਾਨੀ ਦੀ ਹਾਲਤ ਵਿੱਚ ਇਨਸਾਨ ਖ਼ੁਸ਼ੀ ਨਾਲ਼ ਪਾਗਲ ਹੋ ਸਕਦਾ ਹੈ ਜਾਂ ਥੋੜੀ ਜਿਹੀ ਹੈਰਾਨੀ ਨਾਲ਼ ਹਲਕਾ ਜਿਹਾ ਚੌਂਕ ਸਕਦਾ ਹੈ ਜਾਂ ਬੇਹੋਸ਼ ਜਾ ਬੇਸੁੱਧ ਵੀ ਹੋ ਸਕਦਾ ਹੈ। ਹੈਰਾਨੀ ਹੋਣ ਦੇ ਪ੍ਰਮੁੱਖ ਲੱਛਣ ਹਨ ਜਿਵੇਂ ਦੰਗ ਰਹਿ ਜਾਣਾ, ਹੈਰਾਨ ਹੋਣਾ ਜਾਂ ਡਰ ਜਾਣਾ ਆਦਿ।

ਅਹਿਸਾਸ, ਜੋ ਨਾ ਹੋ ਕੇ ਵੀ ਹੋਣ ਦਾ ਅਹਿਸਾਸ ਕਰਾਵੇ,
ਅਹਿਸਾਸ, ਜੋ ਦੂਰ ਹੋ ਕੇ ਵੀ ਨੇੜੇ ਹੋਣ ਦਾ ਅਹਿਸਾਸ ਕਰਾਵੇ,
ਅਹਿਸਾਸ, ਜੋ ਤੁਹਾਡਾ ਨਾ ਹੋ ਕੇ ਵੀ ਸਿਰਫ਼ ਤੁਹਾਡਾ ਕਿਹਾ ਜਾਵੇ,
ਅਹਿਸਾਸ, ਜੋ ਨਾ ਹੋ ਕੇ ਵੀ ਰੱਤ ਵਿੱਚ ਮਿਲ ਜਾਵੇ,
ਅਹਿਸਾਸ, ਜੋ ਮਰਨ ਤੋਂ ਬਾਅਦ ਅਮਰ ਕਰ ਦੇਣ,
ਅਹਿਸਾਸ, ਜੋ ਜੰਮਣ ਤੋਂ ਪਹਿਲਾਂ ਵਾਰਿਸ ਬਣਾ ਦੇਣ,
ਅਹਿਸਾਸ, ਜੋ ਗਰੀਬ ਹੋ ਕੇ ਵੀ ਅਮੀਰ ਕਹਿਲਾਵੇ,
ਅਹਿਸਾਸ, ਜੋ ਹਰ ਤਖ਼ਤ ਜਾਂ ਤਾਜ ਤੇ ਬਿਠਾਉਣ,
ਅਹਿਸਾਸ, ਜੋ ਜ਼ਿੰਦਾ ਦਿਲੀ ਨਾਲ ਪਿਆਰ ਜਤਾਵੇ,
ਅਹਿਸਾਸ, ਜੋ ਸਦੀਆਂ ਤੋਂ ਲੋਕ ਤੱਥ ਬਣ ਜਾਵਣ,
ਅਹਿਸਾਸ, ਜੋ ਪਾਕ ਪਵਿੱਤਰ ਹੋਣ ਦਾ ਵਾਅਦਾ ਨਿਭਾਵੇ,
ਅਹਿਸਾਸ, ਜੋ ਅਗਨੀ ਵਿੱਚ ਬੈਠ ਵੀ ਸੀਤ ਮੁਸਕੁਰਾਵੇ,
ਅਹਿਸਾਸ, ਜੋ ਸਿਰ ਦੇ ਕੇ ਸਿਦਕ ਨਿਭਾ ਜਾਵੇ,
ਅਹਿਸਾਸ, ਜੋ ਜ਼ਿੰਦਗੀ ਜਿਉਣ ਦਾ ਚੱਜ ਸਿਖਾਵੇ,
ਅਹਿਸਾਸ, ਜੋ ਹਰ ਖੁਸ਼ੀ ਤੇ ਹਰ ਗ਼ਮੀ ਬਣ ਜਾਵੇ,
ਅਹਿਸਾਸ, ਜੋ ਮਰੀਜ਼ ਨੂੰ ਦਵਾਈ ਬਣ ਸਿਹਤਯਾਬ ਕਰ ਜਾਵੇ,
ਅਹਿਸਾਸ, ਜੋ ਜਨਮ ਤੋਂ ਮਰਨ ਤੱਕ ਨਾਲ ਨਾਲ ਚੱਲਦੇ ਜਾਣ,
ਅਹਿਸਾਸ, ਜੋ ਬਿਨਾਂ ਪੜ੍ਹੇ ਵੀ ਸਭ ਪੜ੍ਹ ਜਾਵਣ,
ਅਹਿਸਾਸ, ਜੋ ਬਿਨਾਂ ਕਹੇ ਸਭ ਕੁਝ ਕਹਿ ਜਾਵਣ,
ਅਹਿਸਾਸ, ਜੋ ਮੁੜ ਮੁੜ ਆਉਣ, ਅਹਿਸਾਸ ਕਰਾਉਣ।
ਅਹਿਸਾਸ, ਜੋ ਹਕੀਕਤ ਬਣ ਜਾਣ।
ਅਹਿਸਾਸ, ਜੋ ਇਤਿਹਾਸ ਰਚ ਜਾਣ।

ਕਲਮਾਂ ਦੇ ਜਜ਼ਬਾਤ

# ਭਾਰਤ ਜੋੜੋ ਯਾਤਰਾ-ਅਧਿਨਾਇਕਵਾਦ ਦੇ ਖਿਲਾਫ਼ ਇਕ ਕਦਮ

ਅਮਰਜੀਤ ਅਰਪਨ



ਇਕ ਸੌ ਅੱਠ ਦਿਨਾਂ ਤੋਂ ਉਪਰ ਹੋ ਚੱਲੀ 'ਭਾਰਤ ਜੋੜੋ ਯਾਤਰਾ' ਬੇਸ਼ੱਕ ਕਾਂਗਰਸ ਦੇ ਮੁੱਖ ਚਿਹਰੇ ਰਾਹੁਲ ਦੇ ਯਤਨਾਂ ਨਾਲ ਕੇਰਲ ਤੋਂ ਖੁਰ ਨੱਪ ਕੇ ਦਿੱਲੀ ਪਹੁੰਚ ਚੁੱਕੀ ਹੈ। ਇਹ ਕੇਵਲ ਕਾਂਗਰਸ ਦੀ ਨਾ ਹੋ ਕੇ ਸਿਵਲ ਸੁਸਾਇਟੀ ਦੇ ਲੋਕਾਂ, ਗੈਰ- ਸਰਕਾਰੀ ਸੰਗਠਨਾਂ ਵਿਚ ਕੰਮ ਕਰਦੇ ਕਾਰਕੁੰਨਾਂ, ਪ੍ਰਬੁੱਧ ਪੱਤਰਕਾਰਾਂ ਤੇ ਹੋਰ ਰਾਜਨੀਤਕ ਲੋਕਾਂ ਦੀ ਸਹਾਨਭੂਤੀ ਤੋਂ ਇਲਾਵਾ ਲੇਖਕਾਂ, ਕਾਲਮਨਵੀਸਾਂ, ਬੇਰੁਜ਼ਗਾਰ ਨੌਜਵਾਨਾਂ, ਵਿਦਿਆਰਥੀਆਂ ਦੀ ਸਾਂਝੀ ਯਾਤਰਾ ਦਾ ਪ੍ਰਭਾਵ ਦੇ ਰਹੀ ਹੈ।ਸਾਡੇ ਵਰਗੇ ਲੋਕ ਸ਼ੁਰੂ ਤੋਂ ਹੀ ਇਸ ਯਾਤਰਾ ਨੂੰ ਸਕਾਰਾਤਮਕ ਦ੍ਰਿਸ਼ਟੀ ਨਾਲ ਵੇਖ ਰਹੇ ਸਨ,ਉਹ ਇਸ ਕਰਕੇ ਕਿ ਸੰਨ ਚੌਦਾਂ ਤੋਂ ਬੀਜੇਪੀ ਦੀ ਸੱਤਾ ਆਉਣ ਉਪਰੰਤ ਜੋ ਸੁਸਾਇਟੀ ਵਿੱਚ ਨਫ਼ਰਤੀ ਕਤਾਰਬੰਦੀ ਹੋਈ ਤੇ ਸੰਵਿਧਾਨਕ ਸੰਸਥਾਵਾਂ ਦਾ ਘਾਣ ਹੋਇਆ ਉਹ ਦੇਸ਼ ਨੂੰ ਕਿਸੇ ਹਨੇਰੀ ਗੁਫ਼ਾ ਵਿਚ ਧੱਕਣ ਦੇ ਨਿਆਈਂ ਹੈ। ਇਸ ਸਭ ਕੁੱਝ ਤੋਂ ਇਲਾਵਾ ਬਹੁਗਿਣਤੀਵਾਦ ਦਾ ਵਰਚੱਸਵ ਤੇ ਭੀੜ ਮਾਨਸਿਕਤਾ ਦੀ ਉਸਾਰੀ ਦੇਸ਼ ਦੀਆਂ ਘੱਟਗਿਣਤੀਆਂ ਲਈ ਇਕ ਵੱਡਾ ਖਤਰਾ ਬਣ ਖਲੋਤਾ ਹੈ। ਪੂਰੇ ਦੇ ਪੂਰੇ ਦੇਸ਼ ਨੂੰ ਇਕ ਰੰਗ ਵਿਚ ਵੇਖਣ ਦੀ ਨਾਕਾਰਾਤਮਿਕ ਜਨੂੰਨੀਅਤ ਜਿਸ ਕਦਰ ਸੱਤਾ 'ਤੇ ਭਾਰੂ ਹੈ ਉਹ ਦੇਸ਼ ਦੇ ਧਰਮ ਨਿਰਪੱਖ ਕਿਰਦਾਰ, ਦੇਸ਼ ਦੀ ਵਿਭਿੰਨਤਾ, ਸਹਿਹੋਂਦ ਤੇ ਭਾਈਚਾਰਕ ਸਾਂਝ ਲਈ ਖਤਰੇ ਦੀ ਘੰਟੀ ਬਣ ਰਹੀ ਹੈ। ਜਿਸ ਢੰਗ ਨਾਲ ਮੁੱਖ ਧਰਾਈ ਮੀਡੀਆ ਸੱਤਾ ਅੱਗੇ ਡੰਡੌਤ ਕਰ ਰਿਹਾ ਹੈ ਉਹ ਲੋਕਤੰਤਰੀ ਸਪਿਰਟ ਦੀ ਸੰਘੀ ਘੁੱਟਣ ਵੱਲ ਇਕ ਸੰਕੇਤ ਹੈ।ਇਹ ਸੰਕੇਤ ਇਕਾਧਿਨਾਇਕਵਾਦ ਔਰ ਇਕੋ ਇਕ ਵਿਚਾਰਧਾਰਕ ਪਹੁੰਚ ਦਾ ਹਾਮੀ ਹੈ।ਇਹੋ ਜਿਹੇ ਹਾਲਾਤ ਦੇਸ਼ ਦੇ ਲੋਕਾਂ ਲਈ ਕਦੀ ਵੀ ਸੁਖਾਵੇਂ ਨਹੀਂ ਹੋ ਸਕਦੇ ਤੇ ਨਾਲ ਨਾਲ ਸਲੈਕਟਿਵ ਕਿਸਮ ਦਾ ਕਾਰਪੋਰੇਟ ਜਿਹੜਾ ਸੱਤਾ ਦਾ ਦੁਲਾਰਾ ਹੋਵੇ ਤੇ ਜਿਹੜਾ ਦੇਸ਼ ਦੀ ਧਰੋਹਰ ਨੂੰ ਕੌਡੀਆਂ ਦੇ ਭਾਅ ਹਥਿਆ ਰਿਹਾ ਹੋਵੇ..ਸੋਚੋ, ਉਹ ਦੇਸ਼ ਕਿੱਧਰ ਨੂੰ ਜਾ ਰਿਹਾ ਹੈ ਤੇ ਉਹਦਾ ਭਵਿੱਖ ਕੀ ਹੋਵੇਗਾ ? ਇਹ ਦੇਸ਼ ਦੇ ਲੋਕਾਂ ਅੱਗੇ ਬਹੁਤ ਵੱਡੀ ਚਣੌਤੀ ਹੈ। ਇਸ ਚਣੌਤੀ ਨਾਲ ਸਿੰਝਣਾ ਧਰਮ ਨਿਰਪੱਖ ਸ਼ਕਤੀਆਂ, ਲੋਕਤੰਤਰ ਦੀ ਸਪਿਰਟ ਨੂੰ ਜਿਉਂਦਾ ਰੱਖਣ ਵਾਲੀਆਂ ਧਿਰਾਂ, ਲੇਖਕਾਂ, ਚਿੰਤਕਾਂ, ਨੌਜਵਾਨਾਂ, ਵਿਦਿਆਰਥੀਆਂ ਦਾ ਸਾਂਝਾ ਯਤਨ ਹੈ ਤੇ ਇਹੀ ਸਮੇਂ ਦੀ ਆਵਾਜ਼ ਹੈ। ਇਸ ਯਤਨ ਦਾ 'ਭਾਰਤ ਜੋੜੋ ਯਾਤਰਾ' ਦਾ ਸਮੇਂ ਤੇ ਪੁੱਟਿਆ ਇਕ ਸਾਰਥਕ ਕਦਮ ਹੈ, ਇਸ ਦਾ ਸੁਆਗਤ ਹੋਣਾ ਚਾਹੀਦਾ ਹੈ।

ਬੇਸ਼ੱਕ ਇਸ ਯਾਤਰਾ ਦਾ ਮੁੱਖ ਚਿਹਰਾ ਰਾਹੁਲ ਬਣ ਰਿਹਾ ਹੈ ਪਰ ਫਿਰ ਵੀ ਏਸ ਨੂੰ ਕਾਂਗਰਸ ਤੱਕ ਸਮੇਟਣ ਵਾਲੀ ਦ੍ਰਿਸ਼ਟੀ ਦੋਸ਼ਪੂਰਨ ਹੋਵੇਗੀ। ਇਕ ਤਾਂ ਰਾਹੁਲ ਅਤੇ ਉਹਦੇ ਸਾਥੀਆਂ ਦਾ ਸ਼ੁਰੂ ਦਾ ਐਲਾਨ ਕਿ ਇਹ ਯਾਤਰਾ ਕਾਂਗਰਸ ਪਾਰਟੀ ਦੀ ਯਾਤਰਾ ਨਹੀਂ ਬਲਕਿ ਇਹ ਇਕ ਖੁਲ੍ਹਾ ਮੰਚ ਹੈ ਜਿਹੜਾ ਇਕਾਅਧਿਕਾਰਵਾਦੀ ਸ਼ਕਤੀਆਂ ਦੇ ਖਿਲਾਫ਼ ਨਫ਼ਰਤ ਦੇ ਵਿਰੁੱਧ ਭਾਈਚਾਰਕ ਸਾਂਝ ਦਾ ਹੈ। ਇਸ ਯਾਤਰਾ ਦਾ ਮੁੱਖ ਉਦੇਸ਼ ਹਿੰਦੂ, ਸਿੱਖ, ਮੁਸਲਮਾਨ ਤੋਂ ਉਪਰ ਉਠ ਕੇ ਦੇਸ਼ ਦੀ ਵਿਭਿੰਨਤਾ ਨੂੰ ਇਕ ਸੂਤਰ ਵਿਚ ਬੰਨ੍ਹਣਾ ਹੈ ਪਰ ਇਸ ਵਡੇਰੇ ਉਦੇਸ਼ ਤੋਂ ਇਲਾਵਾ ਮਹਿੰਗਾਈ, ਬੇਰੁਜ਼ਗਾਰੀ ਦੇ ਨਾਲ ਨਾਲ ਮਨੌਪਲਿਸਟਾਂ ਦੇ ਖ਼ਿਲਾਫ਼ ਵੀ ਇਕ ਵਿਖਾਈ ਦਿੰਦਾ ਰੁਖ ਹੈ।

ਭਾਰਤ ਜੋੜੋ ਯਾਤਰਾ ਆਪਣੇ ਉਪਰੋਕਤ ਅਜੰਡੇ ਤੋਂ ਇਲਾਵਾ ਸੰਸਦ ਤੋਂ ਸੜਕ 'ਤੇ ਉਤਰ ਕੇ ਆਮ ਲੋਕਾਂ ਨਾਲ ਰਾਬਤਾ ਵੀ ਜੋੜ ਰਹੀ ਹੈ ਜਿਹੜੀ ਇਲੀਟ ਕਿਸਮ ਦੀ ਰਾਜਨੀਤੀ ਦੇ ਵਿਰੁੱਧ ਲੋਕ ਰਾਜਨੀਤੀ ਵੱਲ ਰਸਤਾ ਖੋਲ੍ਹਣ ਦਾ ਰਾਹ ਦਰਸਾਵਾ ਹੈ। ਇਹ ਕਦਮ ਮੌਜੂਦਾ ਹਾਲਾਤਾਂ ਵਿਚ ਵੱਡਾ ਕੂਟਨੀਤਿਕ ਅਤੇ ਰਣਨੀਤਕ ਕਦਮ ਹੈ ਜੋ ਸਿਥਲ ਹੋ ਚੁੱਕੀ ਵਿਰੋਧੀ ਰਾਜਨੀਤੀ ਲਈ ਇਕ ਬਿਸਾਤ ਵਿਛਾ ਰਿਹਾ ਹੈ।ਮੌਜੂਦਾ ਹਾਲਾਤਾਂ ਵਿਚ ਜਿੱਥੇ ਦੇਸ਼ ਦੀ ਵੱਡੀ ਪਾਰਟੀ ਕਾਂਗਰਸ ਬਿਖਰਾਉ ਵਿਚ ਸੀ, ਓਥੇ ਖੱਬੇਪੱਖੀ ਧਿਰਾਂ ਕਾਫ਼ੀ ਕਮਜ਼ੋਰ ਹੋ ਚੁੱਕੀਆਂ ਹਨ। ਖੇਤਰੀ ਪਾਰਟੀਆਂ ਵੀ ਪਰਿਵਾਰ ਵਾਦ ਜਾਂ ਕੁੱਝ ਚਿਹਰਿਆਂ ਤੱਕ ਸਿਮਟ ਕੇ ਖੇਤਰੀ ਉਮੰਗਾਂ ਤੋਂ ਕਿਨਾਰਾ ਕਰਕੇ ਜ਼ਿਆਦਾਤਰ ਕੁਰੱਪਟ ਹੋ ਚੁੱਕੀਆਂ ਹਨ। ਇਸ ਵੇਲੇ ਦੇਸ਼ ਕਿਸੇ ਡੂੰਘੇ ਭੰਵਰ ਵਿਚ ਫਸਿਆ ਵਿਖਾਈ ਦੇ ਰਿਹਾ ਹੈ, ਬੇਸ਼ੱਕ ਦੱਖਣਪੰਥੀ ਤਾਕਤਾਂ ਜਸ਼ਨ ਦੇ ਮਾਹੌਲ ਵਿਚ ਨੇ,ਪਰ ਚਿੰਤਨਸ਼ੀਲ ਲੋਕ ਦੇਸ਼ ਦੇ ਹਾਲਾਤਾਂ ਤੋਂ ਚਿੰਤਤ ਹਨ। ਪ੍ਰਗਤੀਸ਼ੀਲ ਤਾਕਤਾਂ, ਲੇਖਕਾਂ, ਚਿੰਤਕਾਂ, ਵਿਦਿਆਰਥੀਆਂ, ਨੌਜਵਾਨਾਂ ਤੇ ਹੋਰ ਲੋਕਮੁੱਖੀ ਧਿਰਾਂ ਨੂੰ ਇਹ ਯਾਤਰਾ ਸਕਾਰਾਤਮਕ ਢੰਗ ਨਾਲ ਵੇਖ ਕੇ ਆਪਣੀ ਬਣਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਅਗਰ ਇਕ ਕਦਮ ਪਿੱਛੇ ਹਟ ਕੇ ਦੋ ਕਦਮ ਅੱਗੇ ਵੱਧਣ ਦੀ ਸੰਭਾਵਨਾ ਵਿਖਾਈ ਦੇ ਰਹੀ ਹੈ ਤਾਂ ਇਹ ਕੋਈ ਘਾਟੇਵੰਦ ਕਦਮ ਨਹੀਂ ਹੈ। ਇਸ ਨਾਲ ਜਿੱਥੇ ਇਕਾਧਿਕਾਰਵਾਦੀ ਰੁੱਚੀ ਨੂੰ ਠਲ੍ਹ ਪਵੇਗੀ ਓਥੇ ਦਮਿਤਾਂ, ਦਲਿਤਾਂ, ਬੇਰੁਜਗਾਰਾਂ, ਮਹਿੰਗਾਈ ਤੇ ਹੋਰ ਅਲਾਮਤਾਂ ਤੋਂ ਛੁਟਕਾਰਾ ਪੈਣ ਦੀ ਸੰਭਾਵਨਾ ਵੇਖੀ ਜਾ ਸਕਦੀ ਹੈ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




ਇਕਵਾਕ ਸਿੰਘ ਪੱਟੀ
ਮੋ. 98150-24920



# ਗੁਰਮਤਿ ਅਨੁਸਾਰ ਮਾਤਾ-ਪਿਤਾ ਦਾ ਬੱਚਿਆਂ ਪ੍ਰਤੀ ਫਰਜ਼

ਕਹਿੰਦੇ ਨੇ ਈਸਾਈ ਧਰਮ ਵਿਚ ਇਕ ਫ਼ਿਲਾਸਫ਼ਰ ਹੋਇਆ ਹੈ, ਜਿਸ ਨੂੰ ਪੰਜ ਸਾਲ ਦੀ ਉਮਰ ਵਿਚ ਪੂਰੀ ਬਾਇਬਲ ਯਾਦ ਸੀ। ਜਦੋਂ ਉਸ ਨੂੰ ਇਸ ਦਾ ਕਾਰਨ ਪੁੱਛਿਆ ਤਾਂ ਉਸ ਨੇ ਜੁਆਬ ਦਿੱਤਾ ਕਿ ਮੇਰੀ ਮਾਂ ਨੇ ਛੋਟੇ ਹੁੰਦਿਆਂ ਮੇਰੇ ਸੋਟੀਆਂ ਮਾਰ-ਮਾਰ ਕੇ ਮੈਨੂੰ ਬਾਇਬਲ ਯਾਦ ਕਰਵਾ ਦਿੱਤੀ ਸੀ। ਇਸ ਤਰ੍ਹਾਂ ਹੁਣ ਇਹ ਮੇਰੀ ਚਮੜੀ ਵਿਚ ਰਚ ਗਈ। ਨਿਪੋਲੀਅਨ ਦਾ ਵਿਚਾਰ ਹੈ ਕਿ 'ਚੰਗੀਆਂ ਮਾਵਾਂ' ਹੀ ਚੰਗੇ ਸਮਾਜ ਨੂੰ ਜਨਮ ਦੇ ਸਕਦੀਆਂ ਹਨ। ਚੰਗਾ ਸਮਾਜ ਸਿਰਜ ਸਕਦੀਆਂ ਹਨ।

ਜਦੋਂ ਬਾਬਾ ਫਰੀਦ ਜੀ ਛੋਟੀ ਉਮਰ ਦੇ ਸਨ ਤਾਂ ਉਨ੍ਹਾਂ ਦੀ ਮਾਤਾ ਨੇ ਆਖਿਆ ਕਿ ਬੱਚਾ ਤੂੰ ਖ਼ੁਦਾ, ਅੱਲਾ-ਤਾਲਾ ਨੂੰ ਯਾਦ ਕਰਿਆ ਕਰ ਤਾਂ ਬਾਬਾ ਜੀ ਨੇ ਪੁੱਛਿਆ ਕਿ ਮਾਤਾ ਜੀ ਫਿਰ ਅੱਲਾ ਮੈਨੂੰ ਕੀ ਦੇਵੇਗਾ ? ਤਾਂ ਮਾਤਾ ਕਹਿਣ ਲੱਗੀ ਖ਼ੁਦਾ ਤੈਨੂੰ ਗੁੜ ਦਿਆ ਕਰੇਗਾ। ਮਾਤਾ ਨੇ ਹਰ ਰੋਜ਼ ਮੰਜੇ ਥੱਲੇ ਗੁੜ ਰੱਖ ਕੇ ਉਸ ਬੱਚੇ ਨੂੰ ਖ਼ੁਦਾ ਦਾ ਨਾਮ ਜਪਣ 'ਤੇ ਲਗਾ ਦਿੱਤਾ ਤੇ ਫਿਰ ਨਾਮ ਜਪਦੇ-ਜਪਦੇ ਨਾਮ ਇਤਨਾ ਮਿੱਠਾ ਲੱਗਾ ਕਿ ਉਹ ਆਪ ਇਹ ਗੱਲ ਕਹਿ ਉਠੇ :

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥ (ਪੰਨਾ ੧੩੭੯)

ਜਦੋਂ ਅਸੀਂ ਇਤਿਹਾਸ ਪੜ੍ਹਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਜਦੋਂ ਇਕ ਕਿਰਤੀ ਸਿੱਖ ਭਾਈ ਬਦਰ ਸਿੰਘ ਜੀ ਚੜ੍ਹਾਈ ਕਰ ਗਏ ਤਾਂ ਉਨ੍ਹਾਂ ਦੀ ਪਤਨੀ ਨੇ ਬਾਪ ਵਿਹੂਣੇ ਬੱਚੇ ਦਾ ਪਾਲਣ-ਪੋਸ਼ਣ ਅਜਿਹੇ ਸੁਚੱਜੇ ਢੰਗ ਨਾਲ ਕੀਤਾ ਕਿ ਉਹੀ ਬੱਚਾ ਇਕ ਦਿਨ 'ਸੁਲਤਾਨ-ਉਲ-ਕੌਮ' ਜੱਸਾ ਸਿੰਘ ਆਹਲੂਵਾਲੀਆ ਹੋ ਨਿਬੜਿਆ, ਕਿਉਂਕਿ ਉਸ ਦੀ ਮਾਂ ਨੇ ਛੋਟੇ ਹੁੰਦਿਆਂ ਤੋਂ ਹੀ ਉਸ ਦੇ ਕੰਨਾਂ ਵਿਚ ਗੁਰਬਾਣੀ ਦੇ ਸਿਧਾਂਤ ਪਾ ਕੇ ਉਸ ਨੂੰ ਹਰ ਪੱਖੋਂ ਧਰਮੀ ਬਣਾ ਦਿੱਤਾ ਸੀ। ਇਹ ਹੈ ਧਰਮੀ ਮਾਂ ਦਾ ਫਰਜ਼। ਇਹ ਹੈ ਧਰਮੀ ਅਤੇ ਅਕਲਮੰਦ ਮਾਵਾਂ ਦੀ ਨਿਸ਼ਾਨੀ। ਮਾਂ ਹੋਣੀ ਚਾਹੀਦੀ ਹੈ ਮਾਤਾ ਭਾਨੀ ਜੀ ਵਰਗੀ, ਕਿਉਂਕਿ ਜਦੋਂ ਅਸੀਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਪੜ੍ਹਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਕਿਸ ਤਰ੍ਹਾਂ ਜੇਠ ਮਹੀਨੇ ਦੀ ਕੜ੍ਹਦੀ ਧੁੱਪ ਵਿਚ, ਤੱਤੀ ਤਵੀ ਉਪਰ ਬੈਠਿਆਂ, ਸਿਰ 'ਤੇ ਗਰਮ ਰੇਤ ਪਵਾ ਕੇ ਵੀ ਸਤਿਗੁਰੂ ਜੀ ਅਡੋਲ ਚਿੱਤ ਰਹੇ ਅਤੇ ਮੁੱਖੋਂ ਉਚਾਰ ਰਹੇ ਸਨ:

ਜਦੋਂ ਅਸੀਂ ਇਤਿਹਾਸ ਪੜ੍ਹਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਜਦੋਂ ਇਕ ਕਿਰਤੀ ਸਿੱਖ ਭਾਈ ਬਦਰ ਸਿੰਘ ਜੀ ਚੜ੍ਹਾਈ ਕਰ ਗਏ ਤਾਂ ਉਨ੍ਹਾਂ ਦੀ ਪਤਨੀ ਨੇ ਬਾਪ ਵਿਹੂਣੇ ਬੱਚੇ ਦਾ ਪਾਲਣ-ਪੋਸ਼ਣ ਅਜਿਹੇ ਸੁਚੱਜੇ ਢੰਗ ਨਾਲ ਕੀਤਾ ਕਿ ਉਹੀ ਬੱਚਾ ਇਕ ਦਿਨ 'ਸੁਲਤਾਨ-ਉਲ-ਕੌਮ' ਜੱਸਾ ਸਿੰਘ ਆਹਲੂਵਾਲੀਆ ਹੋ ਨਿਬੜਿਆ, ਕਿਉਂਕਿ ਉਸ ਦੀ ਮਾਂ ਨੇ ਛੋਟੇ ਹੁੰਦਿਆਂ ਤੋਂ ਹੀ ਉਸ ਦੇ ਕੰਨਾਂ ਵਿਚ ਗੁਰਬਾਣੀ ਦੇ ਸਿਧਾਂਤ ਪਾ ਕੇ ਉਸ ਨੂੰ ਹਰ ਪੱਖੋਂ ਧਰਮੀ ਬਣਾ ਦਿੱਤਾ ਸੀ। ਇਹ ਹੈ ਧਰਮੀ ਮਾਂ ਦਾ ਫਰਜ਼। ਇਹ ਹੈ ਧਰਮੀ ਅਤੇ ਅਕਲਮੰਦ ਮਾਵਾਂ ਦੀ ਨਿਸ਼ਾਨੀ। ਮਾਂ ਹੋਣੀ ਚਾਹੀਦੀ ਹੈ ਮਾਤਾ ਭਾਨੀ ਜੀ ਵਰਗੀ, ਕਿਉਂਕਿ ਜਦੋਂ ਅਸੀਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਪੜ੍ਹਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਕਿਸ ਤਰ੍ਹਾਂ ਜੇਠ ਮਹੀਨੇ ਦੀ ਕੜ੍ਹਦੀ ਧੁੱਪ ਵਿਚ, ਤੱਤੀ ਤਵੀ ਉਪਰ ਬੈਠਿਆਂ, ਸਿਰ 'ਤੇ ਗਰਮ ਰੇਤ ਪਵਾ ਕੇ ਵੀ ਸਤਿਗੁਰੂ ਜੀ ਅਡੋਲ ਚਿੱਤ ਰਹੇ ਅਤੇ ਮੁੱਖੋਂ ਉਚਾਰ ਰਹੇ ਸਨ

ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥
(ਪੰਨਾ ੩੯੪)

ਸੋ, ਹਰੇਕ ਮਾਤਾ ਨੂੰ ਮਾਤਾ ਭਾਨੀ ਜੀ ਵਰਗਾ ਰੋਲ ਅਦਾ ਕਰਨ ਦੀ ਲੋੜ ਹੈ ਕਿਉਂਕਿ ਬੱਚੇ ਦਾ ਪਹਿਲਾ ਸਕੂਲ ਮਾਤਾ ਦੀ ਗੋਦ ਹੁੰਦਾ ਹੈ।

ਇਕ ਮਾਂ ਹੀ ਅਜਿਹੀ ਹੈ ਜੋ ਚਾਹੇ ਤਾਂ ਆਪਣੇ ਬੱਚੇ ਨੂੰ ਧਰਮੀ ਬਣਾ ਸਕਦੀ ਹੈ। ਪਰ ਅੱਜ ਕੀ ਕਾਰਨ ਹੈ ਕਿ ਸਾਡੇ ਬੱਚੇ ਪਤਿਤਪੁਣੇ ਅਤੇ ਨਸ਼ਿਆਂ ਦੀ ਦਲਦਲ ਵਿਚ ਜਾ ਫਸੇ ਹਨ ? ਕੇਸ ਕਟਾ ਕੇ ਦਸਤਾਰ ਕਿਉਂ ਤਿਆਗ ਚੁੱਕੇ ਹਨ ? ਗੁਰੂ ਤੋਂ ਬੇਮੁਖ ਕਿਉਂ ਹੋ ਗਏ ਹਨ ? ਮੁੱਖ ਰੂਪ ਵਿਚ ਅੱਜ ਦੇ ਮਾਤਾ-ਪਿਤਾ ਜ਼ਿਆਦਾ ਜ਼ਿੰਮੇਵਾਰ ਹਨ। ਕਿਉਂਕਿ ਮਾਂ-ਬਾਪ ਦਾ ਫਰਜ਼ ਹੈ ਕਿ ਆਪਣੇ ਬੱਚੇ ਨੂੰ ਦੁਨਿਆਵੀ ਵਿੱਦਿਆ ਦੇ ਨਾਲ-ਨਾਲ ਧਰਮ ਦੀ ਸਿੱਖਿਆ ਵੀ ਦਿੱਤੀ ਜਾਵੇ। ਸੋ ਮਾਂ ਦਾ ਫ਼ਰਜ਼ ਹੈ ਕਿ ਉਹ ਬੱਚੇ ਨੂੰ ਧਰਮ ਦੀ ਸਿੱਖਿਆ ਦੇਵੇ, ਪਰ ਅਫ਼ਸੋਸ ਅੱਜ ਅਸੀਂ ਛੋਟੇ-ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਭਾਈ ਮਨੀ ਸਿੰਘ ਜੀ, ਭਾਈ ਸੁਬੇਗ ਸਿੰਘ, ਭਾਈ ਸ਼ਾਹਬਾਜ਼ ਸਿੰਘ, ਭਾਈ ਤਾਰੂ ਸਿੰਘ ਜੀ, ਬਾਬਾ ਬੰਦਾ ਸਿੰਘ ਜੀ ਬਹਾਦਰ, ਭਾਈ ਮਤੀ ਦਾਸ, ਭਾਈ ਸਤੀ ਦਾਸ ਵਰਗੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਬੱਚਿਆਂ ਤੱਕ ਪਹੁੰਚਾ ਨਹੀਂ ਸਕੇ, ਕਿਉਂਕਿ ਮਾਂ-ਬਾਪ ਆਪ ਇਸ ਪੱਖੋਂ ਕੋਰੇ ਹਨ। ਸਭ ਤੋਂ ਪਹਿਲਾਂ ਸਿੱਖੀ ਘਰੋਂ ਮਿਲਣੀ ਸੀ ਪਰ ਮਾਤਾ-ਪਿਤਾ ਆਪ ਸਿੱਖੀ ਤੋਂ ਅਣਜਾਣ ਹਨ, ਬੱਚਿਆਂ ਨੂੰ ਕੀ ਸਿਖਾਉਣਗੇ ? ਅੱਜ ਸ਼ਾਇਦ ਹੀ ਕੋਈ ਮਾਂ ਆਪਣੇ ਬੱਚੇ ਨੂੰ ਕਹਿੰਦੀ ਹੋਵੇਗੀ ਕਿ ਬੇਟਾ ਤੂੰ ਮੈਨੂੰ ਮੂਲ-ਮੰਤਰ ਦਾ ਪਾਠ ਸੁਣਾ, ਮੈਂ ਤੈਨੂੰ ਟਾਫੀਆਂ ਦਿਆਂਗੀ ਜਾਂ ਅੱਜ ਸ਼ਾਮੀ ਰਹਿਰਾਸ ਦਾ ਪਾਠ ਤੂੰ ਕਰੇਂਗਾ ਤਾਂ ਤੈਨੂੰ ਚਾਕਲੇਟ ਦਿਆਂਗੀ ਜਾਂ ਫਿਰ ਜੇ ਤੂੰ ਰੋਜ਼ ਸਕੂਲ ਜਾਣ ਤੋਂ ਪਹਿਲਾਂ ਪਾਠ ਕਰੇਂਗਾ ਤਾਂ ਤੈਨੂੰ ਪੜ੍ਹਾਈ ਜ਼ਿਆਦਾ ਆਵੇਗੀ। ਅੱਜ ਬੱਚੇ ਉਠਦੇ ਹੀ ਟੀ.ਵੀ. ਦੇਖਦੇ ਹਨ ਜਿਸ ਉਪਰ ਅਸ਼ਲੀਲ ਗਾਣੇ ਚਲ ਰਹੇ ਹੁੰਦੇ ਹਨ। ਫਿਰ ਦੱਸੋ ਬੱਚਾ ਕਿਵੇਂ ਧਰਮੀ ਅਤੇ ਸਦਾਚਾਰਕ ਗੁਣਾਂ ਦਾ ਧਾਰਨੀ ਬਣ ਸਕਦਾ ਹੈ। ਟੀ.ਵੀ ਵਿਚ ਜੋ ਦਿਖਾਇਆ ਜਾ ਰਿਹਾ ਹੈ, ਉਹ ਸਿੱਖੀ ਦੇ ਉੱਚੇ-ਸੁੱਚੇ, ਮਹਾਨ ਆਦਰਸ਼ਾਂ ਨੂੰ ਸੱਟ ਮਾਰਨ ਵਾਲਾ ਹੈ; ਜਿਸ ਨੂੰ ਬੱਚੇ ਬਾਰ-ਬਾਰ ਦੇਖਦੇ ਹਨ ਅਤੇ ਸੁਣਦੇ ਹਨ। ਸਿੱਖੀ ਬਾਰੇ ਕੋਈ ਗਿਆਨ ਨਾ ਹੋਣ ਕਾਰਨ ਮੱਲੋ-ਮੱਲੀ ਉਸ ਵਰਗਾ ਬਣਨਾ ਚਾਹੁੰਦੇ ਹਨ। ਅੱਜ ਦਾ ਨੌਜਵਾਨ ਕੱਚੇ ਘੜੇ 'ਤੇ ਤੈਰਨ ਵਾਲੀ ਕੁੜੀ ਬਾਰੇ ਤਾਂ ਜਾਣਦਾ ਹੈ, ਪਰ ਕੱਚੀ ਗੜ੍ਹੀ ਵਿਚ ਦਸ ਲੱਖ ਫ਼ੌਜਾਂ ਨਾਲ ਲੜਨ ਵਾਲੇ ਗੁਰੂ ਦੇ 40 ਸਿੰਘਾਂ ਦੀ ਸ਼ਹੀਦੀ ਤੋਂ ਅਣਜਾਣ ਹੈ। ਅੱਜ ਮਿਸ ਪੰਜਾਬਣ, ਗਾਉਣ, ਹਸਾਉਣ, ਭੰਗੜੇ ਅਤੇ ਗਲੈਮਰ ਸ਼ੋਅ ਲਈ ਸਮਾਂ ਹੈ। ਦਿਨ-ਰਾਤ ਤਿਆਰੀ ਹੁੰਦੀ ਹੈ, ਅਭਿਆਸ ਹੁੰਦੇ ਹਨ, ਪਰ ਧਾਰਮਿਕ ਪੜ੍ਹਾਈ ਜਾਂ ਗੁਰਮਤਿ ਕਲਾਸ ਲਈ ਉੱਤਰ ਮਿਲਦਾ ਹੈ ਕਿ ਸਿਲੇਬਸ ਬੜਾ ਔਖਾ ਹੈ, ਪੜ੍ਹਾਈ ਖ਼ਰਾਬ ਹੋਵੇਗੀ।





ਜੇਕਰ ਮਾਂ ਹੀ ਬੱਚੇ ਨੂੰ ਨੈਤਿਕ ਸਿਖਿਆ ਨਾ ਦੇਵੇ ਤਾਂ ਕੌਣ ਬਚਾ ਸਕਦਾ ਹੈ ? ਜੇ ਮਾਂ ਅਣਗਹਿਲੀ ਕਰਦੀ ਹੈ ਤਾਂ ਉਹ ਆਪ ਜ਼ਿੰਮੇਵਾਰ ਹੈ, ਨਾਲ ਪਿਤਾ ਵੀ।

ਇਕ ਸਮਾਂ ਸੀ ਕਿ ਇਤਨੀਆਂ ਮਹਾਨ ਮਾਤਾਵਾਂ ਹੁੰਦੀਆਂ ਸਨ, ਜਿਹੜੀਆਂ ਜੰਗਾਂ-ਯੁੱਧਾਂ ਵਿਚ ਜਦੋਂ ਕਿਸੇ ਮਾਂ ਦਾ ਪੁੱਤਰ ਸ਼ਹੀਦ ਹੋ ਜਾਣਾ ਤਾਂ ਜਦ ਉਸ ਦਾ ਮ੍ਰਿਤਕ ਸਰੀਰ ਘਰ ਲਿਆਂਦਾ ਜਾਣਾ ਤਾਂ ਦਰਵਾਜ਼ਾ ਖੋਲ੍ਹਣ ਤੋਂ ਪਹਿਲਾਂ ਪੁੱਛ ਕਰਨੀ ਕਿ 'ਜੇ ਗੋਲੀ ਜਾਂ ਫੱਟ ਇਸ ਦੀ ਛਾਤੀ ਵਿਚ ਲੱਗਾ ਹੈ ਤਾਂ ਅੰਦਰ ਲੈ ਆਵੋ, ਜੇਕਰ ਪਿੱਠ ਵਿਚ ਹੈ ਤਾਂ ਵਾਪਸ ਲੈ ਜਾਵੋ।'

ਜਦੋਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਪੜ੍ਹਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਮਾਤਾ ਗੁਜਰੀ ਜੀ ਦੀ ਗੁੜ੍ਹਤੀ ਸਦਕਾ 7 ਅਤੇ 9 ਸਾਲ ਦੀ ਉਮਰ ਦੇ ਲਾਲ, ਸੂਬੇਦਾਰ ਵਜ਼ੀਰ ਖ਼ਾਨ ਤੋਂ ਵੀ ਨਾ ਘਬਰਾਏ ਅਤੇ ਜੇਕਰ ਜ਼ਾਲਮਾਂ ਵੱਲੋਂ ਧਰਮ ਛੱਡਣ ਦੀ ਗੱਲ ਕੀਤੀ ਤਾਂ ਗੱਜ ਕਿ ਕਿਹਾ :-

'ਸਾਹਿਬਜ਼ਾਦਿਆਂ ਕੜ੍ਹਕ ਕੇ ਕਿਹਾ ਸੂਬੇ;
ਪਰਬਤ ਦਾਬਿਆਂ ਨਾਲ ਨਹੀਂ ਹੱਲ ਜਾਂਦੇ।
ਪੁੱਤਰ ਹੋਣ ਜਿਹੜੇ ਸ਼ੇਰ ਬੱਬਰਾਂ ਦੇ,
ਕਦੇ ਭੇਡਾਂ ਵਿਚ ਨਹੀਂ ਰਲ ਜਾਂਦੇ।'

ਰਹਿਤਨਾਮਿਆਂ ਵਿਚ ਸਿੱਖਿਆ ਦਿੱਤੀ ਗਈ ਹੈ ਕਿ ਮਾਤਾ-ਪਿਤਾ ਜਿੱਥੇ ਖ਼ੁਦ ਘਰ ਵਿਚ ਬੈਠ ਕੇ ਗੁਰਮਤਿ ਵਿਚਾਰਾਂ ਕਰਨ, ਉਥੇ ਆਪਣੇ ਬੱਚਿਆਂ ਨੂੰ ਵੀ ਗੁਰਮਤਿ ਸਿਖਾਉਣ :-

ਸਿੰਘ ਸਿੰਘਣੀ ਮਿਲ ਬਹੈ, ਚਰਚਾ ਕਰੇ ਆਪਾਰ।

ਅੱਜ ਹਰ ਮਾਤਾ-ਪਿਤਾ ਦਾ ਫ਼ਰਜ ਹੈ ਕਿ ਆਪਣੇ ਬੱਚਿਆਂ ਨੂੰ ਦੁਨਿਆਵੀ ਸਿੱਖਿਆ ਦੇ ਨਾਲ-ਨਾਲ ਧਰਮ ਦੀ ਵਿੱਦਿਆ ਦੇਣ ਦਾ ਵੀ ਖ਼ਾਸ ਪ੍ਰਬੰਧ ਕਰਨ ਅਤੇ ਆਪਣੇ ਬੱਚਿਆਂ ਨੂੰ ਆਪਣੇ ਗ਼ੌਰਵਮਈ ਵਿਰਸੇ ਤੋਂ ਜਾਣੂ ਕਰਾਉਣ।

ਨਾਵਲ

ਕਿਸ਼ਤ-12

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ



ਹਰਦੇਵ ਗਰੇਵਾਲ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਬਈ ਪਤਾ ਨੀ ਪੱਟੂ ਨੇ ਕਿਤੇ ਮੰਜੇ ਥੱਲੇ ਕੋਈ ਸੁਰੰਗ ਈ ਨਾ ਕੱਢੀ ਪਈ ਹੋਵੇ। ਨਾ ਆਹ ਸਾਲ਼ਾ ਕੁਅੰਟਲ਼ ਲੋਹਾ ਥੱਪਣ ਦਾ ਕੀ ਫ਼ਾਇਦਾ ਹੋਇਆ ਭਲਾਂ ? ਕੀ ਫ਼ਾਇਦਾ ਐਨੀ ਮੋਟੀ ਗਰਿੱਲ ਠੋਕਣ ਦਾ ? ਸਹੀ ਆਖਦੇ ਆ ਸਿਆਣੇ, ਬਈ ਜਿੰਦੇ ਤਾਂ ਸਾਧਾਂ ਲਈ ਹੁੰਦੇ ਆ, ਚੋਰਾਂ ਲਈ ਨਹੀਂ। ਪਰ ਸਕੀਮ ਦੇਖ ਕਿਵੇਂ ਲਾਈ ? ਪਰ ਤੈਨੂੰ ਵੀ ਪਤੰਦਰਾ ਮੰਨਣਾ ਪਊ, ਮੇਰੇ ਤਾਂ ਦਿਮਾਗ਼ ਦੇ ਕਿਸੇ ਖੱਲ-ਖੂੰਜੇ 'ਚ ਵੀ ਨੀ ਆਇਆ, ਬਈ ਇਉਂ ਵੀ ਹੋ ਸਕਦਾ ?'

'ਗਗਨ, ਹਰ ਸਮੱਸਿਆ ਦਾ ਹੱਲ ਸਾਡੇ ਆਸ-ਪਾਸ ਹੀ ਹੁੰਦਾ। ਬੱਸ ਗੱਲ ਤਾਂ ਸਿਰਫ਼ ਅੱਖਾਂ ਖੋਲ੍ਹ ਕੇ ਦੇਖਣ ਦੀ ਹੀ ਹੁੰਦੀ ਏ।'

'ਮੰਨ ਗਏ ਭਰਾਵਾ, ਪੂਰਾ ਪੀਰ ਏਂ ਤੂੰ ਵੀ। ਐਨ ਬੁਰੇ ਦੇ ਘਰ ਤੱਕ ਪਹੁੰਚ ਕੇ ਦਿਖਾਇਆ। ਆਹ ਤਾਂ ਵੱਡੀ ਮੱਲ ਮਾਰੀ ਯਾਰ।'

'ਪਰ ਗਗਨ, ਖੜ੍ਹੇ ਆਪਾਂ ਹਾਲੇ ਓਥੇ ਦੇ ਓਥੇ ਹੀ ਆਂ। ਹਾਂ, ਇਸ ਤੱਥ ਦੇ ਉਜਾਗਰ ਹੋਣ ਨਾਲ ਮੇਰੀ ਥੀਅਰੀ ਦੀ ਸਟੀਕਤਾ 'ਤੇ ਮੋਹਰ ਤਾਂ ਜ਼ਰੂਰ ਲੱਗੀ, ਪਰ ਅਸਲੀ ਸਵਾਲ ਤਾਂ ਹਾਲੇ ਵੀ ਉਵੇਂ ਦਾ ਉਵੇਂ ਹੀ ਖੜ੍ਹਾ, ਕਿ ਕਾਤਿਲ ਕੌਣ ?'

'ਤੇ ਪਿਉ ਦਿਆ ਪੁੱਤਾ, ਤੂੰ ਵੀ ਲੱਭ ਕੇ ਹਟੇਂਗਾ, ਬਾਬਾ ਸ਼੍ਰੀ ਸ਼੍ਰੀ ਇੱਕ ਕਰੋੜ ਅੱਠ, ਸ਼੍ਰੀ ਸ਼੍ਰੀ ਗਗਨ ਜੀ ਮਹਾਰਾਜ ਦੇ ਆਸ਼ੀਰਵਾਦ ਸਦਕਾ।'

ਆਪਣਾ ਸੱਜਾ ਹੱਥ ਆਸ਼ੀਰਵਾਦ ਦੀ ਮੁਦਰਾ 'ਚ ਉਠਾ ਕੇ, ਅੱਖਾਂ ਮੀਚਦਿਆਂ, ਗਗਨ ਨੇ ਇਸ ਅੰਦਾਜ਼ ਵਿਚ ਕਿਹਾ, ਕਿ ਤੇਜਵੀਰ ਦਾ ਬਦੋਬਦੀ ਹਾਸਾ ਨਿੱਕਲ ਗਿਆ। ਏਨੇ ਨੂੰ ਥਿੰਦ ਨੇ ਕਮਰੇ ਅੰਦਰ ਪ੍ਰਵੇਸ਼ ਕੀਤਾ।

'ਹਾਂ ਜੀ ਕਾਕਾ ਜੀ, ਹੋ ਗਿਆ ਮੁਆਇਨਾ ?' ਤੇਜਵੀਰ ਨੂੰ ਮੁਖ਼ਾਤਿਬ ਹੁੰਦਿਆਂ ਥਿੰਦ ਨੇ ਸਵਾਲ ਪਾਇਆ।

'ਜੀ ਥਿੰਦ ਸਾਹਬ, ਤੁਹਾਡੇ ਸਹਿਯੋਗ ਲਈ ਬਹੁਤ-ਬਹੁਤ ਸ਼ੁਕਰੀਆ। ਬੁਰਾ ਨਾ ਮੰਨੋ ਤਾਂ ਇੱਕ ਸਵਾਲ ਪੁੱਛ ਸਕਦਾਂ ?'

'ਪੁੱਛੋ ਕਾਕਾ ਜੀ,' ਥਿੰਦ ਨੇ ਬੜੀ ਨਰਮਾਈ ਨਾਲ ਉੱਤਰ ਦਿੱਤਾ।

'ਥਿੰਦ ਸਾਹਬ ! ਤੁਹਾਡਾ ਇਸ ਕੇਸ ਪ੍ਰਤੀ ਕੀ ਦ੍ਰਿਸ਼ਟੀਕੋਣ ਐ ?'

'ਬਈ ਕਾਕਾ ਜੀ, ਸੱਚ ਪੁਛੋ ਤਾਂ ਸਾਰੇ ਫ਼ੈਕਟਸ 'ਤੇ ਨਜ਼ਰ ਮਾਰਿਆਂ ਤਾਂ ਹਾਲ ਦੀ ਘੜੀ, ਤੇਰੀ ਪੇਸ਼ ਕੀਤੀ ਥੀਅਰੀ ਨਾਲ਼ ਹੀ ਮੈਂ ਸਹਿਮਤ ਹਾਂ। ਪਰ ਕਿਸੇ ਬਾਹਰੀ ਸ਼ਖ਼ਸ ਦੀ ਆਮਦ ਸੰਬੰਧੀ ਹਾਲੇ ਕੁਝ ਪੱਲੇ ਨਹੀਂ ਪਿਆ।ਮੈਂ ਬੜਾ ਘੋਖ ਕੇ ਗੇਟ ਕੀਪਰ, ਵਾਰਡਨ, ਕੰਨਟੀਨ ਵਾਲੇ ਗੋਰਖੇ ਤੇ ਆਸ-ਪਾਸ ਦੀਆਂ ਕੁੜੀਆਂ ਦੇ ਬਿਆਨ ਲਏ ਨੇ, ਪਰ ਸ਼ੱਕ ਵਾਲ਼ੀ ਕੋਈ ਗੱਲ ਸਾਹਮਣੇ ਨਹੀਂ ਆਈ। ਇਸ ਗੁੱਥੀ ਦੇ ਸੁਲ਼ਝੇ ਬਿਨਾਂ ਤਾਂ ਹਾਲ ਦੀ ਘੜੀ ਗਾਂਹ ਵਧਣ ਲਈ ਕੋਈ ਲੀਡ ਨਜ਼ਰ ਨਹੀਂ ਆਉਂਦੀ।'

ਇਹ ਸੁਣਕੇ ਤੇਜਵੀਰ ਨੇ ਥੋੜ੍ਹੀ ਦੇਰ ਪਹਿਲਾਂ ਉਜਾਗਰ ਹੋਏ ਤੱਥ ਥਿੰਦ ਦੇ ਸਨਮੁਖ ਰੱਖੇ।

ਥਿੰਦ ਉਸਦੀ ਗੱਲ ਵੀ ਸੁਣਦਾ ਗਿਆ ਅਤੇ ਬੜੇ ਗਹੁ ਨਾਲ਼ ਖਿੜਕੀ ਦਾ ਮੁਆਇਨਾ ਵੀ ਕਰਦਾ ਗਿਆ। ਅੰਤ ਜਦੋਂ ਤੇਜਵੀਰ ਨੇ ਆਪਣੀ ਗੱਲ ਮੁਕਾਈ, ਤਾਂ ਥਿੰਦ ਸਾਫ਼-ਸਾਫ਼ ਉਸਦੇ ਕਥਨ ਤੋਂ ਪ੍ਰਭਾਵਿਤ ਨਜ਼ਰ ਆਇਆ।

'ਥਿੰਦ ਸਾਹਬ, ਆਪਾਂ ਨੂੰ ਕਾਤਿਲ ਦੇ ਰੂਟ ਦਾ ਮੁਆਇਨਾ ਵੀ ਕਰ ਲੈਣਾ ਚਾਹੀਦਾ।' ਤੇਜਵੀਰ ਨੇ ਨਾਲ਼ ਜੋੜਿਆ।

ਥਿੰਦ ਨੇ ਸਹਿਮਤੀ ਪ੍ਰਗਟਾਈ, ਪਰ ਬਾਹਰ ਜਾਣ ਤੋਂ ਪਹਿਲਾਂ ਉਸਨੇ ਆਪਣੇ ਨਾਲ਼ ਆਏ ਮਾਤਹਤ ਸਿਪਾਹੀਆਂ ਵਿੱਚੋਂ ਇੱਕ ਜਣੇ ਨੂੰ ਅੰਦਰ ਬੁਲਾਇਆ। ਉਸਦੇ ਹੱਥ ਵਿੱਚ ਇੱਕ ਬ੍ਰੀਫ਼ਕੇਸ ਸੀ, ਜਿਸ ਵਿੱਚੋਂ ਥਿੰਦ ਨੇ ਰਬੜ ਦੇ ਦਸਤਾਨੇ ਕੱਢ ਕੇ ਪਹਿਨ ਲਏ ਅਤੇ ਬੜੀ ਨਫ਼ਾਸਤ ਨਾਲ਼ ਸਿਗਰਟ ਦੇ ਟੋਟੇ ਅਤੇ ਕੰਡੋਮ ਦੇ ਖਾਲੀ ਪਾਊਚ ਨੂੰ, ਬ੍ਰੀਫ਼ਕੇਸ ਵਿੱਚੋਂ ਹੀ ਬਰਾਮਦ ਕੀਤੇ ਦੋ ਪੌਲੀਥੀਨ ਦੇ ਲਿਫ਼ਾਫ਼ਿਆਂ ਵਿੱਚ ਪਾ ਕੇ, ਬ੍ਰੀਫ਼ਕੇਸ ਦੇ ਹਵਾਲੇ ਕਰ ਦਿੱਤਾ। ਅਤੇ ਨਾਲ਼ ਹੀ ਸਿਪਾਹੀ ਨੂੰ ਖਿੜਕੀ ਅਤੇ ਗਰਿੱਲ ਤੋਂ ਫ਼ਿੰਗਰ ਪ੍ਰਿੰਟਸ ਉਠਵਾਉਣ ਦਾ ਆਦੇਸ਼ ਵੀ ਦੇ ਦਿੱਤਾ। ਉਹ ਖਿੜਕੀ ਦੇ ਬਾਹਰਲੇ ਵਾਲ਼ੇ ਪਾਸੇ ਪੁੱਜੇ। ਖਿੜਕੀ ਵਾਲ਼ੀ ਦੀਵਾਰ ਦੇ ਨਾਲ਼-ਨਾਲ਼ ਇੱਕ ਪਗਡੰਡੀ ਬਣੀ ਹੋਈ ਸੀ, ਜੋ ਬਿਲਡਿੰਗ ਦੇ ਨਾਲ-ਨਾਲ ਘੁੰਮ ਜਾਂਦੀ ਸੀ। ਥਿੰਦ ਦੇ ਨਿਰਦੇਸ਼ 'ਤੇ ਇੱਕ ਸਿਪਾਹੀ ਨੇ ਆਪਣੇ ਡੰਡੇ ਦੀ ਸਹਾਇਤਾ ਨਾਲ ਖਿੜਕੀ ਦੇ ਸਾਹਮਣੇ ਦੀਆਂ ਝਾੜੀਆਂ ਨੂੰ ਖੰਗਾਲਣਾ ਸ਼ੁਰੂ ਕੀਤਾ। ਨਤੀਜਾ ਝੱਟ ਸਾਹਮਣੇ ਆਇਆ।

ਝਾੜੀਆਂ ਦੇ ਵਿੱਚ ਅਤੇ ਥੱਲੇ, ਧੂੜ ਵਿੱਚ ਲਿੱਬੜੇ ਕਈ ਇਸਤੇਮਾਲਸ਼ੁਦਾ ਕੰਡੋਮ ਬਰਾਮਦ ਹੋਏ, ਜਿਨ੍ਹਾਂ ਵਿੱਚੋਂ ਜੋ ਸਭ ਤੋਂ ਤਾਜ਼ਾ ਇਸਤੇਮਾਲ ਹੋਇਆ ਜਾਪਦਾ ਸੀ, ਉਹ ਝਾੜੀਆਂ 'ਚ ਫਸਿਆ ਹੋਇਆ ਮਿਲਿਆ। ਤੇਜਵੀਰ ਤੇ ਗਗਨ ਦੀਆਂ ਨਿਗਾਹਾਂ ਆਪਸ ਵਿੱਚ ਮਿਲੀਆਂ। ਗਗਨ ਦਾ ਸਿਰ ਪ੍ਰਸ਼ੰਸਾਤਮਕ ਮੁਦਰਾ 'ਚ ਹਿੱਲਿਆ।

ਤੇਜਵੀਰ ਦੀ ਥੀਅਰੀ ਦੇ ਹੱਕ ਵਿੱਚ ਇੱਕ ਹੋਰ ਗਵਾਹੀ ਜੋੜਦਾ, ਇਹ ਸਬੂਤ ਵੀ ਉਸ ਬ੍ਰੀਫ਼ਕੇਸ ਵਿੱਚ ਕੈਦ ਹੋ ਗਿਆ। ਫਿਰ ਉਨ੍ਹਾਂ ਨੇ ਦੀਵਾਰ ਦੇ ਨਾਲ਼-ਨਾਲ਼ ਬਣੀ ਪਗਡੰਡੀ ਉੱਤੇ ਕਦਮ ਵਧਾਏ।

ਦੀਵਾਰ ਦੀ ਨੁੱਕਰ 'ਤੇ ਜਾ ਕੇ ਪਗਡੰਡੀ ਹੋਸਟਲ ਦੀ ਪਿਛਲੀ ਦੀਵਾਰ ਦੇ ਨਾਲ-ਨਾਲ ਘੁੰਮ ਗਈ। ਪਰ ਉਸੇ ਨੁੱਕਰ ਤੋਂ, ਕਾਲਜ ਦੀ ਪਿਛਲੀ ਚਾਰਦੀਵਾਰੀ ਵੱਲ ਨੂੰ, ਮੁਕਾਬਲਤਨ ਇੱਕ ਮਹੀਨ ਜਿਹੀ ਪਗਡੰਡੀ ਜਾਂਦੀ ਦਿਖਾਈ ਦਿੱਤੀ, ਜੋ ਖਿੜਕੀ ਕੋਲ਼ ਖੜ੍ਹਿਆਂ ਦਿਖਾਈ ਵੀ ਨਹੀਂ ਦੇ ਰਹੀ ਸੀ। ਉਹ ਉਸੇ ਪਗਡੰਡੀ ਨੂੰ ਫੜ ਅੱਗੇ ਵਧੇ।

ਚਾਰਦੀਵਾਰੀ ਨਾਲ਼ ਟਕਰਾ ਉਹ ਪਗਡੰਡੀ, ਚਾਰਦੀਵਾਰੀ ਦੇ ਨਾਲ-ਨਾਲ ਸੱਜੇ ਪਾਸੇ ਨੂੰ, ਖਿੜਕੀ ਦੇ ਸਾਹਮਣੇ ਵੱਲ ਦੇ ਪਾਸੇ ਨੂੰ ਮੁੜ ਗਈ।

ਚਾਰਦੀਵਾਰੀ ਦੇ ਬਾਹਰ ਵਾਹਨਾਂ ਦੀ ਆਵਾਜਾਈ ਦੀਆਂ ਆਵਾਜ਼ਾਂ ਸੁਣ ਕੇ ਸਾਫ਼ ਪ੍ਰਤੀਤ ਹੋ ਰਿਹਾ ਸੀ ਕਿ ਬਾਹਰ ਦੇ ਪਾਸੇ ਨੂੰ ਸੜਕ ਲੱਗਦੀ ਹੈ। ਉਨ੍ਹਾਂ ਪਗਡੰਡੀ 'ਤੇ ਤੁਰਨਾ ਬਾਦਸਤੂਰ ਜਾਰੀ ਰੱਖਿਆ।

ਚਾਰਦੀਵਾਰੀ ਦੇ ਖੂੰਜੇ 'ਤੇ ਜਾ ਕੇ ਪਗਡੰਡੀ ਫਿਰ ਤੋਂ ਚਾਰਦੀਵਾਰੀ ਦੇ ਨਾਲ-ਨਾਲ ਘੁੰਮ ਗਈ ਅਤੇ ਕੋਈ ਸੌ ਕੁ ਫੁੱਟ ਅੱਗੇ ਜਾ ਕੇ ਖ਼ਤਮ ਹੋ ਗਈ।

ਜਿੱਥੇ ਜਾ ਕੇ ਪਗਡੰਡੀ ਖ਼ਤਮ ਹੋਈ, ਉਥੇ ਕੋਈ ਦਸ ਕੁ ਫੱਟ ਉੱਚੀ ਉਸ ਚਾਰਦੀਵਾਰੀ ਵਿੱਚੋਂ, ਉੱਪਰੋਂ-ਥੱਲੀਂ ਕੋਈ ਦੋ-ਦੋ ਕੁ ਫੁੱਟ ਦੇ ਫ਼ਾਸਿਲੇ ਤੋਂ, ਚਾਰ ਇੱਟਾਂ ਗਾਇਬ ਸਨ, ਜਿਸ ਕਾਰਨ ਚਾਰਦੀਵਾਰੀ ਵਿੱਚ ਹੋਏ ਸੁਰਾਖਾਂ 'ਚੋਂ ਆਰ-ਪਾਰ ਨਜ਼ਰ ਆ ਰਿਹਾ ਸੀ। 'ਪਰਫ਼ੈਕਟ ਸੈੱਟਅੱਪ।' ਤੇਜਵੀਰ ਬੁਦਬੁਦਾਇਆ। ਥਿੰਦ ਨੇ ਸਿਪਾਹੀ ਨੂੰ ਇਸ਼ਾਰਾ ਕੀਤਾ। ਇਸ਼ਾਰਾ ਪਾ ਸਿਪਾਹੀ ਆਸ-ਪਾਸ ਦੀ ਜ਼ਮੀਨ ਦਾ ਮੁਆਇਨਾ ਕਰਨ ਲਈ ਅੱਗੇ ਵਧਿਆ। ਕੁਝ ਸੋਚਦਿਆਂ ਤੇਜਵੀਰ ਨੇ ਚਾਰਦੀਵਾਰੀ 'ਚ ਇੱਟਾਂ ਕੱਢੇ ਜਾਣ ਦੀ ਸੂਰਤ ਵਿਚ ਬਣੇ ਖਾਨਿਆਂ 'ਚ ਹੱਥ-ਪੈਰ ਜਮਾ ਕੇ ਉੱਪਰ ਚੜ੍ਹਨ ਦੀ ਕੋਸ਼ਿਸ਼ ਕੀਤੀ।

ਸਪਾਟ ਦਸ ਫੁੱਟ ਦੀ ਚਾਰਦੀਵਾਰੀ 'ਤੇ ਚੜ੍ਹਨਾ ਕਿਸੇ ਸਾਧਾਰਨ ਵਿਅਕਤੀ ਲਈ ਕੋਈ ਖ਼ਾਲਾ ਜੀ ਦਾ ਵਾੜਾ ਨਹੀਂ ਸੀ, ਪਰ ਉਨ੍ਹਾਂ ਖਾਨਿਆਂ ਦੀ ਸਹਾਇਤਾ ਨਾਲ਼ ਤੇਜਵੀਰ ਬੜੀ ਆਸਾਨੀ ਨਾਲ਼ ਚੜ੍ਹਦਾ ਹੋਇਆ, ਦੀਵਾਰ ਦੇ ਸਿਰੇ 'ਤੇ ਜਾ ਪਹੁੰਚਿਆ।

ਉਸਨੇ ਦੀਵਾਰ ਦੇ ਸਿਰੇ ਦੇ ਉੱਪਰੋਂ ਦੀ ਪਰਲੇ ਪਾਰ ਝਾਤੀ ਮਾਰੀ, ਤਾਂ ਨਜ਼ਰ ਆਇਆ ਕਿ ਚਾਰਦੀਵਾਰੀ ਦੇ ਪਰਲੇ ਪਾਰ ਕੋਈ ਦੋ ਕੁ ਹਜ਼ਾਰ ਗਜ਼ ਦਾ ਪਲਾਟ ਖ਼ਾਲੀ ਪਿਆ ਸੀ,



ਜਿਸ ਵਿੱਚ ਥਾਂ-ਥਾਂ ਕੂੜੇ ਦੇ ਢੇਰ ਲੱਗੇ ਹੋਏ ਸਨ। ਪਲਾਟ ਦੇ ਪਰਲੇ ਪਾਸੇ ਅਤੇ ਪਿਛਲੇ ਪਾਸੇ ਮਕਾਨਾਂ ਦੀਆਂ ਕੰਧਾਂ ਲੱਗਦੀਆਂ ਸਨ, ਅਤੇ ਸਾਹਮਣੇ ਪਾਸੇ ਲੱਗਦੀ ਸੜਕ ਦੇ ਪਰਲੇ ਪਾਰ ਵੀ ਓਨਾ ਹੀ ਵੱਡਾ ਤੇ ਉਸ ਵਾਂਗ ਹੀ ਖਾਲੀ ਪਲਾਟ ਲੱਗਦਾ ਸੀ, ਜਿਸਦੇ ਮੁੱਢਲੇ ਪਾਸੇ ਇੱਕ ਪਾਨ ਦਾ ਖੋਖਾ ਨਜ਼ਰ ਆ ਰਿਹਾ ਸੀ। ਉਹ ਦੀਵਾਰ 'ਤੋਂ ਉੱਤਰ ਪਿਆ।

ਉੱਤਰ ਕੇ ਕੱਪੜੇ ਝਾੜਦਿਆਂ, ਜਦ ਉਸਨੇ ਸਾਹਮਣੇ ਨਜ਼ਰ ਮਾਰੀ, ਤਾਂ ਉਸਨੂੰ ਥਿੰਦ ਦੇ ਦਸਤਾਨੇਯੁਕਤ ਹੱਥਾਂ ਵਿੱਚ ਇੱਕ ਪੇਚਕਸ ਫੜਿਆ ਨਜ਼ਰ ਆਇਆ। 'ਲੱਗਦਾ ਏ ਕਿ ਕਾਤਿਲ ਤੋਂ ਬੇਧਿਆਨੀ ਨਾਲ਼ ਡਿੱਗ ਪਿਆ ਹੋਣਾ, ਜਾਂ ਹੋ ਸਕਦਾ ਕਿ ਉਸਨੇ ਜਾਣ-ਬੁੱਝ ਕੇ ਹੀ ਸੁੱਟ ਦਿੱਤਾ ਹੋਵੇ। ਅੱਗੇ ਤੋਂ ਇਸਦੇ ਇਸਤੇਮਾਲ ਦੀ ਬੁਨਿਆਦ ਜੋ ਖ਼ਤਮ ਹੋ ਚੁੱਕੀ ਸੀ।'

'ਪਹਿਲੀ ਸੰਭਾਵਨਾ ਹੀ ਠੀਕ ਲੱਗਦੀ ਐ ਥਿੰਦ ਸਾਹਬ, ਕਿਉਂਕਿ ਜੇ ਉਸਨੇ ਜਾਣ ਬੁੱਝ ਕੇ ਸੁੱਟਿਆ ਹੁੰਦਾ, ਤਾਂ ਜ਼ਰੂਰ ਵਗਾਹ ਕੇ ਬਹੁਤ ਦੂਰ ਸੁੱਟਿਆ ਹੁੰਦਾ, ਜਾਂ ਇਸ ਤੋਂ ਵੀ ਵੱਧ ਸੰਭਾਵਨਾ ਸੀ ਕਿ ਮੌਕਾਏ-ਵਾਰਦਾਤ ਤੋਂ ਕਿਤੇ ਦੂਰ ਠਿਕਾਣੇ ਲਗਾਇਆ ਹੁੰਦਾ। ਜ਼ਰੂਰ ਇਹ ਵਕਤੀ ਤਨਾਵ ਭਰੇ ਮਾਹੌਲ 'ਚ ਹੋਈ ਬੇਧਿਆਨੀ ਦਾ ਹੀ ਨਤੀਜਾ ਹੋਣਾ।'

'ਦਮ ਹੈ ਤੁਹਾਡੀ ਦਲੀਲ 'ਚ ਕਾਕਾ ਜੀ।' ਥਿੰਦ ਨੇ ਸਹਿਮਤੀਸੂਚਕ ਢੰਗ ਨਾਲ ਸਿਰ ਹਿਲਾਉਂਦਿਆਂ ਕਿਹਾ। ਤੇਜਵੀਰ ਦੀ ਥੀਅਰੀ ਦੀ ਸਟੀਕਤਾ ਉੱਤੇ ਮੋਹਰ ਲਗਾਉਂਦਾ ਇੱਕ ਹੋਰ ਸਬੂਤ, ਸਿਪਾਹੀ ਦੇ ਹੱਥਾਂ 'ਚ ਫੜੇ ਬ੍ਰੀਫ਼ਕੇਸ ਵਿੱਚ ਕੈਦ ਹੋ ਗਿਆ। ਉਹ ਵਾਪਿਸ ਮੁੜ ਪਏ।

'ਥਿੰਦ ਸਾਹਬ, ਕੋਈ ਮਰਡਰ ਸਸਪੈਕਟ ਹੈ ਤੁਹਾਡੀ ਨਜ਼ਰ 'ਚ ?'

'ਇਹੀ ਤਾਂ ਹੈਰਾਨੀ ਦੀ ਗੱਲ ਐ ਕਾਕਾ ਜੀ, ਕਰਟਸੀ ਯੂ, ਕਾਤਿਲ ਦੀ ਮੌਡਸ ਆਪਰੰਡੀ ਤਾਂ ਟਰੇਸ ਹੋ ਗਈ ਏ, ਕਤਲ ਦਾ ਮੌਟਿਵ ਵੀ ਸਮਝ 'ਚ ਆ ਰਿਹਾ, ਪਰ ਸਸਪੈਕਟ ਕੋਈ ਨਜ਼ਰ ਨਹੀਂ ਆ ਰਿਹਾ। ਤੁਹਾਡੇ ਆਉਣ ਤੋਂ ਪਹਿਲਾਂ ਮੈਂ ਮ੍ਰਿਤਕਾ ਦੀਆਂ ਕਲਾਸ ਮੇਟਸ ਅਤੇ ਹੋਸਟਲ ਵਿੱਚ ਵੀ ਸੰਬੰਧਿਤ ਸਭਨਾਂ ਵਿਅਕਤੀਆਂ ਤੋਂ ਪੁੱਛਗਿੱਛ ਕਰ ਚੁੱਕਾਂ। ਸ਼ੱਕ ਦੀ ਕੋਈ ਬੁਨਿਆਦ ਸਾਹਮਣੇ ਨਹੀਂ ਆਈ। ਕਿਸੇ ਨਾਲ਼ ਕੋਈ ਝਗੜਾ ਨਹੀਂ, ਕੋਈ ਦੁਸ਼ਮਣ ਨਹੀਂ ਤੇ ਇਸਤੋਂ ਵੀ ਵੱਧ ਹੈਰਾਨੀ ਦੀ ਗੱਲ, ਕਿ ਕੋਈ ਕਰੀਬੀ ਦੋਸਤ ਵੀ ਨਹੀਂ।' 'ਹੋਸਟਲ 'ਚ ਕੋਈ ਆਇਆ-ਗਿਆ ?'

'ਸ਼ੁਰੂ-ਸ਼ੁਰੂ ਵਿੱਚ ਤਿੰਨ-ਚਾਰ ਵਾਰ ਮਾਂ-ਬਾਪ ਆਏ, ਪਰ ਬਾਅਦ ਵਿੱਚ ਉਸਦੀ ਇੱਕ ਕਜ਼ਨ ਦੇ ਸਿਵਾਏ ਹੋਰ ਕੋਈ ਨਹੀਂ। ਸਿਮਰਨ ਕੌਰ ਨਾਮ ਹੈ ਉਸਦਾ, ਜੋ ਉਸਨੂੰ ਅਕਸਰ ਮਿਲਣ ਆਉਂਦੀ ਰਹੀ। ਪਰ ਫ਼ੈਮਿਲੀ ਤੋਂ ਸਿਵਾਏ ਹੋਰ ਕੋਈ ਨਹੀਂ। ਫਿੱਲੋਂ ਫ਼ੈਮਿਲੀ ਨਾਲ਼ ਵੀ ਮੈਂ ਗੱਲਬਾਤ ਕਰ ਚੁੱਕਾਂ, ਕੋਈ ਕੰਮ ਦੀ ਗੱਲ ਪਤਾ ਨਹੀਂ ਚੱਲੀ।'

'ਥਿੰਦ ਸਾਹਬ, ਇਹ ਮੋਬਾਈਲ ਫ਼ੋਨ ਦਾ ਜ਼ਮਾਨਾ ਏ। ਲੜਕੀ ਕੋਲ਼ ਕਿਸੇ ਮੋਬਾਈਲ ਦੀ ਮੌਜੂਦਗੀ ਬਾਰੇ ਵੀ ਪੁੱਛ ਲਓ, ਤਾਂ ਕਾਲਜ਼ ਦੀਆਂ ਡਿਟੇਲਜ਼ ਤੋਂ ਕੁਝ ਪਤਾ ਚੱਲ ਸਕਦਾ।'

'ਇਹ ਗੱਲ ਮੇਰੇ ਦਿਮਾਗ਼ ਵਿੱਚ ਵੀ ਆਈ ਸੀ। ਭਾਵੇਂ ਮੌਕਾਏ-ਵਾਰਦਾਤ 'ਤੋਂ ਕੋਈ ਮੋਬਾਈਲ ਬਰਾਮਦ ਨਹੀਂ ਹੋਇਆ, ਪਰ ਫੇਰ ਵੀ ਮੈਂ ਇਸ ਬਾਰੇ ਪੁੱਛਗਿੱਛ ਕੀਤੀ। ਤਾਂ ਉਸ ਕੋਲ਼ ਕਿਸੇ ਮੋਬਾਈਲ ਹੋਣ ਬਾਰੇ ਕਿਸੇ ਨੇ ਕੋਈ ਹਾਮੀ ਨਹੀਂ ਭਰੀ। ਮੈਂ ਲੜਕੀ ਦੇ ਫ਼ਾਦਰ ਤੋਂ ਵੀ ਪੁੱਛਿਆ ਸੀ, ਪਰ ਜਵਾਬ ਨਾਂਹ 'ਚ ਹੀ ਮਿਲਿਆ। ਦਰਅਸਲ ਉਸ ਮੁਤਾਬਿਕ ਤਾਂ ਯੰਗ ਜਨਰੇਸ਼ਨ ਲਈ ਮੋਬਾਈਲ ਸਹੂਲੀਅਤ ਤੋਂ ਵਧੇਰੇ ਵਕਤ ਦੀ ਬਰਬਾਦੀ ਦਾ ਹੀ ਸਾਧਨ ਹੀ ਹੈ। ਸੋ ਉਨ੍ਹਾਂ ਵੱਲੋਂ ਹੀ ਲੜਕੀ ਨੂੰ ਕੋਈ ਮੋਬਾਈਲ ਮੁਹੱਈਆ ਨਹੀਂ ਕਰਵਾਇਆ ਗਿਆ।

ਉਨ੍ਹਾਂ ਦਾ ਤਰਕ ਸੀ ਕਿ ਜਦ ਜ਼ਰੂਰੀ ਗੱਲ ਕਰਨ ਲਈ ਕਾਲਜ ਅਤੇ ਹੋਸਟਲ ਵਿੱਚ ਫ਼ੋਨ ਉਪਲਬਧ ਹੈ, ਤਾਂ ਮੋਬਾਈਲ ਦੀ ਕੀ ਜ਼ਰੂਰਤ ਹੈ ?'

'ਪਰ ਥਿੰਦ ਸਾਹਬ, ਮ੍ਰਿਤਕਾ ਇੱਕ ਅੱਛੀ-ਖ਼ਾਸੀ ਮਾਡਰਨ ਲੜਕੀ ਸੀ, ਆਖਿਰ ਕਿਸੇ ਨਾਲ ਤਾਂ ਉਸਦੀ ਨੇੜਤਾ ਹੋਵੇਗੀ ਹੀ ? ਕੋਈ ਤਾਂ ਕਰੀਬੀ ਦੋਸਤ ਜਾਂ ਸਹੇਲੀ ਹੋਵੇਗੀ ਹੀ ?'

'ਕਲਾਸਮੇਟਸ ਦੀ ਡਿਸਕਰਿਪਸ਼ਨ ਦੇ ਮੁਤਾਬਿਕ ਜੋ ਸਾਹਮਣੇ ਆਇਆ, ਉਸਦਾ ਐਨਾਲਸਿਸ ਕਰੀਏ, ਤਾਂ ਪ੍ਰਤੀਤ ਹੁੰਦਾ ਕਿ ਮ੍ਰਿਤਕਾ ਬੜੀ ਅੰਤਰਮੁਖੀ ਪ੍ਰਵਿਰਤੀ ਦੀ ਮਾਲਿਕ ਸੀ। ਕਿਸੇ ਨਾਲ ਬਿਨਾਂ ਮਤਲਬ ਦੇ ਕੋਈ ਗੱਲਬਾਤ ਨਹੀਂ। ਸਹਿਪਾਠੀਆਂ ਨਾਲ ਵੀ ਘੁਲਣ-ਮਿਲਣ 'ਚ ਉਸਦੀ ਕੋਈ ਦਿਲਚਸਪੀ ਨਹੀਂ ਸੀ। ਕਿਸੇ ਨੇ ਉਸ ਨੂੰ ਆਪਣੇ ਆਪ 'ਚ ਹੀ ਖੋਈ ਰਹਿਣ ਵਾਲੀ ਆਖਿਆ, ਕਿਸੇ ਨੇ ਉਸਨੂੰ ਨੱਕ-ਚੜ੍ਹੀ ਤੇ ਆਕੜਖੋਰ ਆਖਿਆ, ਤੇ ਕਈਆਂ ਨੇ ਤਾਂ ਕ੍ਰੈਕ ਤੱਕ ਵੀ ਕਿਹਾ। ਪਰ ਨੇੜਤਾ ਕਿਸੇ ਨਾਲ ਵੀ ਨਹੀਂ। ਹੋਸਟਲ ਵਿਚ ਵੀ ਉਸਦਾ ਏਹੀ ਹਾਲ ਸੀ। ਹੋਸਟਲ 'ਚੋਂ ਕਦੇ ਗ਼ਾਇਬ ਨਹੀਂ ਰਹੀ, ਕਲੋਜ਼ਿੰਗ ਟਾਈਮ ਤੋਂ ਕਦੇ ਲੇਟ ਨਹੀਂ ਹੋਈ। ਪਰ ਕਿਸੇ ਐਕਟੀਵਿਟੀ 'ਚ, ਕੋਈ ਪਾਰਟੀਸਿਪੇਸ਼ਨ ਨਹੀਂ। ਮਤਲਬ ਕਿ ਕੁੱਲ ਮਿਲਾ ਕੇ-ਨੋ ਸੋਸ਼ਲ ਲਾਈਫ਼।'

'ਹੈਰਾਨੀ ਦੀ ਗੱਲ ਏ, ਰੱਖ-ਰਖਾਵ ਤੋਂ ਪੂਰੀ ਤਰ੍ਹਾਂ ਮਾਡਰਨ, ਅੱਛੀ ਖ਼ਾਸੀ ਖ਼ੂਬਸੂਰਤ, ਇੱਕ ਅਫ਼ੇਅਰ, ਇਥੋਂ ਤੱਕ ਕਿ ਸੈਕਸ਼ੂਅਲ ਰਿਲੇਸ਼ਨਸ਼ਿਪ, ਡਰੱਗ-ਐਡਿਕਟਿਵ; ਬੱਟ ਨੋ ਸੋਸ਼ਲ ਲਾਈਫ਼ ? ਸਟਰੇਂਜ।'

'ਕਾਤਿਲ ਦੀ ਸ਼ਨਾਖ਼ਤ ਵੱਲ ਇਸ਼ਾਰਾ ਕਰਦਾ ਕੋਈ ਸੁਰਾਗ ਨਹੀਂ ਦਿਸਦਾ ਕਾਕਾ ਜੀ।' ਕੁਝ ਪਲ ਗਹਿਰਾਈ ਨਾਲ਼ ਸੋਚਦਾ ਹੋਇਆ ਤੇਜਵੀਰ ਚੱਲਦੇ-ਚੱਲਦੇ ਠਿਠਕ ਗਿਆ। 'ਲੱਗਦਾ ਹੁਣ ਫੇਰ ਕੋਈ ਸੱਪ ਕੱਢੂ ਪਤੰਦਰ।' ਗਗਨ ਨੂੰ ਥੋੜ੍ਹੀ ਆਸ ਬੱਝੀ। 'ਗਗਨ ਯਾਰ, ਮੇਰਾ ਮਿੱਠਾ ਪਾਨ ਖਾਣ ਨੂੰ ਬੜਾ ਦਿਲ ਕਰਦਾ। ਤੂੰ ਖਾਏਂਗਾ ?'

'ਹੱਕ ਤੇਰੀ, ਮੈਂ ਤਾਂ ਕਿਹਾ ਬਈ ਪਤੰਦਰ ਨੂੰ ਕਾਤਿਲ ਦਾ ਕੋਈ ਥਹੁ-ਸਿਰਾ ਸੁੱਝ ਗਿਆ, ਜਿਹੜਾ ਇਉਂ ਅੰਗਦ ਆਂਗੂੰ ਪੈਰ ਜਮਾ ਕੇ ਖੜ੍ਹ ਗਿਆ। ਤੇ ਉੱਤੋਂ ਦੀ ਆਹ ਕੇਹੜੀ ਤੇਰ੍ਹਵੀਂ ਗੱਲ ਕਰਤੀ ?'

ਗਗਨ ਦਾ ਅੰਦਾਜ਼ੇ-ਬਿਆਂ ਨੋਸ਼ ਫ਼ਰਮਾ ਕੇ, ਪਲ ਦੀ ਪਲ ਥਿੰਦ ਦੇ ਧੀਰ-ਗੰਭੀਰ ਚਿਹਰੇ 'ਤੇ ਵੀ ਮੁਸਕਰਾਹਟ ਤੈਰ ਗਈ।

'ਤੂੰ ਇਉਂ ਕਰ ਗਗਨ, ਬਾਈਕ ਚੱਕ ਕੇ ਓਧਰ ਪਿਛਲੇ ਪਾਸੇ ਆ ਜਾ। ਮੈਂ ਬਾਹਰਲੇ ਪਾਸੇ ਇੱਕ ਪਾਨ ਵਾਲਾ ਖੋਖਾ ਦੇਖਿਆ। ਮੈਂ ਐਧਰੋਂ ਈ ਸ਼ਾਰਟ-ਕੱਟ ਮਾਰ ਕੇ ਪਹੁੰਚਦਾਂ।' 'ਓਏ ਕਮਲ਼ਾ ਤਾਂ ਨੀ ਹੋ ਗਿਆ ਯਾਰ।'

'ਥਿੰਦ ਸਾਹਬ, ਤੁਹਾਡੇ ਸਹਿਯੋਗ ਲਈ ਮੈਂ ਇੱਕ ਵਾਰ ਫਿਰ ਤੋਂ ਤਹਿ-ਦਿਲੋਂ ਸ਼ੁਕਰੀਆ ਅਦਾ ਕਰਦਾਂ।' 'ਕਾਕਾ ਜੀ, ਮੈਂ ਸਹਿਯੋਗ ਦੀ ਨੀਤੀ 'ਚ ਵਿਸ਼ਵਾਸ ਰੱਖਦਾਂ। ਨਾਲ਼ੇ ਤੁਸੀਂ ਤਾਂ ਸਗੋਂ ਆਪ ਕਾਨੂੰਨ ਦਾ ਸਾਥ ਦੇ ਰਹੇ ਓਂ। ਫੇਰ ਭੋਗਲ ਸਾਹਬ ਨੇ ਤੁਹਾਡੀ ਸਲਾਹੀਅਤ ਦੀ ਤਾਰੀਫ਼ ਵੀ ਬੜੀ ਕੀਤੀ ਸੀ, ਤੇ ਮੈਂ ਮੁਜ਼ਾਹਰਾ ਵੀ ਦੇਖ ਲਿਆ।'

'ਪਰ ਥਿੰਦ ਸਾਹਬ, ਆਹ ਏਹਦੇ ਕੰਧਾਂ-ਕੋਠੇ ਟੱਪ ਕੇ, ਮਿੱਠਾ ਪਾਨ ਖਾਣ ਦੇ ਭੁਸ ਨੇ, ਸ਼ੱਕ ਜਿਹੀ ਤਾਂ ਪੈਦਾ ਕਰ ਹੀ ਦਿੱਤੀ ਹੋਣੀ ਆ।' ਗਗਨ ਚੁਟਕੀ ਲੈਣੋਂ ਬਾਜ਼ ਨਾ ਆਇਆ। ਥਿੰਦ ਦੇ ਚਿਹਰੇ 'ਤੇ ਫਿਰ ਮੁਸਕਰਾਹਟ ਤੈਰ ਗਈ। ਤੇਜਵੀਰ ਉਸਦੀ ਗੱਲ ਅਨਸੁਣੀ ਕਰ, ਵਾਪਿਸ ਪਰਤ ਪਿਆ।

'ਸ਼ਾਰਪ ਬੱਟ ,' ਇੱਕ ਪਲ ਲਈ ਰੁਕ ਕੇ ਥਿੰਦ ਬੋਲਿਆ, ' ਸਟਰੇਂਜ ਯੰਗ ਮੈਨ।'

'ਪੁੱਛੋ ਨਾ ਥਿੰਦ ਸਾਹਬ'

ਗਗਨ ਦਾ ਨੌਨ-ਸਟੌਪ ਰਿਕਾਰਡ ਵੱਜ ਪਿਆ।ਕਾਲਜ ਦੀ ਚਾਰਦੀਵਾਰੀ ਦੇ ਪਰਲੇ ਪਾਰ ਉੱਤਰਕੇ ਕੱਪੜੇ ਝਾੜਦਾ ਹੋਇਆ ਤੇਜਵੀਰ, ਖ਼ਾਲੀ ਪਲਾਟ 'ਚ ਪਏ ਕੂੜੇ-ਕਰਕਟ ਦੇ ਵਿੱਚੋਂ ਦੀ ਬੋਚ-ਬੋਚ ਕੇ ਪੱਬ ਧਰਦਾ ਹੋਇਆ, ਪਾਨ ਦੇ ਖੋਖੇ ਵੱਲ ਨੂੰ ਹੋ ਤੁਰਿਆ।

ਖੋਖੇ 'ਤੇ ਕੋਈ ਗ੍ਰਾਹਕ ਨਜ਼ਰ ਨਹੀਂ ਆ ਰਿਹਾ ਸੀ।

ਥੋੜ੍ਹਾ ਕਰੀਬ ਪਹੁੰਚਦਿਆਂ ਖੋਖੇ ਅੰਦਰ ਬੈਠੇ ਪਨਵਾੜੀ ਦੇ ਦਰਸ਼ਨ ਵੀ ਹੋਣ ਲੱਗ ਪਏ ਸਨ।

ਚਿਹਰੇ-ਮੋਹਰੇ ਅਤੇ ਪੋਸ਼ਾਕ ਤੋਂ ਉਹ ਕੋਈ ਮੁਸਲਮਾਨ ਬਜ਼ੁਰਗਵਾਰ ਲੱਗ ਰਿਹਾ ਸੀ। ਸੜਕ ਪਾਰ ਕਰ ਤੇਜਵੀਰ ਖੋਖੇ ਦੇ ਸਾਹਮਣੇ ਜਾ ਪੁੱਜਾ।

'ਬੜੇ ਮੀਆਂ, ਦੋ ਮਿੱਠੇ ਪਾਨ ਲਾਇਓ ਜ਼ਰਾ, ਪਰ ਪਹਿਲਾਂ ਇੱਕ ਨਿੰਬੂ-ਲੈਮਨ ਪਿਲ਼ਾ ਦਿਓ, ਗਲ਼ਾ ਸੁੱਕੀ ਜਾਂਦਾ।' ਤੇਜਵੀਰ ਨੇ ਅੰਗੜਾਈ ਜਿਹੀ ਲੈਂਦਿਆਂ ਆਖਿਆ।

'ਅਭੀ ਲੀਜਿਏ ਬਾਬੂ ਸਾਹਬ !' ਨਿੰਬੂ-ਲੈਮਨ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕਰਦਿਆਂ 'ਬੜੇ ਮੀਆਂ' ਨੇ ਨਾਲ਼ ਗੱਲ ਜੋੜੀ, 'ਅਗਰ ਬੁਰਾ ਨਾ ਮਾਨੇਂ, ਤੋ ਏਕ ਬਾਤ ਪੂਛੂੰ ਬਾਬੂ ਸਾਹਬ ?'

ਆਪਣੇ ਠੇਠ ਉਰਦੂ ਲਹਿਜੇ ਤੋਂ 'ਬੜੇ ਮੀਆਂ' ਪਰਵਾਸੀ ਮਹਿਸੂਸ ਹੋ ਰਹੇ ਸਨ। (ਚਲਦਾ)



ਅਜਮੇਰ ਸਿੱਧੂ

ਕਹਾਣੀ

ਅੰਤਿਮ ਕਿਸ਼ਤ

# ਸ਼ਾਇਦ ਰੰਮੀ ਮੰਨ ਜਾਏ



ਰੰਮੀ ਜਾਣ ਲਈ ਮੰਨੀ ਨਾ। ਮੈਂ ਪੈਲੇਸ ਵਿੱਚ ਪਾਰਟੀ ਖਾਣ ਚਲੀ ਗਈ। ਪੈਲੇਸ ਦੇ ਅੰਦਰ ਮੁੰਡੇ ਟਹਿਕੇ ਲਾਉਣ –

'ਹਾਏ ਓਏ, ਰਾਜੀ ਰਾਜਦੀਪ ਤੇ ਪ੍ਰੀਤੀ ਲਵਪ੍ਰੀਤ ਨੂੰ ਲਿਆਓ।'

ਸਟੇਜ ਸਕੱਤਰ ਵੀ ਕੁੜੀਆਂ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹੀ ਜਾਵੇ। ਨੰਤੀਆਂ ਪਾਈ ਖੜ੍ਹੇ ਮੁੰਡੇ ਸੀਟੀਆਂ ਮਾਰਨ ਲੱਗ ਪਏ। ਉਨ੍ਹਾਂ ਤੋਂ ਹੋਰ ਇੰਤਜ਼ਾਰ ਨਹੀਂ ਸੀ ਹੋ ਰਹੀ। ਉਹ ਸ਼ਰਾਬ ਦੇ ਗਿਲਾਸ ਉੱਪਰ ਨੂੰ ਚੁੱਕਦੇ, ਅਵਾਜ਼ਾਂ ਕੱਸਦੇ। ਸਟੇਜ ਸਕੱਤਰ ਨੇ ਝੱਟ ਚਾਰ ਕੁੜੀਆਂ ਸਟੇਜ ਤੇ ਲੈ ਆਉਂਦੀਆਂ। ਉਨ੍ਹਾਂ ਦੇ ਸਰੀਰ ਗੀਤ ਦੇ ਬੋਲਾਂ ਤੇ ਥਿਰਕਣ ਲੱਗ ਪਏ। ਮੁੰਡਿਆਂ ਦੀਆਂ ਸੀਟੀਆਂ ਤੇ ਮੱਘੇ ਹੋਰ ਉੱਚੇ ਹੋ ਗਏ। ਕੁੜੀਆਂ ਨੱਚ ਸੋਹਣਾ ਰਹੀਆਂ ਸਨ। ਸਾਰੇ ਹਾਲ ਵਿੱਚ ਧਮਾਲ ਪੈ ਰਹੀ ਸੀ। ਚਾਰੇ ਕੁੜੀਆਂ ਹਿਰਨੀਆਂ ਵਰਗੀਆਂ। ਮੋਟੀਆਂ-ਮੋਟੀਆਂ ਅੱਖਾਂ ਵਿਚਲੇ ਇਸ਼ਾਰਿਆਂ ਨੇ ਕੀ ਮੁੰਡੇ ਤੇ ਕੀ ਬੁੱਢੇ....ਸੱਭ ਕਮਲੇ ਕਰ ਦਿੱਤੇ ਸਨ। ਤਿੱਖੇ ਭਰਵੱਟੇ ਤੇ ਆਈ ਸ਼ੈਡੋ ਵਾਲੀਆਂ ਅੱਖਾਂ 'ਚੋਂ ਨਸ਼ਾ ਕਿਰਦਾ ਪਿਆ ਸੀ। ਵਾਲਾਂ ਦੇ ਸਟਾਈਲ ਤੋਂ ਉਨ੍ਹਾਂ ਨੱਢੀਆਂ ਦੀਆਂ ਸੂਰਤਾਂ ਪਛਾਣੀਆਂ ਨਹੀਂ ਜਾ ਰਹੀਆਂ ਸਨ।

ਉਨ੍ਹਾਂ ਵਿਚੋਂ ਜਿਹੜਾ ਚਿਹਰਾ ਜ਼ਿਆਦਾ ਖਿੱਚ ਪਾਉਂਦਾ। ਉਹਤੇ ਰੰਮੀ ਦਾ ਚਿਹਰਾ ਲਾ ਦਿੰਦੀ। ਪਰ ਜਲਦੀ ਮੇਰਾ ਸੁਪਨਾ ਟੁੱਟ ਜਾਂਦਾ। ਮੇਰੀ ਕੁੜੀ ਇੰਨੇ ਜੋਗੀ ਕਿਥੋਂ। ਜਿੰਨਾ ਉਨ੍ਹਾਂ ਨੇ ਮੇਕਅੱਪ ਕੀਤਾ ਹੋਇਆ ਸੀ, ਇਹ ਕਰ ਲਊ ? ਇਹਨੇ ਕਦੇ ਨੇਲ ਪਾਲਿਸ਼ ਨੀ ਲਾਇਆ। ਨੱਕ ਤਾਂ ਕੀ ਕੰਨ ਨਹੀਂ ਬਿੰਨ੍ਹਣ ਦਿੱਤੇ। ਕੋਈ ਛੱਲਾ, ਚੂੜੀ ਜਾਂ ਗਾਨੀ ਨਹੀਂ ਪਾਈ। ਬਿਊਟੀ ਪਾਰਲਰਾਂ ਨੂੰ ਨਫ਼ਰਤ ਕਰਦੀ ਆ। ਇਹਦੇ ਕੋਲੋਂ ਸੁਖਦੇਵ ਦੇ ਕੱਪੜਿਆਂ ਦਾ ਪੁੱਛ ਲਵੋ। ਦੱਸ ਦੇਵੇਗੀ। ਇਨਕਲਾਬੀ ਦਲ ਦੇ ਮੈਂਬਰਾਂ ਦੀ ਡਰੈੱਸ ਪੁੱਛ ਲਓ, ਉਹ ਦੱਸ ਦੇਵੇਗੀ। ਇਹਦੇ ਅੰਦਰ ਤਾਂ ਕੁੱਚ ਦਾੜੀ ਵਾਲੇ ਦੇ ਨਾਲ ਦੀ ਚੇਤਨਾ ਵੜੀ ਹੋਈ ਆ।

ਚੋਹਾਂ ਕੁੜੀਆਂ ਦੀ ਖਿੱਚ ਮਨਮੋਹਣੀ ਸੀ। ਉਪਰਲਾ ਪ੍ਰੋਗਸ਼ਨ ਜ਼ਰੂਰ ਨੰਗਾ ਸੀ। ਹਰ ਗੀਤ 'ਤੇ ਡਰੈੱਸ ਬਦਲਦੀਆਂ। ਮੁੰਡੇ ਬੁੱਢੇ ਸੱਭ ਝੂਮ ਰਹੇ ਸਨ। ਇੱਕ ਹੱਥ ਵਿੱਚ ਗਲਾਸੀ ਤੇ ਦੂਜੇ ਹੱਥ ਵਿੱਚ ਨੋਟ। ਨੋਟ ਤੇ ਨੋਟ ਬਾਰੀ ਜਾਣ। ਥੱਦੀਆਂ ਦੀਆਂ ਥੱਦੀਆਂ ਖਿਲਾਰੀ ਜਾਣ।

ਛੇ ਉੱਚੇ ਲੰਮੇ ਗੱਭਰੂ ਭੰਗੜੇ ਦੇ ਜੌਹਰ ਦਿਖਾ ਰਹੇ ਸਨ। ਪੱਗਾਂ ਦੇ ਤੁਰਲਿਆਂ ਤੇ ਦਾਹੜੀਆਂ ਦੀ ਸ਼ਾਨ ਵੱਖਰੀ ਸੀ। ਦੋ ਤਾਂ ਸੰਧੂਆਂ ਦੀ ਰਿਸ਼ਤੇਦਾਰੀ ਵਿਚੋਂ ਸੀ। ਕੁੜੀਆਂ ਮੁੰਡਿਆਂ ਦੇ ਕਰਤੱਵ ਦੇਖਣ ਵਾਲੇ ਸਨ। ਬੇ-ਪ੍ਰਵਾਹ....। ਬੇਹੱਦ ਸਲਾਹੁਣਯੋਗ ਅਦਾਕਾਰੀ। ਕਦੇ ਕੁੜੀਆਂ ਮੁੰਡੇ ਇਕ ਦੂਜੇ ਦੀਆਂ ਬਾਹਾਂ ਵਿੱਚ ਬਾਹਾਂ ਪਾ ਲਿਆ ਕਰਨ। ਕਦੇ ਕਲਾਵੇ ਵਿੱਚ ਲੈ ਲਿਆ ਕਰਨ। ਕਦੇ ਮੁੰਡੇ ਕੁੜੀਆ ਨੂੰ ਚੁੱਕ ਕੇ ਘਨੇੜੀ ਚੜ੍ਹਾ ਲਿਆ ਕਰਨ। ਮੇਰੇ ਕੋਲ ਕੁਲਜੀਤ ਆ ਬੈਠੀ ਸੀ। ਰੇਵਲ ਸੁੱਧ ਹੁਣਾਂ ਦੇ ਵਿਚੋਂ ਈ ਆ। ਪ੍ਰਾਹੁਣੇ ਨੇ ਛੱਡ ਦਿੱਤੀ ਸੀ। ਹੁਣ ਕਈ ਸਾਲਾਂ ਦੀ ਪੇਕੀ ਰਹਿੰਦੀ ਏ। ਮੈਨੂੰ ਕੁੜੀਆਂ ਮੁੰਡਿਆਂ ਵਿੱਚ ਖੁੱਭੀ ਦੇਖ ਬੋਲੀ :- 'ਸਾਰੇ ਤਾਂ ਪੈਸੇ ਇਨ੍ਹਾਂ ਚੋਰ ਨੇ ਲੁੱਟ ਕੇ ਲਿਜਾਣੇ ਆ। ਛੇਆਂ ਮੁੰਡਿਆਂ ਦੇ ਪੱਲੇ ਤਾਂ ਹੱਥ ਲਾ ਲੈਣਾ ਈ ਪੈਣਾ ਆ।'

ਸਟੇਜ ਸਕੱਤਰ ਰਾਜੀ ਰਾਜਦੀਪ ਤੇ ਪ੍ਰੀਤੀ ਲਵਪ੍ਰੀਤ ਦੇ ਨਾਂ ਤੇ ਲੋਕਾਂ ਦੀਆਂ ਜੇਬਾਂ ਵਿਚੋਂ ਪੈਸੇ ਕਢਵਈ ਜਾਂਦਾ ਸੀ। ਕੁੜੀਆਂ ਨੇ ਕੋਈ ਕਸਰ ਵੀ ਨਹੀਂ ਛੱਡੀ ਸੀ। ਮੈਨੂੰ ਇਦਾਂ ਲੱਗੇ ਜਿਦਾਂ ਕਿਤੇ ਦੇਖੀਆਂ ਹਨ। ਮੈਂ ਬਾਥਰੂਮ ਕਰਨ ਗਈ ਪਰਦੇ ਪਿਛੇ ਝਾਤੀ ਮਾਰ ਬੈਠੀ। ਮੂੰਹ ਧੋ ਕੇ ਹਟੀਆਂ ਸਨ।

'ਫੋਅਟ ਗਦੂਤਾਂ ਦੇ। ਇਹ ਤਾਂ ਲੱਭੂ ਰੱਜੂ ਆ। ਲਗਦੀਆਂ ਰਾਜੀ ਰਾਜਦੀਪ ਤੇ ਪ੍ਰੀਤੀ ਲਵਪ੍ਰੀਤ ਦੀਆਂ।' ਮੇਰੇ ਮੂੰਹੋਂ ਗਾਲ੍ਹ ਨਿਕਲਦੀ-ਨਿਕਲਦੀ ਰਹਿ ਗਈ।

ਉਦਾਂ ਮੈਂ ਆਪਣੀਆਂ ਕੁੜੀਆਂ ਦੇਖ ਕੇ ਖੁਸ਼ ਵੀ ਹੋਈ ਸੀ। ਹੁੱਬ ਕੇ ਮਿਲੀ ਸੀ। ਇਨ੍ਹਾਂ ਤੇ ਹੁੰਦੀ ਰੁਪਈਆਂ ਦੀ ਵਰਖਾ ਦੇਖ ਕੇ ਸੜੀ ਸੀ। ਉਨ੍ਹਾਂ ਦੀ ਕੋਠੀ ਤੇ ਆਪਣੇ ਘਰ ਬਾਰੇ ਸੋਚ-ਸੋਚ ਕਮਲੀ ਹੋ ਗਈ ਸੀ। ਮੋਟੀ ਕੁਲਜੀਤ ਖਾਣ ਤੋਂ ਨਾ ਹਟੇ। ਕਦੇ ਚਿਕਨ ਤੇ ਕਦੇ ਮੱਛੀ ਵਾਲੇ ਪਕੌੜੇ, ਕਦੇ..। ਮੇਰੇ ਅੰਦਰ ਪਕੌੜੇ ਨਾ ਲੰਘਣ। ਅੰਦਰ ਜਾ ਕੇ ਡੁੱਲਣ ਲੱਗ ਪਏ।

ਮੈਂ ਇਹ ਗੱਲਾਂ ਰੰਮੀ ਨਾਲ ਕਰਨਾ ਚਾਹੁੰਦੀ ਆਂ। ਇਹ ਆਪਣਾ ਮਨ ਬਣਾ ਲਏ। ਸਾਡੇ ਵੀ ਪਾਰ ਉਤਾਰੇ ਹੋ ਜਾਣ। ਉਨ੍ਹਾਂ ਦੀ ਸਫਲਤਾ ਦੀਆਂ ਗੱਲਾਂ ਛੇੜ ਕੇ ਬਹਿ ਗਈ ਹਾਂ।

ਦੋਨਾਂ ਕੁੜੀਆਂ ਨੇ ਮਿਹਨਤ ਬੜੀ ਕੀਤੀ। ਪੰਜ-ਛੇ ਸਾਲ ਆਰਕੈਸਟ੍ਰੇ ਵਾਲਿਆਂ ਨਾਲ ਰਹੀਆਂ। ਜਦੋਂ ਆਰਕੈਸਟੇ ਵਾਲਿਆਂ ਖਿਲਾਫ ਗੱਲਾਂ ਹੋਣ ਲੱਗੀਆਂ, ਇਨ੍ਹਾਂ ਕਲਚਰਲ ਗਰੁੱਪ ਬਣਾ ਲਿਆ। ਉਹ ਵੀ ਆਪਣਾ। ਇਨ੍ਹੀਂ ਸੱਭ ਕੁੱਝ ਕੀਤਾ। ਦਿਨ ਰਾਤ ਸਟੇਜਾਂ ਤੇ ਇੱਕ ਕੀਤਾ। ਆਪਣੇ ਸਰੀਰ ਨੂੰ ਤੋੜਿਆ। ਕਰਦੀਆਂ ਵੀ ਕੀ। ਹੁਣ ਕਿਹੜੇ ਕੰਮ ਰਹਿ ਗਏ ? ਮੈਰਿਜ ਪੈਲੇਸ ਵਾਲਿਆਂ ਨੇ ਪਤਾ ਨਹੀਂ ਕਿੰਨਿਆਂ ਦੇ ਢਿੱਡ ਤੇ ਲੱਤ ਮਾਰੀ ਤੇ ਕਿੰਨਿਆਂ ਨੂੰ ਰੋਟੀ ਦਿੱਤੀ। ਅਗਲੀਆਂ ਨੇ ਡੱਟ ਕੇ ਮਿਹਨਤ ਕੀਤੀ। ਕਿੱਦੇ ਨੂੰ ਇਟਲੀ ਭੇਜਿਆ। ਰੂਪੇ ਨੂੰ ਅਡਜਸਟ ਕੀਤਾ। ਹੁਣ ਗਰੁੱਪ ਦਾ ਇੰਚਾਰਜ ਬਣਾਇਆ ਹੋਇਆ ਆ। ਕੋਠੀ ਬਣਾਈ। ਮਾਂ-ਬਾਪ ਨੂੰ ਰਾਜ ਬਿਠਾਇਆ। ਹੁਣ ਬਿਮਲਾ ਦੇ ਖਾਨਾਬਦੋਸ਼ੀ ਦੇ ਦਿਨ ਲੱਦ ਗਏ।ਇਦਾਂ ਦੀਆਂ ਧੀਆਂ ਰੱਬ ਸੱਭ ਨੂੰ ਦੇਵੇ। ਰੱਬ ਨੇ ਰੂਪ ਵੀ ਦੱਬ ਕੇ ਦਿਤਾ।

'ਮੰਮੀ, ਆਪਣਾ ਪਿੰਡ ਭਗਤ ਸਿੰਘ ਦਾ ਐ। ਭਗਤ ਸਿੰਘ ਬਾਰੇ ਜਾਂ ਸਾਥੀਆਂ ਬਾਰੇ ਕੁੱਝ ਪਤਾ ? ਉਨ੍ਹਾਂ ਦੀ ਵਿਚਾਰਧਾਰਾ ਜਾਂ ਕੁਰਬਾਨੀ ?'

ਲਓ, ਹੋਰ ਸੁਣ ਲਓ। ਮੈਂ ਇਹਦੇ ਨਾਲ ਕਿਹੜੀਆਂ ਗੱਲਾਂ ਕਰਨੀਆਂ ਚਾਹੁੰਦੀ ਆ ਤੇ ਇਹ....।

'ਇਨਕਲਾਬੀ ਦਲ ਨੇ ਲੋਟੂ ਰਾਜ ਪ੍ਰਬੰਧ ਦਾ ਖਾਤਮਾ ਕਰਕੇ, ਕਿਰਤੀਆਂ ਦਾ ਰਾਜ ਪ੍ਰਬੰਧ ਸਥਾਪਤ ਕਰਨ ਦਾ ਨਾਹਰਾ ਦਿੱਤਾ। ਧਰਮ ਨਿਰਪੱਖ ਰਾਜ ਜਿਹਦੇ ਵਿੱਚ ਜਾਤ ਪਾਤ ਨੂੰ ਲੋਈ ਥਾਂ ਨਹੀਂ।'

ਇਹ ਕੁੜੀ ਆਪਣੇ ਮਾਮੇ ਵਾਂਗੂੰ ਕਮਲੀਆਂ ਮਾਰੀ ਜਾਂਦੀ ਆ। ਇਹਨੂੰ ਆਪਣੇ ਘਰ ਦਾ ਨਰਕ ਨਹੀਂ ਦਿੱਸਦਾ। ਇਹਨੂੰ ਬੁਹਿਓਂ ਉਠਾਉਣ ਦੀ ਚਿੰਤਾ ਹੈ। ਮੁੰਡਿਆਂ ਵਾਲਿਆਂ ਪਤਾ ਕਿਡੇ-ਕਿਡੇ ਮੂੰਹ ਅੱਡੇ ਹੋਏ ਹਨ। ਜੇ ਇਹ ਮੰਨ ਜਾਵੇ। ਸਾਰੇ ਟੱਬਰ ਦੇ ਧੋਣੇ ਧੋਤੇ ਜਾਣ। ਬਿਮਲਾ ਨੇ ਜ਼ਿਮੇਵਾਰੀ ਲਈ ਆ। ਉਹ ਵੀ ਮਾਂ ਆ। ਉਹਦਾ ਜਿਗਰਾ ਦੇਖੋ। ਇਕੱਲੀਆਂ ਕੁੜੀਆਂ ਨੂੰ ਰਾਤ ਬਿਰਾਤੇ ਪਤਾ ਨੀਂ ਕਿਥੇ-ਕਿਥੇ ਤੋਰੀ ਰੱਖਦੀ ਆ। ਤੇ ਕੁਲਜੀਤ....।

ਉਹ ਵੀ ਜਾਂਦੀ ਆ। ਜ਼ਮੀਨਾਂ ਜਾਇਦਾਦਾਂ ਦੀ ਮਾਲਕ ਆ। ਮੇਰੇ ਨਾਲ ਗੱਲ ਕਰ ਲੈਂਦੀ ਆ। ਪਹਿਲਾਂ ਤਾਂ ਇੱਧਰ ਉੱਧਰ ਦੀਆਂ ਹੀ ਮਾਰਦੀ ਰਹਿੰਦੀ ਸੀ। ਜਲਦੀ ਬੁਝਾਰਤਾਂ ਵਿਚੋਂ ਬਾਹਰ ਨਿਕਲ ਆਈ।

'ਆਜਿਆ ਕਰ। ਚਾਰ ਪੈਸੇ ਬਣਦੇ ਆ। ਚਾਰ ਦਿਨ ਸੁੱਖ ਦੇ ਕੱਟ ਲਓ। ਕਾਹਨੂੰ ਛੋਟੀਆਂ-ਛੋਟੀਆਂ ਚੀਜ਼ਾਂ ਲਈ ਤਰਸੀ ਜਾਣਾ।'

ਮੈਂ ਉਸਦੀ ਪੂਰੀ ਗੱਲ ਸੁਣੀ ਨਹੀਂ ਸੀ। ਗਾਹੇ-ਬਿਗਾਹੇ ਮਿਲਣ ਲੱਗੀ। ਕੁੜੀਆਂ ਸਪਲਾਈ ਕਰਦੀ ਹੈ।

'ਤੇਰੇ ਮੇਰੇ ਵਰਗੀਆਂ ਦਾ ਤਾਂ ਦੋ-ਤਿੰਨ ਸੌ ਮਿਲਣਾ। ਲਵਪ੍ਰੀਤ ਤੇ ਰਾਜਦੀਪ ਵਰਗੀਆਂ ਤਾਂ ਨਾਈਟ ਦਾ ਦੋ-ਦੋ ਹਜ਼ਾਰ ਲੈਂਦੀਆਂ। ਜੇ ਬਾਹਰਲੀ ਸਾਮੀ ਮਿਲ ਜਾਏ। ਫੇਰ ਤਾਂ ਪੌਂ ਬਾਰਾਂ।'

ਲੱਭੂ ਤੇ ਰੱਜੂ ਦਾ ਸੁਣ ਕੇ ਮੇਰਾ ਮੂੰਹ ਖੁਲ੍ਹਾ ਰਹਿ ਗਿਆ ਸੀ। ਮੇਰਾ ਮਨ ਮੰਨਿਆਂ ਨਹੀਂ ਸੀ। ਐਨੀਆਂ ਸੋਹਣੀਆਂ ਕੁੜੀਆਂ। ਉੱਤੋਂ ਕਮਾਲ ਦੀਆਂ ਡਾਂਸਰਾਂ।

'ਢਕੀ ਰਹਿ। ਵਿਆਹ ਪਾਰਟੀਆਂ ਸਾਰਾ ਸਾਲ ਹੁੰਦੇ ਆ ? ਤੁਹਾਨੂੰ ਬਾਂਦਰ ਜਾਤ ਨੂੰ ਕੌਣ ਅਕਲ ਦੇਵੇ। ਇਹ ਗਿੱਧੇ, ਭੰਗੜੇ, ਆਰਕੈਸਟੇ, ਸੱਭਿਆਚਾਰਕ ਪ੍ਰੋਗਰਾਮ ਤਾਂ ਬਹਾਨੇ ਐ। ਅਗਲੇ ਪਾਰਟੀ 'ਚੋਂ ਮੁੱਲ ਪਾ ਕੇ ਲੈ ਜਾਂਦੇ ਆ। ਹੁਣੇ ਕਰਾਂ ਫ਼ੋਨ ?'

ਕੁਲਜੀਤ ਨੇ ਝੱਟ ਮੋਬਾਇਲ ਫ਼ੋਨ ਕੱਢ ਕੇ ਰੱਜੂ ਨੂੰ ਲਾ ਲਿਆ ਸੀ। ਉਹਨਾਂ ਦੀਆਂ ਗੱਲਾਂ ਸੁਣ ਕੇ ਵੀ ਮੈਨੂੰ ਚੈਨ ਨਹੀਂ ਆਇਆ ਸੀ। ਦੂਜਾ ਘਰੋਂ ਅੱਕੀ ਹੋਈ ਸੀ। ਭਾਰਤੇ ਜਾ ਕੇ ਸਾਹ ਲਿਆ ਸੀ।

ਇਹ ਗੱਲ ਮੈਂ ਡਰਦੀ-ਡਰਦੀ ਨੇ ਬਿਮਲਾ ਨਾਲ ਕੀਤੀ। ਉਹ ਖਿੜਖਿੜਾ ਕੇ ਹੱਸ ਪਈ ਸੀ।

'ਨੀਂ, ਤਾਰੋ। ਛੱਡ ਪਰ੍ਹਾਂ।' ਉਹਨੇ ਮੇਰਾ ਹੱਥ ਪਲੋਸਿਆ ਸੀ, ਫੇਰ ਮੈਨੂੰ ਰਸੋਈ ਵਿੱਚ ਲੈ ਵੜੀ। ਦੋ ਗਲਾਸ ਚੁੱਕੇ। ਸਕਰੱਬਰ ਨਾਲ ਵਿਮ ਲਾਇਆ। ਲਿਸ਼ਕਾ ਕੇ ਮੇਰੇ ਮੋਹਰੇ ਰੱਖ ਦਿੱਤੇ। ਮੈਂ ਸਮਝੀ ਨਾ, ਮੇਰੇ ਹੱਥ ਫੜਾ ਦਿੱਤੇ।

'ਜਦੋਂ ਮੇਰੀਆਂ ਧੀਆਂ ਕੰਮ ਤੋਂ ਆਉਂਦੀਆਂ, ਮੈਂ ਇਹ ਕੰਗਣੀ ਵਾਲੇ ਗਲਾਸ ਦੁੱਧ ਦੇ ਭਰ ਕੇ ਪਿਲਾਂਦੀ ਆਂ। ਹੁਣ ਤਾਂ ਬੀਅਰ ਤੋਂ ਉਰੇ ਗੱਲ ਨਹੀਂ ਕਰਦੀਆਂ।'

ਰੱਜੂ ਤੇ ਲੱਭੂ ਵੀ ਆ ਗਈਆਂ ਸਨ। ਚੀਂਢ ਲਾ ਕੇ ਦੁੱਧ ਪੀ ਗਈਆਂ। ਮੈਂ ਰਾਤ ਮੁੜਨਾ ਚਾਹੁੰਦੀ ਸੀ। ਬਿਮਲਾ ਨੇ ਮੁੜਨ ਨਹੀਂ ਦਿੱਤਾ ਸੀ। ਰਾਤ ਵੀ ਆਪਣੇ ਕੋਲ ਪਾ ਲਿਆ। ਸਾਰੀ ਰਾਤ ਗੱਲਾਂ ਕਰਦੀਆਂ ਰਹੀਆਂ, ਕਿੱਦਾਂ ਕੁੜੀਆਂ ਨੇ ਬਿਜਨੈੱਸ ਸੈਟ ਕੀਤਾ। ਉਹ ਸਾਰੇ ਗੁਰਮੰਤਰ ਮੈਨੂੰ ਵੀ ਦੱਸਦੀ ਰਹੀ। ਰੰਮੀ ਬਾਰੇ ਮਨ ਬਣਾ ਕੇ ਉੱਥੋਂ ਤੁਰੀ ਸੀ। ਬੀਜੀ ਤੇ ਬਾਊ ਜੀ ਕੋਲ ਬਹੁਤਾ ਸਮਾਂ ਠਹਿਰੀ ਨਹੀਂ ਸੀ। ਸ਼ਹਿਰ ਤੱਕ ਮੇਰੇ ਅੰਦਰ ਉੱਥਲ-ਪੁੱਥਲ ਹੁੰਦੀ ਰਹੀ। ਗਲਾਸ ਲੈਣ ਬਾਜ਼ਾਰ ਵੀ ਚਲੇ ਗਈ। ਮੇਰੇ ਤੋਂ ਗਲਾਸ ਖ਼ੀਦ ਨਹੀਂ ਹੋਇਆ ਸੀ। ਸੱਤੇ ਦੀਆਂ ਅੱਖਾਂ ਦੀ ਲਾਲੀ ਮੇਰਾ ਪਿੱਛਾ ਕਰ ਰਹੀ ਸੀ। ਮੈਂ ਦੁਬਿਧਾ ਵਿੱਚ ਫਸੀ ਘਰ ਨੂੰ ਮੁੜ ਆਈ ਸੀ।

ਉਸ ਦਿਨ ਤੋਂ ਮੈਂ ਮਾਹੌਲ ਬਣਾਉਣ ਵਿੱਚ ਲੱਗੀ ਹੋਈ ਆਂ। ਰੰਮੀ ਨੂੰ ਵਿਆਹ ਪਾਰਟੀਆਂ ਤੇ ਲਿਜਾਣ ਲਈ ਜ਼ੋਰ ਪਾਉਂਦੀ ਆਂ। ਇਹ ਨਹੀਂ ਜਾਂਦੀ। ਇਹਦੇ ਨਾਨੇ ਦੀ ਤਬੀਅਤ ਠੀਕ ਨਹੀਂ ਰਹਿੰਦੀ।ਮੈਂ ਇਹਨੂੰ ਇਹਦੇ ਨਾਨਕੇ ਲੈ ਕੇ ਤੁਰੀ ਰਹਿੰਦੀ ਆਂ। ਬਹਾਨਾ ਤਾਂ ਬਾਊ ਜੀ ਤੇ ਬੀਜੀ ਦੀ ਦਵਾਈ ਲੈਣ ਦਾ ਹੁੰਦਾ ਏ ਜਾਂ ਸੱਤੇ ਨਾਲ ਜੁੜੀਆਂ ਚੀਜ਼ਾਂ ਦਿਖਾਉਣ ਦਾ। ਪਰ ਮੇਰਾ ਨਿਸ਼ਾਨਾ ਇਹਨੂੰ ਬਿਮਲਾ ਦੇ ਘਰ ਲਿਜਾਣਾ ਹੁੰਦਾ ਹੈ। ਉਹਦੀ ਕੋਠੀ.. ਕਾਰਾਂ ਦਿਖਾਉਂਦੀ ਆਂ। ਰੇਨਿੰਗ ਵਾਟਰ ਤੇ ਮਸਾਜ ਵਾਟਰ ਵਾਲੇ ਵਾਸ਼ਰੂਮਾਂ ਤੇ ਝਾਤੀ ਮਰਵਾਉਂਦੀ ਆਂ। ਬਿਮਲਾ ਇਹਨੂੰ ਜੱਫੀ 'ਚ ਲੈ ਕੇ ਬਹੁਤ ਚੱਟਦੀ ਚੁੰਮਦੀ ਆ। ਮੈਂ ਵਾਰ-ਵਾਰ ਉਸ ਘਰ ਦੀ ਚਕਾਚੌਂਧ ਇਹਨੂੰ ਦਿਖਾਉਂਦੀ ਆਂ। ਇਹ ਮੁਸਕਰਾ ਕੇ ਕਹਿੰਦੀ ਏ

'ਮਾਮੀ, ਬੜੀ ਤਰੱਕੀ ਕਰ ਲਈ।'

ਮੈਨੂੰ ਲੱਗਾ ਜਿਵੇਂ ਕਿਹਾ ਹੋਵੇ-ਇਹਨੂੰ ਤਰੱਕੀ ਕਹਿੰਦੇ ਆ। ਮੈਂ ਚਾਹੁੰਨੀ ਆਂ - ਇਹ ਵੱਧ ਤੋਂ ਵੱਧ ਸੰਗਤ ਰੱਜੂ ਤੇ ਲੱਭੂ ਦੀ ਕਰੇ। ਪਰ ਇਹ ਉਨ੍ਹਾਂ ਵਿੱਚ ਭਿਜਦੀ ਨਹੀਂ। ਰੂਪਾ ਇਹਦੇ ਨਾਲ ਬੜਾ ਤੇਅ ਕਰਦਾ। ਉਹ ਇਹਨੂੰ ਲਿਆਉਣ ਜਾਂ ਛੱਡਣ ਜਾਣ ਲਈ ਝੱਟ ਕਾਰ ਕੱਢ ਲੈਂਦਾ ਏ। ਪਰ ਇਹ ਕੋਈ ਨਾ ਕੋਈ ਬਹਾਨਾ ਘੜ ਲੈਂਦੀ ਹੈ। ਉਹਦੇ ਨਾਲ ਕਾਰ ਵਿੱਚ ਨਹੀਂ ਬਹਿੰਦੀ। ਮੈਂ ਚਾਹੰਨੀ ਆਂ - ਇਹ ਕਿਸੇ ਨਾ ਕਿਸੇ ਤਰ੍ਹਾਂ ਲਾਈਨ ਤੇ ਆ ਜਾਵੇ।

ਫੇਰ ਸੋਚਿਆ, ਧੀ ਨੂੰ ਕਾਹਨੂੰ ਕਿੱਤੇ ਵਿੱਚ ਪਾਉਣਾ। ਇਹ ਕਿਹੜਾ ਟੁਣੇਹਾਰਨ ਆ, ਜਿਹੜੀ ਸਟੇਜ ਜਮਾ ਲਊਗੀ। ਬਿਗਾਨੇ ਛੱਡਦੇ ਆ ਕਿਤੇ। ਇਹ ਸਾਰੀ ਖੇਡ ਰਾਤਾਂ ਦੀ ਆ। ਦਿਨਾਂ ਨੂੰ ਕਿਹੜਾ ਆਰਾਮ ਕਰਨ ਦਿੰਦੇ ਆ।ਇੱਕ ਗੀਤ ਖ਼ਤਮ ਹੁੰਦਾ, ਨਾਲੇ ਦੂਜਾ ਸ਼ੁਰੂ। ਇਹਦੇ ਨਾਲੋਂ ਦਿਹਾੜੀ ਕਰਨੀ ਚੰਗੀ ਆ। ਉੱਥੇ ਬੰਦਾ ਸਾਹ ਲੈ ਸਕਦਾ। ਖਾਣ-ਪੀਣ ਦਾ ਟਾਇਮ ਹੁੰਦਾ। ਇੱਥੇ....ਪੁੱਛੋ ਨਾ। ਜਦੋਂ ਸਟੇਜ ਚੱਲ ਪਏ, ਫੇਰ ਨ੍ਹੀਂ ਕੁੱਸ਼ ਸੁੱਝਦਾ। ਅਗਲੇ ਬਾਂਹ ਤੋਂ ਫੜ ਕੇ ਲੈ ਜਾਂਦੇ ਆ। ਨੋਟ ਵਾਰਨ ਦੇ ਬਹਾਨੇ 'ਚ ਪਤਾ ਨਹੀਂ ਕਿੱਥੇ-ਕਿੱਥੇ ਹੱਥ ਲਾਉਂਦੇ ਆ। ਬਾਊ ਜੀ ਦੀ ਉਮਰ ਦੇ ਬੁੱਢੇ ਵੀ ਟੁੱਲ ਹੋਇਓ ਆ ਚਿੰਬੜਦੇ ਆ।

ਇਹ ਸਾਰਾ ਸੋਚ ਕੇ ਹੀ ਮੈਂ ਪਿੱਛੇ ਹਟੀ। ਸੋਚਿਆ, ਆਪ ਕੁਲਜੀਤ ਨਾਲ ਚਲੇ ਜਾਇਆ ਕਰੂੰਗੀ। ਜਾਣਾ ਤਾਂ ਮੈਂ ਵੀ ਨਹੀਂ ਸੀ। ਰੋਟੀ ਮਿਲੀ ਜਾਂਦੀ ਸੀ। ਉਹ ਤੇ ਰੰਮੀ ਦੇ ਡੈਡੀ ਨੇ ਜ਼ਿਆਦਾ ਪੀ ਲਈ। ਨ੍ਹੇਰਾ ਸੀ ਟਰੱਕ ਵਾਲਾ ਸਾਈਕਲ ਸਮੇਤ ਦਰੜ ਕੇ ਤੁੱਟ ਗਿਆ। ਖੜ੍ਹੇ ਪੈਰ ਵੀਹ ਹਜ਼ਾਰ ਰੁਪਈਆ ਲੱਗਾ। ਰੇਵਲ ਸੁੱਧ ਦੇ ਭਰਾ ਤੋਂ ਫੜਿਆ। ਇੱਕ ਪਾਸੇ ਇਹਦਾ ਡੈਡੀ ਮੰਜੇ ਤੇ ਪਿਆ। ਰੇਵਲ ਸੁੱਧ ਦੇ ਭਰਾ ਦੇ ਪੈਸੇ ?

ਮੈਂ ਸ਼ਹਿਰ ਕੁਲਜੀਤ ਨਾਲ ਚਲੇ ਗਈ ਸੀ। ਸੋਚਿਆ ਇੱਕ ਸਾਮੀ ਦਾ ਦੋ-ਤਿੰਨ ਸੌ ਰੁਪਈਆ ਦਿਹਾੜੀ ਨਾਲੋਂ ਚੰਗਾ। ਜਦੋਂ ਮੈਂ ਹੋਟਲ ਦੀਆਂ ਪੌੜੀਆਂ ਚੜ੍ਹਨ ਲੱਗੀ, ਮੇਰੇ ਪਿੱਛੇ ਟੱਪ-ਟੱਪ ਆਉਣ ਦੀ ਅਵਾਜ਼ ਆਈ। ਸੱਤੇ ਦੀ ਪੈੜ ਚਾਲ ਲੱਗੀ। ਮੇਰੇ ਤੋਂ ਅਗਾਂਹ ਨੂੰ ਪੈਰ ਨਾ ਪੁੱਟ ਹੋਣ। ਸਰੀਰ ਪਸੀਨੋ ਪਸੀਨਾ ਹੋ ਗਿਆ। ਮੈਂ ਪੀਲ ਪਾਵੇ ਨੂੰ ਫੜ ਲਿਆ। ਉਹਤੇ ਦੋ ਅੱਖਾਂ ਗੱਡੀਆਂ ਗਈਆਂ। ਲਾਲ...। ਮੈਂ ਪਿੱਛੇ ਨੂੰ ਭੱਜ ਲਈ ਸੀ। ਘਰ ਆ ਕੇ ਸਾਹ ਲਿਆ ਸੀ। ਰਾਤ ਨੂੰ ਕੁਲਜੀਤ ਨੇ ਆ ਕੇ ਹੌਂਸਲਾ ਦਿੱਤਾ ਸੀ।

'ਤੇਰੇ ਅੰਦਰ ਸੱਤੇ ਦਾ ਡਰ ਬੈਠਾ ਹੋਇਆ। ਇਹਨੂੰ ਕੱਢ ਦੇ। ਨਾਲੇ ਇਹ ਕੰਮ ਤੇਰੇ ਤੋਂ ਨਹੀਂ ਹੋਣਾ। ਸੱਤੇ ਦੀਆਂ ਅੱਖਾਂ ਤੇਰਾ ਪਿੱਛਾ ਨਹੀਂ ਛੱਡਣ ਲੱਗੀਆਂ। ਰੰਮੀ ਤੋਂ....।'

ਏਹੀ ਸਲਾਹ ਮੈਨੂੰ ਬਿਮਲਾ ਨੇ ਦਿੱਤੀ ਸੀ।ਮੈਂ ਕਦੇ ਵੀ ਰੰਮੀ ਬਾਰੇ ਫ਼ੈਸਲਾ ਨਾ ਕਰ ਸਕੀ। ਹਮੇਸ਼ਾ ਦੁਚਿੱਤੀ ਵਿੱਚ ਰਹੀ। ਪਰ ਕੱਲ੍ਹ ਫਗਵਾੜੇ ਵਾਲੀ ਪਾਰਟੀ ਨੇ ਗੱਲ ਇੱਕ ਬੰਨੇ ਲਾ ਦਿੱਤੀ। ਉਹ ਟੁਣੇਹਾਰਨ ਮੇਰੇ ਮਨ ਤੇ ਛਾਈ ਪਈ ਆ।ਮੈਂ ਉੱਥੋਂ ਫ਼ੈਸਲਾ ਕਰ ਕੇ ਤੁਰੀ ਸੀ। ਫ਼ੈਸਲਾ ਕੀ ਕਰਨਾ, ਕੰਗਣੀ ਵਾਲਾ ਗਲਾਸ ਫਗਵਾੜੇ ਤੋਂ ਖਰੀਦ ਕੇ ਘਰ ਮੁੜੀ ਸੀ।

ਕੱਲ੍ਹ ਦਾ ਗਲਾਸ ਰਸੋਈ ਵਿੱਚ ਰੱਖ ਕੇ ਬੈਠੀ ਹਾਂ। ਰਾਤ ਕੋਸ਼ਿਸ਼ ਕੀਤੀ ਸੀ, ਦੇ ਨਾ ਹੋਇਆ। ਪਿਉ ਵੀ ਰੱਜਿਆ ਸੀ ਤੇ ਪੁੱਤ ਵੀ। ਦੋਨਾਂ ਨੇ ਖੌਰੂ ਪਾਈ ਰੱਖਿਆ। ਸਵੇਰ ਦੀ ਕੰਮ ਨੇ ਮੱਤ ਮਾਰੀ ਹੋਈ ਆ। ਕੰਮ ਤੋਂ ਵਿਹਲੀ ਹੋਈ ਆਂ। ਦੁਪਹਿਰਾ ਚੜ੍ਹ ਆਇਆ ਹੈ। ਰੰਮੀ ਮਗਰ ਲੱਗੀ ਨੂੰ ਦੋ ਘੰਟੇ ਹੋ ਗਏ ਹਨ। ਜਦੋਂ ਮੈਂ ਅਸਲ ਗੱਲ 'ਤੇ ਪੁੱਜਦੀ ਆਂ, ਇਹ ਹੋਰ ਰਸਤੇ ਤੁਰ ਪੈਂਦੀ ਹੈ। ਬਿਮਲਾ ਨੇ ਸਾਰੇ ਢੰਗ ਤਰੀਕੇ ਦੱਸੇ ਵੀ ਸਨ।

ਮੈਂ ਰੰਮੀ ਨੂੰ ਇੱਕ ਪਾਰਟੀ 'ਤੇ ਲੈ ਗਈ। ਸੋਚਿਆ ਕਿ ਲੱਭੂ ਤੇ ਰੱਜੂ ਦੇ ਜੌਹਰ ਦਿਖਾਵਾਂ। ਹੌਲੀ-ਹੌਲੀ ਪ੍ਰਭਾਵ ਕਬੂਲੂਗੀ। ਸਟੇਜ ਸ਼ੁਰੂ ਹੋ ਗਈ। ਜਦੋਂ ਪ੍ਰੋਗਰਾਮ ਪੂਰੇ ਜੋਬਨ 'ਤੇ ਪੁੱਜਾ, ਇਹ ਵੀ ਸਟੇਜ ਤੇ ਚੜ੍ਹ ਗਈ।

'ਬੰਦ ਕਰੋ ਇਹ ਕੰਜਰਖਾਨਾ। ਜਿਹਨੇ ਨੱਚਣਾ, ਆ ਮੇਰੇ ਨਾਲ ਨੱਚੋ। ਆਪਣੀਆਂ ਧੀਆਂ ਨਾਲ ਨੱਚੋ। ਮੈਂ ਬੋਲੀ ਪਾਉਂਦੀ ਆ।'

ਇਹ ਰਾਤ ਮੈਨੂੰ ਸੁਪਨਾ ਆਇਆ ਸੀ। ਮੈਨੂੰ ਸਮਝ ਨਹੀਂ ਲੱਗੀ, ਇਹ ਸੁਪਨਾ ਮੈਨੂੰ ਕਿਉਂ ਆਇਆ। ਸੁਣਨ ਵਿੱਚ ਆਇਆ ਕਿ ਇਹਦੇ ਨਾਲ ਦੀ ਚੇਤਨਾ ਨੇ ਇਕ ਵਿਆਹ ਵਿੱਚ ਇੱਦਾਂ ਕੀਤੀ ਸੀ। ਉਹ ਤਾਂ ਜ਼ਮੀਨ ਵਾਲੀ ਆ। ਘਰ ਵਾਲਾ ਨੌਕਰੀ ਕਰਦਾ। ਤੇ ਇਹ...।

ਮੈਂ ਰਸੋਈ ਵਿੱਚ ਅਈ ਹਾਂ। ਗਲਾਸ ਨੂੰ ਚੰਗੀ ਤਰਾਂ ਸਵਾਹ ਨਾਲ ਮਾਂਜਿਆ ਹੈ। ਉਬਾਲ ਕੇ ਦੁੱਧ ਪਾਇਆ ਹੈ। ਮੈਂ ਗਲਾਸ ਲੈ ਕੇ ਕਮਰੇ ਅੰਦਰ ਆਈ ਹਾਂ।

'ਜੇ ਭੁੱਖੇ ਮਰਦੇ ਆਂ। ਤਾਂ ਕੀ ਧੀਆਂ ਭੈਣਾਂ ਨੂੰ ਜਿਸਮ ਵੇਚਣ ਲਾ ਦੇਈਏ ? ਸਾਲਿਓ, ਸ਼ਰਮ ਕਰੋ।'

ਇਹ ਸੱਤੇ ਦੀ ਆਵਾਜ਼ ਲੱਗਦੀ ਹੈ। ਹੈਅ ! ਫੋਟੋਆਂ...ਸੱਤੇ ਦੀਆਂ ਅੱਖਾਂ ਵਿੱਚ ਲਾਲੀ ਆ ਗਈ ਲਗਦੀ ਹੈ।

'ਫੇਰ ਕਿਹੜੇ ਖੂਹ ਡਿੱਗ ਪਈਏ ?' ਮੇਰੇ ਬੁੱਲ੍ਹ ਤੇ ਹੱਥ ਕੰਬਣ ਲੱਗ ਪਏ ਆ।

ਰੰਮੀ ਦੀ ਮੇਰੇ ਵੱਲ ਪਿੱਠ ਐ। ਉਹ ਕੰਧ ਤੇ ਲਗੀਆਂ ਫੋਟੋ ਸਾਫ ਕਰ ਰਹੀ ਹੈ। ਸੁਖਦੇਵ ਦੀ ਫੋਟੋ ਤੇ ਚਮੇਲੀ ਦਾ ਫੁੱਲ ਟੰਗ ਰਹੀ ਹੈ।

'ਜੇ ਭੁੱਖੇ ਤਾਂ ਕੀ.....।' ਕਿੰਨੀਆਂ ਹੋਰ ਅਵਾਜ਼ਾਂ ਆਉਣ ਲੱਗ ਪਈਆਂ ਹਨ।

ਅੱਖਾਂ ਵਿੱਚੋਂ ਅੱਥਰੂ ਡਿੱਗੇ ਹਨ। ਮੇਰੇ ਹੱਥੋਂ ਗਲਾਸ ਡਿੱਗ ਪਿਆ ਹੈ। ਧੀ ਦੇ ਗਲ਼ ਲੱਗ ਕੇ ਰੋਣ ਲੱਗ ਪਈ ਹਾਂ।

(ਚਲਦਾ)

# ਕਾਵਿ ਸੰਸਾਰ

## ਕਵਿਤਾ
ਜੀਵਨ ਲੁਧਿਆਣਵੀ

ਸੰਤਾਂ ਦੀ ਹੱਟੀ ਦਾ ਅਸਾਂ ਤੇ ਸੌਦਾ ਵਟੀ ਦਾ।
ਇਨ੍ਹਾਂ ਸੰਤ ਪਿਆਰਿਆਂ ਨੂੰ, ਅੱਖੀਆਂ ਦੇ ਤਾਰਿਆਂ ਨੂੰ, ਹਰ ਵੇਲ਼ੇ ਜਪੀਦਾ।
ਇਸ ਇਕ ਨੂੰ ਜਾਣਕੇ ਜੋ, ਕੰਮ ਆਪਣੇ ਕਰਦੇ ਨੇ।
ਰਹਿੰਦੇ ਖੁਸ਼ੀਹਾਲ ਸਦਾ, ਉਹ ਮੌਜਾਂ ਕਰਦੇ ਨੇ।
ਐਸੇ ਗੁਰੂ ਸਿੱਖ ਪਿਆਰਿਆਂ ਨੂੰ,
ਸਦਾ ਹੀ ਚਿੱਤ ਵਿੱਚ ਰੱਖੀਦਾ...।
ਖੇਡ ਪ੍ਰੇਮਾ ਭਗਤੀ ਦੀ ਜਿਸ ਨੇ ਵੀ ਅਪਣਾਈ,
ਬਹੁਮੁੱਲੀ ਦਾਤ ਸੰਤੋਂ, ਉਸ ਸੰਤ ਨੇ ਹੀ ਪਾਈ।
ਇਹ ਅਮਨ ਦਾ ਸੋਮਾ ਹੈ, ਇਸ ਮਨ ਵਿੱਚ ਰੱਖੀਦਾ....।
ਇਥੇ ਮੌਜ ਬਹਾਰਾਂ ਨੇ, ਖਿੜਿਆ ਗੁਲਜ਼ਾਰਾਂ ਨੇ।
ਮੁੱਖ ਸੱਜਣਾਂ ਦੇ ਉੱਜਵਲ, ਸੰਤਾਂ ਦੀਆਂ ਡਾਰਾਂ ਨੇ।
ਜੋੜ ਪੱਕਾ ਜੁੜਿਆ ਏ, ਇਸ ਯਾਰੀ ਪੱਕੀ ਦਾ.....।
'ਪੈਲ ਵਾਲੇ ਜੀਵਨ' ਦੀ ਹੁੰਦੀ ਹਰ ਗੱਲ ਪੂਰੀ ਏ।
ਬਣੇ ਸਾਥੀ ਅੱਲਾ ਜਿਸ ਦਾ, ਮੁੱਖ ਉਸ ਦਾ ਨੂਰੀ ਏ।
ਇਹ ਹਰ ਥਾਂ ਹਾਜ਼ਰ ਹੈ, ਇਹ ਹਰ ਥਾਂ ਤੱਕੀ ਦਾ...।

## ਮੈਂ 'ਹੂੰ' ਆਖਦੀ ਹਾਂ
ਰਮਨਦੀਪ ਕੌਰ ਵਿਰਕ

ਫਿਰ ਕਦੇ ਅਚਾਨਕ,
ਮੇਰੇ ਚਿਹਰੇ 'ਤੇ ਆਪਣੀ ਮੁਸਕਾਨ,
ਸੁੱਟਦਾ ਮੈਨੂੰ ਆਖਦਾ ਹੈ,
ਫ਼ਿੱਕੇ ਰੰਗਾਂ ਦੀ ਵੀ,
ਆਪਣੀ ਹੀ ਫ਼ੱਬਤ ਹੁੰਦੀ ਹੈ,
ਹੈ ਨਾ!
ਉਹ ਪਿਆਰ ਨੂੰ,
ਹੋਰ ਨਜ਼ਰ ਨਾਲ ਦੇਖਦਾ ਹੈ।

## ਦੁਸ਼ਮਣਾਂ ਵਰਗੇ ਦੋਸਤ
ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ.ਕੇ.



ਇਹ ਵਰ ਹੈ ਜਾਂ ਸਰਾਪ ਹੈ ਜਾਂ ਪਿਛਲੇ ਜਨਮਾਂ ਦਾ ਪਾਪ ਹੈ?
ਜਿਸ ਨੂੰ ਵੀ ਦੋਸਤ ਕਹਿ ਬੈਠਾਂ, ਉਹੀਓ ਹੁੰਦਾ ਮੇਰੇ ਖਿਲਾਫ ਹੈ।
ਕੋਈ ਧਰਮ ਦੇ ਨਾਂ ਤੇ ਲੜ ਪੈਂਦਾ, ਕੋਈ ਜਾਤ 'ਚ ਪਾਤ ਫਸਾ ਲੈਂਦਾ,
ਕੋਈ ਮੇਰੀ ਗੱਲ ਨੂੰ ਕੱਟਣ ਲਈ, ਬੱਸ ਐਵੇਂ ਟੰਗ ਅੜਾ ਬਹਿੰਦਾ।
ਕੋਈ ਮੈਥੋਂ ਬਹੁਤ ਸਿਆਣਾ ਹੈ, ਅੰਨ੍ਹਿਆਂ ਵਿੱਚ ਫਿਰਦਾ ਕਾਣਾ ਹੈ,
ਮੈਨੂੰ ਰਸਤਾ ਦੱਸਣ ਲੱਗ ਪੈਂਦਾ, ਖ਼ੁਦ ਪਤਾ ਨਹੀਂ ਕਿੱਧਰ ਜਾਣਾ ਹੈ।
ਕਈ ਮੂੰਹ 'ਤੇ ਮਿੱਠੇ ਬਣਦੇ ਨੇ, ਪਿੱਠ ਪਿੱਛੇ ਛੁਰੀਆਂ ਕੱਢਦੇ ਨੇ,
ਮੈਨੂੰ ਇਸ ਜਹਾਨੋਂ ਤੋਰਨ ਲਈ, ਅਰਦਾਸਾਂ ਨਿੱਤ ਦਿਨ ਕਰਦੇ ਨੇ।
ਮੇਰੀ ਸ਼ਕਲ ਨੂੰ ਨਫ਼ਰਤ ਕਰ ਕਰਕੇ, ਕਈ ਵਿੰਗੇ ਮੂੰਹ ਕਰਾ ਬੈਠੇ,
ਨਹੀਂ ਚੱਲਦਾ ਵੱਸ ਹੁਣ ਕਈਆਂ ਦਾ, ਬੱਸ ਆਪਣੇ ਮੂੰਹ ਦੀ ਖਾ ਬੈਠੇ।
ਮੈਨੂੰ ਖੁਸ਼ੀ ਉਦੋਂ ਰੱਜ ਕੇ ਹੁੰਦੀ, ਜਦੋਂ ਖ਼ੂਨ ਉਨ੍ਹਾਂ ਦਾ ਮਘਦਾ ਹੈ,
ਦਿਲ ਬਾਗ਼ ਬਾਗ਼ ਮੇਰਾ ਹੋ ਜਾਂਦਾ, ਦਿਨ ਸਫਲ ਹੋ ਗਿਆ ਲੱਗਦਾ ਹੈ।
ਰੱਬ ਕਰੇ ਕਿ ਜੀਂਦੇ ਰਹਿਣ ਸਦਾ, ਮੇਰਾ ਦਿਲ ਇਵੇਂ ਹੀ ਲਾ ਰੱਖਣ,
ਦੁਸ਼ਮਣੀ ਐਸੇ ਦੋਸਤਾਂ ਦੀ, ਮੈਨੂੰ ਲੱਗੇ ਬਣ ਕੇ ਘਿਓ ਮੱਖਣ।
ਅਨੋਖੀ ਜਿਹੀ ਇਹ ਦੋਸਤੀ ਵੀ, ਕੰਡਿਆਂ ਦੇ ਤਾਜ ਬਰਾਬਰ ਹੈ,
ਜਿਸਦਾ ਚੋਭ ਨਜ਼ਾਰਾ ਵੀ, ਖ਼ੁਸ਼ੀਆਂ ਦਾ ਭਰਿਆ ਸਾਗਰ ਹੈ।

## ਗ਼ਜ਼ਲ
ਨਰਿੰਦਰ ਠਾਕੁਰ

ਭੋਗੀ ਹੋ ਕੇ ਥੱਕ ਗਿਆ ਤਾਂ ਜੋਗੀ ਬਣ ਕੇ ਦੇਖ ਲਿਆ,
ਲੱਖ ਉਜਾੜਾਂ ਗੁਲਜ਼ਾਰਾਂ ਵਿੱਚ ਤੇਰਾ ਚਿਹਰਾ ਨਈਂ ਭੁੱਲਿਆ,
ਮੈਖਾਨੇ ਦਾ ਰਸਤਾ ਹੁਣ ਤਾਂ ਮੈਂ ਵਲ ਕੇ ਲੰਘ ਜਾਂਦਾ ਹਾਂ,
ਸ਼ਾਮ ਢਲੇ ਪਰ ਤੇਰੇ ਨੈਣਾ ਦਾ ਠੇਕਾ ਹੈ ਖੁਲ ਜਾਂਦਾ
ਸਾਗਰਾਂ ਨੂੰ ਜਦ ਅੱਗ ਲਗਦੀ ਹੈ ਦਿਲ ਦੀ ਕਸ਼ਤੀ ਬਲ਼ ਉੱਠਦੀ,
ਮੈਂ ਤਾਂ ਥਲ ਹਾਂ ਮੇਰੇ ਉੱਤੇ ਬੱਦਲ ਕੋਈ ਨਹੀ ਵਰ੍ਹਦਾ,
ਦਰਿਆ ਕੰਢੇ ਇੱਕ ਰੁੱਖ ਥੱਲੇ ਹੁਣ ਵੀ ਹੱਸਦੀ ਲਗਨੀ ਏਂ,
ਨਾ ਹੁਣ ਵਕਤ ਨੇ ਹੀ ਮੁੜਨਾ ਹੈ ਨਾ ਇਹ ਪਾਣੀ ਹੈ ਰੁਕਦਾ,
ਸੱਚ ਜਾਣੀ ਮੈਂ ਤੇਰੀਆਂ ਪੀੜਾਂ ਏਦਾਂ ਸਾਂਭ ਕੇ ਰੱਖੀਆਂ ਨੇ,
ਜਿੱਦਾ ਕੋਈ ਸ਼ਾਇਰ ਅਪਣੇ ਸ਼ਿਅਰ ਸਾਂਭ ਕੇ ਹੈ ਰੱਖਦਾ,
ਜਿਸਮ ਤਾਂ ਵੱਖਰੇ ਹੋ ਸਕਦੇ ਨੇ ਤੂੰ ਦੂਰੀ ਤਾਂ ਸਿਰਜ ਲਈ,
ਰੂਹ ਤਾਂ ਤੇਰੀ ਕੋਲ ਹੈ ਮੇਰੇ, ਰੂਹਾਂ ਤੇ ਕੀ ਜੋਰ ਭਲਾ,
ਏਸ ਨਰਿੰਦਰ ਨੂੰ ਵੀ ਅੜੀਏ ਦੋ ਘੁਟ ਜ਼ਹਿਰ ਪਿਲਾ ਜਾਂਦੀ,
ਜੋ ਖੁਦ ਨੂੰ ਕਹਿੰਦਾ ਹੈ ਠਾਕੁਰ, ਟੁਕੜਾ ਹੈ ਪਰ ਪੱਥਰ ਦਾ।

## ਗੁਰੂ ਨਾਨਕ ਜੀ
ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

ਅੰਮ੍ਰਿਤ ਵੇਲਾ ਦਿਨ ਪੁੰਨਿਆਂ ਦਾ ਚੰਨ ਚਾਨਣੀ ਵਸਦੀ ਪਈ ਸੀ
ਕੁਦਰਤ ਰਾਣੀ ਦੇਖ ਜਗਤ ਵਲ ਨਿਕਾ ਨਿਕਾ ਹਸਦੀ ਪਈ ਸੀ
ਅਰਸ਼ਾਂ ਤੋਂ ਇਕ ਜੋਤ ਇਲਾਹੀ ਧਰਤੀ ਦੇ ਵਲ ਆ ਰਹੀ ਸੀ
ਬਾਬੇ ਕਾਲੂ ਦੇ ਵਿਹੜੇ ਵਲ ਹੌਲੀ ਹੌਲੀ ਜਾ ਰਹੀ ਸੀ
ਤਲਵੰਡੀ ਦੀ ਧਰਤੀ ਉਤੇ ਚੜ੍ਹ ਪਿਆ ਸੀ ਇਕ ਚੰਨ ਅਚਾਣਕ
ਮਾਂ ਤ੍ਰਿਪਤਾ ਦੀ ਝੋਲੀ ਦੇ ਵਿਚ ਆ ਬੈਠਾ ਸੀ ਸਤਿਗੁਰੂ ਨਾਨਕ
ਦਾਈ ਦੌਲਤਾਂ ਤਕ ਬੱਚੇ ਨੂੰ ਹੋ ਗਈ ਕੁਝ ਖਾਮੋਸ਼ ਜਹੀ ਸੀ
ਖੁਲੀਆਂ ਅੱਖਾਂ ਸੁਤੀ ਨਹੀਂ ਸੀ ਪਰ ਲਗਦੀ ਮਦਹੋਸ਼ ਜਹੀ ਸੀ
ਇੰਜ ਜਾਪੇ ਕੁਝ ਬੋਲਣ ਲੱਗੀ ਜਿਹਬਾ ਉਸਦੀ ਰੁਕੀ ਹੋਈ ਸੀ
ਹੱਥ ਓਸਦੇ ਜੁੜੇ ਹੋਏ ਸਨ ਗਰਦਨ ਉਸਦੀ ਝੁਕੀ ਹੋਈ ਸੀ
ਸੀਸ ਨਿਵਾਕੇ ਬਾਲਕ ਚੁੱਕ ਕੇ ਮਾਂ ਤ੍ਰਿਪਤਾ ਦੀ ਝੋਲੀ ਪਾਇਆ
ਤਲਵੰਡੀ ਵਿਚ ਪੈ ਗਿਆ ਰੌਲਾ ਕਾਲੂ ਦੇ ਘਰ ਪੁਤਰ ਆਇਆ
ਮਾਂ ਤ੍ਰਿਪਤਾ ਆਵਾਜ਼ ਸੂ ਦਿਤੀ ਆ ਨਾਨਕੀ ਤਕ ਲੈ ਵੀਰਾ
ਨਿਤ ਕਹਿੰਦੀ ਸੈਂ ਵੀਰਾ ਲੈਣੈ ਆ ਹੁਣ ਆ ਕੇ ਚਕ ਲੈ ਵੀਰਾ
ਭੈਣ ਨਾਨਕੀ ਦੌੜੀ ਆਈ ਆ ਕੇ ਚੁਪ ਚੁਪੀਤੀ ਖੜ ਗਈ
ਇੱਕ ਟੱਕ ਵੀਰ ਨੂੰ ਦੇਖੀ ਜਾਵੇ ਸੁਰਤੀ ਦਸਮ ਦੁਆਰੇ ਚੜ੍ਹ ਗਈ
ਮਾਂ ਤ੍ਰਿਪਤਾ ਵੀ ਤੱਕ ਪੁਤਰ ਨੂੰ ਜਾਏ ਸਦਕੜੇ ਜਾਵੇ ਵਾਰੇ
ਅਰਸ਼ਾਂ ਤੇ ਪਏ ਕਰਨ ਆਰਤੀ ਝੂਮ ਝੂਮਕੇ ਚੰਨ ਸਿਤਾਰੇ
ਬਾਬਾ ਕਾਲੂ, ਚਾਚਾ ਲਾਲੂ, ਝੱਟ ਫੈਸਲਾ ਲਿਆ ਅਚਾਨਕ
ਨਾਨਕੀ ਦਾ ਇਹ ਵੀਰ ਪਿਆਰਾ ਨਾਮ ਏਸਦਾ ਰੱਖੀਏ ਨਾਨਕ
ਨਿਕੜਾ ਨਾਨਕ ਤਕ ਬੇਬੇ ਨੂੰ ਮੰਦ ਮੰਦ ਮੁਸਕਾਈ ਜਾਵੇ
ਭੈਣ ਨਾਨਕੀ ਚੁਕ ਵੀਰੇ ਨੂੰ ਘੁਟ ਘੁਟ ਗਲ ਨਾਲ ਲਾਈ ਜਾਵੇ
ਕਿਹਾ ਨਾਨਕੀ ਮਾਂ ਤੇਰੇ ਘਰ ਇਹ ਕਰਤਾ ਕਰਤਾਰ ਹੈ ਆਇਆ
ਜਗ ਨੂੰ ਦਾਤਾਂ ਵੰਡਣ ਵਾਲਾ ਖ਼ੁਦ ਦਾਤਾ ਦਾਤਾਰ ਹੈ ਆਇਆ
ਵੀਰ ਮੇਰੇ ਨੇ ਦੁਨੀਆਂ ਦੇ ਲਈ ਨਾਮ ਦਾ ਇਕ ਜਹਾਜ ਬਨਾਉਣਾ
ਜੋ ਵੀ ਸ਼ਰਣ ਪ੍ਰਭੂ ਦੀ ਆਇਆ ਭਵਸਾਗਰ ਤੋਂ ਪਾਰ ਲੰਘਾਉਣਾ
ਧੰਨ ਗੁਰੂ ਨਾਨਕ ਧੰਨ ਗੁਰੂ ਨਾਨਕ ਚਹੁੰ ਕੁੰਟਾਂ ਨੇ ਸ਼ਬਦ ਅਲਾਇਆ
ਜਾਹਰ ਪੀਰ ਜਗਤ ਗੁਰੂ ਬਾਬਾ ਕਲਿ ਤਾਰਣ ਗੁਰੂ ਨਾਨਕ ਆਇਆ
ਨਜ਼ਰ ਮਿਹਰ ਦੀ ਕਰਕੇ ਸਤਿਗੁਰ ਅਪਣੇ ਘਰ ਦੀ ਪ੍ਰੀਤ ਬਣਾਲੈ
ਕਈ ਜਨਮਾਂ ਤੋਂ ਮਰੀ ਪਈ ਹਾਂ ਹੁਣ ਮੈਨੂੰ 'ਸੁਰਜੀਤ' ਬਣਾਲੈ।

## ਗ਼ਜ਼ਲ
ਜੀਵਨ ਪਾਇਲ ਜ਼ਿਲ੍ਹਾ ਲੁਧਿਆਣਾ



ਜਿਸ ਨੇ ਰਿਝਾਇਆ ਗੁਰੂ ਰੱਬ ਉਹਨੇ ਪਾਇਆ ਹੈ,
ਜਿਉਂਦੇ ਜੀਅ ਹੀ ਸਵਰਗਾਂ 'ਚ ਘਰ ਵੀ ਬਨਾਇਆ ਹੈ,
ਮਾਰੋ ਇਸ ਮਨ ਨੂੰ ਤੇ ਗੁਰੂ ਨੂੰ ਰਿਝਾਓ ਯਾਰੋ,
ਜਿਉਣਾ ਇਸ ਦੁਨੀਆਂ ਤੇ ਸਫਲ ਬਣਾਓ ਯਾਰੋ,
ਕਦੇ ਏਥੇ ਕਦੇ ਉਥੇ ਇਸ ਮਨ ਨੇ ਸਤਾਇਆ ਹੈ,
ਜਿਸ ਨੇ ਰਿਝਾਇਆ ਗੁਰੂ ਰੱਬ ਉਹਨੇ ਪਾਇਆ ਹੈ,
ਜਿਉਂਦੇ ਜੀਅ ਹੀ ਸਵਰਗਾਂ ਚ ਘਰ ਵੀ ਬਨਾਇਆ ਹੈ,
ਇਛਾ ਰਹੇ ਇੱਕ ਵੀ ਨਾ ਮਰਦਾ ਏ ਮਨ ਜਦੋਂ,
ਕਰਦਾ ਚਲਾਕੀਆਂ ਏ ਬੇ-ਬਸ ਹੋਵੇ ਜਦੋਂ,
ਰੱਬੀ ਗਿਆਨ ਦੇ ਗੁਰੂ ਇਸ ਨੂੰ ਬਚਾਇਆ,
ਜਿਸ ਨੇ ਰਿਝਾਇਆ ਗੁਰੂ ਰੱਬ ਉਹਨੇ ਪਾਇਆ ਹੈ,
ਜਿਉਂਦੇ ਜੀਅ ਹੀ ਸਵਰਗਾਂ 'ਚ ਘਰ ਵੀ ਬਨਾਇਆ ਹੈ,
ਮਨ ਜੀਵੇ ਟੋਟਿਆਂ 'ਚ ਦੌੜਦਾ ਦਿਸ਼ਾਵਾਂ ਵਿੱਚ,
ਪਾ ਕੇ ਨਕੇਲ ਹੁਣ ਗੁਰੂ ਨੇ ਬਿਠਾਇਆ ਹੈ,
ਸੁਖਾਂ ਵਾਲਾ ਚੋਲਾ ਸਤਿਗੁਰੂ ਪਹਿਨਾਇਆ ਹੈ,
ਜਿਸ ਨੇ ਰਿਝਾਇਆ ਗੁਰੂ ਰੱਬ ਉਹਨੇ ਪਾਇਆ ਹੈ,
ਜਿਉਂਦੇ ਜੀਅ ਹੀ ਸਵਰਗਾਂ ਚ ਘਰ ਵੀ ਬਨਾਇਆ ਹੈ,
(ਪੈਲ ਵਾਲੇ ਜੀਵਨ) ਦਾ ਮਨ ਉਦਾਸ ਹੋਵੇ ਨਾ,
ਸਭਨਾਂ ਚ ਦਿਸੇ ਗੁਰੂ ਦੂਜਾ ਕੋਈ ਹੋਵੇ ਨਾ,
ਗਿਆਨ ਦੀ ਲੋਅ ਨਾਲ ਜੀਵਨ ਮਹਿਕਾਇਆ ਹੈ,
ਜਿਸ ਨੇ ਰਿਝਾਇਆ ਗੁਰੂ ਰੱਬ ਉਹਨੇ ਪਾਇਆ ਹੈ,
ਜਿਉਂਦੇ ਜੀਅ ਹੀ ਸਵਰਗਾਂ 'ਚ ਘਰ ਵੀ ਬਣਾਇਆ ਹੈ।

## ਗ਼ਜ਼ਲ
ਅਮਨਦੀਪ ਸਿੰਘ ਅਮਨ

ਜਦ ਕਿਤੇ ਬਹਿ ਕੇ ਇਕੱਲਾ, ਮੈਂ ਖਲਾਅ ਨੂੰ ਘੂਰਦਾ ਹਾਂ।
ਕੁਝ ਪਲਾਂ ਤੇ ਮਾਣ ਕਰਦਾਂ, ਕੁਝ ਪਲਾਂ ਤੇ ਝੂਰਦਾ ਹਾਂ।
ਜ਼ਿੰਦਗੀ ਭਰ ਗੋਲ ਧਾਰੇ ਵਿੱਚ ਹੀ ਤੁਰਦਾ ਰਿਹਾ ਮੈਂ,
ਜਦ ਕਿ ਇਹ ਵੀ ਜਾਣਦਾ ਸੀ, ਮੈਂ ਤਾਂ ਰਾਹੀ ਦੂਰ ਦਾ ਹਾਂ।
ਕਾਲਖਾਂ ਵਿੱਚ ਜੀਅ ਰਹੇ ਨੂੰ, ਕਾਲਖਾਂ ਦਾ ਜੀਅ ਨਾ ਸਮਝੀਂ
ਮੈਂ ਇਨ੍ਹਾਂ ਦੀ ਕੈਦ ਵਿੱਚ ਹਾਂ, ਪਰ ਮੈਂ ਜਾਇਆ ਨੂਰ ਦਾ ਹਾਂ।
ਇਸ ਜ਼ਮੀਂ 'ਚੋਂ ਜ਼ਲਜ਼ਲੇ ਉਠਣੇ ਜ਼ਰੂਰੀ ਹੋ ਗਏ ਨੇ,
ਮੈਂ ਜ਼ਮੀਂ ਦੀ ਹਿੱਕ ਤੇ ਡੁੱਲਿਆ ਲਹੂ, ਮਜ਼ਦੂਰ ਦਾ ਹਾਂ।
ਜੇ ਅਜੇ ਸ਼ਾਇਰੀ ਦੇ ਅੰਦਰ, ਹੌਕਿਆਂ ਦੀ ਗੂੰਜ ਸੁਣਦੀ,
ਦਰਦ ਮੈਂ, ਸ਼ਬਦਾਂ ਤੋਂ ਸੱਖਣੇ ਹੀ ਕਿਸੇ ਮਜ਼ਬੂਰ ਦਾ ਹਾਂ।
ਰੂਹ ਦੇ ਰੱਜੇ ਲੋਕ ਮੇਰੇ, ਮਿੱਤਰਾਂ ਦੇ ਵਿੱਚ ਆਉਂਦੇ,
ਯਾਰ ਮੈਂ ਕਰਤਾਰ ਦਾ, ਦਾਤਾਰ ਦਾ, ਭਰਪੂਰ ਦਾ ਹਾਂ।
ਇੱਕ ਜੌਹਰੀ ਦੀ ਨਿਗ੍ਹਾ ਨੇ, ਆ 'ਅਮਨ' ਪਹਿਚਾਣਿਆ ਏ,
ਕੰਨ ਦੇ ਵਿੱਚ ਕਹਿ ਗਿਆ, ਮੈਂ ਹਾਣ ਕੋਹੇਨੂਰ ਦਾ ਹਾਂ।

## ਸਿੱਖੀ
ਜੁਗਰਾਜ ਸਿੰਘ

ਲਹੂ ਨਾਲ ਸਿੰਜੇ ਨੇ ਜਿਹੜੇ, ਕਦੇ ਵੀ ਬੂਟੇ ਨਹੀਂ ਸੁੱਕਦੇ,
ਅਸੀਂ ਹਾਂ ਉਨ੍ਹਾਂ ਸਫ਼ਰਾਂ ਤੇ ਜਿਨ੍ਹਾਂ ਦੇ ਪੈਂਡੇ ਨਹੀਂ ਮੁੱਕਦੇ।
ਜਿਨ੍ਹਾਂ ਦੀ ਬਾਤ ਲਿਖਦੇ ਹਾਂ ਉਨ੍ਹਾਂ ਦੀ ਬਾਤ ਪੈਣੀ ਏ,
ਅਸਾਡਾ ਸੂਰਜ ਚੜ੍ਹਨਾ ਏ, ਤੇਰੀ ਫਿਰ ਰਾਤ ਪੈਣੀ ਏ,
ਸੀਸ ਜੋ ਉਹਦੇ ਹੋ ਗਏ ਨੇ, ਵੇ ਉਹ ਥਾਂ ਥਾਂ ਨਹੀ ਝੁਕਦੇ
ਅਸੀਂ ਹਾਂ ਉਨ੍ਹਾਂ ਸਫ਼ਰਾਂ ਤੇ ਜਿਨ੍ਹਾਂ ਦੇ ਪੈਂਡੇ ਨਹੀਂ ਮੁੱਕਦੇ।
ਤੂੰ ਜਿੰਦਗੀ ਦੇ ਸ਼ੀਸ਼ੇ ਤੇ, ਵੇ ਕਾਲਖ ਚੜ੍ਹਨ ਨਾ ਦੇਵੀਂ
ਕਦੇ ਵੀ ਹਾਰ ਨਾ ਮੰਨੀਂ, ਜਮੀਰਾਂ ਮਰਨ ਨਾ ਦੇਵੀਂ
ਜਮੀਰਾਂ ਜਾਗਦੀਆਂ ਵਾਲੇ, ਰਾਹਾਂ ਦੇ ਵਿੱਚ ਨਹੀਂ ਰੁਕਦੇ
ਅਸੀਂ ਹਾਂ ਉਨ੍ਹਾਂ ਸਫ਼ਰਾਂ ਤੇ ਜਿਨ੍ਹਾਂ ਦੇ ਪੈਂਡੇ ਨਹੀਂ ਮੁੱਕਦੇ।
ਭੀੜ ਤੋਂ ਵੱਖਰਾ ਤੁਰਦਾ ਏ, 'ਵਾਵਾਂ ਰੋਕਦੀਆਂ ਹੁਣੀਆਂ
ਜਮਾਨਾ ਵੈਰੀ ਹੋ ਜਾਊ, ਵੇ ਮਾਂਵਾ ਟੋਕਦੀਆਂ ਹੁਣੀਆਂ
ਮਾਵਾਂ ਦੇ ਖਾਬ ਨੇ ਜਿਹੜੇ, ਲੁਕਾਇਆਂ ਵੀ ਨਹੀਂ ਲੁਕਦੇ
ਅਸੀਂ ਹਾਂ ਉਨ੍ਹਾਂ ਸਫ਼ਰਾਂ ਤੇ ਜਿਨ੍ਹਾਂ ਦੇ ਪੈਂਡੇ ਨਹੀਂ ਮੁੱਕਦੇ।

## ਮਾਵਾਂ ਨੂੰ ਉਡੀਕਿਆ ਨਹੀਂ ਜਾਂਦਾ....
ਰਾਜਪਾਲ

ਮਾਵਾਂ ਉਡੀਕ ਦੀਆਂ ਨੇ,
ਮਾਵਾਂ ਨੂੰ ਉਡੀਕਿਆ ਨਹੀਂ ਜਾਂਦਾ..
ਮਾਵਾਂ ਤਾਂ ਬਰੂਹਾਂ 'ਤੇ ਖੜ੍ਹ,
ਟਾਕੀਆਂ 'ਚੋਂ ਬਾਹਰ ਤਕਦੀਆਂ,
ਬੂਹਿਆਂ ਦੇ ਖੜਾਕ ਸੁਣਦਿਆਂ,
ਪੈੜਾਂ ਦੀ ਥਾਪ ਪਛਾਣ ਲੈਂਦੀਆਂ ਨੇ,
ਮਾਵਾਂ ਉਡੀਕਦੀਆਂ ਨੇ।
ਖ਼ਤਾਂ ਦੀ ਉਡੀਕ ਕਰਦੀਆਂ,
ਫੋਨ ਦੀ ਘੰਟੀ ਵਲ ਭੱਜਦੀਆਂ,
ਜਾਣੀ ਪਛਾਣੀ ਆਵਾਜ਼ ਟੋਲਦੀਆਂ,
ਕਾਵਾਂ ਸੰਗ ਚਿੜੀਆਂ ਬੋਲਦੀਆਂ,
ਸੁਣ ਝੱਟ ਚੂਰੀ ਬਣਾ ਲੈਂਦੀਆਂ ਨੇ,
ਮਾਵਾਂ ਉਡੀਕਦੀਆਂ ਨੇ।
ਪਰ ਮਾਂ... ਤੂ ਭੁੱਲ ਗਈ ਸ਼ਾਇਦ,
ਮਾਵਾਂ ਨੂੰ ਉਡੀਕਿਆ ਨਹੀਂ ਜਾਂਦਾ,
ਮੈਨੂੰ ਉਡੀਕ ਰਹਿੰਦੀ ਏ,
ਤੇਰੇ ਫੋਨ ਦੀ, ਤੇਰੇ ਮੁੜ ਆਉਣ ਦੀ,
ਤੇਰੀ ਆਵਾਜ਼ ਤੇਰੀ ਕੰਨਸੋਅ ਦੀ,
ਤੇਰੇ ਆਵਾਜ਼ ਮਾਰ ਬੁਲਾਉਣ ਦੀ,
ਝਿੜਕਣ ਦੀ ਹਸਾਉਣ ਦੀ,
ਮੈਨੂੰ ਉਡੀਕ ਰਹਿੰਦੀ ਏ।
ਸੋਹਣੀ ਮਾਂ, ਮੇਰੇ ਤੇ ਕਹਿਰ ਨਾ ਗੁਜ਼ਾਰੀ,
ਤੇਰੀ ਆਵਾਜ਼ ਵੀ ਕਿਧਰੇ ਭੁੱਲ ਨਾ ਜਾਵਾਂ,
ਏਦਾਂ ਹੋਣ ਤੋਂ ਪਹਿਲਾਂ ਮੁੜ ਆਵੀਂ,
ਮੈਨੂੰ ਉਡੀਕ ਰਹਿੰਦੀ ਏ।

# ਹਾਕੀ ਦਾ ਚੈਂਪੀਅਨ ਸੁਰਜੀਤ ਸਿੰਘ



**ਜੋਗਿੰਦਰ ਸਿੰਘ ਮਾਨ**

ਹਾਕੀ ਦੇ ਤੀਜੇ ਵਿਸ਼ਵ ਕੱਪ ਦੀ ਗੱਲ ਹੈ। ਪ੍ਰਸਿੱਧ ਹਾਕੀ ਖਿਡਾਰੀ ਸੁਰਜੀਤ ਸਿੰਘ ਨੂੰ ਵਹਿਮ ਹੋ ਗਿਆ ਕਿ ਚਾਰ ਨੰਬਰ ਦੀ ਜਰਸੀ ਉਹਦੇ ਲਈ ਠੀਕ ਨਹੀਂ। ਸਿਖਰਲੇ ਮੈਚ ਵਿਚ ਪਾਕਿਸਤਾਨ ਨਾਲ ਖੇਡਣ ਤੋਂ ਪਹਿਲਾਂ ਸੁਰਜੀਤ ਨੇ ਇਹ ਸਮੱਸਿਆ ਟੀਮ ਨਾਲ ਗਏ ਡਾਕਟਰ ਨੂੰ ਦੱਸੀ। ਮਨੋਵਿਗਿਆਨਕ ਮਾਹਿਰ ਡਾਕਟਰ ਨੇ ਉਥੇ ਰਹਿੰਦੇ ਕਿਸੇ ਹਿੰਦੋਸਤਾਨੀ ਤੋਂ ਗੁੜ ਦੀ ਰੋੜੀ ਅਤੇ ਮਾਸਾ ਕੁ ਤਿਲ ਮੰਗਵਾਏ। ਮੰਤਰ ਪੜ੍ਹ ਕੇ ਡਾਕਟਰ ਨੇ ਉਹਨੂੰ ਖਾਣ ਨੂੰ ਆਖਿਆ। ਉਹ ਪਾਕਿਸਤਾਨ ਵਿਰੁੱਧ ਬਹੁਤ ਵਧੀਆ ਖੇਡਿਆ, ਹਿੰਦੋਸਤਾਨ ਨੂੰ ਜਿੱਤ ਪ੍ਰਾਪਤ ਹੋਈ ਅਤੇ ਵਿਸ਼ਵ ਜੇਤੂ ਬਣ ਗਿਆ।

ਭਾਰਤ ਵਿਚ ਖੇਡੇ ਬੰਬਈ ਵਿਸ਼ਵ ਕੱਪ-1982 ਵੇਲੇ ਜਦ ਭਾਰਤੀ ਟੀਮ ਆਸਟਰੇਲੀਆ ਤੇ ਹਾਲੈਂਡ ਤੋਂ ਹਾਰ ਗਈ ਤਾਂ ਸੁਰਜੀਤ ਦੀਆਂ ਅੱਖਾਂ ਵਿਚੋਂ ਹੰਝੂ ਉਤਰ ਆਏ। ਨੇੜੇ ਖੜ੍ਹੇ ਸੁਰਜੀਤ ਦੇ ਯਾਰਾਂ-ਬੇਲੀਆਂ ਨੇ ਉਹਨੂੰ ਭਰੋਸਾ ਦਿੱਤਾ ਤੇ ਆਖਿਆ ਕਿ ਆਪਾਂ ਅਗਲਾ, ਛੇਵਾਂ ਵਿਸ਼ਵ ਕੱਪ ਜ਼ਰੂਰ ਜਿੱਤਾਂਗੇ ਪਰ ਉਹ ਅਗਲਾ ਵਿਸ਼ਵ ਕੱਪ (ਲੰਡਨ-1986) ਆਉਣ ਤੋਂ ਪਹਿਲਾਂ ਹੀ ਇਸ ਜਹਾਨੋਂ ਕੂਚ ਕਰ ਗਿਆ।

ਕ੍ਰਿਕਟ ਤੋਂ ਸਿਵਾਇ ਦੂਸਰੀਆਂ ਖੇਡਾਂ ਦੇ ਖਿਡਾਰੀਆਂ ਲਈ ਫਾਇਦੇਮੰਦ ਮੈਚ ਕਰਾਉਣ ਦੀ ਲੀਹ ਪਾਉਣ ਲਈ ਭੱਜਿਆ ਫਿਰਦਾ ਸੁਰਜੀਤ ਜਿੰਦਗੀ ਦਾ ਮੈਚ ਹਾਰ ਗਿਆ। 7 ਜਨਵਰੀ 1984 ਦੀ ਅਖ਼ਬਾਰੀ ਰਿਪੋਰਟ ਮੁਤਾਬਕ, ਸ਼ਾਮ ਨੂੰ 7 ਕੁ ਵਜੇ ਅੰਮ੍ਰਿਤਸਰੋਂ ਕਾਰ ਤੁਰੀ ਜਿਹੜੀ ਜਲੰਧਰ ਨੇੜੇ ਬਿਧੀਪੁਰ ਕੋਲ ਹਾਦਸੇ ਦਾ ਸ਼ਿਕਾਰ ਹੋ ਗਈ ਅਤੇ ਫਿਸ ਗਈ। ਇਸੇ ਕਾਰ ਵਿਚ ਬੈਠਾ ਹਾਕੀ ਦਾ ਅਲਮ-ਬਰਦਾਰ ਅਤੇ ਉਸ ਦਾ ਇਕ ਸਾਥੀ ਪ੍ਰਸ਼ੋਤਮ ਪਾਂਡੇ ਫ਼ੌਤ ਹੋ ਗਏ।

10 ਅਕਤੂਬਰ, 1951 ਵਿਚ ਬਟਾਲੇ ਲਾਗੇ ਦਾਖਲਾ ਪਿੰਡ ਵਿਚ ਜੰਮਿਆ ਸੁਰਜੀਤ ਸਪੋਰਟਸ ਕਾਲਜ ਜਲੰਧਰ ਤੋਂ ਕੌਮੀ ਚਿੱਤਰਪਟ 'ਤੇ ਚਮਕਿਆ ਤੇ ਚਮਕਦਾ ਹੀ ਗਿਆ। ਉਹਨੂੰ ਟੀਮ ਦੇ ਅਹਿਮ ਮੋਰਚੇ ਉਤੇ ਲਾਇਆ ਗਿਆ। ਸਰਹੱਦ ਦੀ ਰਾਖੀ ਕਰਦੇ ਸਿਪਾਹੀ ਵਾਂਗ ਗੋਲਾਂ ਦਾ ਬਚਾਅ ਕਰਦਾ ਸੀ ਸੁਰਜੀਤ। 1973 ਵਿਚ ਐਮਸਟਰਡਮ ਵਾਲੇ ਵਿਸ਼ਵ ਕੱਪ ਦੇ ਫਾਈਨਲ ਵਿਚ ਪਹਿਲੇ 7 ਮਿੰਟਾਂ ਵਿਚ ਸੁਰਜੀਤ ਨੇ ਪਾਲ ਲਿਟਜ਼ਨ ਦੀ ਟੀਮ ਸਿਰ 2 ਗੋਲ ਚੜ੍ਹਾ ਦਿੱਤੇ ਸਨ। ਹਾਲੈਂਡ ਦੇ ਇਕ ਅਖਬਾਰ ਨੇ ਉਦੋਂ ਲਿਖਿਆ- 'ਸੁਰਜੀਤ ਦੀ ਲਾਈ ਪੈਨਲਟੀ ਕਾਰਨਰ ਹਿੱਟ ਨਾ ਗੋਲ ਕੀਪਰ ਨੂੰ ਦੀਂਹਦੀ ਹੈ ਤੇ ਨਾ ਹੀ ਰੈਫ਼ਰੀ ਨੂੰ। ਉਦੋਂ ਹੀ ਪਤਾ ਲੱਗਦਾ ਹੈ ਜਦੋਂ ਫੱਟਾ ਚੀਕ ਉਠਦਾ ਹੈ- ਗੋਲ।'

ਸੁਰਜੀਤ ਸਿੰਘ ਭਾਵੁਕ ਤੇ ਜਜ਼ਬਾਤੀ ਹੋ ਕੇ ਵੀ ਠਰ੍ਹੰਮੇ ਨਾਲ ਖੇਡਦਾ ਸੀ। ਘਬਰਾਉਂਦਾ ਤਾਂ ਉੱਕਾ ਹੀ ਨਹੀਂ ਸੀ। ਅਣਖੀਲਾ ਸੀ। ਜ਼ਬਾਨ 'ਤੇ ਪੂਰਾ ਉਤਰਦਾ ਸੀ। ਚੂੰ-ਚਾਂ ਕਿਸੇ ਦੀ ਨਹੀਂ ਸੀ ਸਹਾਰਦਾ। ਪਟਿਆਲੇ ਬਿਊਨਸ ਆਇਰਜ਼ ਸੰਸਾਰ ਕੱਪ ਦਾ ਤਿਆਰੀ ਕੈਂਪ ਲੱਗਿਆ ਸੀ। ਇਕ ਖੇਡ ਅਫਸਰ ਨਿੱਤ ਪੰਜਾਬੀਆਂ ਨੂੰ ਕੁਝ ਨਾ ਕੁਝ ਕਹਿ ਛੱਡਿਆ ਕਰੇ। ਸੁਰਜੀਤ ਹੋਰੀਂ ਜਿਉਂ ਤੁਰੇ ਆਪਣਾ ਤੰਗੜ-ਪਟੀਆ ਚੁੱਕ ਕੇ, ਮੁੜ ਉਸ ਅਫਸਰ ਦੇ ਮੱਥੇ ਨਾ ਲੱਗੇ। ਵਰਿੰਦਰ ਤੇ ਬਲਦੇਵ ਵੀ ਸੁਰਜੀਤ ਨਾਲ ਸਨ। ਉਨ੍ਹਾਂ ਦਿਨ ਵਿਚ ਇਸ ਗੱਲ ਦਾ ਦੇਸ਼-ਵਿਆਪੀ ਵਿਰੋਧ ਉਠਿਆ। ਗੱਲ ਕੇਂਦਰੀ ਮੰਤਰੀਆਂ ਤੱਕ ਪਹੁੰਚਦੀ ਵਿਦੇਸ਼ਾਂ ਤੱਕ ਚਲੀ ਗਈ। ਨਿੱਤ ਸੁਰਜੀਤ ਹੋਰਾਂ ਦੇ ਹੱਕ ਵਿਚ ਅਖ਼ਬਾਰਾਂ ਵਿਚ ਲੇਖ ਲੱਗਿਆ ਕਰਨ। ਅਖ਼ੀਰ ਵਰਿੰਦਰ ਤੇ ਬਲਦੇਵ ਨੂੰ ਤਾਂ ਟੀਮ ਵਿਚ ਪਾ ਲਿਆ ਪਰ ਸੁਰਜੀਤ ਨੂੰ ਫਿਰ ਵੀ ਨਾ ਪਾਇਆ। ਉਦੋਂ ਸੁਰਜੀਤ ਦੀ ਗੈਰ-ਹਾਜ਼ਰੀ ਵਿਚ ਹਿੰਦੋਸਤਾਨੀ ਹਾਕੀ ਦੀ ਇੰਨੀ ਨਿਰਾਸ਼ਾਜਨਕ ਹਾਰ ਹੋਈ ਕਿ ਵਡੇਰੀ ਉਮਰ ਦੇ ਬੰਦੇ ਤਾਂ ਇਥੋਂ ਤੱਕ ਆਖਣ ਲੱਗ ਪਏ, 'ਹਾਕੀਆਂ ਹੁਣ ਪਰ੍ਹੇ ਧਰ ਦਿਓ ਤੇ ਗੁੱਲੀ ਡੰਡਾ ਹੱਥਾਂ ਵਿਚ ਫੜ ਲਓ।' ਮਾਸਕੋ ਓਲੰਪਿਕ ਤੋਂ ਮਗਰੋਂ ਜਦੋਂ ਨਵੇਂ ਪ੍ਰਸ਼ਾਸਨ ਦੀ ਚੋਣ ਹੋਈ ਤਾਂ ਸੁਰਜੀਤ ਨੂੰ ਟੀਮ ਵਿਚ ਸ਼ਾਮਲ ਕਰ ਲਿਆ ਗਿਆ। ਸੁਰਜੀਤ ਦੀ ਕਪਤਾਨੀ ਹੇਠਲੀ ਟੀਮ ਯੂਰੋਪੀਅਨ ਮੁਲਕਾਂ 'ਤੇ ਜਿੱਤਾਂ ਪ੍ਰਾਪਤ ਕਰ ਕੇ ਵਤਨ ਵਾਪਸ ਮੁੜੀ। ਜਦੋਂ ਇਹ ਭਾਸਿਆ ਗਿਆ ਕਿ ਏਸ਼ਿਆਡ-82 ਵਿਚ ਵੀ ਕਪਤਾਨ ਸੁਰਜੀਤ ਹੀ ਰਹੇਗਾ ਤਾਂ ਚੌਥੀ ਚੈਂਪੀਅਨਜ਼ ਟਰਾਫੀ ਵੇਲੇ ਹੀ ਸੁਰਜੀਤ ਨੂੰ ਹਿੰਦੋਸਤਾਨੀ ਹਾਕੀ ਵਿਚੋਂ ਕੱਢ ਦਿੱਤਾ; ਕੋਚ ਹਰਮੀਕ ਸਿੰਘ, ਮੈਨੇਜਰ ਚਮਨ ਲਾਲ ਸ਼ਰਮਾ ਨੂੰ ਪਹਿਲਾਂ ਹੀ ਬਾਹਰ ਰੱਖਿਆ ਸੀ। ਸੁਰਜੀਤ ਨੇ ਇਹ ਬੇ-ਇਨਸਾਫ਼ੀ ਨਾ ਸਹਾਰਦਿਆਂ ਅਫਸਰਾਂ ਨਾਲ ਦਸਤਪੰਜਾ ਤਾਂ ਲਿਆ ਪਰ ਇਕੱਲਾ ਹੋਣ ਕਾਰਨ ਕੋਈ ਵਾਹ-ਪੇਸ਼ ਨਾ ਗਈ ਤੇ ਅੰਤ ਸੁਰਜੀਤ ਨੇ ਐਲਾਨ ਕਰ ਦਿੱਤਾ- ਮੈਂ ਮੁੜ ਹਿੰਦੋਸਤਾਨ ਵੰਨੀਓ ਹਾਕੀ ਨਹੀਂ ਫੜਨੀ।

ਸੁਰਜੀਤ ਦੀ ਬੇ-ਵਕਤੀ ਮੌਤ ਦਾ ਦੋਸ਼ ਕਈ ਲੋਕਾਂ ਨੇ ਹਾਕੀ ਫੈਡਰੇਸ਼ਨ ਉਤੇ ਵੀ ਲਾਇਆ। ਉਨ੍ਹਾਂ ਮੁਤਾਬਕ ਜੇ ਸੁਰਜੀਤ ਲਾਭ ਹਿੱਤ ਮੈਚ ਦਾ ਪ੍ਰਬੰਧ ਖੁਦ ਫੈਡਰੇਸ਼ਨ ਕਰਦੀ ਤਾਂ ਨਾ ਸੁਰਜੀਤ ਘਰੋਂ ਤੁਰਦਾ ਅਤੇ ਨਾ ਖੱਜਲ-ਖੁਆਰ ਹੁੰਦਾ ਅਤੇ ਨਾ... ?

ਖ਼ੈਰ, ਸੁਰਜੀਤ ਸਿੰਘ ਨੇ 1973 ਦਾ ਐਮਸਟਰਡਮ ਵਿਸ਼ਵ ਕੱਪ, 1975 ਦਾ ਕੁਆਲਾਲੰਪਰ ਵਿਸ਼ਵ ਕੱਪ ਅਤੇ 1982 ਵਿਸ਼ਵ ਕੱਪ ਹਾਕੀ ਟੂਰਨਾਮੈਂਟ ਖੇਡੇ ਜਾਂ ਦੇਖੇ ਸਨ ਪਰ ਛੇਵੇਂ ਲੰਡਨ ਵਿਸ਼ਵ ਕੱਪ ਵੇਲੇ ਉਹ ਬਹੁਤ ਦੂਰ ਜਾ ਚੁੱਕਾ ਸੀ। ਉਂਝ, ਉਸ ਤੋਂ ਬਾਅਦ ਜਿੰਨੇ ਵੀ ਵਿਸ਼ਵ ਕੱਪ ਹੋਏ, ਉਨ੍ਹਾਂ ਵਿਚ ਉਸ ਦੀ ਚਰਚਾ ਚੱਲਦੀ ਰਹੀ।

ਸੁਰਜੀਤ ਉਹ ਚੈਂਪੀਅਨ ਸੀ ਜੋ ਆਪਣੇ ਆਖ਼ਰੀ ਸਵਾਸ ਤੱਕ ਹਾਕੀ ਨੂੰ ਰੋਸ਼ਨ ਕਰਨ ਲਈ ਜੂਝਿਆ। ਹੁਣ ਜਦੋਂ ਭਾਰਤ ਵਿਚ 15ਵਾਂ ਵਿਸ਼ਵ ਕੱਪ 13 ਤੋਂ 29 ਜਨਵਰੀ, 2023 ਤੱਕ ਉੜੀਸਾ ਦੇ ਭੁਵਨੇਸ਼ਵਰ ਅਤੇ ਰੁੜਕੇਲਾ ਵਿਖੇ ਖੇਡਿਆ ਜਾ ਰਿਹਾ ਹੈ ਤਾਂ ਇਸ ਵਿਸ਼ਵ ਕੱਪ ਦੌਰਾਨ ਵੀ ਮੀਡੀਆ ਦੇ ਇੱਕ ਹਿੱਸੇ ਵਿਚ ਸੁਰਜੀਤ ਦੀਆਂ ਗੱਲਾਂ ਹੋਣਗੀਆਂ ਜਿਸ ਲਈ ਸਭ ਤੋਂ ਵੱਧ ਪੰਜਾਬੀਆਂ ਨੂੰ ਮਾਣ ਮਹਿਸੂਸ ਹੋਵੇਗਾ।

## ਅਗਲੇ ਮਹੀਨੇ ਸਾਨੀਆ ਮਿਰਜ਼ਾ ਟੈਨਿਸ ਤੋਂ ਲਏਗੀ ਸੰਨਿਆਸ

ਚੰਡੀਗੜ੍ਹ/ਏ.ਟੀ.ਨਿਊਜ਼ :- ਭਾਰਤ ਦੀ ਸਟਾਰ ਸਾਨੀਆ ਮਿਰਜ਼ਾ ਨੇ ਆਪਣੇ ਪੇਸ਼ੇਵਰ ਟੈਨਿਸ ਕਰੀਅਰ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ ਹੈ। ਉਹ ਇਸ ਸਾਲ ਫਰਵਰੀ 'ਚ ਸੰਨਿਆਸ ਲੈ ਲਵੇਗੀ। ਦੁਬਈ ਡਿਊਟੀ ਫਰੀ ਟੈਨਿਸ ਚੈਂਪੀਅਨਸ਼ਿਪ ਸਾਨੀਆ ਮਿਰਜ਼ਾ ਦਾ ਆਖਰੀ ਟੂਰਨਾਮੈਂਟ ਹੋਵੇਗਾ। ਉਸ ਨੇ ਪਿਛਲੇ ਸਾਲ ਵੀ ਸੰਨਿਆਸ ਲੈਣ ਦਾ ਐਲਾਨ ਕੀਤਾ ਸੀ। ਹਾਲਾਂਕਿ ਬਾਅਦ ਵਿੱਚ ਉਸ ਨੇ ਸੱਟ ਕਾਰਨ ਆਪਣਾ ਐਲਾਨ ਵਾਪਸ ਲੈ ਲਿਆ। 36 ਸਾਲਾ ਸਾਨੀਆ ਮਿਰਜ਼ਾ ਜਨਵਰੀ ਵਿੱਚ ਇਸ ਸਾਲ ਦੇ ਪਹਿਲੇ ਗ੍ਰੈਂਡ ਸਲੈਮ ਆਸਟ੍ਰੇਲੀਅਨ ਓਪਨ ਵਿੱਚ ਖੇਡੇਗੀ। ਉਹ ਆਸਟਰੇਲੀਆ ਓਪਨ ਦੇ ਡਬਲਜ਼ ਵਿੱਚ ਹਿੱਸਾ ਲਵੇਗੀ। ਇਸ ਤੋਂ ਬਾਅਦ ਉਹ ਦੁਬਈ 'ਚ ਹੋਣ ਵਾਲੀ ਚੈਂਪੀਅਨਸ਼ਿਪ ਖੇਡ ਕੇ ਟੈਨਿਸ ਨੂੰ ਅਲਵਿਦਾ ਕਹਿ ਦੇਵੇਗੀ। ਦੁਬਈ ਡਿਊਟੀ ਫਰੀ ਟੈਨਿਸ ਚੈਂਪੀਅਨਸ਼ਿਪ 19 ਫਰਵਰੀ ਤੋਂ ਸ਼ੁਰੂ ਹੋਵੇਗੀ। ਸਾਨੀਆ ਨੇ ਕੁੱਲ 6 ਗ੍ਰੈਂਡ ਸਲੈਮ ਜਿੱਤੇ ਹਨ। ਗਰੈਂਡ ਸਲੈਮ ਡਬਲਜ਼ ਵਿੱਚ ਉਸ ਨੇ ਆਸਟ੍ਰੇਲੀਅਨ ਓਪਨ (2016), ਵਿੰਬਲਡਨ (2015) ਅਤੇ ਯੂਐੱਸ ਓਪਨ (2015) ਜਿੱਤੇ ਹਨ। ਇਸ ਤੋਂ ਇਲਾਵਾ ਉਹ ਮਿਕਸਡ ਡਬਲਜ਼ ਵਿੱਚ ਤਿੰਨ ਗਰੈਂਡ ਸਲੈਮ ਆਸਟ੍ਰੇਲੀਅਨ ਓਪਨ (2009), ਫਰੈਂਚ ਓਪਨ (2012) ਅਤੇ ਯੂਐੱਸ ਓਪਨ (2014) ਦੇ ਖਿਤਾਬ ਵੀ ਜਿੱਤ ਚੁੱਕੀ ਹੈ।



**ਫਿਲਮੀ ਸੰਸਾਰ**

## 'ਸ਼ੇਰਾਂ ਦੀ ਕੌਮ ਪੰਜਾਬੀ' ਫ਼ਿਲਮ ਬਣਾਉਣਗੇ ਗਿੱਪੀ ਗਰੇਵਾਲ

ਚੰਡੀਗੜ੍ਹ : ਪੰਜਾਬੀ ਗਾਇਕ ਤੇ ਅਦਾਕਾਰ ਗਿੱਪੀ ਗਰੇਵਾਲ ਨੇ ਆਪਣੇ ਜਨਮ ਦਿਨ ਮੌਕੇ ਨਵੀਂ ਫ਼ਿਲਮ 'ਸ਼ੇਰਾਂ ਦੀ ਕੌਮ ਪੰਜਾਬੀ' ਬਣਾਉਣ ਦਾ ਐਲਾਨ ਕੀਤਾ ਹੈ। ਉਸ ਨੇ ਆਪਣੇ ਇੰਸਟਾਗ੍ਰਾਮ 'ਤੇ ਪੋਸਟ ਪਾਉਂਦਿਆਂ ਆਖਿਆ, "ਮੇਰੇ ਜਨਮ ਦਿਨ ਮੌਕੇ ਮੇਰੇ ਚਾਹੁਣ ਵਾਲਿਆਂ ਲਈ ਵਿਸ਼ੇਸ਼ ਐਲਾਨ... ਮੇਰੀ ਨਵੀਂ ਫ਼ਿਲਮ 'ਸ਼ੇਰਾਂ ਦੀ ਕੌਮ ਪੰਜਾਬੀ' 12 ਅਪਰੈਲ 2024 ਨੂੰ ਸਿਨੇਮਾ ਘਰਾਂ ਵਿਚ ਰਿਲੀਜ਼ ਹੋਵੇਗੀ..!" ਇਸ ਫ਼ਿਲਮ ਦੀ ਕਹਾਣੀ ਗਿੱਪੀ ਗਰੇਵਾਲ ਨੇ ਲਿਖੀ ਹੈ ਅਤੇ ਉਸ ਨੇ ਇਸ ਫ਼ਿਲਮ ਦਾ ਨਿਰਦੇਸ਼ਨ ਕੀਤਾ ਹੈ। ਗਿੱਪੀ ਗਰੇਵਾਲ ਨੇ ਇਸ ਫ਼ਿਲਮ ਵਿਚਲੀ ਆਪਣੀ ਝਲਕ ਵਾਲਾ ਇਕ ਪੋਸਟਰ ਵੀ ਸਾਂਝਾ ਕੀਤਾ ਹੈ, ਜਿਸ ਵਿਚ ਉਹ ਇੱਕ ਸੂਰਬੀਰ ਜਾਪਦਾ ਹੈ ਅਤੇ ਉਸ ਦੀ ਛਾਤੀ 'ਤੇ ਢਾਲ ਲੱਗੀ ਹੋਈ ਹੈ। ਇਸ ਐਲਾਨ ਨਾਲ ਗਿੱਪੀ ਦੇ ਪ੍ਰਸ਼ੰਸਕ ਕਾਫੀ ਖੁਸ਼ ਹਨ। ਹਾਲ ਹੀ 'ਚ ਫ਼ਿਲਮ 'ਹਨੀਮੂਨ' ਵਿੱਚ ਗਿੱਪੀ ਗਰੇਵਾਲ ਨਾਲ ਕੰਮ ਕਰਨ ਵਾਲੀ ਅਦਾਕਾਰਾ ਜੈਸਮੀਨ ਭਸੀਨ ਨੇ ਵੀ ਗਿੱਪੀ ਨਾਲ ਆਪਣੀ ਤਸਵੀਰ ਸਾਂਝੀ ਕੀਤੀ ਹੈ। ਇਸ ਤੋਂ ਇਲਾਵਾ ਗਿੱਪੀ ਗਰੇਵਾਲ ਦੀ ਰੋਮਾਂਟਿਕ ਕਾਮੇਡੀ ਫ਼ਿਲਮ 'ਮੌਜਾਂ ਹੀ ਮੌਜਾਂ' ਆ ਰਹੀ ਹੈ, ਜੋ ਇਸੇ ਸਾਲ 8 ਸਤੰਬਰ ਨੂੰ ਰਿਲੀਜ਼ ਹੋਵੇਗੀ।




## 'ਪਠਾਨ' ਤੋਂ ਪਹਿਲਾਂ ਸਿਨੇਮਾਘਰਾਂ 'ਚ ਆਵੇਗੀ 'ਅਖੰਡਾ'

25 ਜਨਵਰੀ ਨੂੰ ਸ਼ਾਹਰੁਖ ਖ਼ਾਨ ਦੀ ਬਹੁਤ ਹੀ ਉਡੀਕੀ ਜਾ ਰਹੀ ਫਿਲਮ ਪਠਾਨ ਦੇ ਰਿਲੀਜ਼ ਹੋਣ ਦਾ ਬੇਸਬਰੀ ਨਾਲ ਇੰਤਜ਼ਾਰ ਹੈ। ਕਿੰਗ ਖਾਨ ਨੂੰ ਪਰਦੇ 'ਤੇ ਪਠਾਨ ਦੇ ਅੰਦਾਜ਼ ਵਿਚ ਦੇਖਣ ਲਈ ਪ੍ਰਸ਼ੰਸਕ ਬੇਤਾਬ ਹਨ। ਪਠਾਨ ਤੋਂ ਮਹਿਜ਼ ਪੰਜ ਦਿਨ ਪਹਿਲਾਂ ਹਿੰਦੀ ਸਿਨੇਮਾ ਦੇ ਪਰਦੇ 'ਤੇ ਅਜਿਹਾ ਕਿਰਦਾਰ ਆ ਰਿਹਾ ਹੈ, ਜਿਸ ਨੂੰ ਦੇਖ ਕੇ ਦਰਸ਼ਕ ਹੈਰਾਨ ਹੋ ਜਾਣਗੇ।ਇਹ ਅਖੰਡ ਰੁਦਰ ਸਿਕੰਦਰ ਅਘੋਰਾ ਹੈ। ਅਖੰਡ 2021 ਵਿੱਚ ਤੇਲਗੂ ਭਾਸ਼ਾ ਵਿੱਚ ਰਿਲੀਜ਼ ਹੋ ਚੁੱਕੀ ਹੈ ਅਤੇ ਹੁਣ ਲਗਪਗ ਇੱਕ ਸਾਲ ਬਾਅਦ ਫਿਲਮ ਦਾ ਹਿੰਦੀ ਸੰਸਕਰਣ ਸਿਨੇਮਾਘਰਾਂ ਵਿੱਚ ਰਿਲੀਜ਼ ਹੋ ਰਿਹਾ ਹੈ। ਤੇਲਗੂ ਅਭਿਨੇਤਾ ਨੰਦਾਮੁਰੀ ਬਾਲਕ੍ਰਿਸ਼ਨ ਫਿਲਮ ਵਿਚ ਡਬਲ ਰੋਲ ਵਿਚ ਨਜ਼ਰ ਆਉਣਗੇ। ਇਕ ਪਾਤਰ ਅਖੰਡ ਦਾ ਹੈ ਤੇ ਦੂਜਾ ਮੁਰਲੀ ਕ੍ਰਿਸ਼ਨ ਦਾ।ਅਖੰਡ ਇੱਕ ਉੱਚ ਵੋਲਟੇਜ ਐਕਸ਼ਨ ਡਰਾਮਾ ਹੈ ਜਿਸਦਾ ਨਿਰਦੇਸ਼ਨ ਬੋਯਾਪਤੀ ਸ਼੍ਰੀਨੂ ਦੁਆਰਾ ਕੀਤਾ ਗਿਆ ਹੈ। ਡਾ: ਜੈਅੰਤੀਲਾਲ ਗੜਾ ਅਤੇ ਸਾਜਿਦ ਕੁਰੈਸ਼ੀ ਫ਼ਿਲਮ ਨੂੰ ਹਿੰਦੀ ਵਿੱਚ ਰਿਲੀਜ਼ ਕਰ ਰਹੇ ਹਨ। ਫਿਲਮ ਦੀ ਖਾਸ ਗੱਲ ਨੰਦਾਮੁਰੀ ਦਾ ਅਘੋਰੀ ਸਟਾਈਲ ਗੈਟਅੱਪ ਹੈ, ਜੋ ਇਸ ਐਕਸ਼ਨ ਫਿਲਮ ਦਾ ਬਹੁਤ ਮਹੱਤਵਪੂਰਨ ਹਿੱਸਾ ਹੈ। ਅਖੰਡਾ ਤੇਲਗੂ ਬਾਕਸ ਆਫਿਸ 'ਤੇ ਸਫਲ ਰਹੀ ਅਤੇ ਲਗਭਗ 120 ਕਰੋੜ ਦੀ ਕਮਾਈ ਕੀਤੀ। ਫਿਲਮ ਵਿਚ ਪ੍ਰਗਿਆ ਜੈਸਵਾਲ, ਜਗਪਤੀ ਬਾਬੂ ਅਤੇ ਸ਼੍ਰੀਕਾਂਤ ਅਹਿਮ ਭੂਮਿਕਾਵਾਂ ਨਿਭਾਅ ਰਹੇ ਹਨ। ਇਹ 2021 ਦੀ ਦੂਜੀ ਸਭ ਤੋਂ ਵੱਧ ਕਮਾਈ ਕਰਨ ਵਾਲੀ ਤੇਲਗੂ ਫਿਲਮ ਹੈ। ਇਸ ਦੇ ਨਾਲ ਹੀ ਇਹ ਬਾਲਕ੍ਰਿਸ਼ਨ ਦੇ ਕਰੀਅਰ ਦੀ ਸਭ ਤੋਂ ਵੱਧ ਕਮਾਈ ਕਰਨ ਵਾਲੀ ਫਿਲਮ ਹੈ।



ਜਨਵਰੀ ਵਿੱਚ, ਸਿਰਫ਼ ਦੋ ਪ੍ਰਸਿੱਧ ਹਿੰਦੀ ਫਿਲਮਾਂ ਕੁੱਤੇ ਅਤੇ ਪਠਾਨ ਸਿਨੇਮਾਘਰਾਂ ਵਿੱਚ ਰਿਲੀਜ਼ ਹੋ ਰਹੀਆਂ ਹਨ, ਜੋ ਦਰਸ਼ਕਾਂ ਨੂੰ ਆਕਰਸ਼ਿਤ ਕਰ ਸਕਦੀਆਂ ਹਨ। ਫ਼ਿਲਮ ਕੁੱਤੇ 13 ਜਨਵਰੀ ਨੂੰ ਅਤੇ ਪਠਾਨ 25 ਜਨਵਰੀ ਨੂੰ ਆ ਰਹੀਆਂ ਹਨ। ਪਿਛਲੇ ਕੁਝ ਮਹੀਨਿਆਂ ਤੋਂ ਜਿਸ ਤਰ੍ਹਾਂ ਦੱਖਣ ਦੀਆਂ ਫ਼ਿਲਮਾਂ ਨੇ ਹਿੰਦੀ ਪੱਟੀ ਵਿੱਚ ਕਮਾਈ ਦੇ ਰਿਕਾਰਡ ਬਣਾਏ ਹਨ, ਉਹ ਵੀ ਅਖੰਡ ਦੇ ਹੱਕ ਵਿੱਚ ਕੰਮ ਕਰ ਸਕਦੇ ਹਨ। ਇਸ ਦੇ ਨਾਲ ਹੀ ਮਲਟੀਪਲੈਕਸ ਮਾਲਕ ਵੀ ਇਸ ਨੂੰ ਲੈ ਕੇ ਉਤਸ਼ਾਹਿਤ ਹਨ।



## ਬੰਦੀ ਸਿੰਘਾਂ ਦੀ ਰਿਹਾਈ ਲਈ ਚੰਡੀਗੜ੍ਹ

ਭਾਈ ਗੁਰਪ੍ਰੀਤ ਸਿੰਘ, 27 ਸਾਲਾਂ ਤੋਂ ਹੀ ਭਾਈ ਸ਼ਮਸ਼ੇਰ ਸਿੰਘ, 25 ਸਾਲ ਤੋਂ ਭਾਈ ਪਰਮਜੀਤ ਸਿੰਘ ਭਿਓਰਾ, 17 ਸਾਲ ਤੋਂ ਭਾਈ ਜਗਤਾਰ ਸਿੰਘ ਤਾਰਾ ਜੇਲ੍ਹ ਵਿੱਚ ਨਜ਼ਰਬੰਦ ਹਨ । ਇਨ੍ਹਾਂ ਸਾਰਿਆਂ ਦੇ ਲਈ ਇਨਸਾਫ ਮੋਰਚਾ ਰਿਹਾਈ ਦੀ ਮੰਗ ਰਿਹਾ ਹੈ।

ਸਿੱਖ ਕੈਦੀਆਂ ਦੇ ਮਾਮਲੇ ਵਿਚ ਮੋਰਚਾ ਇਸ ਗੱਲ ਦਾ ਵੀ ਧਿਆਨ ਰਖੇਗਾ ਕਿ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪ ਜੋ ਅਣਅਧਿਕਾਰਤ ਅਤੇ ਗ਼ੈਰ-ਕਾਨੂੰਨੀ ਢੰਗ ਨਾਲ ਕੁੱਝ ਵਿਅਕਤੀਆਂ ਤਕ ਪਹੁੰਚਾਏ ਗਏ ਹਨ, ਉਨ੍ਹਾਂ ਦਾ ਪਤਾ ਲਗਾਇਆ ਜਾਵੇ ਅਤੇ ਜਿਸ ਨੇ ਵੀ ਇਹ ਪੂਰੀ ਤਰ੍ਹਾਂ ਗ਼ੈਰ-ਕਾਨੂੰਨੀ ਅਤੇ ਗ਼ੈਰ-ਧਾਰਮਿਕ ਕੰਮ ਕੀਤਾ ਹੈ, ਉਸ ਨੂੰ ਸਜ਼ਾ ਦਿੱਤੀ ਜਾਵੇ। ਸਿੱਖ ਵਿਦਵਾਨਾਂ, ਸਿੱਖ ਸੰਤਾਂ ਅਤੇ ਹੋਰ ਪੰਥਕ ਆਗੂਆਂ ਦੀ ਕਮੇਟੀ ਜੋ ਕਿਸੇ ਵੀ ਪਾਰਟੀ ਜਾਂ ਧੜੇ ਨਾਲ ਸਬੰਧਤ ਨਾ ਹੋਣ, ਬਣਾਈ ਜਾਣੀ ਚਾਹੀਦੀ ਹੈ ਤੇ ਉਸ ਦੀਆਂ ਸਿਫ਼ਾਰਸ਼ਾਂ ਨੂੰ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਸਪੁਰਦਗੀ ਲਈ ਦੋਸ਼ੀ ਪਾਏ ਜਾਣ ਵਾਲੇ ਵਿਅਕਤੀਆਂ ਨੂੰ ਸਜ਼ਾ ਸਿੱਖ ਧਾਰਮਿਕ ਰਹਿਤ ਮਰਿਆਦਾ ਅਨੁਸਾਰ ਹੋਣੀ ਚਾਹੀਦੀ ਹੈ। ਚੌਥਾ ਇਹ ਮੋਰਚਾ ਉਦੋਂ ਤਕ ਜਾਰੀ ਰਹੇਗਾ ਜਦੋਂ ਤੱਕ ਕੋਟਕਪੂਰਾ ਵਿਖੇ ਸ਼ਾਂਤਮਈ ਸੰਗਤ ’ਤੇ ਹਮਲਾ ਕਰਨ, ਕੁਝ ਵਿਅਕਤੀਆਂ ਨੂੰ ਜ਼ਖ਼ਮੀ ਕਰਨ ਅਤੇ ਕੁਝ ਬੇਕਸੂਰ ਸਿੱਖਾਂ ’ਤੇ ਝੂਠੇ ਕੇਸ ਦਰਜ ਕਰਨ ਵਾਲੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ। ਮੋਰਚਾ ਉਦੋਂ ਤਕ ਜਾਰੀ ਰਹੇਗਾ ਜਦੋਂ ਤਕ ਬਹਿਬਲ ਕਲਾਂ ਕਾਂਡ ਦੇ ਦੋਸ਼ੀਆਂ ਜਿਨ੍ਹਾਂ ਨੇ ਦੋ ਨਿਰਦੋਸ਼ ਸਿੱਖਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ ਅਤੇ ਸ਼ਾਂਤਮਈ ਢੰਗ ਨਾਲ ਬੈਠੀਆਂ ਸਿੱਖ ਸੰਗਤਾਂ ਵਿਚੋਂ ਕਈਆਂ ਨੂੰ ਜ਼ਖ਼ਮੀ ਕਰ ਦਿੱਤਾ ਸੀ।

ਵਰਨਣਯੋਗ ਹੈ ਕਿ ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਚਰਨਜੀਤ ਸਿੰਘ ਚੰਨੀ ਅਤੇ ਭਗਵੰਤ ਮਾਨ ਦੀ ਅਗਵਾਈ ਵਾਲੀਆਂ ਮੁੱਖ ਮੰਤਰੀਆਂ ਦੀਆਂ ਸਰਕਾਰਾਂ ਧਾਰਮਿਕ ਸਮਾਗਮਾਂ ਵਿਚ ਵੀ ਉਪਰੋਕਤ ਘਟਨਾਵਾਂ ਦਾ ਇਨਸਾਫ਼ ਕਰਨ ਲਈ ਝੂਠੇ ਵਾਅਦੇ ਕਰ ਰਹੀਆਂ ਹਨ, ਪਰ ਰਾਜ ਪ੍ਰਬੰਧ ਤੇ ਨਿਆਂ ਦਾ ਮਜ਼ਾਕ ਉਡਾਉਂਦੀਆਂ ਰਹੀਆਂ ਹਨ। ਇਨ੍ਹਾਂ ਸਿੰਘਾਂ ਦੀ ਰਿਹਾਈ ਲਈ ਸਿੱਖ ਪੰਥ ਵੱਲੋਂ ਕਈ ਵਾਰ ਮੋਰਚੇ ਲਾਏ ਗਏ। ਬਹੁਤ ਸਾਰੀਆਂ ਕਾਨੂੰਨੀ ਚਾਰਜੋਈਆਂ ਕੀਤੀਆਂ ਗਈਆਂ। ਬਹੁਤ ਵਾਰ ਭਾਰਤ ਸਰਕਾਰ ਦੇ ਮੰਤਰੀਆਂ ਅਤੇ ਅਧਿਕਾਰੀਆਂ ਤੱਕ ਪਹੁੰਚ ਕੀਤੀ ਗਈ। ਪਰ ਕਿਸੇ ਸਰਕਾਰ ਨੇ ਸਿੱਖਾਂ ਨਾਲ ਨਿਆਂ ਨਹੀਂ ਕੀਤਾ।

ਸਿੰਘਾਂ ਦੀ ਰਿਹਾਈ ਲਈ ਪਹਿਲਾ ਮੋਰਚਾ ਭਾਈ ਗੁਰਬਖ਼ਸ਼ ਸਿੰਘ ਨੇ ਲਗਾਇਆ ਜੋ ਕਾਫੀ ਲੰਬੇ ਸਮੇਂ ਤੱਕ ਚੱਲਿਆ ਸੀ। ਪਰਕਾਸ਼ ਸਿੰਘ ਬਾਦਲ ਨੇ ਮੋਰਚੇ ਨੂੰ ਅਸਫਲ ਕਰਨ ਲਈ ਕੁਝ ਸਿੰਘਾਂ ਨੂੰ ਪੈਰੋਲ ਤੇ ਰਿਹਾਅ ਕਰ ਦਿੱਤਾ ਅਤੇ ਕੁਝ ਸਮੇਂ ਬਾਅਦ ਉਨ੍ਹਾਂ ਨੂੰ ਫੇਰ ਜੇਲ੍ਹ ਜਾਣਾ ਪਿਆ। ਇਸ ਤਰ੍ਹਾਂ ਭਾਈ ਗੁਰਬਖਸ਼ ਸਿੰਘ ਨੇ ਦੂਜਾ ਮੋਰਚਾ ਵੀ ਲਗਾਇਆ, ਬਾਪੂ ਸੂਰਤ ਸਿੰਘ ਨੇ ਵੀ ਭੁੱਖ ਹੜਤਾਲ ਕੀਤੀ। ਬਰਗਾੜੀ ਵਿਖੇ ਵੀ ਛੇ ਮਹੀਨਿਆਂ ਤੱਕ ਬੰਦੀ ਸਿੰਘਾਂ ਦੀ ਰਿਹਾਈ ਦਾ ਮੋਰਚਾ ਲੱਗਾ ਰਿਹਾ, ਪਰ ਭਾਰਤ ਸਰਕਾਰ ਨੇ ਇਹ ਰਿਹਾਈਆਂ ਨਾ ਕੀਤੀਆਂ।

ਹੁਣ 11 ਜਨਵਰੀ 2022 ਨੂੰ ਇੱਕ ਵਾਰ ਫਿਰ ਸਿੱਖ ਕੌਮ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਚੰਡੀਗੜ੍ਹ ਤੱਕ ਮਾਰਚ ਕੀਤਾ। ਜਿਸ ਵਿੱਚ ਸਿੱਖ ਸੰਗਤਾਂ ਨੇ ਭਰਵੀਂ ਹਾਜ਼ਰੀ ਲਵਾਈ। ਇਸ ਮਾਰਚ ਦੀ ਵਿਸ਼ੇਸ਼ਤਾ ਇਹ ਸੀ ਕਿ ਵੱਡੀ ਗਿਣਤੀ ਵਿੱਚ ਕੇਸਰੀ ਦਸਤਾਰਾਂ ਵਾਲੇ ਸਿੱਖ ਨੌਜਵਾਨਾਂ ਨੇ ਇਸ ਵਿੱਚ ਸ਼ਮੂਲੀਅਤ ਕੀਤੀ। ਪਿਛਲੇ ਸਮੇਂ ਦੌਰਾਨ ਚੱਲੇ ਕਿਸਾਨੀ ਮੋਰਚੇ ਦੌਰਾਨ ਜਿਹੜੇ ਨੌਜਵਾਨ ਆਪਣੀਆਂ ਸਰਗਰਮੀਆਂ ਕਾਰਨ ਸਿੱਖ ਸਮਾਜ ਦੇ ਸਾਹਮਣੇ ਆਏ ਹਨ ਉਨ੍ਹਾਂ ਵਿੱਚੋਂ ਬਹੁਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਹੋਏ ਮਾਰਚ ਵਿੱਚ ਸ਼ਾਮਲ ਸਨ। ਕੰਵਰ ਗਰੇਵਾਲ, ਹਰਫ ਚੀਮਾ, ਭਾਨਾ ਸਿੱਧੂ, ਲੱਖਾ ਸਿਧਾਣਾ, ਅਮਿਤੋਜ ਮਾਨ ਆਦਿ ਨੌਜਵਾਨ ਚਿਹਰੇ ਜਿਹੜੇ ਪੰਜਾਬ ਲਈ ਨਵੀਂ ਸਰਗਰਮੀ ਦੀ ਚਿਣਗ ਬਣਕੇ ਉਭਰੇ ਹਨ ਇਨ੍ਹਾਂ ਸਾਰਿਆਂ ਨੇ ਇਸ ਰਿਹਾਈ ਮਾਰਚ ਵਿੱਚ ਹਿੱਸਾ ਲੈ ਕੇ ਸਿੱਧ ਕੀਤਾ ਕਿ ਸਿੱਖ ਕੌਮ ਆਪਣੇ ਉਨ੍ਹਾਂ ਨੌਜਵਾਨਾਂ ਨੂੰ ਭੁੱਲੀ ਨਹੀਂ ਹੈ ਜਿਨ੍ਹਾਂ ਨੇ ਔਖੇ ਸਮੇਂ ਤੇ ਆਪਣੀਆਂ ਜਾਨਾਂ ਦੀ ਬਾਜੀ ਲਗਾ ਕੇ ਕੌਮ ਦਾ ਮਾਣ ਉੱਚਾ ਕੀਤਾ।

ਵੈਸੇ ਖਬਰਾਂ ਇਹ ਵੀ ਆ ਰਹੀਆਂ ਸਨ ਕਿ ਭਾਰਤ ਸਰਕਾਰ ਕੁਝ ਕੁ ਬੰਦੀ ਸਿੰਘਾਂ ਦੀ ਰਿਹਾਈ ਦਾ ਮਨ ਬਣਾ ਰਹੀ ਹੈ। ਇਸਦੇ ਨਾਲ ਹੀ ਜਿਵੇਂ ਪੰਜਾਬ ਦੇ ਰਾਜਪਾਲ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਮਾਰਚ ਦੀ ਲੀਡਰਸ਼ਿਪ ਨਾਲ ਗੱਲ ਕੀਤੀ, ਉਸ ਤੋਂ ਕੁਝ ਸੰਕੇਤ ਮਿਲ ਰਹੇ ਹਨ ਕਿ ਸ਼ਾਇਦ ਭਾਜਪਾ ਪੰਜਾਬ ਵਿੱਚ ਆਪਣੀ ਸਿਆਸੀ ਜ਼ਮੀਨ ਬਚਾਉਣ ਲਈ ਕੁਝ ਬੰਦੀ ਸਿੰਘਾਂ ਨੂੰ ਰਿਹਾਅ ਕਰ ਦੇਵੇ। ਅਜਿਹੇ ਕਰੜੇ ਫੈਸਲੇ ਹਮੇਸ਼ਾ ਸਿਆਸਤਦਾਨ ਉਦੋਂ ਹੀ ਕਰਦੇ ਹਨ ਜਦੋਂ ਉਨ੍ਹਾਂ ਨੂੰ ਲਗਦਾ ਹੋਵੇ ਕਿ ਅਜਿਹੇ ਫੈਸਲੇ ਨਾਲ ਉਨ੍ਹਾਂ ਦਾ ਸਿਆਸੀ ਵੱਕਾਰ ਵਧ ਸਕਦਾ ਹੈ।

ਸਰਕਾਰਾਂ ਕੀ ਫੈਸਲੇ ਕਰਦੀਆਂ ਹਨ, ਇਹ ਤਾਂ ਵਕਤ ਹੀ ਦੱਸੇਗਾ ਪਰ ਇਸ ਰਿਹਾਈ ਮਾਰਚ ’ਤੇ ਮੋਰਚੇ ਨੇ ਇਹ ਗੱਲ ਸਿੱਧ ਕਰ ਦਿੱਤੀ ਹੈ ਕਿ ਸਿੱਖ ਜਵਾਨੀ ਦਾ ਵੱਡਾ ਹਿੱਸਾ ਹਾਲੇ ਵੀ ਕਿਸੇ ਵੱਡੇ ਸੰਘਰਸ਼ ਲਈ ਆਪਣੀ ਸ਼ਕਤੀ ਲਗਾ ਸਕਦਾ ਹੈ। ਉਹ ਨਾ ਕੇਵਲ ਕਿਸੇ ਸੰਘਰਸ਼ ਨੂੰ ਜਥੇਬੰਦ ਕਰ ਸਕਦਾ ਹੈ ਬਲਕਿ ਉਸਨੂੰ ਲੰਬੇ ਸਮੇਂ ਲਈ ਚਲਾ ਵੀ ਸਕਦਾ ਹੈ। ਬੰਦੀ ਸਿੰਘਾਂ ਦੀ ਰਿਹਾਈ ਲਈ ਹੋਏ ਮਾਰਚ ਵਿੱਚ ਸਿੱਖ ਨੌਜਵਾਨਾਂ ਦੀ ਵੱਡੀ ਸ਼ਮੂਲੀਅਤ ਨੇ ਸਾਰਿਆਂ ਦੇ ਭੁਲੇਖੇ ਦੂਰ ਕਰ ਦਿੱਤੇ ਹਨ।

**ਹਵਾਰਾ ਕਮੇਟੀ ਵੱਲੋਂ ਲਗਾਇਆ ਗਿਆ ਮੋਰਚਾ**

ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਕਮੇਟੀ ਨੇ ਸਿੱਖ ਕੌਮ ਨਾਲ ਹੋ ਰਹੀ ਬੇਇਨਸਾਫ਼ੀ, ਪੰਜਾਬ ਅਤੇ ਭਾਰਤ ਸਰਕਾਰ ਦੀ ਸਿੱਖ ਕੌਮ ਪ੍ਰਤੀ ਬੇਰੁਖੀ ਖਿਲਾਫ਼ ਆਵਾਜ਼ ਬੁਲੰਦ ਕਰਦਿਆਂ 7 ਜਨਵਰੀ ਨੂੰ ਮੁਹਾਲੀ ਸਥਿਤ ਗੁਰਦੁਆਰਾ ਅੰਬ ਸਾਹਿਬ ਵਿਖੇ ਬੰਦੀ ਸਿੰਘਾਂ ਦੀ ਰਿਹਾਈ ਸਮੇਤ ਹੋਰ ਕਈ ਸਿੱਖ ਮੁੱਦਿਆਂ ਨੂੰ ਲੈ ਕੇ ਪੱਕਾ ਮੋਰਚਾ ਲਾਉਣ ਦਾ ਐਲਾਨ ਕੀਤਾ ਸੀ।

## ਸਿੱਖ ਮਹਿਲਾ ਨੇ ਬੱਚਿਆਂ ਲਈ ਡਿਜ਼ਾਈਨ ਕੀਤੇ ਸਪੈਸ਼ਲ ਹੈਲਮੇਟ

ਨਾਂ ਦੀ ਸਿੱਖ ਔਰਤ ਨੇ ਬੱਚਿਆਂ ਲਈ ਵਿਸ਼ੇਸ਼ ਹੈਲਮੇਟ ਤਿਆਰ ਕੀਤਾ ਹੈ।

ਟੀਨਾ ਇੱਕ ਮਾਂ ਹੋਣ ਦੇ ਨਾਲ-ਨਾਲ ਪੇਸ਼ੇ ਵਜੋਂ ਥੈਰੇਪਿਸਟ ਵੀ ਹਨ। ਉਹ ਮੈਡੀਕਲ ਖੇਤਰ ਵਿਚ ਕੰਮ ਕਰਦੇ ਹਨ ਅਤੇ ਦਿਮਾਗ਼ੀ ਸੱਟਾਂ ਦੇ ਮਰੀਜ਼ਾਂ ਦੀ ਥੈਰੇਪੀ ਕਰਦੇ ਹਨ। ਇਸ ਲਈ ਸਾਈਕਲ ਚਲਾਉਣ ਵੇਲੇ ਸਿਰ ਲਈ ਸਹੀ ਢੰਗ ਦੀ ਫਿਟਿੰਗ ਵਾਲਾ ਹੈਲਮੇਟ ਕਿੰਨਾ ਜ਼ਰੂਰੀ ਹੈ, ਇਸ ਬਾਰੇ ਉਹ ਚੰਗੀ ਤਰ੍ਹਾਂ ਜਾਗਰੂਕ ਸਨ।

ਦਰਅਸਲ ਟੀਨਾ ਦੇ ਤਿੰਨ ਬੇਟਿਆਂ ਨੇ ਜਦੋਂ ਸਾਈਕਲ (ਬਾਈਕ) ਚਲਾਉਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਨੂੰ ਬਾਜ਼ਾਰ ਵਿਚ ਜੂੜਾ ਸਜਾਉਣ ਵਾਲੇ ਬੱਚਿਆਂ ਲਈ ਪਹਿਲਾਂ ਕੋਈ ਢੁਕਵਾਂ ਹੈਲਮੇਟ ਨਹੀਂ ਮਿਲਿਆ। ਉਸ ਦੇ ਬੱਚਿਆਂ ਨੂੰ ਬਾਜ਼ਾਰੂ ਹੈਲਮੇਟ ਪਹਿਨਣ ਵਿਚ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਟੀਨਾ ਸਿੰਘ ਨੇ ਕਿਹਾ ਕਿ ਉਸ ਦੇ ਬੱਚਿਆਂ ਦੇ ਕੇਸ ਕਾਫੀ ਲੰਮੇ ਹਨ, ਇਸ ਲਈ ਜੂੜੇ ਨਾਲ ਸਿਰ ਉੱਤੇ ਕੁਝ ਵੀ ਠੀਕ ਨਹੀਂ ਬੈਠ ਰਿਹਾ ਸੀ। ਬਾਜ਼ਾਰ ਵਿਚੋਂ ਮਿਲੇ ਹੈਲਮੇਟਾਂ ਦੀ ਬਣਤਰ ਸਿੱਖ ਬੱਚਿਆਂ ਲਈ ਢੁਕਵੀਂ ਨਹੀਂ ਸੀ।

ਇਕ ਰਿਪੋਰਟ ਮੁਤਾਬਕ ਟੀਨਾ ਨਿਰਾਸ਼ ਹੋ ਗਈ ਸੀ ਕਿ ਉਸ ਦੇ ਬੱਚਿਆਂ ਲਈ ਕੋਈ ਢੁਕਵਾਂ ਹੈਲਮੇਟ ਨਹੀਂ ਮਿਲ ਰਿਹਾ ਸੀ। ਇਸ ਪਿੱਛੋਂ ਟੀਨਾ ਨੇ ਦੋ ਸਾਲ ਤੋਂ ਜ਼ਿਆਦਾ ਸਮਾਂ ਕੰਮ ਕਰ ਕੇ

ਖ਼ਾਸ ਹੈਲਮੇਟ ਤਿਆਰ ਕੀਤਾ। ਇਹ ਹੈਲਮੇਟ ਜੂੜਾ ਰੱਖਣ ਵਾਲਿਆਂ ਲਈ ਢੁਕਵਾਂ ਤੇ ਸੁਰੱਖਿਆ ਦੇ ਮੱਦੇਨਜ਼ਰ ਬਣਾਇਆ ਗਿਆ ਹੈ। ਟੀਨਾ ਸਿੰਘ ਨੇ ਦੱਸਿਆ ਕਿ ਇਸ ਨੂੰ 5 ਤੋਂ 12 ਸਾਲ ਦੇ ਬੱਚੇ ਸਾਈਕਲਾਂ, ਇਨਲਾਈਨ ਸਕੇਟਸ, ਕਿੱਕ ਸਕੂਟਰਾਂ ਤੇ ਸਕੇਟਬੋਰਡਿੰਗ ਲਈ ਵਰਤ ਸਕਦੇ ਹਨ। ਹੈਲਮੇਟ ਦਾ ਇਹ ਮਾਡਲ ਇਸ ਲਈ ਖ਼ਾਸ ਹੈ ਕਿ ਕਿਉਂਕਿ ਇਸ ਦੇ ਉਪਰਲੇ ਪਾਸੇ ਇਕ ਉੱਭਰਿਆ ਹੋਇਆ ਗੋਲ ਹਿੱਸਾ ਹੈ ਜਿਸ ’ਚ ਬੱਚੇ ਦੇ ਕੇਸ (ਜੂੜਾ) ਆਰਾਮ ਨਾਲ ਆ ਸਕਦੇ ਹਨ। ਇਸ ਹੈਲਮੇਟ ਨੂੰ ਕੌਮਾਂਤਰੀ ਟੈਸਟਿੰਗ ਕੰਪਨੀ ‘ਐਸਜੀਐਸ’ ਦਸੰਬਰ ’ਚ ਪਾਸ ਕਰ ਚੁੱਕੀ ਹੈ। ਪਰ ਨਾਲ ਹੀ ਇਸ ਵਿਚ ਇੱਕ ਸੁਰੱਖਿਅਤ ਹੈਲਮੇਟ ਲਈ ਜ਼ਰੂਰੀ ਸ਼ਰਤਾਂ, ਜਿਵੇਂ ਭਰਵੱਟਿਆਂ ਤੋਂ ਉੱਪਰ ਦੋ ਉਂਗਲਾਂ ਦਾ ਫ਼ਾਸਲਾ, ਕੰਨ ਕੋਲੋਂ ‘ਵੀ’ ਸ਼ੇਪ ਅਤੇ ਚਿਨ-ਸਟ੍ਰੈਪ ਅਤੇ ਕੰਨ ਵਿਚਾਲੇ ਇੱਕ ਉਂਗਲ ਦੇ ਫ਼ਾਸਲੇ ਨੂੰ ਧਿਆਨ ਵਿਚ ਰੱਖਿਆ ਗਿਆ ਹੈ।

ਕਾਬਿਲ-ਏ-ਗੌਰ ਹੈ ਕਿ ਦਸਤਾਰ ਸਜਾਉਣ ਵਾਲੇ ਸਿੱਖਾਂ ਨੂੰ ਹੈਲਮੇਟ ਪਾਉਣ ਤੋਂ ਛੋਟ ਦੇਣ ਦਾ ਵਿਸ਼ਾ ਪਿਛਲੇ ਸਾਲਾਂ ਦੌਰਾਨ ਕਾਫ਼ੀ ਚਰਚਾ ਵਿਚ ਰਹਿ ਚੁੱਕਾ ਹੈ। ਇਸ ਤੋਂ ਪਹਿਲਾਂ ਓਨਟੇਰਿਓ ਵਿੱਚ ਸਾਬਕਾ ਪ੍ਰੀਮੀਅਰ ਕੈਥਲਿਨ ਵਿਨ ਦੀ ਸਰਕਾਰ ਨੇ ਬਿਨਾਂ

ਹੈਲਮੇਟ ਨੂੰ ਸੁਰੱਖਿਆ ਜੋਖ਼ਮ ਮੰਨਦਿਆਂ ਇਸ ਨੂੰ ਪਹਿਨਣ ਤੋਂ ਛੋਟ ਦੀਆਂ ਮੰਗਾਂ ਨੂੰ ਦਰਕਿਨਾਰ ਕਰ ਦਿੱਤਾ ਸੀ। ਇਸ ਤੋਂ ਬਾਅਦ 2018 ਵਿਚ ਦਸਤਾਰ ਸਜਾਉਣ ਵਾਲੇ ਸਿੱਖਾਂ ਨੂੰ ਹੈਲਮੇਟ ਤੋਂ ਛੋਟ ਦੇ ਦਿੱਤੀ ਸੀ। ਅਲਬਰਟਾ, ਮੈਨੀਟੋਬਾ ਤੇ ਬ੍ਰਿਟਿਸ਼ ਕੋਲੰਬੀਆ ਵੀ ਅਜਿਹੀ ਛੋਟ ਦੇ ਚੁੱਕੇ ਹਨ।

ਭਾਰਤੀ ਵਿੱਚ ਵੀ ਇੱਕ ਕੰਪਨੀ ਵੱਲੋਂ ਵਿਸ਼ੇਸ਼ ਤੌਰ ਉੱਤੇ ਸਿੱਖ ਫੌਜੀਆਂ ਲਈ ਜੰਗਜੂ ਹੈਲਮੇਟ ਡਿਜ਼ਾਈਨ ਕੀਤੇ ਹਨ, ਜਿਸ ਦੇ ਲਈ ਕੇਂਦਰ ਸਰਕਾਰ ਨੇ ਕੰਪਨੀ ਨੂੰ ਕਰੀਬ 12 ਹਜ਼ਾਰ ਅਜਿਹੇ ਹੈਲਮੇਟਾਂ ਲਈ ਆਰਡਰ ਵੀ ਦੇ ਦਿੱਤਾ ਹੈ।

ਵਰਲਡ ਸਿੱਖ ਆਰਗੇਨਾਈਜ਼ੇਸ਼ਨ ਦੇ ਲੀਗਲ ਕੌਂਸਲ, ਬਲਪ੍ਰੀਤ ਸਿੰਘ ਨੇ ਵੀ ਕਿਹਾ ਕਿ ਇਹ ਨਵੇਂ ਹੈਲਮੇਟ ਇੱਕ ਸਵਾਗਤਯੋਗ ਉਪਰਾਲਾ ਹੈ ਅਤੇ ਇਸ ਨਾਲ ਸਿੱਖ ਪਰਿਵਾਰਾਂ ਨੂੰ ਇੱਕ ਹੋਰ ਬਦਲ ਮਿਲ ਸਕੇਗਾ। ਹਾਕੀ 4 ਯੂਥ ਨਾਂ ਦੀ ਸੰਸਥਾ ਦੇ ਐਗਜ਼ੈਕਟਿਵ ਡਾਇਰੈਕਟਰ ਅਤੇ ਸੰਸਥਾਪਕ, ਮੋਏਜ਼ੀਨ ਹਾਸ਼ਿਮ ਨੇ ਕਿਹਾ ਕਿ ਇਹ ਹੈਲਮੇਟ ਸਿੱਖ ਬੱਚਿਆਂ ਦੀ ਖੇਡ ਵਿੱਚ ਹਿੱਸੇਦਾਰੀ ਵਧਾਉਣ ਵਿੱਚ ਵੀ ਸਹਾਈ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਇੰਡਸਟਰੀ ਵਿੱਚ ਅਜਿਹੇ ਉਪਰਾਲੇ ਦੀ ਲੰਬੇ ਸਮੇਂ ਤੋਂ ਲੋੜ ਸੀ। ਹਾਸ਼ਿਮ ਦਾ ਕਹਿਣਾ ਹੈ ਕਿ ਇਸ ਹੈਲਮੇਟ ਦੇ ਆਉਣ ਨਾਲ ਨਾ ਸਿਰਫ਼ ਸਿੱਖ ਬੱਚਿਆਂ ਨੂੰ ਪੇਸ਼ ਆਉਂਦੀ ਚੁਣੌਤੀ ਦਾ ਹੱਲ ਹੋਇਆ ਹੈ ਸਗੋਂ ਇਹ ਖੇਡਾਂ ਵਿਚ ਵੰਨ-ਸੁਵੰਨਤਾ ਅਤੇ ਵਧੇਰੇ ਸ਼ਮੂਲੀਅਤ ਦਾ ਵੀ ਪ੍ਰਤੀਕ ਬਣੇਗਾ।

****

## ਪਿੰਡ ਡਗਰੂ ‘ਵਿਚ

ਇਸ ਮੌਕੇ ਵਿਧਾਇਕਾ ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਪੰਜਾਬ ਵਿਚੋਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਪਿੰਡਾਂ ਦੀਆਂ ਪੰਚਾਇਤ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜਿਹੜੀਆਂ ਪੰਚਾਇਤਾਂ ਪਿੰਡਾਂ ਵਿਚੋਂ ਨਸ਼ਿਆਂ ਖ਼ਿਲਾਫ਼ ਸਰਕਾਰ ਦਾ ਸਾਥ ਦੇਣਗੀਆਂ, ਉਨ੍ਹਾਂ ਪੰਚਾਇਤਾਂ ਨੂੰ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਜਾਵੇਗਾ।

***

## ਕ੍ਰਿਪਟੋ ਕਰੰਸੀ ਦੇ ਕਾਰਨ

ਵਿੱਚ ਬਹੁਤ ਵਾਧਾ ਹੋਇਆ ਸੀ, ਪਰ ਕੀ ਇਹ ਵਾਧਾ ਜਾਰੀ ਰਹੇਗਾ ? ਕੀ ਇਹ ਵਿਸ਼ਵ ਪੱਧਰ ’ਤੇ ਅਣਪਛਾਤੀ ਮੁਦਰਾ ਆਪਣੇ ਸੰਭਾਵੀ ਮੁੱਲ ਨੂੰ ਬਰਕਰਾਰ ਰੱਖੇਗੀ ? ਜੇਕਰ ਇਹ ਕਰੰਸੀ ਡੁੱਬ ਜਾਂਦੀ ਹੈ ਤਾਂ ਇਸ ਦੀ ਜ਼ਿੰਮੇਵਾਰੀ ਕਿਹੜਾ ਦੇਸ਼ ਜਾਂ ਕਿਹੜਾ ਕੇਂਦਰੀ ਬੈਂਕ ਲਵੇਗਾ ? ਜੇਕਰ ਕ੍ਰਿਪਟੋ ਇੱਕ ਉਤਪਾਦ ਹੈ, ਤਾਂ ਕੀ ਇਸਨੂੰ ਬਣਾਉਣ ਵਾਲੀ ਕੰਪਨੀ ਕਿਸੇ ਦਿਨ ਇਸਨੂੰ ਵਾਪਸ ਲੈ ਸਕਦੀ ਹੈ ਜਾਂ ਕੀ ਉਹ ਕੰਪਨੀ ਬੰਦ ਹੋ ਸਕਦੀ ਹੈ ?

ਜਦੋਂ ਕੰਪਨੀ ਬੰਦ ਹੋ ਜਾਂਦੀ ਹੈ ਤਾਂ ਕੀ ਹੋਵੇਗਾ ? ਕੋਈ ਹੈਰਾਨੀ ਦੀ ਗੱਲ ਨਹੀਂ ਕਿ ਆਰਬੀਆਈ ਗਵਰਨਰ ਇਸ ਨੂੰ 100% ਸੱਟੇਬਾਜ਼ੀ ਵਾਲੀ ਗਤੀਵਿਧੀ ਮੰਨਦਾ ਹੈ। ਉਸਨੇ ਕ੍ਰਿਪਟੋ ਕਰੰਸੀ ਦੇ ਇੱਕ ਅਨੁਭਵੀ ਖਿਡਾਰੀ ਐਫਟੀਐਕਸ ਦਾ ਹਵਾਲਾ ਦਿੱਤਾ ਹੈ। ਯਾਦ ਰੱਖੋ, ਐਫਟੀਐਕਸ ਦਾ ਇਕ ਐਕਸਚੇਂਜ ਐਫਟੀਐਕਸ ਤਬਾਹ ਹੋਇਆ ਹੈ। ਇੱਕ ਝਟਕੇ ਵਿੱਚ ਨਿਵੇਸ਼ਕਾਂ ਦੇ ਚਾਲੀ ਬਿਲੀਅਨ ਡਾਲਰਾਂ ਦਾ ਸਫਾਇਆ ਹੋ ਗਿਆ ਹੈ। 6“✓ ਦੇ 30 ਸਾਲਾ ਮਾਲਕ ਸੈਮੂਅਲ ਬੈਂਕਮੈਨ ਫਰਾਈਡ ’ਤੇ ਅਰਬਾਂ ਡਾਲਰ ਦੀ ਚੋਰੀ ਦਾ ਦੋਸ਼ ਲੱਗਾ ਹੈ। ਅਮਰੀਕਾ ਇਸ ਨੂੰ ਆਪਣੇ ਇਤਿਹਾਸ ਦੀ ਸਭ ਤੋਂ ਵੱਡੀ ਵਿੱਤੀ ਧੋਖਾਧੜੀ ਵਿੱਚੋਂ ਇੱਕ ਮੰਨ ਰਿਹਾ ਹੈ।

ਸੈਮੂਅਲ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਉਸ ਨੂੰ ਬਹਾਮਾਸ ਤੋਂ ਅਮਰੀਕਾ ਹਵਾਲੇ ਕੀਤਾ ਜਾਣਾ ਹੈ। ਇਸ ਐਪੀਸੋਡ ਦੀ ਉਦਾਹਰਣ ਦਿੰਦੇ ਹੋਏ, ਸ਼ਕਤੀਕਾਂਤ ਦਾਸ ਨੇ ਕਿਹਾ ਹੈ ਕਿ 6“✓ ਐਪੀਸੋਡ ਤੋਂ ਬਾਅਦ, ਮੈਨੂੰ ਨਹੀਂ ਲੱਗਦਾ ਕਿ ਸਾਨੂੰ ਹੋਰ ਕੁਝ ਕਹਿਣ ਦੀ ਜ਼ਰੂਰਤ ਹੈ।

××

## ਪੰਜਾਬ ਦੀਆਂ ਸਰਕਾਰੀ ਨੌਕਰੀਆਂ

ਕਾਨੂੰਨੀ ਅੜਚਨਾਂ ਦਾ ਦਾਅਵਾ ਕਰਦਿਆਂ ਅਜੇ ਤੱਕ ਸੂਬੇ ਅੰਦਰ ਸਰਕਾਰੀ ਨੌਕਰੀਆਂ ਲਈ ਡੋਮੀਸਾਈਲ ਅਤੇ ਬੋਨਾਫਾਈਡ (ਮੂਲ ਬਾਸ਼ਿੰਦੇ) ਸਰਟੀਫ਼ਿਕੇਟ ਨੂੰ ਜ਼ਰੂਰੀ ਕਰਾਰ ਨਹੀਂ ਦਿੱਤਾ ਗਿਆ, ਜਿਸ ਦਾ ਫ਼ਾਇਦਾ ਬਾਹਰੀ ਰਾਜਾਂ ਦੇ ਉਮੀਦਵਾਰ ਚੁੱਕ ਰਹੇ ਹਨ ।ਪੰਜਾਬ ਸਰਕਾਰ ਵਲੋਂ ਬੀਤੇ ਸਮੇਂ ਪੰਜਾਬ ਦੀਆਂ ਨੌਕਰੀਆਂ ਲਈ ਹੋਣ ਵਾਲੇ ਇਮਤਿਹਾਨ ਦੇ ਨਾਲ-ਨਾਲ ਪੰਜਾਬੀ ਦਾ ਇਮਤਿਹਾਨ ਪਾਸ ਕਰਨ ਦੀ ਸ਼ਰਤ ਲਗਾ ਦਿੱਤੀ ਹੈ। ਇਹ ਵੀ ਕਿ ਇਹ ਸ਼ਰਤ ਪੰਜਾਬੀ ਪਾੜ੍ਹਿਆਂ ਦੇ ਸਿਰ ’ਤੇ ਵੀ ਥੋਪ ਦਿੱਤੀ ਗਈ ਹੈ, ਜਦਕਿ ਬਾਹਰੀ ਰਾਜਾਂ ਦੇ ਉਮੀਦਵਾਰ ਜੇਕਰ ਦੂਜੇ ਇਮਤਿਹਾਨ ਆਸਾਨੀ ਨਾਲ ਪਾਸ ਕਰ ਜਾਂਦੇ ਹਨ ਤਾਂ ਉਨ੍ਹਾਂ ਨੂੰ ਪੰਜਾਬੀ ਦਾ ਪੇਪਰ ਪਾਸ ਕਰਨਾ ਵੀ ਬਹੁਤਾ ਔਖਾ ਨਹੀਂ ਹੋਵੇਗਾ। ਇਹ ਵੀ ਕਿ ਆਈ. ਏ. ਐਸ., ਆਈ.ਪੀ.ਐਸ., ਬੈਂਕਾਂ ਅਤੇ ਕੇਂਦਰੀ ਅਦਾਰਿਆਂ ਵਿਚ ਪੰਜਾਬੀਆਂ ਦੀ ਗਿਣਤੀ ਪਹਿਲਾਂ ਹੀ ਮਨਫ਼ੀ ਹੋ ਰਹੀ ਹੈ। ਇਹ ਕਿ ਪੰਜਾਬ ਅੰਦਰ ਨੌਕਰੀਆਂ ਪ੍ਰਾਪਤ ਕਰਨ ਲਈ 10ਵੀਂ ਜਮਾਤ ਪੰਜਾਬੀ ਨਾਲ ਪਾਸ ਕੀਤਾ ਹੋਣਾ ਲਾਜ਼ਮੀ ਕੀਤਾ ਹੋਇਆ ਹੈ। ਕਈ ਵਿਭਾਗਾਂ ਨੇ ਤਾਂ ਨੌਕਰੀਆਂ ਦੇ ਗੱਫੇ ਬਾਹਰੀ ਉਮੀਦਵਾਰਾਂ ਨੂੰ ਦੇਣ ਲਈ ਪੰਜਾਬੀ ਪਾਸ ਕਰਨ ਦੀ 2 ਸਾਲ ਤੱਕ ਦੀ ਛੋਟ ਦੇਣ ਦੇ ਮਾਮਲੇ ਵੀ ਸਾਹਮਣੇ ਆਏ ਹਨ। ਇਹ ਵੀ ਕਿ ਪੰਜਾਬ ਵਿਚ ਪੰਜਾਬੀ ਭਾਸ਼ਾ ਐਕਟ ਬਣਿਆ ਹੋਇਆ ਹੈ ਅਤੇ ਸਰਕਾਰ ਦਫ਼ਤਰਾਂ ਅਤੇ ਅਦਾਲਤਾਂ ਵਿਚ ਸਾਰਾ ਕੰਮ ਪੰਜਾਬੀ ਵਿਚ ਲਾਜ਼ਮੀ ਕਰਨ ਦੇ ਨਿਰਦੇਸ਼ ਸੂਬਾ ਸਰਕਾਰ ਵਲੋਂ ਜਾਰੀ ਕੀਤੇ ਹੋਏ ਹਨ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਬਾਹਰੀ ਰਾਜਾਂ ਦੇ ਉਮੀਦਵਾਰ ਜਨਰਲ ਸ਼੍ਰੇਣੀ ਦੇ ਵਿਰੁੱਧ ਪੰਜਾਬ ਅੰਦਰ ਨੌਕਰੀ ਲਈ ਅਪਲਾਈ ਕਰ ਸਕਦੇ ਹਨ, ਜਦਕਿ ਪੰਜਾਬ ਵਿਚ ਜਨਰਲ ਸ਼੍ਰੇਣੀ ਲਈ ਪਹਿਲਾਂ ਹੀ 49 ਫੀਸਦੀ ਕੋਟਾ ਬਚਦਾ ਹੈ, ਜਿਸ ਵਿਚੋਂ 10 ਫੀਸਦੀ ਆਰਥਿਕ ਤੌਰ ’ਤੇ ਪਛੜੇ ਵਰਗਾਂ ਲਈ ਵਿਚਾਰੇ ਜਾਣ ਤੇ ਆਮ ਸ਼੍ਰੇਣੀ ਉਮੀਦਵਾਰਾਂ ਦੇ ਹਿੱਸੇ ਸਿਰਫ਼ 39 ਫੀਸਦੀ ਕੋਟਾ ਹੀ ਰਹਿ ਜਾਂਦਾ ਹੈ। ਅਜਿਹੇ ਹਾਲਾਤ ਵਿਚ ਜਦੋਂ ਬਾਹਰੀ ਰਾਜਾਂ ਦੇ 40 ਫ਼ੀਸਦੀ ਤੋਂ ਵੱਧ ਉਮੀਦਵਾਰ ਮੈਰਿਟ ਸੂਚੀ ਵਿਚ ਮੂਹਰਲੀਆਂ ਥਾਵਾਂ ਮੱਲ ਲੈਂਦੇ ਹਨ ਤਾਂ ਯਕੀਨਨ ਪੰਜਾਬੀਆਂ ਦਾ ਪਛੜਨਾ ਤੈਅ ਹੈ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਪੰਜਾਬ ਦੇ ਗੁਆਂਢੀ ਸੂਬਿਆਂ ਵਲੋਂ ਪੰਜਾਬ ਦੇ ਮੁਕਾਬਲੇ ਘੱਟ ਹੀ ਨੌਕਰੀਆਂ ਕੱਢੀਆਂ ਜਾਂਦੀਆਂ ਹਨ। ਪੰਜਾਬ ਦੇ ਲੱਖਾਂ ਉਮੀਦਵਾਰ ਬਾਹਰਲੇ ਮੁਲਕਾਂ ਨੂੰ ਜਾ ਰਹੇ ਹਨ, ਜਦਕਿ ਗੁਆਂਢੀ ਸੂਬਿਆਂ ਦੇ ਲੋਕ ਪੰਜਾਬ ਵਿਚ ਪੈਰ ਜਮ੍ਹਾਂ ਰਹੇ ਹਨ। ਇਹ ਵੀ ਕਿ ਸਰਕਾਰਾਂ ਵਿਦਿਆਰਥੀਆਂ ਦੀ ਪ੍ਰਤਿਭਾ ਨਿਖਾਰਨ ਸਮੇਤ ਗੁਣਾਤਮਕ ਸਿੱਖਿਆ ਦੇਣ ਵਿਚ ਨਾਕਾਮ ਸਾਬਿਤ ਰਹੀਆਂ ਹਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਸੋਨੇ ਦੀ ਚਿੜੀ ਪੰਜਾਬ ਵਿਚ ਬਾਹਰੀ ਸੂਬਿਆਂ ਦੇ ਲੋਕ ਰੁਜ਼ਗਾਰ ਲਈ ਆਉਂਦੇ ਸਨ ਪਰ ਸਿੱਖਿਆ ਨੀਤੀਆਂ ਅਤੇ ਡੰਮੀ ਯੂਨੀਵਰਸਿਟੀਆਂ ਅਤੇ ਕਾਲਜਾਂ ਨੇ ਘਰ ਬੈਠੇ ਵਿਦਿਆਰਥੀਆਂ ਨੂੰ ਡਿਗਰੀਆਂ ਦੇ ਕੇ ਨਿਕੰਮੇ ਬਣਾ ਦਿੱਤਾ, ਜਿਸ ਕਾਰਨ ਪੰਜਾਬ ਵਿਚ ਚਪੜਾਸੀ ਦੀ ਨੌਕਰੀ ਲਈ ਪੀ. ਐਚ. ਡੀ. ਪੱਧਰ ਦੇ ਹਜ਼ਾਰਾਂ ਨੌਜਵਾਨ ਕੰਮ ਕਰਨ ਨੂੰ ਤਿਆਰ ਹਨ। ਉਕਤ ਮਾਮਲੇ ਸੰਬੰਧੀ ਜਦ ਪਾਵਰਕਾਮ ਦੇ ਸੀਨੀਅਰ ਅਧਿਕਾਰੀਆਂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਉਕਤ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਮੀਦਵਾਰਾਂ ਦੇ ਸਰਟੀਫ਼ਿਕੇਟਾਂ ਦੀ ਚੈਕਿੰਗ ਚੱਲ ਰਹੀ ਹੈ ਅਤੇ ਜੋ ਉਮੀਦਵਾਰ ਸ਼ਰਤਾਂ ਪੂਰੀਆਂ ਕਰਦਾ ਹੋਵੇਗਾ ਉਸ ਨੂੰ ਨਿਯੁਕਤੀ ਪੱਤਰ ਜਲਦ ਹੀ ਮੁਹੱਈਆ ਕਰਵਾ ਦਿੱਤੇ ਜਾਣਗੇ। ਓਧਰ ਪੰਜਾਬ ਦੇ ਮੁੱਖ ਮੰਤਰੀ ਦਾਅਵਾ ਕਰ ਚੁੱਕੇ ਹਨ ਕਿ ਪਿਛਲੇ 9 ਮਹੀਨਿਆਂ ਅੰਦਰ 25 ਹਜ਼ਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ’ਤੇ ਲਾਇਆ ਗਿਆ ਹੈ ਅਤੇ 23 ਹਜ਼ਾਰ ਕੱਚੇ ਕਾਮੇ ਜਲਦ ਪੱਕੇ ਕੀਤੇ ਜਾ ਰਹੇ ਹਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ 1 ਅਪ੍ਰੈਲ 2016 ਤੋਂ 31 ਮਾਰਚ 2021 ਤੱਕ 42,600 ਮੁਲਾਜ਼ਮ ਸੇਵਾਮੁਕਤ ਹੋਣ ਉਪਰੰਤ ਅਸਾਮੀਆਂ ਖਾਲੀ ਹੋ ਗਈਆਂ ਸਨ ਅਤੇ ਇਸ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਵਿਚ ਹਜ਼ਾਰਾਂ ਅਸਾਮੀਆਂ ਉਮੀਦਵਾਰਾਂ ਦੀ ਨਿਯੁਕਤੀ ਨੂੰ ਉਡੀਕ ਰਹੀਆਂ ਹਨ।

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਸੂਬਾ ਪ੍ਰਧਾਨ ਨੇ ਕਿਹਾ ਕਿਹਾ ਕਿ ਪੰਜਾਬ ਵਿਚ ਨੌਕਰੀਆਂ ਦੇਣ ਲਈ ਬੋਨਾਫਾਈਡ/ ਡੋਮੀਸਾਈਲ ਸਰਟੀਫਿਕੇਟ ਦੀ ਸ਼ਰਤ ਰੱਖੀ ਜਾਵੇ, ਜੋ ਗੁਆਂਢੀ ਸੂਬਿਆਂ ਵਿਚ ਲਾਗੂ ਹੈ। ਪੰਜਾਬ ਸਰਕਾਰ ਇਸ ਬਾਰੇ ਠੋਸ ਨੀਤੀ ਘੜੇ। ਉਨ੍ਹਾਂ ਕਿਹਾ ਕਿ ਅਜਿਹਾ ਨਾ ਕਰਨ ਕਾਰਨ ਪੰਜਾਬ ਹਿੰਦੀ ਸੂਬਾ ਬਣ ਜਾਵੇਗਾ।

***

## ਸਿੱਖ ਫੌਜੀਆਂ ਲਈ

ਵਰਤੀ ਗਈ ਸਮੱਗਰੀ ਨੂੰ ਇਸ ਤਰ੍ਹਾਂ ਰੱਖਿਆ ਗਿਆ ਹੈ ਕਿ ਇਸ ਨੂੰ ਲੰਬੇ ਸਮੇਂ ਤੱਕ ਪਾ ਕੇ ਰੱਖਿਆ ਜਾ ਸਕਦਾ ਹੈ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਇਹ ਹੈਲਮੇਟ 40 ਫੀਸਦ ਦਿਮਾਗ਼ੀ ਸੱਟ ਨੂੰ ਘਟਾ ਸਕਦਾ ਹੈ। ਇਸ ਤੋਂ ਇਲਾਵਾ ਫੌਜ ਵਿੱਚ ਵਰਤੇ ਜਾਣ ਵਾਲੇ ਹੋਰ ਸਾਜੋ-ਸਾਮਾਨ, ਜਿਵੇਂ ਕਿ ਹੈੱਡਫੋਨ ਆਦਿ ਵੀ ਇਸਤੇਮਾਲ ਕੀਤੇ ਜਾਣ ਲਈ ਸਹਾਇਕ ਹੈ।

***

## ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਕੇ

ਗੁਲਜਾਰ ਸਿੰਘ ਅਡਮਿੰਟਨ ਨੇ ਰਾਹੁਲ ਗਾਂਧੀ ਉਪਰ ਵਿਅੰਗ ਕਰਦਿਆਂ ਕਿਹਾ ਕਿ 1990 ਵਿਚ ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਵਿਸ਼ੇਸ਼ ਹੁਕਮਾਂ ’ਤੇ ਕੇਸਰੀ ਪੱਗ ਬੰਨਣ ਦੇ ਦੋਸ਼ ਹੇਠ ਇਹ ਨੌਜਵਾਨ ਗ੍ਰਿਫਤਾਰ ਕੀਤਾ ਗਿਆ , ਜੋ ਕਿ ਪਿਛਲੇ ਦਿਨੀਂ ਰਿਹਾਅ ਹੋਇਆ, ਜੇਲ੍ਹ ਦੌਰਾਨ ਇਹ ਆਪਣਾ ਮਾਨਸਿਕ ਸੰਤੁਲਨ ਗਵਾ ਬੈਠਾ। ਸ਼੍ਰੋਮਣੀ ਕਮੇਟੀ ਵੱਲੋਂ ਇਸ ਨੂੰ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਬੈਠਾ ਕੇ ਇਸ ਦਾ ਸਤਿਕਾਰ ਕੀਤਾ ਗਿਆ।

***

## ਛੱਤੀਸਗੜ੍ਹ ਵਿਧਾਨ ਸਭਾ ਵਿਚ ਭਾਜਪਾ ਵਲੋਂ

ਦੇਸ਼ -ਵਿਦੇਸ਼ ਦੇ ਪ੍ਰਮੁੱਖ ਸਿੱਖ ਬੁੱਧੀਜੀਵੀਆਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ, ਚੀਫ਼ ਖ਼ਾਲਸਾ ਦੀਵਾਨ, ਖ਼ਾਲਸਾ ਕਾਲਜ ਵਿੱਦਿਅਕ ਸੰਸਥਾਵਾਂ, ਅਕਾਲ ਅਕੈਡਮੀ ਬੜੂ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸਮੇਤ ਹੋਰ ਪ੍ਰਮੁੱਖ ਸਿੱਖ ਸੰਸਥਾਵਾਂ ਨੂੰ ਪੱਤਰ ਲਿਖ ਕੇ ਉਕਤ ਵਿਸ਼ੇ ਸਬੰਧੀ ਸੁਝਾਓ ਭੇਜਣ ਦੀ ਅਪੀਲ ਕੀਤੀ ਗਈ ਹੈ। ਗੁਰਮੀਤ ਸਿੰਘ ਨੇ ਦੱਸਿਆ ਕਿ ਸੁਝਾਉ ਪ੍ਰਾਪਤ ਹੋਣ ਬਾਅਦ ਇਕ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਜਾਵੇਗਾ, ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਕੌਮਾਂਤਰੀ ਸਿੱਖ ਵਿੱਦਿਅਕ ਬੋਰਡ ਦੀ ਸਥਾਪਨਾ ਲਈ ਕਾਰਜਸ਼ੀਲ ਹੋਵੇਗੀ।



## ਤੇਜ਼ੀ ਨਾਲ ਬਦਲਣ ਜਾ ਰਹੀ ਦੁਨੀਆਂ,

ਨੁਮਾ ਤੇਜ਼ ਰਫ਼ਤਾਰ ਗੱਡੀਆਂ ਚਲਾਉਣ ਦੇ ਨਾਲ-ਨਾਲ ਧਰਤੀ ਤੋਂ ਟ੍ਰੈਫ਼ਿਕ ਘੱਟ ਕਰਨਾ ਹੈ। ਇਸ ਨਾਲ ਘੱਟ ਤੋਂ ਘੱਟ ਕੀਮਤ ’ਤੇ ਵਿਸ਼ਾਲ ਅੰਡਰ ਗ੍ਰਾਊਂਡ ਟ੍ਰਾਂਸਪੋਰਟ ਸਿਸਟਮ ਖੜ੍ਹਾ ਕੀਤਾ ਜਾ ਸਕੇਗਾ। ਏਲੋਨ ਦਾ ਇਹ ਇੱਕ ਅਜਿਹਾ ਪ੍ਰਾਜੈਕਟ ਹੈ ਜੋ ਰਵਾਇਤੀ ਰੇਲ ਗੱਡੀਆਂ, ਰੇਲਵੇ ਟਰੈਕ, ਹਵਾਈ ਜਹਾਜ਼ ਅਤੇ ਹਵਾਈ ਅੱਡਿਆਂ ’ਤੇ ਸਵਾਲੀਆ ਚਿੰਨ੍ਹ ਲਾ ਦੇਵੇਗਾ। ਹਾਈਪਰਲੂਪ ਇੱਕ ਇੰਟਰਸਿਟੀ ਟ੍ਰਾਂਸਪੋਰਟ ਸਿਸਟਮ ਹੈ ਜੋ ਦੁਨੀਆ ਨੂੰ ਪਹਿਲਾਂ ਨਾਲੋਂ ਕਿਤੇ ਛੋਟੀ ਕਰ ਦੇਵੇਗਾ।

**ਅਮੀਰੀ ਖੁੱਸਣ ਦਾ ਡਰ**

ਦੁਨੀਆ ਵਿਚ ਇਹ ਵੱਡੀਆਂ ਤਬਦੀਲੀਆਂ ਅਗਲੇ ਕੁਝ ਅਰਸੇ ਦੌਰਾਨ ਹੋਣ ਜਾ ਰਹੀਆਂ ਹਨ ਜੋ ਦੁਨੀਆ ਦੇ ਮੌਜੂਦਾ ਸਵਰੂਪ ਨੂੰ ਬਦਲਣ ਦੀ ਸਮਰੱਥਾ ਰੱਖਦੀਆਂ ਹਨ। ਇਹ ਬਦਲਾਅ ਕਿੰਨੇ ਕੁ ਲੋਕ ਪੱਖੀ ਸਾਬਤ ਹੋਣਗੇ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਇਨ੍ਹਾਂ ਭਵਿੱਖੀ ਤਬਦੀਲੀਆਂ ਨਾਲ ਦੁਨੀਆ ਭਰ ਵਿਚ ਵੱਡੀ ਉੱਥਲ-ਪੁੱਥਲ ਹੋਣੀ ਸ਼ੁਰੂ ਹੋ ਗਈ ਹੈ। ਕੁਝ ਅਜਿਹੇ ਸਾਧਨ ਜਿਨ੍ਹਾਂ ਤੋਂ ਕੁਝ ਕੰਪਨੀਆਂ ਨੂੰ ਮੋਟੀਆਂ ਕਮਾਈਆਂ ਹੁੰਦੀਆਂ ਹਨ, ਦੀ ਲੋੜ ਸਮਾਪਤ ਹੋ ਜਾਵੇਗੀ। ਇਸ ਤਰ੍ਹਾਂ ਸਾਡੇ ਦੇਸ਼ ਸਮੇਤ ਕੁਝ ਹੋਰ ਦੇਸ਼ਾਂ ਦੇ ਪੂੰਜੀਪਤੀਆਂ ਨੂੰ ਇਸ ਸਮੇਂ ਇਹ ਵੱਡਾ ਫ਼ਿਕਰ ਬਣਿਆ ਹੋਇਆ ਹੈ ਕਿ ਸੰਚਾਰ ਸਾਧਨ, ਆਵਾਜਾਈ ਦੇ ਸਾਧਨ, ਬਿਜਲੀ ਅਤੇ ਤੇਲ ਕੰਪਨੀਆਂ ਜਿਹੜੇ ਉਨ੍ਹਾਂ ਲਈ ਕਮਾਈ ਦੇ ਵੱਡੇ ਸਰੋਤ ਸਾਧਨ ਹਨ ’ਤੇ ਉਨ੍ਹਾਂ ਦੀ ਇਜਾਰੇਦਾਰੀ ਨਹੀਂ ਰਹੇਗੀ ਤਾਂ ਉਨ੍ਹਾਂ ਦੀ ਅਮੀਰੀ ਖੁੱਸ ਜਾਵੇਗੀ।

ਨਵੇਂ ਬਾਜ਼ਾਰਾਂ ਦੀ ਤਲਾਸ਼

ਅਗਲੇ ਕੁਝ ਸਾਲਾਂ ਵਿਚ ਤੇਜ਼ੀ ਨਾਲ ਤਬਦੀਲ ਹੋਣ ਜਾ ਰਹੀ ਦੁਨੀਆਂ ਨੇ ਸੰਸਾਰ ਭਰ ਦੇ ਧਨਾਢਾਂ ਦੇ ਫ਼ਿਕਰ ਵਧਾ ਦਿੱਤੇ ਹਨ। ਉਨ੍ਹਾਂ ਨੇ ਆਪਣੀਆਂ ਕੰਮ ਕਰਨ ਦੀਆਂ ਤਰਜੀਹਾਂ ਤੇਜ਼ੀ ਨਾਲ ਬਦਲਣੀਆਂ ਸ਼ੁਰੂ ਕਰ ਦਿੱਤੀਆਂ ਹਨ। ਸਾਡੇ ਦੇਸ਼ ਦੇ ਧਨਾਢ ਜੋ ਬਿਜਲੀ ਕੰਪਨੀਆਂ, ਮੋਬਾਈਲ ਇੰਟਰਨੈਟ ਕੰਪਨੀਆਂ, ਸੰਚਾਰ ਸਾਧਨ, ਰੇਲਵੇ, ਹਵਾਈ ਜਹਾਜ਼, ਤੇਲ ਕੰਪਨੀਆਂ ਆਦਿ ਕੰਪਨੀਆਂ ’ਤੇ ਕਾਬਜ਼ ਹਨ, ਦਾ ਸਾਰਾ ਧਿਆਨ ਹੁਣ ਮਨੁੱਖ ਦੇ ਖਾਣ-ਪੀਣ ਵਾਲੀਆਂ ਵਸਤਾਂ ਵੱਲ ਲੱਗ ਗਿਆ ਹੈ। ਕਿਸੇ ਵੀ ਤਰ੍ਹਾਂ ਦੀ ਤਕਨੀਕ ਤੋਂ ਵੀ ਵੱਧ ਲੋੜ ਮਨੁੱਖ ਦੀ ਜ਼ਿੰਦਾ ਰਹਿਣ ਦੀ ਹੈ ਅਤੇ ਇਸ ਲਈ ਜ਼ਰੂਰੀ ਹੈ ਕਿ ਉਸ ਕੋਲ ਖਾਧ ਪਦਾਰਥਾਂ ਦੀ ਲੋੜੀਂਦੀ ਮਾਤਰਾ ਹੋਵੇ। ਜ਼ਿੰਦਾ ਰਹਿਣ ਲਈ ਰੋਟੀ ਜ਼ਰੂਰੀ ਹੈ ਇਸ ਲਈ ਸਾਡੇ ਦੇਸ਼ ਸਮੇਤ ਦੁਨੀਆ ਦੇ ਹੋਰ ਪੂੰਜੀਪਤੀਆਂ ਵਲੋਂ ਇਹ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਕਿ ਜ਼ਮੀਨ ਦੇ ਵੱਧ ਤੋਂ ਵੱਧ ਰਕਬੇ ’ਤੇ ਕਾਬਜ਼ ਹੋਇਆ ਜਾਵੇ। ਅਜਿਹਾ ਕਰਨ ਨਾਲ ਉਹ ਕਰੋੜਾਂ ਲੋਕਾਂ ਦੀਆਂ ਖੁਰਾਕੀ ਲੋੜਾਂ ਦੇ ਬਾਜ਼ਾਰ ’ਤੇ ਕਾਬਜ਼ ਹੋ ਜਾਣਗੇ ਅਤੇ ਰੋਟੀ ਅਤੇ ਭੁੱਖ ਦੇ ਇਸ ਕਾਰੋਬਾਰ ਨਾਲ ਮਾਲਾ ਮਾਲ ਹੁੰਦੇ ਜਾਣਗੇ। ਭਵਿੱਖ ਵਿਚ ਦੁਨੀਆ ਭਰ ਦੇ ਪੂੰਜੀਪਤੀ ਖੁਰਾਕੀ ਲੋੜਾਂ ਦੀਆਂ ਮੰਡੀਆਂ ਅਤੇ ਖਾਧ ਪਦਾਰਥਾਂ ਦੇ ਬਾਜ਼ਾਰ ’ਤੇ ਕਾਬਜ਼ ਹੋਣ ਲਈ ਯਤਨਸ਼ੀਲ ਹਨ। ਪੀਣ ਵਾਲੇ ਪਾਣੀ ਨੂੰ ਵੀ ਇਕ ਵੱਡੀ ਸਨਅਤ ਵਜੋਂ ਵੇਖਿਆ ਜਾ ਰਿਹਾ ਹੈ। ਅਜਿਹੀ ਸਥਿਤੀ ਵਿਚ ਕਿਸਾਨ ਨੂੰ ਆਪਣੀ ਜ਼ਮੀਨ ਦੀ ਹੀ ਨਹੀਂ ਬਲਕਿ ਹਵਾ ਪਾਣੀ ਤੱਕ ਦੀ ਅਹਿਮੀਅਤ ਨੂੰ ਸਮਝਣ ਦੀ ਲੋੜ ਹੈ। ਇਹ ਵੀ ਸਮਝਣ ਦੀ ਲੋੜ ਹੈ ਕਿ ਤੇਜ਼ੀ ਨਾਲ ਬਦਲ ਰਹੇ ਵਰਤਾਰਿਆਂ ਨਾਲ ਖੇਤੀ ਹੁਣ ਰਵਾਇਤੀ ਢੰਗ ਅਨੁਸਾਰ ਨਹੀਂ ਚੱਲ ਸਕੇਗੀ। ਕਿਸਾਨ ਨੂੰ ਜਿਣਸਾਂ ਦੀ ਗੁਣਵੱਤਾ ਲਈ ਕੁਦਰਤੀ ਖੇਤੀ ਮਾਡਲ ਦੇ ਨਾਲ ਐਗਰੋਫੂਡ ਸਨਅਤ ਵੱਲ ਧਿਆਨ ਦੇਣਾ ਪਵੇਗਾ। ਕੋਆਪਰੇਟਿਵ ਖੇਤੀ ਮਾਡਲ ਅਪਣਾ ਕੇ ਆਪਣੇ ਖ਼ਰਚਿਆਂ ਨੂੰ ਘੱਟ ਕਰਨ ਵੱਲ ਧਿਆਨ ਦੇਣਾ ਪਵੇਗਾ। ਇਸ ਸਮੇਂ ਆਪਣੀ ਖੇਤੀ ਨਾਲ ਜੁੜੀ ਸੱਭਿਅਤਾ ਅਤੇ ਹੱਕਾਂ ਦੀ ਲੜਾਈ ਲੜ ਰਹੇ ਕਿਸਾਨ ਸੰਗਠਨਾਂ ਨੂੰ ਖੇਤੀ ਵਿਗਿਆਨੀਆਂ ਅਤੇ ਆਰਥਕ ਮਾਹਿਰਾਂ ਦੀ ਮਦਦ ਨਾਲ ਇੱਕ ਲੋਕ ਪੱਖੀ ਨਵਾਂ ਖੇਤੀ ਵਿਕਾਸ ਮਾਡਲ ਪੇਸ਼ ਕਰਨਾ ਚਾਹੀਦਾ ਹੈ ਜੋ ਦੁਨੀਆ ਭਰ ਦੇ ਵੱਖ-ਵੱਖ ਦੇਸ਼ਾਂ ਵਿਚ ਫੈਲ ਹੋਏ ‘ਅਖੌਤੀ ਕਾਰਪੋਰੇਟ ਖੇਤੀ ਵਿਕਾਸ ਮਾਡਲ’ ਨੂੰ ਨਕਾਰਨ ਦੇ ਨਾਲ ਨਾਲ ਦੇਸ਼ ਅਤੇ ਕਿਰਸਾਨੀ ਨੂੰ ਨਵੀਆਂ ਲੀਹਾਂ ’ਤੇ ਤੋਰ ਸਕਦਾ ਹੋਵੇ। ਦੁਨੀਆਂ ਤੇਜ਼ੀ ਨਾਲ ਬਦਲ ਰਹੀ ਹੈ ਸਾਨੂੰ ਸਭ ਨੂੰ ਸੁਚੇਤ ਹੋ ਕੇ ਇਸ ਦੇ ਹਾਣ ਦੇ ਹੋਣਾ ਪਵੇਗਾ।

***

## ਸਤਲੁਜ ਯਮੁਨਾ ਲਿੰਕ ਨਹਿਰ

ਬਾਅਦ ਬਚਿਆ ਵਾਧੂ ਪਾਣੀ ਹੀ ਦਿੱਤਾ ਜਾਵੇ।ਸਰਦਾਰ ਗੁਰਤੇਜ ਸਿੰਘ ਆਈਏਐਸ ਦਾ ਕਹਿਣਾ ਹੈ ਕਿ ਦਰਿਆਈ ਪਾਣੀ ਹਰਿਆਣਾ, ਰਾਜਸਥਾਨ ਤੇ ਦਿੱਲੀ ਨੂੰ ਦੇਣ ਕਰਕੇ ਅਸੀਂ ਆਪਣਾ ਧਰਤੀ ਹੇਠਲਾ ਪਾਣੀ ਏਨਾ ਵਰਤ ਲਿਆ ਹੈ ਕਿ ਪੰਜਾਬ ਅਗਲੇ 1 ਜਾਂ 2 ਦਹਾਕਿਆਂ ਵਿਚ ਰੇਗਿਸਤਾਨ ਬਣ ਜਾਵੇਗਾ। ਪ੍ਰਾਪਤ ਅੰਕੜਿਆਂ ਅਨੁਸਾਰ ਅਸੀਂ ਵਧੇਰੇ ਪਾਣੀ ਕੱਢ ਕੇ 97 ਫ਼ੀਸਦੀ ਬਲਾਕ ਡਾਰਕ ਜ਼ੋਨ ਬਣਾ ਲਏ ਹਨ। ਅਸੀਂ ਹਰ ਸਾਲ ਧਰਤੀ ਵਿਚੋਂ 35.78 ਫੀ.ਸੀ.ਐਮ. (ਬਿਲੀਅਨ ਕਿਊਬਿਕ ਮੀਟਰ) ਪਾਣੀ ਕੱਢ ਰਹੇ ਹਾਂ ਤੇ ਹਰ ਸਾਲ ਕੁਦਰਤੀ ਅਤੇ ਸਾਡੀਆਂ ਕੋਸ਼ਿਸ਼ਾਂ ਨਾਲ ਸਿਰਫ਼ 21.58 ਬੀ.ਸੀ.ਐਮ. ਪਾਣੀ ਹੀ ਧਰਤੀ ਵਿਚ ਸਮਾ ਰਿਹਾ ਹੈ। ਭਾਵ ਅਸੀਂ ਹਰ ਸਾਲ ਕਰੀਬ 14 ਬਿਲੀਅਨ ਕਿਊਬਿਕ ਮੀਟਰ ਪਾਣੀ ਆਪਣੇ ਖਜ਼ਾਨੇ ਵਿਚੋਂ ਘਟਾ ਰਹੇ ਹਾਂ। ਭਾਰਤ ਦੇ ਸੰਵਿਧਾਨ ਦੇ ਸ਼ੈਡਿਊਲ 7 ਵਿਚਲੀ ਰਾਜਾਂ ਦੇ ਅਧਿਕਾਰਾਂ ਦੀ ਸੂਚੀ ਵਿਚ 17ਵੇਂ ਨੰਬਰ ’ਤੇ ਇਹ ਸਾਫ਼ ਦਰਜ ਹੈ ਕਿ ਪਾਣੀ ਰਾਜਾਂ ਦਾ ਵਿਸ਼ਾ ਹੈ। ਕੇਂਦਰੀ ਸਰਕਾਰ ਜਿਸ ਨੂੰ ਹੁਣ ਧੱਕੇ ਨਾਲ ਇਸ ਨੂੰ ਕੇਂਦਰੀ ਸਰਕਾਰ ਦਾ ਵਿਸ਼ਾ ਬਣਾ ਰਹੀ ਹੈ, ਇਸ ਨੂੰ ਸੂਚੀ ਵਿਚ 56ਵੀਂ ਮੱਦ ਅਨੁਸਾਰ ਡਰੇਨਜ਼, ਨਹਿਰਾਂ, ਕਿਨਾਰਿਆਂ ’ਤੇ ਭੰਡਾਰਨ ਆਦਿ ਦੇ ਮਾਮਲੇ ਦੇਖ ਸਕਦੀ ਹੈ। ਪਰ ਪਾਣੀ ਦੀ ਮਾਲਕੀ ਨਾਲ ਉਸ ਦਾ ਵੀ ਕੋਈ ਲੈਣਾ-ਦੇਣਾ ਨਹੀਂ। ਹਾਂ ਪੰਜਾਬ ਨਾਲ ਹਿਮਾਚਲ ਪ੍ਰਦੇਸ਼ ਜ਼ਰੂਰ ਅਪਰ-ਰਾਇਪੇਰੀਅਨ ਸਟੇਟ ਹੈ ਜੋ ਪੰਜਾਬ ਕੋਲੋਂ ਕੁਝ ਹੱਕ ਪ੍ਰਾਪਤ ਕਰ ਸਕਦਾ ਹੈ। ਪਰ ਕਿਸੇ ਵੀ ਅੰਤਰਰਾਸ਼ਟਰੀ ਜਾਂ ਰਾਸ਼ਟਰੀ ਕਾਨੂੰਨ ਮੁਤਾਬਿਕ ਉਹ ਪਾਣੀ ਦੇ ਕੁਦਰਤੀ ਵਹਿਣ ਨੂੰ ਬਦਲਣ ਦਾ ਹੱਕ ਨਹੀਂ ਰੱਖਦਾ। ਅਫ਼ਸੋਸ ਦੀ ਗੱਲ ਇਹ ਹੈ ਕਿ ਪੰਜਾਬ ਦੀ ਮੌਜੂਦਾ ‘ਆਪ’ ਸਰਕਾਰ, ਜਿਸ ਨੂੰ ਪਾਣੀਆਂ ਦੇ ਵਿਵਾਦ ਦਾ ਕੋਈ ਬਹੁਤਾ ਗਿਆਨ ਨਹੀਂ ਹੈ, ਵਲੋਂ ਇਸ ਮੰਤਵ ਲਈ ਮਾਹਿਰਾਂ ਆਦਿ ਦੀ ਰਾਇ ਲੈਣ ਦੀ ਥਾਂ ਕੇਵਲ ਅਫ਼ਸਰਾਂ ਦੀ ਰਾਇ ਨਾਲ ਹੀ ਕੰਮ ਚਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਹਾਲਾਂਕਿ ਮਾਹਿਰਾਂ ਤੇ ਕਾਨੂੰਨਦਾਨਾਂ ਦਾ ਕਹਿਣਾ ਹੈ ਕਿ ਕੇਂਦਰ ਕੋਲ ਦਰਿਆਈ ਪਾਣੀਆਂ ਦੀ ਵੰਡ ਸੰਬੰਧੀ ਮੀਟਿੰਗ ਬੁਲਾਉਣ ਦਾ ਵਿਧਾਨਕ ਤੌਰ ’ਤੇ ਅਧਿਕਾਰ ਹੀ ਨਹੀਂ ਹੈ। ਸੁਖਦੇਵ ਸਿੰਘ ਸੀਨੀਅਰ ਪੱਤਰਕਾਰ ਅਨੁਸਾਰ ਵਿਧਾਨ ਅਨੁਸਾਰ ਪਾਣੀਆਂ ਦੀ ਵੰਡ ਨਾ ਕੇਂਦਰ ਅਤੇ ਨਾ ਸੁਪਰੀਮ ਕੋਰਟ ਕਰ ਸਕਦੀ ਹੈ ਅਤੇ ਇਸ ਲਈ ਕੇਵਲ ਟ੍ਰਿਬਿਊਨਲ ਹੀ ਬਣਾਇਆ ਜਾ ਸਕਦਾ ਹੈ, ਜੋ ਰਿਪੇਰੀਅਨ ਕਾਨੂੰਨ ਅਨੁਸਾਰ ਵੰਡ ਕਰ ਸਕਦਾ ਹੈ। ਲੇਕਿਨ ਹਰਿਆਣਾ ਤੇ ਰਾਜਸਥਾਨ ਪੰਜਾਬ ਦੇ ਪਾਣੀਆਂ ’ਤੇ ਰਿਪੇਰੀਅਨ ਕਾਨੂੰਨ ਅਨੁਸਾਰ ਵੀ ਹੱਕ ਨਹੀਂ ਰੱਖਦੇ, ਜਦੋਂ ਕਿ ਹਿਮਾਚਲ ਪ੍ਰਦੇਸ਼ ਤੇ ਜੰਮੂ-ਕਸ਼ਮੀਰ ਰਿਪੇਰੀਅਨ ਹੱਕ ਦਾ ਦਾਅਵਾ ਜ਼ਰੂਰ ਰੱਖਦੇ ਹਨ। ਪਿਛਲੀਆਂ ਸਰਕਾਰਾਂ ਲੇਕਿਨ ਪਾਣੀਆਂ ਦੀ ਕਿਸੇ ਟ੍ਰਿਬਿਊਨਲ ਰਾਹੀਂ ਵੰਡ ਤੋਂ ਬਿਨਾਂ ਹੀ ਸਿਆਸੀ ਦਬਾਅ ਹੇਠ ਗੁਆਂਢੀ ਰਾਜਾਂ ਨੂੰ ਪਾਣੀ ਵੰਡੀ ਗਈਆਂ, ਜਿਸ ਕਾਰਨ ਪੰਜਾਬ ਦੀਆਂ ਜ਼ਮੀਨਾਂ ਅੱਜ ਬੰਜਰ ਹੋਣ ਕਿਨਾਰੇ ਖੜ੍ਹੀਆਂ ਹਨ। ਹਾਲਾਂਕਿ ਕੇਂਦਰ ਕੋਲ ਵੀ ਪੰਜਾਬ ਵਿਚ ਮੌਜੂਦਾ ਪਾਣੀ ਦੀ ਉਪਲਬਧਤਾ ਦੇ ਅੰਕੜੇ ਮੌਜੂਦ ਹਨ ਕਿ ਪਾਣੀ ਅੱਗੇ ਨਾਲੋਂ ਕਾਫ਼ੀ ਘੱਟ ਗਿਆ ਹੈ ਅਤੇ ਹਰਿਆਣਾ ਵਲੋਂ ਹਾਂਸੀ ਬੁਟਾਣਾ ਨਹਿਰ ਬਣਾਉਣ ਨਾਲ ਵੀ ਸਤਲੁਜ-ਯਮੁਨਾ ਲਿੰਕ ਨਹਿਰ ਦੀ ਲੋੜ ਕਾਫ਼ੀ ਘੱਟ ਗਈ ਹੈ ।ਲੇਕਿਨ ਕੇਂਦਰ ਵੀ ਸੁਪਰੀਮ ਕੋਰਟ ਵਿਚ ਇਹ ਗੱਲ ਕਹਿਣ ਲਈ ਤਿਆਰ ਨਹੀਂ ਕਿ ਐਸ. ਵਾਈ. ਐਲ ਨਹਿਰ ਦੀ ਉਪਲਬਧ ਪਾਣੀ ਘੱਟ ਜਾਣ ਕਾਰਨ ਲੋੜ ਨਹੀਂ ਰਹਿ ਗਈ । ਸੁਖਦੇਵ ਸਿੰਘ ਦਾ ਮੰਨਣਾ ਹੈ ਕਿ ਜੇਕਰ ਮੌਜੂਦਾ ਸਰਕਾਰ ਵੀ ਲਾਪ੍ਰਵਾਹੀ ਤੇ ਡੰਗ ਟਪਾਊ ਤੌਰ ਤਰੀਕਿਆਂ ਨਾਲ ਇਸ ਬਹੁਤ ਮਹੱਤਵਪੂਰਨ ਮਾਮਲੇ ਨਾਲ ਪੇਸ਼ ਆਉਂਦੀ ਰਹੀ ਤਾਂ ਪੰਜਾਬ ਲਈ ਕੋਈ ਨਵਾਂ ਸੰਕਟ ਵੀ ਖੜ੍ਹਾ ਹੋ ਸਕਦਾ ਹੈ।

***

## ਫਰਾਂਸ ਵਿਚ ਸੈਕਸ ਕਾਂਡ ਦੇ ਦੋਸ਼ੀ ਕਲਾਕਾਰਾਂ

ਦਿੱਤੀ ਗਈ ਸੀ। 2020 ਵਿੱਚ, ਅਕੈਡਮੀ ਦੇ ਪੂਰੇ ਬੋਰਡ ਨੇ ਅਸਤੀਫਾ ਦੇ ਦਿੱਤਾ ਜਦੋਂ ਰੋਮਨ ਪੋਲਾਂਸਕੀ ਨੂੰ ਸਰਵੋਤਮ ਨਿਰਦੇਸ਼ਕ ਸ਼੍ਰੇਣੀ ਵਿੱਚ ਨਾਮਜ਼ਦਗੀ ਮਿਲੀ ਤੇ ਉਸ ਨੂੰ ਐਵਾਰਡ ਮਿਲਿਆ ਤਾਂ ਕਾਫੀ ਰੌਲਾ ਪਿਆ ਸੀ ਅਤੇ ਕਈ ਅਭਿਨੇਤਰੀਆਂ ਸਮਾਰੋਹ ਛੱਡ ਕੇ ਚਲੀਆਂ ਗਈਆਂ ਸਨ।

ਪੋਲਾਂਸਕੀ ’ਤੇ 1970 ਦੇ ਦਹਾਕੇ ਵਿਚ ਅਮਰੀਕਾ ਵਿਚ 13 ਸਾਲਾ ਲੜਕੀ ਨਾਲ ਬਲਾਤਕਾਰ ਕਰਨ ਦਾ ਦੋਸ਼ ਹੈ ਅਤੇ ਉਹ ਇਸ ਮਾਮਲੇ ਵਿਚ ਲੋੜੀਂਦਾ ਵੀ ਹੈ। ਪੋਲਾਂਸਕੀ ਨੇ ਕਬੂਲ ਕੀਤਾ ਕਿ 1977 ਵਿਚ ਉਸ ਦੇ ਨਾਬਾਲਗ ਨਾਲ ਨਾਜਾਇਜ਼ ਸਬੰਧ ਸਨ। ਇਸ ਦੇ ਲਈ ਉਸ ਨੇ ਛੇ ਹਫ਼ਤੇ ਜੇਲ੍ਹ ਵੀ ਕੱਟੇ ਪਰ ਜਦੋਂ ਇਹ ਖ਼ਦਸ਼ਾ ਸੀ ਕਿ ਉਸ ਦੀ ਜਮਾਨਤ ਰੱਦ ਹੋ ਸਕਦੀ ਹੈ ਤਾਂ ਉਹ ਅਮਰੀਕਾ ਤੋਂ ਭੱਜ ਗਿਆ।

2019 ਵਿੱਚ, ਸਾਬਕਾ ਮਾਡਲ ਵੈਲੇਨਟਿਨ ਮੋਨੀਅਰ ਨੇ ਦੋਸ਼ ਲਾਇਆ ਕਿ ਪੋਲਾਂਸਕੀ ਨੇ 1975 ਵਿੱਚ ਉਸ ਨਾਲ ਬਲਾਤਕਾਰ ਕੀਤਾ ਸੀ। ਪੋਲੈਂਸਕੀ ਦੇ ਵਕੀਲ ਨੇ ਕਿਹਾ ਕਿ ਉਸਦਾ ਮੁਵੱਕਿਲ ਦੋਸ਼ਾਂ ਨੂੰ ਝੂਠਾ ਦੱਸਦਾ ਹੈ।

***

## ਇਨਸਾਨਾਂ ਨੂੰ ਸਿਗਨਲ ਭੇਜ ਰਹੇ ਏਲੀਅਨ

ਹੋਈਆਂ ਹਨ। ਕੋਰੋਨਾ ਮਹਾਮਾਰੀ ਹੋਵੇ ਜਾਂ ਬ੍ਰਿਟੇਨ ਦੀ ਮਹਾਰਾਣੀ ਐਲਿਜ਼ਾਬੈਥ 99 ਦਾ ਦਿਹਾਂਤ, ਉਹ ਪਹਿਲਾਂ ਹੀ ਕਈ ਗਲੋਬਲ ਘਟਨਾਵਾਂ ਬਾਰੇ ਦੱਸ ਚੁੱਕੇ ਹਨ। ਐਥੋਸ ਸਲੋਮੇ ਦੁਆਰਾ ਯੂਕਰੇਨ ਯੁੱਧ ਦੀ ਭਵਿੱਖਬਾਣੀ ਵੀ ਕੀਤੀ ਗਈ ਸੀ। ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਜੂਨ ਵਿੱਚ ਘੋਸ਼ਣਾ ਕੀਤੀ ਸੀ ਕਿ ਉਹ ਯੂਐਫਓ ਉੱਤੇ ਆਪਣਾ ਪਹਿਲਾ ਅਧਿਐਨ ਸ਼ੁਰੂ ਕਰ ਰਹੇ ਹਨ।

**ਜੇਕਰ ਕਿਤੇ ਏਲੀਅਨਜ਼ ਮਿਲ ਵੀ ਗਏ ਤਾਂ ਫਿਰ ਅਸੀਂ ਕੀ ਕਰਾਂਗੇ ?**

ਸਟੀਵਨ ਡਿਕ ਖਗੋਲ ਵਿਗਿਆਨੀ ਹਨ ਅਤੇ ਵਿਗਿਆਨ ਦੇ ਇਤਿਹਾਸਕਾਰ ਹਨ। ਉਹ ਨਾਸਾ ਵਿੱਚ ਮੁੱਖ ਇਤਿਹਾਸਕਾਰ ਰਹਿ ਚੁੱਕੇ ਹਨ। ਅੰਤਰਰਾਸ਼ਟਰੀ ਐਸਟ੍ਰੋਨਾਮਿਕਲ ਦੀ ਯੂਨੀਅਨ ਨੇ ਉਨ੍ਹਾਂ ਦੇ ਨਾਮ ’ਤੇ ਇੱਕ ਗ੍ਰਹਿ ਦਾ ਨਾਮ 6544 ਸਟੀਵਨਡਿਕ ਦਿੱਤਾ ਹੈ। ਦੂਜੇ ਖਗੋਲ ਵਿਗਿਆਨੀਆਂ ਵਾਂਗ ਸਟੀਵਨ ਨੂੰ ਵੀ ਯਕੀਨ ਹੈ ਕਿ ਧਰਤੀ ਤੋਂ ਪਰੇ ਕਿਤੇ ਜੀਵਨ ਹੈ ਪਰ ਉਨ੍ਹਾਂ ਨੂੰ ਚਿੰਤਾ ਇਸ ਗੱਲ ਦੀ ਹੈ ਕਿ ਇਸ ਦਾ ਪਤਾ ਲੱਗਣ ਤੋਂ ਬਾਅਦ ਕੀ ਹੋਵੇਗਾ ? ਉਹ ਕਹਿੰਦੇ ਹਨ, ‘ਮੈਨੂੰ ਜਿੰਨਾ ਪਤਾ ਹੈ, ਨਾ ਤਾਂ ਅਮਰੀਕਾ ਸਰਕਾਰ ਕੋਲ ਅਤੇ ਨਾ ਕਿਸੇ ਹੋਰ ਕੋਲ ਇਸ ਦੀ ਕੋਈ ਯੋਜਨਾ ਹੈ ਕਿ ਜੇਕਰ ਕਿਤੇ ਏਲੀਅਨਜ਼ ਮਿਲ ਜਾਂਦੇ ਹਨ ਤਾਂ ਇਸ ਦਾ ਕੀ ਅਸਰ ਹੋਵੇਗਾ ?’

ਸਟੀਵਨ ਡਿਕ ਕਈ ਸਾਲਾਂ ਤੱਕ ਨਾਸਾ ਸਪੌਂਸਰ ਏਲੀਅਨ ਲਾਈਫ ਪ੍ਰਿਪਰੇਸ਼ਨ ਪ੍ਰੋਗਰਾਮ ਦਾ ਹਿੱਸਾ ਰਹਿ ਚੁੱਕੇ ਹਨ। ਉਹ ਕਹਿੰਦੇ ਹਨ ਕਿ ਦੂਜੇ ਗ੍ਰਹਿਆਂ ਤੋਂ ਆਉਣ ਵਾਲੀਆਂ ਚੀਜ਼ਾਂ ਨੂੰ ਲੈ ਕੇ ਕੁਝ ਨਿਯਮ ਤਾਂ ਹਨ ਪਰ ਇਹ ਲੰਬੇ ਸਮੇਂ ਲਈ ਨਹੀਂ ਬਣਾਏ ਗਏ ਹਨ।ਪਰ ਕੀ ਅਜਿਹਾ ਵੀ ਹੋ ਸਕਦਾ ਹੈ ਜਿਹੜੇ ਏਲੀਅਨਜ਼ ਦੀ ਤਲਾਸ਼ ਅਸੀਂ ਕਰ ਰਹੇ ਹਾਂ, ਉਹ ਸਾਨੂੰ ਲੱਭ ਰਹੇ ਹੋਣ ਅਤੇ ਸਾਨੂੰ ਮਿਲਣ ਧਰਤੀ ’ਤੇ ਆ ਜਾਣ ਅਤੇ ਇਸ ਤੋਂ ਵੀ ਵੱਡਾ ਸਵਾਲ ਇਹ ਹੈ ਕਿ ਅਸੀਂ ਏਲੀਅਨਜ਼ ਨਾਲ ਗੱਲ ਕਿਵੇਂ ਕਰਾਂਗੇ ? ‘ਸਟੀਵਨ ਕਹਿੰਦੇ ਹਨ, ‘ਇਹ ਗੰਭੀਰ ਚਰਚਾ ਦਾ ਵਿਸ਼ਾ ਹੈ। ਮੈਨੂੰ ਲੱਗਦਾ ਹੈ ਕਿ ਫਿਲਮ ਅਰਾਈਵਲ ਵਿੱਚ ਇਸ ਗੱਲ ਨੂੰ ਬਿਹਤਰ ਤਰੀਕੇ ਨਾਲ ਦਿਖਾਇਆ ਗਿਆ ਹੈ। ਇਸ ਵਿੱਚ ਕੁਝ ਏਲੀਅਨਜ਼ ਇਨਸਾਨਾਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਤੁਹਾਨੂੰ ਅਜਿਹੀ ਭਾਸ਼ਾ ਚਾਹੀਦੀ ਹੈ ਜਿਸ ਬਾਰੇ ਪੂਰੇ ਬ੍ਰਹਿਮੰਡ ਵਿੱਚ ਸਮਝ ਹੋਵੇ।’

ਉਹ ਕਹਿੰਦੇ ਹਨ ਕਿ ਸਾਨੂੰ ਅਜੇ ਤੱਕ ਨਹੀਂ ਪਤਾ ਹੈ ਕਿ ਜਿਨ੍ਹਾਂ ਨੂੰ ਅਸੀਂ ਖੋਜ ਰਹੇ ਹਾਂ, ਉਹ ਕਿਹੋ ਜਿਹੇ ਹਨ ਅਤੇ ਉਨ੍ਹਾਂ ਦੀ ਸਾਡੇ ਨਾਲ ਮਿਲ ਕੇ ਕੀ ਪ੍ਰਤੀਕਿਰਿਆ ਹੋਵੇਗੀ ?

ਸਟੀਵਨ ਅਨੁਸਾਰ, ‘ਅਸੀਂ ਇਹ ਮੰਨ ਕੇ ਨਹੀਂ ਚੱਲ ਸਕਦੇ ਕਿ ਏਲੀਅਨਜ਼ ਚੰਗੇ ਹੀ ਹੋਣਗੇ। ਮਾਈਕ੍ਰੋਬ ਦੇ ਪੱਧਰ ’ਤੇ ਵੀ ਦੇਖਿਆ ਜਾਵੇ ਤਾਂ ਇਹ ਸੰਭਵ ਹੈ ਕਿ ਦੂਜੇ ਗ੍ਰਹਿ ਤੋਂ ਆਇਆ ਬੈਕਟੀਰੀਆ ਇੱਥੇ ਲਾਗ ਫੈਲਾ ਸਕਦਾ ਹੈ। ਸਾਨੂੰ ਨਹੀਂ ਪਤਾ ਕਿ ਏਲੀਅਨਜ਼ ਦਾ ਦੁਨੀਆਂ ਵਿੱਚ ਪਰਉਪਕਾਰ ਦਾ ਸਿਧਾਂਤ ਹੈ ਵੀ ਜਾਂ ਨਹੀਂ, ਕੀ ਇਨਸਾਨਾਂ ਦੇ ਪ੍ਰਤੀ ਉਨ੍ਹਾਂ ਦਾ ਰਵੱਈਆ ਠੀਕ ਰਹੇਗਾ।ਅਸੀਂ ਉਨ੍ਹਾਂ ਦੇ ਨਾਲ ਕਿਸ ਤਰ੍ਹਾਂ ਦਾ ਵਤੀਰਾ ਕਰਾਂਗੇ ? ਅਤੇ ਦੁਨੀਆ ਵੱਲੋਂ ਉਨ੍ਹਾਂ ਨਾਲ ਗੱਲ ਕੌਣ ਕਰੇਗਾ, ਸੰਯੁਕਤ ਰਾਸ਼ਟਰ ਜਾਂ ਫਿਰ ਕੋਈ ਹੋਰ ?’

ਉਹ ਕਹਿੰਦੇ ਹਨ, ‘ਮੈਨੂੰ ਲੱਗਦਾ ਹੈ ਕਿ ਸਾਡੇ ਕੋਲ ਕੋਈ ਯੋਜਨਾ ਹੋਣੀ ਚਾਹੀਦੀ ਹੈ, ਸਾਨੂੰ ਨਹੀਂ ਪਤਾ ਕਿ ਕੀ ਕਰਨਾ ਚਾਹੀਦਾ ਹੈ, ਪਰ ਜੇ ਇਸ ਬਾਰੇ ਪਹਿਲਾਂ ਸੋਚਿਆ ਜਾਵੇ ਤਾਂ ਬਿਹਤਰ ਹੋਵੇਗਾ।’

***

## ਸ਼੍ਰੋਮਣੀ ਸਿੱਖ ਇਤਿਹਾਸਕਾਰ ਡਾ. ਕਿਰਪਾਲ ਸਿੰਘ ਜੀ

ਵਿੱਚ ਮਹਾਨ ਇਤਿਹਾਸਕਾਰ ਇਸ ਫ਼ਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ।

ਪ੍ਰਾਪਤੀਆਂ :-

ਡਾ. ਕਿਰਪਾਲ ਸਿੰਘ ਜੀ ਨੂੰ ਜੀਵਨ ਵਿਚ ਬਹੁਤ ਸਾਰੇ ਸਨਮਾਨਾਂ ਨਾਲ ਨਿਵਾਜਿਆ ਗਿਆ ਅਤੇ ਆਪ ਬਹੁਤ ਸਾਰੇ ਉੱਚ ਅਹੁਦਿਆਂ ’ਤੇ ਵੀ ਰਹੇ। ਆਪ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬ ਇਤਿਹਾਸ ਵਿਭਾਗ ਦੇ ਪ੍ਰੋਫ਼ੈਸਰ ਅਤੇ ਮੁਖੀ ਰਹੇ। ਪੰਜਾਬੀ ਯੂਨੀਵਰਸਿਟੀ ਨੇ ਆਪ ਦੇ ਸਨਮਾਨ ਵਿਚ ਆਪ ਨੂੰ ਡੀ. ਲਿਟ ਦੀ ਡਿਗਰੀ ਪ੍ਰਦਾਨ ਕੀਤੀ। ਆਪ ਏਸ਼ੀਆਟਿਕ ਸੋਸਾਇਟੀ ਕਲੱਕਤਾ ਦੇ ਲਾਈਫ਼ ਮੈਂਬਰ ਸਨ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ‘ਸਿੱਖ ਸਰੋਤ ਇਤਿਹਾਸਕ ਗ੍ਰੰਥ ਸੰਪਾਦਨਾ’ ਪ੍ਰੋਜੈਕਟ ਦੇ ਡਾਇਰੈਕਟਰ ਸਨ। 2013 ਵਿਚ ਆਪ ਨੂੰ ਸਿੱਖ ਇਤਿਹਾਸ ਪ੍ਰਤੀ ਕੀਤੇ ਗਏ ਕਾਰਜ ਲਈ ਅਨੰਦਪੁਰ ਸਾਹਿਬ ਵਿਖੇ ਸਨਮਾਨਿਤ ਕੀਤਾ ਗਿਆ। ਇਸ ਤੋਂ ਬਿਨਾਂ 2014 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ‘ਪ੍ਰੋਫ਼ੈਸਰ ਆਫ਼ ਸਿੱਖਇਜ਼ਮ’ ਦੀ ਉਪਾਧੀ ਨਾਲ ਨਿਵਾਜਿਆ ਗਿਆ।

ਆਪ ਨੇ ਸਿੱਖ ਇਤਿਹਾਸ ਉਤੇ ਪੂਰੀ ਨਿਸ਼ਠਾ, ਲਗਨ, ਮਿਹਨਤ ਅਤੇ ਦ੍ਰਿੜ ਸੰਕਲਪ ਨਾਲ ਕੰਮ ਕੀਤਾ। ਸਾਰੀ ਜ਼ਿੰਦਗੀ ਸਿਰਫ਼ ਸਿੱਖ ਇਤਿਹਾਸ ਉੱਤੇ ਹੀ ਕੰਮ ਕਰਨ ਦੇ ਭਾਈ ਵੀਰ ਸਿੰਘ ਜੀ ਨਾਲ ਕੀਤੇ ਵਾਅਦੇ ਨੂੰ ਸਿੱਖ ਪੰਥ ਦੇ ਇਸ ਮਹਾਨ ਇਤਿਹਾਸਕਾਰ ਨੇ ਆਪਣੇ ਅੰਤਲੇ ਸੁਆਸਾਂ ਤੱਕ ਬਾਖ਼ੂਬੀ ਨਿਭਾਇਆ। ਅਜਿਹੇ ਮਹਾਨ ਵਿਦਵਾਨ ਕੌਮਾਂ ਲਈ ਸਦਾ ਲਈ ਪ੍ਰੇਰਣਾ ਸ੍ਰੋਤ ਹੁੰਦੇ ਹਨ, ਜਿਨ੍ਹਾਂ ਸਿੱਖ ਇਤਿਹਾਸ ਦੀ ਡੂੰਘੀ ਖੋਜ ਕਰਕੇ ਸਿੱਖ ਧਰਮ ਦੇ ਜਗਿਆਸੂਆਂ, ਵਿਦਿਆਰਥੀਆਂ ਅਤੇ ਖੋਜਾਰਥੀਆਂ ਲਈ ਨਵੇਂ ਰਾਹ ਖੋਲ੍ਹੇ।

****

## ਖ਼ਾਲਸਾ ਰਾਜ ਦੀ ਵਿਰਾਸਤ ਰਹੀ ਕੋਹਿਨੂਰ

ਲਵੇ । ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਇਹ ਖ਼ਬਰ ਮਿਲੀ ਤਾਂ ਉਸ ਨੇ ਖ਼ੁਸ਼ੀ-ਖ਼ੁਸ਼ੀ ਘੋੜ ਸਵਾਰ ਹੋ ਕੇ, ਆਪਣੀਆਂ ਫ਼ੌਜਾਂ ਸਮੇਤ, ਇਕ ਹਜ਼ਾਰ ਰੁਪਿਆ ਨਕਦ ਚੁੱਕ ਕੇ ਮੁਬਾਰਕ ਹਵੇਲੀ ਵੱਲ ਕੂਚ ਕੀਤਾ। ਅਫ਼ਗਾਨੀ ਸ਼ਹਿਨਸ਼ਾਹ ਨੇ ਮਹਾਰਾਜਾ ਰਣਜੀਤ ਸਿੰਘ ਦਾ ਖ਼ੂਬ ਸਤਿਕਾਰ ਕੀਤਾ ਅਤੇ ਖ਼ੁਸ਼ ਆਮਦੀਦ ਆਖੀ। ਇਕ ਘੰਟਾ ਦੋਵਾਂ ਵਿਚਕਾਰ ਵਿਚਾਰਾਂ ਹੁੰਦੀਆਂ ਰਹੀਆਂ । ਆਖ਼ਰ ਸ਼ਾਹ ਨੇ ‘ਕੋਹਿਨੂਰ ਹੀਰਾ’ ਲਿਆ ਕੇ ਮਹਾਰਾਜਾ ਰਣਜੀਤ ਸਿੰਘ ਦੇ ਅੱਗੇ ਰੱਖਿਆ। ਆਪਸੀ ਦੋਸਤੀ ਦਾ ਐਲਾਨ ਕੀਤਾ ਗਿਆ। ਮਹਾਰਾਜਾ ਸਾਹਿਬ ਨੇ ਸ਼ਾਹ ਨੂੰ ਇਸ ਦੀ ਕੀਮਤ ਪੁੱਛੀ ਤਾਂ ਸ਼ਾਹ ਨੇ ਆਖਿਆ, ਇਸ ਦੀ ਕੀਮਤ ਲਾਠੀ ਹੈ। ਮੇਰੇ ਪੁਰਖਿਆਂ ਨੇ ਇਸ ਨੂੰ ਇਸੇ ਤਰ੍ਹਾਂ ਹਾਸਲ ਕੀਤਾ ਸੀ। ਤੁਸੀਂ ਇਸ ਨੂੰ ਮੇਰੇ ਤੋਂ ਘਸੁੰਨਾਂ-ਮੁੱਕਿਆਂ ਨਾਲ ਹਾਸਲ ਕੀਤਾ ਹੈ ।ਜਦੋਂ ਤੁਹਾਡੇ ਤੋਂ ਵੀ ਤਾਕਤਵਰ ਰਾਜ ਆਇਆ, ਉਹ ਵੀ ਇਸੇ ਢੰਗ-ਤਰੀਕੇ ਨਾਲ ਤੁਹਾਡੇ ਤੋਂ ਲੈ ਲਵੇਗਾ । ਮਹਾਰਾਜਾ ਇਹ ਸੁਣ ਕੇ ਨਿਰਾਸ਼ ਨਹੀਂ ਹੋਇਆ ਅਤੇ ‘ਕੋਹਿਨੂਰ ਹੀਰਾ’ ਆਪਣੀ ਜੇਬ ਵਿਚ ਪਾ ਕੇ ਚਲਾ ਗਿਆ। ਮਹਾਰਾਜਾ ਨੇ ਸ਼ਾਹੀ ਮਹਿਲਾਂ ਵਿਚ ਪੁੱਜ ਕੇ ਇਕ ਵੱਡਾ ਦਰਬਾਰ ਬੁਲਾਇਆ ਅਤੇ ਇਸ ਵੱਡਮੁੱਲੇ ਹੀਰੇ ਦੀ ਪ੍ਰਾਪਤੀ ਦੀ ਖ਼ੁਸ਼ੀ ਵਿਚ ਸਾਰਾ ਸ਼ਹਿਰ ਰੌਸ਼ਨੀਆਂ ਨਾਲ ਰੋਸ਼ਨ ਕੀਤਾ ਗਿਆ। ਮਹਾਰਾਜਾ ਇਸ ਹੀਰੇ ਨੂੰ ਦੋ ਹੋਰ ਕੀਮਤੀ ਹੀਰਿਆਂ ਨਾਲ ਜੋੜ ਕੇ ਖ਼ਾਸ ਮੌਕਿਆਂ ’ਤੇ ਆਪਣੀ ਬਾਂਹ ਨਾਲ ਬੰਨ੍ਹਦਾ ਸੀ। ਇਹ ਹੀਰਾ ਲਾਹੌਰ ਦੇ ਸ਼ਾਹੀ ਖਜ਼ਾਨੇ ਵਿਚ 1849 ਤੱਕ ਰਿਹਾ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਖੜਕ ਸਿੰਘ ਅਤੇ ਕੰਵਰ ਨੌਨਿਹਾਲ ਸਿੰਘ ਨੂੰ ਜਦੋਂ ਇਕ ਖਾਸ ਸਾਜ਼ਿਸ਼ ਤਹਿਤ ਗੂੜ੍ਹੀ ਨੀਂਦ ਸੁਆ ਦਿੱਤਾ ਗਿਆ ਤਾਂ ਚੰਦ ਕੌਰ ਦੇ ਦਾਅਵੇ ਇਕ ਪਾਸੇ ਰੱਖ ਕੇ, ਸ਼ੇਰ ਸਿੰਘ ਨੂੰ ਪੰਜਾਬ ਦਾ ਮਹਾਰਾਜਾ ਬਣਾਇਆ ਗਿਆ ਤੇ ਇਹ ਨਾਯਾਬ ਤੋਹਫ਼ਾ ਉਸ ਦੇ ਹੱਥ ਆਇਆ।

ਜਦੋਂ ਅੰਗਰੇਜ਼ਾਂ ਨੇ ਆਪਣੇ ਸਾਮਰਾਜ ਵਿਚ ਖਾਸ ਸਾਜ਼ਿਸ਼ਾਂ ਤਹਿਤ ਪੰਜਾਬ ਨੂੰ ਮਿਲਾਉਣ ਦਾ ਸਫਲ ਕੂਟ-ਨੀਤੀ ਕਾਰਜ ਕੀਤਾ ਤਾਂ ਨਾਬਾਲਗ ਮਹਾਰਾਜਾ ਦਲੀਪ ਸਿੰਘ ਨੂੰ 18 ਵਰ੍ਹੇ ਦਾ ਹੋਣ ’ਤੇ ਲਾਹੌਰ ਦਾ ਮਹਾਰਾਜਾ ਬਣਾਉਣ ਦਾ ਬਹਾਨਾ ਵੀ ਕੀਤਾ ਗਿਆ । ਉਸ ਸਮੇਂ ਲਾਹੌਰ ਦੇ ਸ਼ਾਹੀ ਖਜ਼ਾਨ ਦੇ ਰੂਬਰੂ ਮਹਾਰਾਜਾ ਦਲੀਪ ਸਿੰਘ ਨੂੰ ਧੋਖੇਬਾਜ਼ੀ ਨਾਲ ਅੰਗਰੇਜ਼ ਇੰਗਲੈਂਡ ਲੈ ਗਏ। ਲਾਹੌਰ ਦੇ ਸਿੱਖ ਦਰਬਾਰ ਵਿਚ ਕੋਹਿਨੂਰ ਹੀਰਾ, ਤਖ਼ਤ-ਕੁਰਸੀ ਅਤੇ ਸਿੱਖ ਰਾਜ ਨਾਲ ਸੰਬੰਧਿਤ ਅਨੇਕਾਂ ਕਲਾਕ੍ਰਿਤੀਆਂ ਵੀ ਇੰਗਲੈਂਡ ਪੁੱਜੀਆਂ। ਇੰਗਲੈਂਡ ਪੁੱਜਣ ਤੋਂ ਪਹਿਲਾਂ ਇਹ ਸਾਰਾ ਖਜ਼ਾਨਾ ਗਵਰਨਰ ਜਨਰਲ 1850 ਵਿਚ ਬੰਬਈ ਲੈ ਗਿਆ ਜਿੱਥੇ ਉਸ ਨੇ ਲੈਟ. ਕਰਨਲ ਸੀ.ਬੀ. ਮੈਕਸਨ ਅਤੇ ਕੈਪਟਨ ਰਾਮਸੇ ਦੇ ਹਵਾਲੇ ਕੀਤਾ ਜਿੱਥੋਂ ਉਹ ਯੂਰਪ ਲੈ ਗਏ। ਯੂਰਪ ਪੁੱਜ ਕੇ ਉਨ੍ਹਾਂ ਇਹ ਸਿੱਖ ਖਜ਼ਾਨਾ ਬੋਰਡ ਆਫ ਡਾਇਰੈਕਟਰਜ਼ ਦੇ ਹਵਾਲੇ ਕੀਤਾ ਅਤੇ ਆਖ਼ਰ ਉਨ੍ਹਾਂ 3 ਜੁਲਾਈ 1850 ਨੂੰ ਇਹ ਦੁਨੀਆ ਦਾ ਕੀਮਤੀ ਹੀਰਾ ‘ਮਹਾਰਾਣੀ’ ਨੂੰ ਭੇਟ ਕੀਤਾ। ਪਹਿਲੀ ਵੇਰ 1851 ਵਿਚ ਲੰਡਨ ਵਿਚ ਹੋਈ ਪਹਿਲੀ ਵੱਡੀ ਪ੍ਰਦਰਸ਼ਨੀ ਵਿਚ ਇਸ ਨੂੰ ਪ੍ਰਦਰਸ਼ਤ ਕੀਤਾ ਗਿਆ ਸੀ ।

ਇਸ ਸਮੇਂ ਕਿੱਥੇ ਹੈ: ਇਹ ਹੀਰਾ ਪਹਿਲਾਂ ਬਰਤਾਨੀਆ ਦੀ ਰਾਣੀ ਮੇਰੀ ਦੀ ਸ਼ਾਹੀ ਤਖਤਪੋਸ਼ੀ ਲਈ ਤਿਆਰ ਕੀਤਾ ਗਿਆ ਸੀ । ਦੁਬਾਰਾ 1937 ਵਿਚ ਜਾਰਜ ਛੇਵੇਂ ਦੀ ਤਾਜਪੋਸ਼ੀ ਸਮੇਂ ਇਸ ਹੀਰੇ ਨੂੰ 2800 ਹੋਰ ਹੀਰਿਆਂ ਨਾਲ ਮਲਕਾ ਐਲਿਜ਼ਾਬੈਥ (ਦੂਜੀ) ਦੀ ਮਾਂ, ਰਾਜਮਾਤਾ ਐਲਿਜ਼ਬੈਥ ਦੇ ਸ਼ਾਹੀ ਤਾਜ ਵਿਚ ਜੜਿਆ ਗਿਆ। ਅੱਜ ਕਲ੍ਹ ਇੰਗਲੈਂਡ ਦੇ ‘ਟਾਵਰ ਆਫ਼ ਲੰਡਨ’ ਵਿਚ ਸਖ਼ਤ ਹਿਫ਼ਾਜ਼ਤ ਅਧੀਨ ਪ੍ਰਦਰਸ਼ਤ ਹੈ । ਇਸ ਹੀਰੇ ਦੇ ਆਸ-ਪਾਸ ਸ਼ਾਹੀ ਘਰਾਣੇ ਦੇ ਹੋਰ ਸ਼ਾਹੀ ਤਾਜ ਵੀ ਰੱਖੇ ਗਏ ਹਨ। ਕੁਝ ਵਰ੍ਹੇ ਪਹਿਲਾਂ ਇਸ ਕੀਮਤੀ ਹੀਰੇ ਨੂੰ ‘ਕਰਿਸਟਲ ਮਹੱਲ’ ਵਿਚ ਪ੍ਰਦਰਸ਼ਤ ਕੀਤਾ ਗਿਆ ਸੀ। ਇਸ ਹੀਰੇ ਨੂੰ 2800 ਛੋਟੇ-ਛੋਟੇ ਹੀਰਿਆਂ ਦੇ ਕੇਂਦਰ ਵਿਚ ਜੜ ਕੇ ਰੱਖਿਆ ਗਿਆ ਹੈ ਤੇ ਇਸ ਦੀ ਖਾਸ ਅਤੇ ਪ੍ਰਭਾਵਸ਼ਾਲੀ ਅਕਾਰ ਦਿਲਫੇਰਬ ਨਜ਼ਾਰਾ ਪੇਸ਼ ਕਰਦੀ ਹੈ ।

ਬਰਤਾਨਵੀ ਸਰਕਾਰ ਕੋਲ ਸਮੇਂ-ਸਮੇਂ ਸਿੱਧੇ ਜਾਂ ਅਸਿੱਧੇ ਢੰਗ ਨਾਲ ਇਸ ਕੋਹਿਨੂਰ ਹੀਰੇ, ਸ਼ਾਹੀ ਸਿੱਖ ਖਜ਼ਾਨੇ ਅਤੇ ਹੋਰ ਕਲਾਕ੍ਰਿਤੀਆਂ ਦੀ ਵਾਪਸੀ ਦੀ ਮੰਗ ਹੁੰਦੀ ਰਹਿੰਦੀ ਹੈ। ਪਿਛਲੇ ਕੁਝ ਵਰ੍ਹਿਆਂ ਵਿਚ ਭਾਰਤ ਦੇ ਸੰਸਦ ਮੈਂਬਰਾਂ ਨੇ ਵੀ ਇਸ ਅਹਿਮ ਸਿੱਖ ਖਜ਼ਾਨੇ ਨੂੰ ਵਾਪਸ ਕਰਨ ਦੀ ਮੰਗ ਰੱਖੀ ਹੈ। ਪਰ ਬਰਤਾਨਵੀ ਸਰਕਾਰ ਇਸ ਖਜ਼ਾਨੇ ਨੂੰ ਵਾਪਸ ਕਰਨ ਦੀ ਮੰਗ ਬਾਰੇ ਚੁੱਪ ਹੈ।

## ਰਿਸ਼ਵਤਖੋਰੀ ਤੇ ਘੁਟਾਲਿਆਂ

ਜੀਵਨ ਢੰਗ ਆਦਿ ਕਰ ਕੇ ਵਧ ਰਹੇ ਲਾਲਚ ਸਦਕਾ ਇਨਸਾਨ ਆਪਣੀ ਦੋ ਨੰਬਰ ਦੀ ਕਮਾਈ ਵੱਲ ਪ੍ਰੇਰਿਤ ਹੋ ਰਿਹਾ ਹੈ। ਟੈਕਸ ਚੋਰੀ ਆਮ ਹੋ ਗਈ ਹੈ। ਸੰਜਮੀ ਅਤੇ ਸਬਰ ਵਾਲੇ ਯੁੱਗ ਦੇ ਦਿਨ ਲਦ ਗਏ ਹਨ। ਹੁਣ ਤਾਂ ਪਦਾਰਥ ਇਕੱਠੇ ਕਰਨ ਅਤੇ ਦਿਖਾਵੇ ਦਾ ਸਮਾਂ ਆ ਗਿਆ ਹੈ। ਵਧੇਰੇ ਪਦਾਰਥਕ ਲੋੜਾਂ ਆਮ ਕਰ ਕੇ ਆਪਣੀ ਕਿਰਤ-ਕਮਾਈ ਵਿਚੋਂ ਪੂਰੀਆਂ ਨਹੀਂ ਹੁੰਦੀਆਂ, ਇਸ ਲਈ ਰਿਸ਼ਵਤਖੋਰੀ ਹੋਰ ਪੰਜੇ ਖਿਲਾਰ ਰਹੀ ਹੈ। ਕੁਝ ਲੋਕ ਕਰਜ਼ੇ ਲੈ ਕੇ ਆਸ਼ਾਵਾਂ ਦੀ ਪੂਰਤੀ ਕਰਨ ਲਈ ਸਾਰੀ ਉਮਰ ਆਰਥਿਕ ਬੋਝ ਥੱਲੇ ਦਿਨ ਕਟੀ ਕਰਦੇ ਹਨ। ਮੱਨੁਖੀ ਜੀਵਨ ਵਿਚ ਤਕਨਾਲੋਜੀ ਦੀ ਆਮਦ ਨੇ ਜੀਵਨ ਵਿਚ ਤਲਿੱਸਮ ਪੈਦਾ ਕਰ ਦਿੱਤਾ ਹੈ ਤੇ ਇਨਸਾਨ ਨੂੰ ਅੰਨ੍ਹੀ ਦੌੜ ਵਿਚ ਪਾ ਦਿੱਤਾ ਹੈ। ਕੋਈ ਸਮਾਂ ਸੀ, ਲੋਕ ਵੱਧ ਮਿਹਨਤ ਕਰਨ 'ਤੇ ਮਾਣ ਮਹਿਸੂਸ ਕਰਦੇ ਸਨ ਪਰ ਹੁਣ ਵਧੇਰੇ ਮਨੋਰੰਜਨ, ਸੁੱਖ ਮਾਣਨ ਜਾਂ ਪਦਾਰਥਾਂ ਦੀ ਇਕੱਤਰਤਾ ਦਾ ਮਾਣ ਕੀਤਾ ਜਾਂਦਾ ਹੈ। ਹੁਣ ਤਾਂ ਕੁਦਰਤ ਦੀਆਂ ਦਾਤਾਂ ਮਾਣਨ ਦੀ ਥਾਂ ਇਸ ਨੂੰ ਲੁੱਟਣ ਅਤੇ ਕੰਟਰੋਲ ਕਰਨ 'ਤੇ ਹੀ ਵਧੇਰੇ ਜ਼ੋਰ ਹੈ। ਲੁੱਟ ਭਾਵੇਂ ਕੁਦਰਤੀ ਬਨਸਪਤੀ, ਪਾਣੀ, ਪਹਾੜ, ਹਵਾ ਜਾਂ ਧਰਤੀ ਦੀ ਹੋਵੇ, ਕੋਈ ਚੰਗੀ ਖਬਰ ਕੰਨੀ ਨਹੀਂ ਪੈਂਦੀ। ਸਮਾਜਿਕ ਕਦਰਾਂ-ਕੀਮਤਾਂ ਦੇ ਰੋਲ ਦਾ ਘਟਣਾ, ਕਾਰਪੋਰੇਟ ਜਗਤ ਦੇ ਉਪਜਾਏ ਜਾ ਰਹੇ ਜੀਵਨ ਢਬ, ਵੱਖ ਵੱਖ ਤਰ੍ਹਾਂ ਦੇ ਮੀਡੀਆ ਰਾਹੀਂ ਮਨੁੱਖੀ ਸੋਚ 'ਤੇ ਕਾਬੂ, ਕਾਨੂੰਨ ਦਾ ਡਰ ਨਾ ਹੋਣਾ ਆਦਿ ਕਰ ਕੇ ਅੱਜ ਰਿਸ਼ਵਤਖੋਰੀ ਵਧ ਰਹੀ ਹੈ।

ਵੱਢੀ ਜਾਂ ਰਿਸ਼ਵਤਖੋਰੀ ਦਾ ਸਮਾਜ ਉੱਤੇ ਵੱਖ ਵੱਖ ਰੂਪਾਂ ਵਿਚ ਚਿਰ-ਸਥਾਈ ਅਸਰ ਪੈਂਦਾ ਹੈ। ਇਸ ਵਿਚ ਸਭ ਤੋਂ ਅਹਿਮ ਹੈ- ਸਮਾਜਿਕ ਤੇ ਜਨਤਕ ਸੰਸਥਾਵਾਂ ਵਿਚੋਂ ਲੋਕਾਂ ਦਾ ਭਰੋਸਾ ਟੁੱਟਣਾ ਅਤੇ ਰਿਸ਼ਵਤਖੋਰੀ ਨੂੰ ਚੇਤਨ ਜਾਂ ਅਚੇਤਨ ਤੌਰ 'ਤੇ ਸਿਸਟਮ ਦਾ ਹਿੱਸਾ ਮੰਨ ਲੈਣਾ। ਬੇਭਰੋਸਗੀ ਕਾਰਨ ਸਮਾਜ ਵਿਚ ਆਪਾ-ਧਾਪੀ ਦਾ ਮਾਹੌਲ ਪਨਪਣ ਕਰ ਕੇ ਭ੍ਰਿਸ਼ਟਾਚਾਰ ਦੀ ਲਾਗ ਵਧਦੀ ਜਾਂਦੀ ਹੈ। ਸੰਸਾਰ ਵਿਚ ਅਜਿਹਾ ਕੋਈ ਮੁਲਕ ਨਹੀਂ ਜਿਸ ਨੇ ਅਜਿਹੇ ਮਾਹੌਲ ਵਿਚ ਤਰੱਕੀ ਕੀਤੀ ਹੋਵੇ ਬਲਕਿ ਇਸ ਤੋਂ ਉਲਟ ਅਜਿਹੇ ਦੇਸ਼ਾਂ ਵਿਚ ਗੁਲਾਮੀ, ਜਹਾਲਤ ਅਤੇ ਅਸੁਰੱਖਿਅਤਾ ਵਧੀ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਮੁਤਾਬਿਕ 'ਰਿਸ਼ਵਤਖੋਰੀ ਅਜਿਹਾ ਕੈਂਸਰ ਹੈ ਜੋ ਲੋਕਤੰਤਰ ਵਿਚ ਨਾਗਰਿਕਾਂ ਦੇ ਵਿਸ਼ਵਾਸ ਨੂੰ ਤਬਾਹ ਕਰ ਦਿੰਦਾ ਹੈ ਅਤੇ ਉਨ੍ਹਾਂ ਦੀ ਸਿਰਜਣਾਤਮਕ ਸ਼ਕਤੀ ਤੇ ਨਵੀਨਤਾ ਦੀ ਮੂਲ ਪ੍ਰਵਿਰਤੀ ਨੂੰ ਖਾ ਜਾਂਦਾ ਹੈ।'

ਸਾਡੇ ਸਮਾਜ ਵਿਚ ਹੁਣ ਆਮ ਲੋਕਾਂ ਵਲੋਂ ਬੱਚਿਆਂ ਨੂੰ ਛੇਤੀ ਛੇਤੀ ਬਾਹਰ ਭੇਜਣ ਪਿੱਛੇ ਸੰਸਥਾਵਾਂ ਵਿਚ ਬੇਭਰੋਸਗੀ ਦਾ ਵਾਤਾਵਰਨ ਬਹੁਤ ਹੱਦ ਤੱਕ ਜਿੰਮੇਵਾਰ ਹੈ। ਮੈਰਿਟ ਦਾ ਮੁੱਲ ਪੈਸੇ ਦੀ ਥਾਂ ਸਿਫਾਰਸ਼ ਕਲਚਰ, ਜੁਰਮਾਂ ਵਿਚ ਵਾਧਾ, ਗੈਂਗਸਟਰਵਾਦ, ਚੋਰੀਆਂ, ਠੱਗੀਆਂ, ਕਤਲਾਂ, ਬਲਾਤਕਾਰਾਂ ਆਦਿ ਦੀਆਂ ਖਬਰਾਂ ਸੁਣ ਕੇ ਅੱਜ ਲੋਕਾਂ ਦਾ ਦੇਸ਼ ਪ੍ਰੇਮ ਦੀ ਥਾਂ ਪਰਾ-ਦੇਸ਼ ਪ੍ਰੇਮ ਵਧ ਰਿਹਾ ਹੈ ਜਿਸ ਸਦਕਾ ਭ੍ਰਿਸ਼ਟਾਚਾਰੀ ਤਾਂ ਭਾਵੇਂ ਪ੍ਰਫੁਲਿਤ ਹੋਣ ਪਰ ਕਿਸੇ ਵੇਲੇ ਨਿਰਮਲ ਆਬਾਂ ਅਤੇ ਕੁਦਰਤੀ ਦਾਤਾਂ ਨਾਲ ਲਰਜ਼ਦੀ ਪੰਜਾਬ ਦੀ ਧਰਤ ਨੀਰਸਤਾ ਵੱਲ ਵਧ ਰਹੀ ਹੈ। ਨਸ਼ਾਖੋਰੀ, ਵਧ ਰਹੀਆਂ ਬਿਮਾਰੀਆਂ, ਭਾਈਚਾਰਕ ਸਾਂਝਾਂ ਦਾ ਟੁੱਟਣਾ ਹੋਰ ਗੰਭੀਰ ਸਿੱਟੇ ਹਨ। ਕਾਨੂੰਨ ਦੀ ਸਖਤੀ ਨਾਲ ਪਾਲਣਾ, ਭ੍ਰਿਸ਼ਟਾਚਾਰੀਆਂ ਨੂੰ ਮਿਸਾਲੀ ਸਜ਼ਾਵਾਂ, ਸਮਾਜ ਦੇ ਮੁਹਤਬਰਾਂ, ਖਾਸਕਰ ਸਿਆਸੀ ਲੀਡਰਾਂ ਦੇ ਕਿਰਦਾਰਾਂ ਦਾ ਉੱਚ ਰੋਲ ਮਾਡਲ ਬਣ ਕੇ ਅਤੇ ਸਿਸਟਮ ਵਿਚ ਭਰੋਸਗੀ ਪੈਦਾ ਕਰਨ ਨਾਲ ਹੀ ਸਮਾਜ ਤੇ ਦੇਸ਼ ਦੇ ਚੰਗੇਰੇ ਭਵਿੱਖ ਦੀ ਆਸ ਕੀਤੀ ਜਾ ਸਕਦੀ ਹੈ।

***

## ਸਾਧਵੀ ਪ੍ਰਗਿਆ ਠਾਕੁਰ

ਕੀ ਸਵੈ-ਰੱਖਿਆ ਬਾਰੇ ਗੱਲ ਕਰਨਾ ਗ਼ਲਤ ਹੈ ? ਜੇ ਕੋਈ ਤੁਹਾਡੇ ਘਰ ਵਿੱਚ ਵੜਦਾ ਹੈ, ਤਾਂ ਕੀ ਤੁਹਾਨੂੰ ਉਸ ਨੂੰ ਛੱਡ ਦੇਣਾ ਚਾਹੀਦਾ ਹੈ ? ਜੇਕਰ ਕੋਈ ਤੁਹਾਡੀ ਧੀ ਜਾਂ ਲੜਕੀ 'ਤੇ ਬੁਰੀ ਨਜ਼ਰ ਰੱਖਦਾ ਹੈ ਤਾਂ ਤੁਹਾਨੂੰ ਕੁਝ ਨਹੀਂ ਕਰਨਾ ਚਾਹੀਦਾ ? ਮਾਮਲਾ ਅੱਗੇ ਵਧਣ 'ਤੇ ਪੁਲਿਸ ਸਾਧਵੀ ਪ੍ਰਗਿਆ ਦੇ ਹੱਕ ਵਿਚ ਸਾਰੀਆਂ ਦਲੀਲਾਂ ਦੇਵੇਗੀ ਜਾਂ ਅਦਾਲਤ ਖੁਦ ਇਹ ਦਲੀਲਾਂ ਦੇਵੇਗੀ। ਭਾਰਤ ਦੀ ਪੁਲਿਸ ਜਾਂ ਅਦਾਲਤਾਂ ਹੁਣ ਤੱਕ ਜਿਸ ਤਰ੍ਹਾਂ ਕੰਮ ਕਰ ਰਹੀਆਂ ਹਨ, ਉਸ ਤੋਂ ਘੱਟੋ-ਘੱਟ ਇਸ ਦਾ ਅੰਦਾਜ਼ਾ ਤਾਂ ਲਗਾਇਆ ਜਾ ਸਕਦਾ ਹੈ।ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਹਿੰਦੂਆਂ ਨੂੰ ਅਜਿਹੇ ਬਿਆਨਾਂ 'ਤੇ ਕੋਈ ਇਤਰਾਜ਼ ਹੋਵੇ, ਉਨ੍ਹਾਂ ਨੂੰ ਬੁਰਾ ਲੱਗਦਾ ਹੈ। ਅਜਿਹੇ ਸਾਧਾਂ, ਬਾਬਿਆਂ ਅਤੇ ਸਾਧਵੀਆਂ ਦੇ ਸਤਿਸੰਗ ਵਿੱਚ ਲੱਖਾਂ ਲੋਕ ਇਕੱਠੇ ਹੁੰਦੇ ਹਨ। ਇਨ੍ਹਾਂ ਵਿਚ ਅਧਿਆਤਮਿਕ ਸ਼ਾਂਤੀ ਦੀ ਗੱਲ ਨਹੀਂ ਹੈ ਜਿੰਨੀ ਹਿੰਦੂਆਂ ਦੀ ਸੁਰੱਖਿਆ ਲਈ ਉਪਾਅ ਦੱਸੇ ਜਾਂਦੇ ਹਨ। ਕੁਝ ਬਾਬੇ ਬੁਲਡੋਜ਼ਰ ਖਰੀਦਣ ਦੀ ਇੱਛਾ ਜ਼ਾਹਰ ਕਰਦੇ ਹਨ, ਕੁਝ ਮੁਸਲਿਮ ਔਰਤਾਂ ਨਾਲ ਬਲਾਤਕਾਰ ਕਰਨ ਲਈ ਕਹਿੰਦੇ ਹਨ। ਇਹ ਸਭ ਭਾਰਤ ਵਿੱਚ ਇੰਨਾ ਆਮ ਹੋ ਗਿਆ ਹੈ ਕਿ ਸਾਧਵੀ ਪ੍ਰਗਿਆ ਦੇ ਬਿਆਨ ਨੂੰ ਨਿਖੇਧਾਤਮਕ ਮੰਨਣਾ ਹੈਰਾਨੀਜਨਕ ਹੈ। ਪਰ ਇਹ ਦੇਖ ਕੇ ਹੋਰ ਵੀ ਹੈਰਾਨੀ ਹੁੰਦੀ ਹੈ ਕਿ ਕੁਝ ਸੂਝਵਾਨ ਬੁੱਧੀਜੀਵੀ ਕਹਿ ਰਹੇ ਹਨ ਕਿ ਵਿਚਾਰੇ ਪ੍ਰਧਾਨ ਮੰਤਰੀ ਨੇ ਪਹਿਲਾਂ ਵੀ ਇਨ੍ਹਾਂ ਬਿਆਨਾਂ 'ਤੇ ਦੁੱਖ ਜ਼ਾਹਰ ਕੀਤਾ ਸੀ ਪਰ ਉਨ੍ਹਾਂ ਦਾ ਮਾਣ ਨਹੀਂ ਰਖਿਆ। ਪ੍ਰਧਾਨ ਮੰਤਰੀ ਦੀ ਅਪੀਲ ਦੇ ਬਾਵਜੂਦ ਉਹ ਲਗਾਤਾਰ ਅਜਿਹੇ ਬਿਆਨ ਦੇ ਰਹੇ ਹਨ। ਕਈਆਂ ਨੇ ਅਫਸੋਸ ਜ਼ਾਹਰ ਕੀਤਾ ਹੈ ਕਿ ਸਾਧਵੀ ਪ੍ਰਗਿਆ ਆਪਣੀਆਂ ਹਰਕਤਾਂ ਨਾਲ ਪ੍ਰਧਾਨ ਮੰਤਰੀ ਅਤੇ ਭਾਜਪਾ ਨੂੰ ਸ਼ਰਮਿੰਦਾ ਕਰਦੀ ਰਹਿੰਦੀ ਹੈ, ਕੀ ਅਜਿਹੇ ਬੁੱਧੀਜੀਵੀਆਂ ਨੂੰ ਭੋਲਾ ਜਾਂ ਚਲਾਕ ਕਿਹਾ ਜਾਣਾ ਚਾਹੀਦਾ ਹੈ ? ਜਾਂ ਇਹ ਕਿ ਉਹ ਅਜੇ ਵੀ ਵਿਕਰਮਾਦਿਤਿਆ ਦੇ ਗੱਦੀ ਦੀ ਮਰਿਆਦਾ ਬਾਰੇ ਅਜੇ ਵੀ ਆਸ ਰੱਖਦੇ ਹਨ ? ਕੀ ਇਸ ਨੂੰ ਹੋਰ ਸਮਝਣ ਦੀ ਲੋੜ ਹੈ ਕਿ ਭਾਜਪਾ ਦੀ ਰਾਜਨੀਤੀ ਅਤੇ ਨਫ਼ਰਤ ਦੀ ਰਾਜਨੀਤੀ ਸਮਾਨਾਰਥਕ ਹਨ। ਇਨ੍ਹਾਂ ਦਾ ਮੰਤਵ ਮੁਸਲਿਮ ਵਿਰੋਧੀ ਅਤੇ ਈਸਾਈ-ਵਿਰੋਧੀ ਨਫ਼ਰਤ ਪੈਦਾ ਕਰਨਾ ਹੈ। ਇਨ੍ਹਾਂ ਦੋਹਾਂ ਫਿਰਕਿਆਂ ਬਾਰੇ ਹਿੰਦੂਆਂ ਵਿਚ ਦਹਿਸ਼ਤ ਪੈਦਾ ਕਰਦੇ ਰਹਿਣਾ ਹੈ। ਇਸ ਕੰਮ ਵਿਚ ਸਾਰੇ ਹਿੰਦੂਤਵੀ ਨੇਤਾਵਾਂ ਦੀ ਆਪਣੀ-ਆਪਣੀ ਭੂਮਿਕਾ ਹੈ ਅਤੇ ਉਹ ਇਸ ਕੰਮ ਨੂੰ ਆਪਣੇ ਆਪਣੇ ਅੰਦਾਜ਼ ਵਿਚ ਕਰਦੇ ਰਹਿੰਦੇ ਹਨ। ਮੁਸਲਿਮ ਵਿਰੋਧੀ ਜਾਂ ਈਸਾਈ-ਵਿਰੋਧੀ ਨਫ਼ਰਤ ਪੈਦਾ ਕਰਨ ਵਿਚ ਪ੍ਰਧਾਨ ਮੰਤਰੀ ਦੀ ਭੂਮਿਕਾ ਦੀਆਂ ਕਿੰਨੀਆਂ ਹੀ ਉਦਾਹਰਣਾਂ ਹਨ ।ਗੁਜਰਾਤ ਤੋਂ ਦਿੱਲੀ ਤੱਕ ਦਾ ਉਨ੍ਹਾਂ ਦਾ ਸਿਆਸੀ ਸਫ਼ਰ ਨਫਰਤ ਦੇ ਬਣਾਏ ਪੱਥਰਾਂ ਦੇ ਰਾਹ 'ਤੇ ਤੁਰੀ ਹੈ। ਚਾਹੇ ਗੁਜਰਾਤ ਵਿੱਚ 'ਹਮ ਪੰਚ, ਹਮਾਰੇ ਪੱਚੀਸ' ਦੀ ਟਿਪਣੀ ਹੋਵੇ ਜਾਂ ਫਿਰ 2002 ਦੀ ਹਿੰਸਾ ਦਾ ਸ਼ਿਕਾਰ ਹੋਏ ਉਜਾੜੇ ਮੁਸਲਮਾਨਾਂ ਦੇ ਰਾਹਤ ਕੈਂਪਾਂ ਨੂੰ ਦਹਿਸ਼ਤਗਰਦ ਪੈਦਾ ਕਰਨ ਵਾਲੀਆਂ ਫੈਕਟਰੀਆਂ ਆਖ ਕੇ ਉਨ੍ਹਾਂ ਨੂੰ ਤੁੜਵਾ ਦੇਣ ਦੀ ਗੱਲ ਹੋਵੇ, ਪਿੰਕ ਰੈਵੂਲੂਸ਼ਨ ਅਤੇ ਵਾਈਟ ਰੈਵੂਲੂਸ਼ਨ ਵਿਚਾਲੇ ਦਾ ਅੰਤਰ ਜੋ ਪ੍ਰਧਾਨ ਮੰਤਰੀ ਨੇ 2013 ਵਿੱਚ ਕੀਤਾ ਸੀ ਜਾਂ ਕਬਰਿਸਤਾਨ ਅਤੇ ਸ਼ਮਸ਼ਾਨਘਾਟ ਦਾ ਰੂਪਕ ਪੇਸ਼ ਕੀਤਾ ਜਾਂ ਹਰ ਘੁਸਪੈਠੀਏ ਨੂੰ ਬੰਗਾਲ ਦੀ ਖਾੜੀ ਵਿੱਚ ਸੁੱਟਣ ਦਾ ਵਾਅਦਾ ਕੀਤਾ ਜਾਂ ਨਾਗਰਿਕਤਾ ਕਾਨੂੰਨ ਦਾ ਵਿਰੋਧ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਕੱਪੜਿਆਂ ਤੋਂ ਪਛਾਣਨ ਲਈ ਕਿਹਾ, ਕੀ ਇਹ ਨਫ਼ਰਤ ਅਤੇ ਹਿੰਸਾ ਦਾ ਪ੍ਰਚਾਰ ਸੀ ਜਾਂ ਨਹੀਂ ? ਔਰੰਗਜ਼ੇਬ ਨੂੰ ਲਗਾਤਾਰ ਯਾਦ ਕਰਾਉਣਾ, ਮੁਗ਼ਲ ਵਹਿਸ਼ਤ ਯਾਦ ਕਰਾਉਣਾ ਕੀ ਸ਼ਾਤਰ ਢੰਗ ਨਾਲ ਨਫ਼ਰਤ ਭਰਪੂਰ ਪ੍ਰਚਾਰ ਨਹੀਂ ਹੈ ? ਭਾਜਪਾ ਅਤੇ ਆਰਐਸਐਸ ਦੀ ਕਲਪਨਾ ਮੁਸਲਿਮ ਵਿਰੋਧੀ ਨਫ਼ਰਤ ਅਤੇ ਹਿੰਸਾ ਤੋਂ ਬਿਨਾਂ ਕਰਨਾ ਅਸੰਭਵ ਹੈ। ਸਾਧਵੀ ਪ੍ਰਗਿਆ ਕੋਈ ਹੈਰਾਨੀਜਨਕ ਵਰਤਾਰਾ ਨਹੀਂ ਹੈ। ਸਾਧਵੀ ਦੇ ਖੁੱਲ੍ਹੇ-ਫ਼ਿਰਕੂ ਬਿਆਨਾਂ ਦੀ ਵਰਤੋਂ ਦਾ ਆਧਾਰ ਪ੍ਰਧਾਨ ਮੰਤਰੀ ਦੇ ਅਲੰਕਾਰਿਕ ਨਫ਼ਰਤੀ ਵਰਤਾਰੇ ਹਨ।

ਸਰਕਾਰ ਦੇ ਮੰਤਰੀ, ਭਾਜਪਾ ਆਗੂ, ਮੁੱਖ ਮੰਤਰੀ ਇਨ੍ਹਾਂ ਦੋਹਾਂ ਵਿਚਕਾਰ ਆਉਂਦੇ ਹਨ। ਉਹ ਕਿੱਥੇ ਨਹੀਂ ਹਨ, ਕੌਣ ਜ਼ਿਆਦਾ ਖਤਰਨਾਕ, ਅਸਾਮ ਦੀ ਮੁੱਖ ਮੰਤਰੀ ਜਾਂ ਸਾਧਵੀ ਪ੍ਰਗਿਆ ? ਇਸ ਲਈ, ਸਾਧਵੀ ਪ੍ਰਗਿਆ ਠਾਕੁਰ ਦੇ ਤਾਜ਼ਾ ਹਿੰਸਕ ਬਿਆਨ 'ਤੇ ਕੋਈ ਵੀ ਗੁੱਸਾ ਤਾਂ ਹੀ ਇਮਾਨਦਾਰੀ ਨਾਲ ਹੋਵੇਗਾ ਜੇਕਰ ਇਹ ਸਮਝ ਨਾਲ ਪ੍ਰਗਟ ਕੀਤਾ ਜਾਵੇ ਕਿ ਇਹ ਨਫ਼ਰਤ ਅਤੇ ਹਿੰਸਾ ਭਾਜਪਾ ਦੀ ਹੋਂਦ ਦਾ ਅਨਿੱਖੜਵਾਂ ਅੰਗ ਹੈ, ਇਹ ਪ੍ਰਗਿਆ ਠਾਕੁਰ ਵਰਗੇ ਵਿਅਕਤੀ ਦੀ ਵਿਸ਼ੇਸ਼ਤਾ ਨਹੀਂ ਹੈ। ਫ਼ਿਰਕੂ ਨਫ਼ਰਤ ਪੈਦਾ ਕੀਤੇ ਬਿਨਾਂ ਭਾਜਪਾ ਦਾ ਕੰਮ ਨਹੀਂ ਚੱਲ ਸਕਦਾ। ਜੇਕਰ ਭਾਜਪਾ ਸਵੀਕਾਰ ਕਰਦੀ ਹੈ ਤਾਂ ਸਾਧਵੀ ਪ੍ਰਗਿਆ ਨੂੰ ਵੀ ਸਨਮਾਨ ਨਾਲ ਸਵੀਕਾਰ ਕਰਨਾ ਹੋਵੇਗਾ।

***

## 'ਆਪ' ਸਰਕਾਰ ਨਸ਼ਿਆਂ ...

ਮਿਆਂਮਾਰ, ਲਾਓਸ, ਵੀਅਤਨਾਮ ਅਤੇ ਥਾਈਲੈਂਡ ਵਿਚ ਤਿਆਰ ਕੀਤੇ ਜਾਂਦੇ ਹਨ।

ਨਸ਼ਿਆਂ ਕਾਰਣ ਕਰਾਈਮ ਤੇ ਲੁੱਟ ਦੀਆਂ ਵਾਰਦਾਤਾਂ ਨਸ਼ਾ ਪੂਰਤੀ ਲਈ ਵਧੀਆਂ ਹਨ। ਹੈਰਾਨੀ ਇਹ ਹੈ ਕਿ ਪੁਲਸ ਇਸ ਨੂੰ ਗੰਭੀਰਤਾ ਨਾਲ ਨਾ ਲੈ ਕੇ ਗ੍ਰਿਫਤਾਰ ਲੁਟੇਰੇ ਨੂੰ ਜੁਡੀਸ਼ੀਅਲ ਰਿਮਾਂਡ 'ਤੇ ਭੇਜ ਦਿੰਦੀ ਹੈ, ਜਦੋਂਕਿ ਲੁਟੇਰਿਆਂ ਦੇ ਨਾਲ ਲੁੱਟ ਦੇ ਮਾਲ ਦਾ ਸੌਦਾ ਕਰਨ ਵਾਲੇ ਅੱਜ ਵੀ ਬਾਹਰ ਘੁੰਮਦੇ ਹਨ। ਪੰਜਾਬ ਵਿਚ ਨਸ਼ਿਆਂ ਦਾ ਫੈਲਾਅ ਗੰਭੀਰ ਸਮੱਸਿਆ ਹੈ। ਕਈ ਤਸਕਰਾਂ ਦੇ ਫੜੇ ਜਾਣ ਦੇ ਬਾਵਜੂਦ ਨਸ਼ਾ, ਖ਼ਾਸਕਰ ਹੈਰੋਇਨ ਜਾਂ ਚਿੱਟੇ ਦੀ ਸਪਲਾਈ ਜਾਰੀ ਹੈ। ਨਸ਼ੇ ਜ਼ਿਆਦਾ ਮਾਤਰਾ 'ਚ (ਓਵਰਡੋਜ਼) ਲੈਣ ਨਾਲ ਮੌਤਾਂ ਦੀਆਂ ਖ਼ਬਰਾਂ ਆਮ ਹਨ।

ਕੇਂਦਰ ਸਰਕਾਰ ਨਸ਼ਿਆਂ ਪ੍ਰਤੀ ਸਖਤ ਹੋਣ ਦਾਅਵਾ ਨਸ਼ਿਆਂ ਦੀ ਅਲਾਮਤ ਖ਼ਿਲਾਫ਼ ਕੇਂਦਰ ਦੀ ਸਖ਼ਤ ਨੀਤੀ ਦੇ ਹਵਾਲੇ ਨਾਲ ਕੇਂਦਰੀ ਗ੍ਰਹਿ ਮੰਤਰੀ ਨੇ ਬੀਤੇ ਦਿਨੀਂ ਐਲਾਨ ਕੀਤਾ ਸੀ ਕਿ ਨਸ਼ਿਆਂ ਦੀ ਤਸਕਰੀ ਨਾਲ ਜੁੜੇ ਵੱਡੇ ਅਪਰਾਧੀਆਂ ਨੂੰ ਅਗਲੇ ਦੋ ਸਾਲਾਂ ਦੌਰਾਨ ਸਲਾਖ਼ਾਂ ਪਿੱਛੇ ਬੰਦ ਕਰ ਦਿੱਤਾ ਜਾਵੇਗਾ। ਗ੍ਰਹਿ ਮੰਤਰੀ ਨੇ ਇਹ ਵੀ ਦੱਸਿਆ ਕਿ ਨਸ਼ਿਆਂ ਦੇ ਵਪਾਰ ਤੋਂ ਹੁੰਦੀ 'ਕਾਲੀ ਕਮਾਈ' ਦੀ ਵਰਤੋਂ ਅਤਿਵਾਦ ਲਈ ਫੰਡਿੰਗ ਵਾਸਤੇ ਕੀਤੀ ਜਾਂਦੀ ਹੈ। ਇਸ ਗੱਲ 'ਤੇ ਚਿੰਤਾ ਜ਼ਾਹਿਰ ਕੀਤੀ ਗਈ ਕਿ ਇਹ 'ਕਾਲੀ ਕਮਾਈ' ਦੇਸ਼ ਦੀ ਆਰਥਿਕਤਾ ਨੂੰ ਵੀ ਢਾਹ ਲਗਾ ਰਹੀ ਹੈ। ਗ੍ਰਹਿ ਮੰਤਰੀ ਅਨੁਸਾਰ ਦੇਸ਼ ਦੇ 472 ਜ਼ਿਲ੍ਹਿਆਂ ਵਿਚ ਨਸ਼ੇ ਦਾਖ਼ਲ ਹੋਣ ਦੇ ਰਸਤਿਆਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਦੇਸ਼ ਵਿਚ ਨਸ਼ੇ ਸਰਹੱਦਾਂ ਤੋਂ ਡਰੋਨਾਂ, ਸੁਰੰਗਾਂ, ਬੰਦਰਗਾਹਾਂ ਤੇ ਹਵਾਈ ਅੱਡਿਆਂ ਰਾਹੀਂ ਦਾਖ਼ਲ ਹੁੰਦੇ ਹਨ। ਅਮਿਤ ਸ਼ਾਹ ਨੇ ਨਸ਼ਿਆਂ ਖ਼ਿਲਾਫ਼ ਰਾਜਾਂ, ਕੇਂਦਰ ਸ਼ਾਸਿਤ ਪ੍ਰਦੇਸ਼ਾਂ ਅਤੇ ਕੇਂਦਰ ਨੂੰ ਸਾਂਝੀ ਲੜਾਈ ਲੜਨ ਦਾ ਹੋਕਾ ਦਿੰਦਿਆ ਕਿਹਾ ਸੀ ਕਿ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਕਾਰਵਾਈ, ਤਾਲਮੇਲ ਅਤੇ ਭਾਈਵਾਲੀ ਦੀ ਤ੍ਰੈਧਿਰੀ ਪਹੁੰਚ ਅਪਨਾਉਣ ਦੀ ਲੋੜ ਹੈ। ਅਮਿਤ ਸ਼ਾਹ ਨੇ ਸਰਕਾਰ ਦੇ ਨਸ਼ਿਆਂ ਦੇ ਖ਼ਿਲਾਫ਼ ਰੁਖ ਨੂੰ ਅੰਕੜਿਆਂ ਨਾਲ ਪੇਸ਼ ਕਰਦਿਆਂ ਕਿਹਾ ਕਿ 2006 ਤੋਂ 2013 ਦਰਮਿਆਨ 22 ਲੱਖ 41 ਹਜ਼ਾਰ ਕਿੱਲੋ ਨਸ਼ੇ ਫੜੇ ਗਏ ਜਦਕਿ 2014 ਤੋਂ 2022 ਤੱਕ 62 ਲੱਖ 60 ਹਜ਼ਾਰ ਕਿਲੋ ਨਸ਼ੇ ਫੜੇ ਗਏ । ਗ੍ਰਹਿ ਮੰਤਰੀ ਨੇ ਸਰਹੱਦੀ ਸੂਬਿਆਂ ਵਿਚ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਬੀ. ਐਸ. ਐਫ. ਦੀ ਭੂਮਿਕਾ ਅਹਿਮ ਕਰਾਰ ਦਿੱਤੀ ।

***

## ਨਿਊ ਵਰਲਡ ਆਰਡਰ,

ਥਿੰਕਿੰਗ ਮਸ਼ੀਨੀਕਰਨ ਵਿਚ ਗ੍ਰਸਿਆ ਬੰਦਾ ਇੱਛਾ ਅਨੁਸਾਰ ਵੀ ਇਸ ਨੂੰ ਛੱਡ ਨਹੀਂ ਸਕਦਾ। ਮੋਬਾਇਲ, ਇੰਟਰਨੈੱਟ, ਮੀਡੀਆ, ਟੂਲਕਿੱਟਾਂ ਸਾਡੀ ਆਮ ਜ਼ਿੰਦਗੀ ਦੇ ਅੰਗ ਬਣ ਚੁੱਕੇ ਹਨ। ਪਰਮਾਣੂ ਹਥਿਆਰਾਂ ਨਾਲ ਲੈਸ ਸੰਸਾਰ ਦੀਆਂ ਵੱਡੀਆਂ ਤਾਕਤਾਂ ਦੇ ਮੁਖੀ, ਹਰ ਵੇਲੇ ਆਪਣੇ ਨਾਲ ਪਰਮਾਣੂ ਬੰਬਾਂ ਦੇ ਬਟਨਾਂ ਦਾ ਸੂਟਕੇਸ ਚੁੱਕੀ ਫਿਰਦੇ ਹਨ। ਪਲਾਂ ਵਿੱਚ ਹੀ ਮਨੁੱਖ ਦੀ ਈਜਾਦ ਕੀਤੀ ਬਣਾਉਟੀ ਬੁੱਧੀ ਦਾ ਹੰਕਾਰ ਤੇ ਹੁਕਮ ,ਪੂਰੇ ਸੰਸਾਰ ਨੂੰ ਅੱਗ ਦੇ ਗੋਲ਼ੇ ਵਿੱਚ ਤਬਦੀਲ ਕਰ ਦੇਣਗੇ। ਅਜਿਹੀ ਤਬਾਹੀ ਦੀ ਪਰਲੋ ਅੱਗੇ ਮਨੁੱਖ ਦੀ ਸਿਆਣਪ ਬੇਵੱਸ ਹੋਵੇਗੀ। ਮਨੁੱਖ ਦੀਆ ਨਸਲਾਂ ਦੇ ਪੱਲੇ ਤਾਂ ਪਛਤਾਵਾ ਵੀ ਨਹੀਂ ਰਹਿ ਜਾਵੇਗਾ।

ਇਹ ਤ੍ਰਾਸਦੀ ਦੁਨੀਆਂ ਭਰ ਦੇ ਉਨ੍ਹਾਂ ਮਨੁੱਖਾਂ ਦੀ ਹੈ, ਜੋ ਦਿਨੋਂ-ਦਿਨ ਮਾਇਆ ਜਾਲ ਵਿਚ ਧੱਸਦੇ ਜਾ ਰਹੇ ਹਨ ਤੇ ਨਵੀਂ ਉਤਪੰਨ ਹੋ ਰਹੀ ਮਾਨਸਿਕ ਖੜੋਤ ਦਾ ਸ਼ਿਕਾਰ ਹੋ ਰਹੇ ਹਨ। ਪਰ ਨਿਊ ਵਰਲਡ ਆਰਡਰ ਦੀ ਨਵੀਂ ਸਭਿਅਤਾ ਕੋਲ ਬਦਲ ਰਹੇ ਸੁਹਜ ਸਵਾਦਾਂ ਦੀ ਨਿਸ਼ਾਨਦੇਹੀ ਕਰਨ ਅਤੇ ਬੰਦੇ ਅੰਦਰਲੀ ਮਨੱਖਤਾ, ਨੈਤਿਕਤਾ ਨੂੰ ਕਾਇਮ ਰੱਖਣ ਦਾ ਕੋਈ ਨਿਯਮ ਨਹੀਂ ਹੈ। ਪਰ ਗੁਰਮਤਿ ਵਿਚਾਰਧਾਰਾ ਅੱਜ ਵੀ ਪ੍ਰਸੰਗਿਕ ਹੈ ਤੇ ਨਿਊ ਵਰਲਡ ਆਰਡਰ ਦੀ ਸਭਿਅਤਾ ਦਾ ਬਦਲ ਹੈ।ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਵਚਨ ਅਨੁਸਾਰ, ਮਾਇਆ ਭਰਮ ਦੀ ਉਹ ਦੀਵਾਰ ਹੈ ਜਿਹੜੀ ਮਨੁੱਖ ਦੀ ਮੱਤ ਮਾਰ ਕੇ ਉਸ ਨੂੰ ਰੱਬ ਦੇ ਰਾਹ ਤੋਂ ਭਟਕਾ ਕੇ ਪੁੱਠੇ ਪਾਸੇ ਵੱਲ ਪ੍ਰੇਰ ਕੇ ਲੈ ਜਾਂਦੀ ਹੈ। ਗੁਰਬਾਣੀ ਵਿਚ ਮਾਇਆ ਦੇ ਪਾਸਾਰ ਨੂੰ ਸਰਪਨੀ, ਛਲ ਨਾਗਨੀ, ਨਕਟੀ, ਸਕਤੀ, ਮੋਹਣੀ, ਚੇਰੀ, ਅਮਲੁ ਗਲੋਲਾ ਕੂੜ ਕਾ, ਡਾਇਨ, ਚੁੜੇਲ, ਬਿਖਿਆ, ਕਾਚਾ ਧਨੁ, ਮੋਹ ਠਗਉਲੀ, ਬਿਖੈ ਠਗਉਰੀ, ਠਗਵਾਰੀ, ਡਾਕੀ (ਡਾਇਨ), ਕਮਲਾ ਭ੍ਰਮ ਭੀਤਿ, ਕੂਕਰੀ (ਕੁੱਤੀ), ਮਾਖੀ ਅਤੇ ਬਿਸਟਾ (ਗੰਦਗੀ) ਆਦਿਕ ਕਿਹਾ ਹੈ। ਇਸ ਤੋਂ ਬਚਣ ਦਾ ਰਾਹ ਸੰਗਤ ਤੇ ਨਾਮ ਰਤੀ ਕੁਦਰਤੀ ਜਿੰਦਗੀ ਨੂੰ ਦਸਿਆ ਹੈ। ਗੁਰੂ ਸਾਹਿਬ ਦਾ ਫਲਸਫਾ ਹੀ ਕੁਦਰਤੀ ਸਚ ਤੋਂ ਟੁਟੇ ਮਨੁੱਖ ਦੀ ਅਗਵਾਈ ਕਰ ਸਕਦਾ ਹੈ। ਆਰਟੀਫੀਸ਼ਲ ਮਨੁੱਖ ਦਾ ਬਦਲ ਗੁਰਬਾਣੀ ਦਾ ਮਨੁੱਖ ਹੋਵੇਗਾ ਜਿਸ ਨੂੰ ਗੁਰੂ ਨੇ ਗੁਰਮੁਖ ਕਿਹਾ ਹੈ। ਗਉੜੀ ? ਮਹਲਾ ੫ ॥ ਛੋਡਿ ਛੋਡਿ ਰੇ ਬਿਖਿਆ ਕੇ ਰਸੂਆ ॥ ਉਰਝਿ ਰਹਿਓ ਰੇ ਬਾਵਰ ਗਾਵਰ ਜਿਉ ਕਿਰਖੈ ਹਰਿਆਇਓ ਪਸੂਆ ॥੧॥ ਰਹਾਉ ॥ ਜੋ ਜਾਨਹਿ ਤੂੰ ਅਪੁਨੇ ਕਾਜੈ ਸੋ ਸੰਗਿ ਨ ਚਾਲੈ ਤੇਰੈ ਤਸੂਆ॥ ਨਾਗੋ ਆਇਓ ਨਾਗ ਸਿਧਾਸੀ ਫੇਰਿ ਫਿਰਿਓ ਅਰੁ ਕਾਲਿ ਗਰਸੂਆ ॥੧॥ ਪੇਖਿ ਪੇਖਿ ਰੇ ਕਸੁੰਭ ਕੀ ਲੀਲਾ ਰਾਚਿ ਮਾਚਿ ਤਿਨਹੂੰ ਲਉ ਹਸੂਆ ॥ ਛੀਜਤ ਡੋਰਿ ਦਿਨਸੁ ਅਰੁ ਰੈਨੀ ਜੀਅ ਕੋ ਕਾਜੁ ਨ ਕੀਨੋ ਕਛੂਆ॥੨॥ ਕਰਤ ਕਰਤ ਇਵ ਹੀ ਬਿਰਧਾਨੋ ਹਾਰਿਓ ਉਕਤੇ ਤਨੁ ਖੀਨਸੂਆ॥ ਜਿਉ ਮੋਹਿਓ ਉਨਿ ਮੋਹਨੀ ਬਾਲਾ ਉਸ ਤੇ ਘਟੈ ਨਾਹੀ ਰੁਚ ਚਸੂਆ ॥੩॥ ਜਗੁ ਐਸਾ ਮੋਹਿ ਗੁਰਹਿ ਦਿਖਾਇਓ ਤਉ ਸਰਣਿ ਪਰਿਓ ਤਜਿ ਗਰਬਸੂਆ॥ ਮਾਰਗੁ ਪ੍ਰਭ ਕੋ ਸੰਤਿ ਬਤਾਇਓ ਦ੍ਰਿੜੀ ਨਾਨਕ ਦਾਸ ਭਗਤਿ ਹਰਿ ਜਸੂਆ ॥੪॥੬॥੧੨੭॥ ਪੰਨਾ 206

ਹੇ ਭਾਈ, ਮਾਇਆ ਦੇ ਚਸਕੇ ਛੱਡ ਦੇ ਛੱਡ ਦੇ। ਹੇ ਕਮਲੇ ਗੰਵਾਰ। ਤੂੰ ਇਨ੍ਹਾਂ ਸੁਹਜ ਸਵਾਦਾਂ, ਗੈਰ- ਕੁਦਰਤੀ ਜ਼ਿੰਦਗੀ ਵਿਚ ਇਉਂ ਮਸਤ ਪਿਆ ਹੈਂ, ਜਿਵੇਂ ਕੋਈ ਪਸ਼ੂ ਹਰੇ ਖੇਤ ਵਿਚ ਮਸਤ ਹੁੰਦਾ ਹੈ। ਹੇ ਮੂਰਖ ਪ੍ਰਾਣੀ, ਜਿਸ ਚੀਜ਼ ਨੂੰ ਤੂੰ ਆਪਣੇ ਕੰਮ ਆਉਣ ਵਾਲੀ ਸਮਝਦਾ ਹੈਂ, ਉਹ ਰਤਾ ਭਰ ਭੀ ਅੰਤ ਵੇਲੇ ਤੇਰੇ ਨਾਲ ਨਹੀਂ ਜਾਂਦੀ। ਤੂੰ ਜਗਤ ਵਿਚ ਨੰਗਾ ਆਇਆ ਸੀ ਇਥੋਂ ਨੰਗਾ ਹੀ ਚਲਾ ਜਾਏਂਗਾ। ਤੂੰ ਵਿਅਰਥ ਹੀ ਜੂਨਾਂ ਦੇ ਗੇੜ ਵਿਚ ਫਿਰ ਰਿਹਾ ਹੈਂ ਅਤੇ ਤੈਨੂੰ ਆਤਮਕ ਮੌਤ ਨੇ ਗ੍ਰਸਿਆ ਹੋਇਆ ਹੈ।

ਹੇ ਕਮਲੇ, ਇਹ ਮਾਇਆ ਦੀ ਖੇਡ ਕਸੁੰਭੇ ਦੀ ਖੇਡ ਹੈ, ਇਸ ਨੂੰ ਵੇਖ ਵੇਖ ਕੇ ਤੂੰ ਇਸ ਵਿਚ ਮਸਤ ਹੋ ਰਿਹਾ ਹੈਂ ਤੇ ਇਹਨਾਂ ਪਦਾਰਥਾਂ ਨਾਲ ਖ਼ੁਸ਼ ਹੋ ਰਿਹਾ ਹੈਂ। ਦਿਨ ਰਾਤ ਤੇਰੀ ਉਮਰ ਦੀ ਡੋਰੀ ਕਮਜ਼ੋਰ ਹੁੰਦੀ ਜਾ ਰਹੀ ਹੈ। ਤੂੰ ਆਪਣੀ ਜਿੰਦ ਦੇ ਕੰਮ ਆਉਣ ਵਾਲਾ ਕੋਈ ਭੀ ਕੰਮ ਨਹੀਂ ਕੀਤਾ। ਮਾਇਆ ਦੇ ਧੰਧੇ ਕਰ ਕਰ ਕੇ ਇਉਂ ਹੀ ਮਨੁੱਖ ਬੁੱਢਾ ਹੋ ਜਾਂਦਾ ਹੈ, ਅਕਲ ਕੰਮ ਕਰਨੋਂ ਰਹਿ ਜਾਂਦੀ ਹੈ, ਤੇ ਸਰੀਰ ਲਿੱਸਾ ਹੋ ਜਾਂਦਾ ਹੈ। ਜਿਵੇਂ ਜਵਾਨੀ ਵੇਲੇ ਉਸ ਮੋਹਣ ਵਾਲੀ ਮਾਇਆ ਨੇ ਇਸ ਨੂੰ ਆਪਣੇ ਮੋਹ ਵਿਚ ਫਸਾਇਆ ਸੀ, ਉਸ ਵਲੋਂ ਇਸ ਦੀ ਪ੍ਰੀਤਿ ਰਤਾ ਭੀ ਨਹੀਂ ਘਟਦੀ।

ਹੇ ਦਾਸ ਨਾਨਕ, ਆਖ- ਮੈਨੂੰ ਗੁਰੂ ਨੇ ਸਮਝਾ ਦਿੱਤਾ ਹੈ ਕਿ ਜਗਤ ਦਾ ਮੋਹ ਇਹੋ ਜਿਹਾ ਹੈ। ਤਦ ਮੈਂ ਜਗਤ ਦਾ ਮਾਣ ਛੱਡ ਕੇ ਗੈਰ ਕੁਦਰਤੀ ਜ਼ਿੰਦਗੀ ਤਿਆਗ ਕੇ ਗੁਰੂ ਦੀ ਸ਼ਰਨ ਪਿਆ ਹਾਂ। ਗੁਰੂ-ਸੰਤ ਨੇ ਮੈਨੂੰ ਰੱਬ ਦੇ ਮਿਲਣ ਦਾ ਰਾਹ ਦੱਸ ਦਿੱਤਾ ਹੈ ਤੇ ਮੈਂ ਰੱਬੀ ਭਗਤੀ, ਰੱਬੀ ਸਚ ਆਪਣੇ ਹਿਰਦੇ ਵਿਚ ਪੱਕਾ ਕਰ ਲਿਆ ਹੈ। ਸੋ ਨਿਊ ਵਰਲਡ ਆਰਡਰ ਦੀ ਆਰਟੀਫੀਸ਼ੀਅਲ ਇੰਟੈਲੀਜੈਂਸ ਵਿਚ ਫਸੀ ਬੇਵਸ, ਬੇਗਾਨਗੀ, ਨਿਰਾਸ਼ਤਾ ਤੇ ਦੁੱਖ ਭੋਗ ਰਹੀ ਮਨੁੱਖਤਾ ਦਾ ਅਨੰਦ ਭਰਪੂਰ ਜੀਵਨ ਗੁਰੂ ਗ੍ਰੰਥ ਸਾਹਿਬ ਦੇ ਪ੍ਰਵਚਨ ਸੁਣਨ, ਹੁਕਮ ਨਿਭਾਉਣ, ਸੰਗਤ ਕਰਨ ਤੇ ਗੁਰੂ ਦੀ ਦਰਸਾਈ ਕੁਦਰਤੀ ਸਭਿਅਤਾ ਸਿਰਜਣ ਵਿਚ ਹੈ। ਕੀ ਸਿੱਖ ਧਰਮ ਗੁਰੂ ਗਰੰਥ ਸਾਹਿਬ ਦੇ ਹੁਕਮ ਅਨੁਸਾਰ ਕੁਦਰਤੀ ਸਭਿਅਤਾ ਸਿਰਜਣ ਵਿਚ ਸਫਲ ਹੋ ਸਕਣਗੇ ? ਇਹ ਸਾਡੇ ਲਈ ਬਹੁਤ ਵੱਡਾ ਚੈਲਿੰਜ ਹੈ।

***

## ਜ਼ਮੀਨਦੋਜ ਹੋ ਰਿਹਾ

ਕਿੱਥੇ ਅਤੇ ਕਿਵੇਂ ਲੈ ਕੇ ਜਾਵੇਗੀ ਇਹ ਵੀ ਵਿਚਾਰਨ ਯੋਗ ਹੈ। ਸੂਬੇ ਦੀ 60 ਫੀਸਦੀ ਜ਼ਮੀਨ ਜੰਗਲਾਂ ਵਾਲੀ ਹੈ ਅਤੇ ਬਾਕੀ ਨਦੀਆਂ ਦੀ ਹੈ। ਨਿਯਮਾਂ ਅਨੁਸਾਰ ਜੰਗਲੀ ਜ਼ਮੀਨ ਵਿੱਚ ਲੋਕਾਂ ਨੂੰ ਨਹੀਂ ਵਸਾਇਆ ਜਾ ਸਕਦਾ। ਅਜਿਹੀ ਸਥਿਤੀ ਵਿੱਚ ਕੀ ਸਿਰਫ਼ ਹਰਿਦੁਆਰ, ਦੇਹਰਾਦੂਨ, ਹਲਦਵਾਨੀ ਜਾਂ ਊਧਮ ਸਿੰਘ ਨਗਰ ਵਰਗੇ ਸ਼ਹਿਰ ਹੀ ਉੱਤਰਾਖੰਡ ਦੀ ਪਰਿਭਾਸ਼ਾ ਰਹਿ ਜਾਣਗੇ ?

ਇਸ ਸਥਿਤੀ ਨਾਲ ਨਜਿੱਠਣ ਲਈ ਕੀ ਕੀਤਾ ਜਾ ਸਕਦਾ ਹੈ ? ਇਹ ਸਵਾਲ ਵੱਖਰਾ ਜਾਪਦਾ ਹੈ ਕਿਉਂਕਿ ਹੁਣ ਤੱਕ ਅਜਿਹਾ ਕੀ ਹੋਣਾ ਚਾਹੀਦਾ ਸੀ, ਜਿਸ ਬਾਰੇ ਸਾਰੀਆਂ ਰਿਪੋਰਟਾਂ ਵਿੱਚ ਗੱਲ ਕੀਤੀ ਗਈ ਹੈ ਤੇ ਉਹ ਨਹੀਂ ਕੀਤਾ ਗਿਆ। ਸਰਕਾਰ ਨੂੰ ਇਹ ਤੈਅ ਕਰਨਾ ਹੋਵੇਗਾ ਕਿ ਦਿੱਲੀ, ਅਹਿਮਦਾਬਾਦ ਅਤੇ ਵਿਸ਼ਾਖਾਪਟਨਮ ਵਰਗੇ ਸ਼ਹਿਰਾਂ ਲਈ ਜੋ ਬੁਨਿਆਦੀ ਢਾਂਚਾ ਬਣਾਇਆ ਜਾ ਰਿਹਾ ਹੈ, ਉਸ ਨੂੰ ਪਹਾੜਾਂ 'ਤੇ ਵੀ ਲਗਾਇਆ ਜਾਵੇ ਜਾਂ ਨਹੀਂ। ਹਿਮਾਲਿਆ ਨਵੇਂ ਪਹਾੜ ਹਨ ਅਤੇ ਬਣਨ ਦੀ ਪ੍ਰਕਿਰਿਆ ਵਿਚ ਹਨ। ਇਸ ਨੂੰ ਸਹੀ ਦੇਖਭਾਲ ਦੀ ਲੋੜ ਹੈ।

***

## ਪੰਜਾਬ ਸਰਕਾਰ ਦੇ ਸੀਨੀਅਰ

ਲੈ ਕੇ ਦੇਣਗੇ। ਉਨ੍ਹਾਂ ਸਪੱਸ਼ਟ ਕਿਹਾ ਕਿ ਇਸ ਉਜਾੜੇ ਲਈ ਪੰਜਾਬ ਦੇ ਮੁੱਖ ਸਕੱਤਰ ਜਵਾਬਦੇਹ ਹਨ।

ਇਸ ਦੌਰਾਨ ਪੀੜਤ ਗੁਰਬਖਸ਼ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਮਕਾਨ ਵੀ ਢਾਹ ਦਿੱਤੇ ਗਏ ਅਤੇ ਦੁਕਾਨਾਂ ਵੀ। ਹੁਣ ਉਨ੍ਹਾਂ ਕੋਲ ਕਮਾਈ ਦਾ ਕੋਈ ਸਾਧਨ ਨਹੀਂ ਹੈ। ਪੈਸੇ ਨਾ ਹੋਣ ਕਾਰਨ ਲੋਕ ਉਨ੍ਹਾਂ ਨੂੰ ਕਿਰਾਏ 'ਤੇ ਮਕਾਨ ਵੀ ਨਹੀਂ ਦੇ ਰਹੇ। ਇਸ ਸਬੰਧੀ ਲਾਲਪੁਰਾ ਨੇ ਕਿਹਾ ਕਿ ਦਿੱਲੀ ਜਾ ਕੇ ਉਹ ਇੱਕ ਵਾਰ ਫਿਰ ਪੰਜਾਬ ਸਰਕਾਰ ਨੂੰ ਨੋਟਿਸ ਭੇਜਣਗੇ।

ਮੁੜ ਵਸੇਬੇ ਲਈ ਸਾਂਝਾ ਮੋਰਚਾ ਜਾਰੀ

ਲਤੀਫ਼ਪੁਰਾ ਮੁੜ ਵਸੇਬਾ ਸਾਂਝਾ ਮੋਰਚਾ ਦੀ ਅਗਵਾਈ ਹੇਠ ਦਿਨ ਰਾਤ ਦਾ ਮੋਰਚਾ ਜਾਰੀ ਹੈ। ਮੋਰਚੇ 'ਤੇ ਡਟੀ ਮਨਪ੍ਰੀਤ ਕੌਰ ਬਾਜਵਾ ਆਪਣੀ ਬੱਚੀ ਨੂੰ ਲਾਡ ਲਡਾ ਰਹੀ ਸੀ ਤਾਂ ਅਚਾਨਕ ਉਸ ਨੂੰ ਚੱਕਰ ਆਇਆ ਤਾਂ ਉਹ ਡਿੱਗ ਪਈ। ਇਸ ਦੌਰਾਨ ਉਸ ਦੇ ਦੋਵੇਂ ਗੋਡਿਆਂ 'ਤੇ ਸੱਟ ਲੱਗ ਗਈ। ਇਸੇ ਤਰ੍ਹਾਂ ਹਰਜਿੰਦਰ ਸਿੰਘ ਬਾਜਵਾ ਸਮੇਤ ਕਈ ਹੋਰ ਲੋਕ ਬਰਫੀਲੀ ਠੰਢ ਲੱਗਣ ਕਾਰਨ ਬਿਮਾਰ ਹੋ ਗਏ, ਜਿਨ੍ਹਾਂ ਨੂੰ ਹਸਪਤਾਲ ਲਿਜਾਣਾ ਪਿਆ।

***

## ਅੱਖ ਤੋਂ ਗੁਰਦੇ ਤੱਕ ਹਰ ਨਾੜੀ

ਮਰੀਜ਼ ਬਜ਼ੁਰਗ ਸਨ, ਜਿਨ੍ਹਾਂ ਦਾ ਟੀਕਾਕਰਨ ਨਹੀਂ ਕੀਤਾ ਗਿਆ ਸੀ। ਮਹਾਂਮਾਰੀ ਦੇ ਪਹਿਲੇ ਸਾਲ ਵਿੱਚ ਉਸਦਾ ਪੋਸਟਮਾਰਟਮ ਕੀਤਾ ਗਿਆ ਸੀ ਅਤੇ ਉਹ ਕਈ ਹੋਰ ਬਿਮਾਰੀਆਂ ਤੋਂ ਵੀ ਪੀੜਤ ਸਨ।

ਵਿਸ਼ਵ ਸਿਹਤ ਸੰਗਠਨ ਦੇ ਡਾਇਰੈਕਟਰ ਜਨਰਲ ਟੇਡਰੋਸ ਅਦਾਨੋਮ ਘੇਬਰੇਅਸਸ ਨੇ ਉਮੀਦ ਜਤਾਈ ਹੈ ਕਿ ਕੋਵਿਡ-19 ਮਹਾਂਮਾਰੀ 2023 ਵਿਚ ਖ਼ਤਮ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਕਲੀਨਿਕਲ ਦੇਖ਼ਭਾਲ, ਟੀਕਿਆਂ ਅਤੇ ਇਲਾਜਾਂ ਵਿੱਚ ਸੁਧਾਰਾਂ ਕਾਰਨ ਦੁਨੀਆ ਹੁਣ ਕੁਝ ਸਾਲ ਪਹਿਲਾਂ ਨਾਲੋਂ 'ਬਹੁਤ ਬਿਹਤਰ ਸਥਿਤੀ' ਵਿੱਚ ਹੈ। ਉਨ੍ਹਾਂ ਕਿਹਾ ਕਿ 'ਟੈਸਟਿੰਗ, ਇਲਾਜ ਅਤੇ ਟੀਕਾਕਰਨ ਤੱਕ ਪਹੁੰਚ' ਵਿੱਚ ਅਜੇ ਵੀ ਵੱਡੀਆਂ ਅਸਮਾਨਤਾਵਾਂ ਹਨ ਅਤੇ ਆਖਿਰਕਾਰ ਕੋਰੋਨਾ ਮਨੁੱਖੀ ਸਿਹਤ, ਆਰਥਿਕਤਾ ਅਤੇ ਸਮਾਜ ਲਈ ਵੱਡੇ ਪੱਧਰ 'ਤੇ 'ਇੱਕ ਖ਼ਤਰਨਾਕ ਵਾਇਰਸ' ਬਣਿਆ ਹੋਇਆ ਹੈ।

***

## ਜਾਅਲੀ ਜੱਜ ਬਣ ਕੇ ਠੱਗੀ ਮਾਰਨ ਵਾਲੀ

ਕੀਤੀ ਤੇ ਪੁਖਤਾ ਸਬੂਤਾਂ ਦੇ ਆਧਾਰ 'ਤੇ ਕ੍ਰਾਈਮ ਬ੍ਰਾਂਚ ਦੇ ਇੰਚਾਰਜ ਬੇਅੰਤ ਜੁਨੇਜਾ ਤੇ ਥਾਣਾ ਮੋਤੀ ਨਗਰ ਦੇ ਮੁਖੀ ਸਬ-ਇੰਸਪੈਕਟਰ ਜਗਦੀਪ ਸਿੰਘ ਨੇ ਦੀਪ ਕਿਰਨ ਨੂੰ ਉਸ ਵੇਲੇ ਗ੍ਰਿਫ਼ਤਾਰ ਕੀਤਾ ਜਦੋਂ ਉਹ ਸਵਿਫਟ ਕਾਰ 'ਤੇ ਸਵਾਰ ਹੋ ਕੇ ਆ ਰਹੀ ਸੀ। ਤਲਾਸ਼ੀ ਦੌਰਾਨ ਉਸ ਦੀ ਕਾਰ 'ਚੋਂ ਪੁਲਿਸ ਦੀਆਂ ਤਿੰਨ ਵਰਦੀਆਂ, ਜਿਨ੍ਹਾਂ 'ਚੋਂ ਦੋ ਕਾਂਸਟੇਬਲ ਦੀਆਂ ਤੇ ਇਕ ਸਬ ਇੰਸਪੈਕਟਰ ਵਾਲੀ ਵਰਦੀ ਹੈ। ਕਾਂਸਟੇਬਲ ਵਾਲੀਆਂ ਵਰਦੀਆਂ 'ਤੇ ਕੋਈ ਨੇਮ ਪਲੇਟ ਨਹੀਂ ਹੈ ਜਦਕਿ ਸਬ ਇੰਸਪੈਕਟਰ ਵਾਲੀ ਵਰਦੀ 'ਤੇ ਸ਼੍ਰੇਆ ਕਪੂਰ ਲਿਖਿਆ ਹੈ। ਇਸ ਤੋਂ ਇਲਾਵਾ ਦੋ ਜਾਅਲੀ ਜੁਆਇਨਿੰਗ ਲੈਟਰ, ਜਿਨ੍ਹਾਂ 'ਤੇ ਪੁਲਿਸ ਅਧਿਕਾਰੀਆਂ ਦੇ ਫ਼ਰਜ਼ੀ ਹਸਤਾਖਰ ਹਨ, ਵੀ ਮਿਲੇ ਹਨ। ਪੁਲਿਸ ਵਿਚ ਭਰਤੀ ਕਰਵਾਉਣ ਲਈ ਭਰੇ ਜਾਣ ਵਾਲੇ 10 ਫਾਰਮ ਤੇ ਇਕ ਲੱਖ ਰੁਪਏ ਦੀ ਨਕਦੀ ਵੀ ਬਰਾਮਦ ਕੀਤੀ ਗਈ ਹੈ।

ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਮਾਮਲੇ 'ਚ ਨਾਮਜ਼ਦ ਬਾਕੀ ਦੋਵਾਂ ਮੁਲਜ਼ਮਾਂ ਤੇ ਵਰਦੀ ਦੀ ਨੇਮ ਪਲੇਟ 'ਤੇ ਲਿਖੇ 'ਸ਼੍ਰੇਆ ਕਪੂਰ' ਨਾਂ ਵਾਲੇ ਦੀ ਭਾਲ ਕੀਤੀ ਜਾ ਰਹੀ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com